# ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦਾ ਸਮਾਜ–ਸ਼ਾਸਤਰੀ ਅਧਿਐਨ

**Gurbachan Singh Bhullar Diyan Kahaaniyan Da Samaaj Shastari Adhyan**

Submitted to

## LOVELY PROFESSIONAL UNIVERSITY

in partial fulfillment of the requirements for the award of degree of

## M.Phil (Punjabi)

**Submitted by:**

**Simranjeet Kaur**
**ਰਜਿ.ਨੰ.11512078**

**Supervised by:**

**Dr. Kirandeep Singh**

**FACULTY OF BUSINESS AND ARTS**
**LOVELY PROFESSIONAL UNIVERSITY**
**PUNJAB**
**2016**

## ਘੋਸ਼ਣਾ-ਪੱਤਰ

ਮੈਂ ਸਿਮਰਨਜੀਤ ਕੌਰ ਇਹ ਬਿਆਨ ਕਰਦੀ ਹਾਂ ਕਿ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ(ਅਗਨੀ ਕਲਸ, ਓਪਰਾ ਮਰਦ, ਮੈਂ ਗਜ਼ਨਵੀਂ ਨਹੀਂ ਦੇ ਵਿਸ਼ੇਸ਼ ਸੰਦਰਭ ਵਿੱਚ) ਲਿਖੇ ਖੋਜ ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ। ਇਸ ਖੋਜ ਪ੍ਰਬੰਧ ਵਿੱਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

ਸਿਮਰਨਜੀਤ ਕੌਰ

ਰਜਿ ਨੰ: 11512078

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸਿਮਰਨਜੀਤ ਕੌਰ ਨੇ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ(ਅਗਨੀ ਕਲਸ, ਓਪਰਾ ਮਰਦ, ਮੈਂ ਗਜ਼ਨਵੀਂ ਨਹੀਂ ਦੇ ਵਿਸ਼ੇਸ਼ ਸੰਦਰਭ ਵਿੱਚ) ਵਿਸ਼ੇ ਉੱਪਰ ਐਮ.ਫਿਲ.(ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ ਕਾਰਜ ਕੀਤਾ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫਲ ਹੈ। ਮੈਂ ਇਸ ਖੋਜ ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਿਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ ਕਾਰਜ ਐਮ.ਫਿਲ. ਦੀ ਡਿਗਰੀ ਲਈ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਨਹੀਂ ਕੀਤਾ ਗਿਆ।

ਮਿਤੀ: 28/11/2016

ਨਿਗਰਾਨ

ਡਾ. ਕਿਰਨਦੀਪ ਸਿੰਘ
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

## ਭੂਮਿਕਾ

ਪ੍ਰਸਤੁਤ ਖੋਜ ਵਿਸ਼ਾ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ(ਅਗਨੀ ਕਲਸ, ਓਪਰਾ ਮਰਦ, ਮੈਂ ਗਜ਼ਨਵੀਂ ਨਹੀਂ) ਦੇ ਵਿਸ਼ੇਸ਼ ਸੰਦਰਭ ਵਿੱਚ ਹੈ। ਗੁਰਬਚਨ ਸਿੰਘ ਭੁੱਲਰ ਪੰਜਾਬੀ ਸਾਹਿਤ ਦਾ ਇੱਕ ਨਾਮਵਾਰ ਅਤੇ ਬਹੁਪੱਖੀ ਸਾਹਿਤਕਾਰ ਹੈ। ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜ-ਸ਼ਾਸਤਰ ਦੀ ਝਲਕ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਨੇ ਕਵਿਤਾ, ਕਹਾਣੀ, ਸਫਰਨਾਮਾ, ਰੇਖਾ ਚਿੱਤਰ ਸਾਹਿਤਕ ਵੰਨਗੀਆਂ ਤੋਂ ਇਲਾਵਾ ਪੱਤਰਕਾਰੀ, ਸੰਪਾਦਨਾ ਅਤੇ ਅਨੁਵਾਦ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ। ਉਸਨੇ ਸਮਾਜ ਦੇ ਆਰਥਕ, ਰਾਜਨੀਤਕ, ਧਾਰਮਕ, ਆਰਥਕ ਪੱਖ ਨੂੰ ਪੇਸ਼ ਕੀਤਾ ਹੈ। ਗੁਰਬਚਨ ਸਿੰਘ ਭੁੱਲਰ ਨੇ ਆਪਣਾ ਸਾਹਿਤਕ ਸਫ਼ਰ ਕਾਵਿ ਰਚਨਾ ਤੋਂ ਸ਼ੁਰੂ ਕੀਤਾ ਪਰ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਕਹਾਣੀ ਦੇ ਖੇਤਰ ਵਿੱਚ ਮਿਲੀ। ਅੱਜ ਅਸੀਂ ਉਨ੍ਹਾਂ ਨੂੰ ਇੱਕ ਸਫਲ ਕਹਾਣੀਕਾਰ ਵਜੋਂ ਜਾਣਦੇ ਹਾਂ।

ਕਹਾਣੀ ਸ਼ਬਦ ਸੰਸਕ੍ਰਿਤ ਦੇ ਕਥਾ ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕਿਰਤ ਪੈਸ਼ਾਚੀ ਵਿੱਚ ‘ਕਹਾ’ ਬਣ ਗਿਆ। ਗੁਣਾਢਯ ਦੀ ਕਹਾਣੀਆਂ ਦੀ ਪ੍ਰਸਿੱਧ ਪੁਸਤਕ ਦਾ ਨਾਂ ਵੱਡ ਕਹਾ ਭਾਵ ਵੱਡੀ ਕਹਾਣੀ ਹੈ ਜੋ ਪੈਸ਼ਾਚੀ ਵਿੱਚ ਲਿਖੀ ਗਈ ਹੈ। ਕਹਾਣੀ ਸ਼ਬਦ ਸੰਸਕ੍ਰਿਤ ਦੇ ਕਥਾ ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕਿਰਤ ਪੈਸ਼ਾਚੀ ਵਿੱਚ ‘ਕਹਾ’ ਬਣ ਗਿਆ। ਗੁਣਾਢਯ ਦੀ ਕਹਾਣੀਆਂ ਦੀ ਪ੍ਰਸਿੱਧ ਪੁਸਤਕ ਦਾ ਨਾਂ ਵੰਡ ਕਹਾ ਭਾਵ ਵੱਡੀ ਕਹਾਣੀ ਹੈ ਜੋ ਪੈਸ਼ਾਚੀ ਵਿੱਚ ਲਿਖੀ ਗਈ ਹੈ। ਇਸ ਖੋਜ ਕਾਰਜ ਨੂੰ ਵੱਖ-ਵੱਖ ਅਧਿਆਇ ਵਿੱਚ ਵੰਡਿਆ ਗਿਆ ਹੈ।

ਇਸ ਖੋਜ ਕਾਰਜ ਦੇ ਪਹਿਲੇ ਅਧਿਆਇ ‘ਸਿਧਾਂਤਕ ਪਿੱਠ-ਭੂਮੀ’ ਵਿੱਚ ਵਿਸ਼ੇ ਦੀ ਸਾਹਿਤਕ ਤੇ ਸਮਾਜਕ ਮਹੱਤਤਾ, ਉਦੇਸ਼, ਖੋਜ ਵਿਧੀ, ਪਹਿਲਾਂ ਹੋ ਚੁੱਕਾ ਖੋਜ ਕਾਰਜ, ਸਮਾਜ ਸ਼ਾਸਤਰ ਦਾ ਸਿਧਾਂਤਕ ਪਰਿਪੇਖ, ਸਾਹਿਤ ਅਤੇ ਸਮਾਜ: ਅੰਤਰ ਸੰਬੰਧ, ਕਹਾਣੀ ਅਤੇ ਸਮਾਜ-ਸ਼ਾਸਤਰੀ ਅਧਿਐਨ, ਗੁਰਬਚਨ ਸਿੰਘ ਭੁੱਲਰ: ਜੀਵਨ ਅਤੇ ਰਚਨਾ ਆਦਿ ਦੇ ਸਰੂਪ ਨੂੰ ਪੇਸ਼ ਗਿਆ ਹੈ।

ਅਧਿਆਇ ਦੂਸਰਾ ‘ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜਕ ਪਰਿਪੇਖ’ ਵਿੱਚ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚਲੇ ਸਮਾਜ ਦੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਦੇ ਅੰਦਰ ਰਹਿੰਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਰਿਸ਼ਤਿਆਂ ਵਿੱਚ ਆ ਰਹੀਆਂ ਤਰੇੜਾਂ ਅਤੇ ਉਨ੍ਹਾਂ ਦੇ ਕਾਰਨਾਂ ਨੂੰ ਬਿਆਨ ਕੀਤਾ ਗਿਆ ਹੈ।

ਅਧਿਆਇ ਤੀਜਾ ‘ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਆਰਥਕ ਪਰਿਪੇਖ’ ਵਿੱਚ ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਆਰਥਕ ਪੱਖ ਨੂੰ ਬੜੀ ਨੀਝ ਨਾਲ ਸਮਝ ਕੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਆਰਥਕਤਾ ਦੇ ਪੱਖੋਂ ਕਮਜ਼ੋਰ ਸਮਾਜ ਵਿੱਚ ਰਿਸ਼ਤਿਆਂ ਦੀ ਕੜਵਾਹਟ ਨੂੰ ਬਿਆਨ ਕੀਤਾ ਹੈ। ਆਰਥਕ ਪੱਖ ਨੂੰ ਮਜ਼ਬੂਤ ਕਰਨ ਲਈ ਫੈਲੇ ਭ੍ਰਿਸ਼ਟਾਚਾਰ ਦੇ ਸਰੂਪ ਨੂੰ ਬਿਆਨ ਕੀਤਾ ਗਿਆ ਹੈ।

ਅਧਿਆਇ ਚੌਥਾ 'ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਰਾਜਨੀਤਕ ਅਤੇ ਧਾਰਮਕ ਪਰਿਪੇਖ' ਵਿੱਚ ਉਸਨੇ ਆਪਣੀਆਂ ਕਹਾਣੀਆਂ ਵਿਚਲੇ ਸਮਾਜ ਦੇ ਧਾਰਮਕ ਅਤੇ ਰਾਜਨੀਤਕ ਪਹਿਲੂਆਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਸਮਾਜ ਵਿੱਚ ਕੀ ਰੋਲ ਉਤਪੰਨ ਹੁੰਦਾ ਹੈ ਉਸ ਨੂੰ ਪੇਸ਼ ਕੀਤਾ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਰਾਜਨੀਤਕ ਤੱਤਾਂ ਨੂੰ ਲਿਆ ਕੇ ਸਮਾਜ ਦੀ ਕੌੜੀ ਸੱਚਾਈ ਨੂੰ ਪੇਸ਼ ਕੀਤਾ ਹੈ। ਸਮਾਜ ਵਿੱਚ ਕੱਟੜਪੰਥੀਆਂ ਵਲੋਂ ਧਰਮ ਦੇ ਨਾਮ ਤੇ ਸਮਾਜ ਦੇ ਲੋਕਾਂ ਨੂੰ ਕਿਵੇਂ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਉਸ ਨੂੰ ਬਿਆਨ ਕੀਤਾ ਹੈ।

ਇਸ ਖੋਜ ਕਾਰਜ ਨੂੰ ਤਿਆਰ ਕਰਨ ਅਤੇ ਇਸ ਨੂੰ ਸਿਰੇ ਚਾੜਨ ਵਿੱਚ ਮੇਰੇ ਨਿਗਰਾਨ ਡਾ. ਕਿਰਨਦੀਪ ਸਿੰਘ ਨੇ ਮੇਰੀ ਬਹੁਤ ਮੱਦਦ ਕੀਤੀ ਹੈ। ਉਨ੍ਹਾਂ ਦੇ ਵਿਦਵਤਾ ਭਰਪੂਰ ਸੁਝਾਵਾਂ ਨਾਲ ਮੇਰਾ ਨਿਰੰਤਰ ਮਾਰਗ ਦਰਸ਼ਨ ਹੁੰਦਾ ਰਿਹਾ ਹੈ। ਇਸ ਖੋਜ ਕਾਰਜ ਨਾਲ ਜੁੜੇ ਭਿੰਨ-ਭਿੰਨ ਅਕਾਦਮਕ ਮਸਲਿਆਂ ਨੂੰ ਹੱਲ ਕਰਨ ਵਿੱਚ ਉਨ੍ਹਾਂ ਨੇ ਮੇਰੀ ਕਦਮ-ਕਦਮ ਤੇ ਸਹਾਇਤਾ ਕੀਤੀ ਹੈ।

(ਸਿਮਰਨਜੀਤ ਕੌਰ)

# ਤਤਕਰਾ

**ਭੂਮਿਕਾ** **i-vi**

**ਅਧਿਆਇ ਪਹਿਲਾ:**

**1. ਸਿਧਾਂਤਕ ਪਿੱਠ-ਭੂਮੀ** **1-36**

1.1 ਵਿਸ਼ੇ ਦੀ ਸਾਹਿਤਕ ਅਤੇ ਸਮਾਜਕ ਮਹੱਤਤਾ

1.2 ਉਦੇਸ਼

1.3 ਖੋਜ ਵਿਧੀ

1.4 ਪਹਿਲਾਂ ਹੋ ਚੁੱਕਾ ਖੋਜ ਕਾਰਜ

1.5 ਸਮਾਜ ਸ਼ਾਸਤਰ ਦਾ ਸਿਧਾਂਤਕ ਪਰਿਪੇਖ

1.6 ਸਾਹਿਤ ਅਤੇ ਸਮਾਜ: ਅੰਤਰ ਸੰਬੰਧ

1.7 ਕਹਾਣੀ ਅਤੇ ਸਮਾਜ-ਸ਼ਾਸਤਰੀ ਅਧਿਐਨ

1.8 ਗੁਰਬਚਨ ਸਿੰਘ ਭੁੱਲਰ: ਜੀਵਨ ਤੇ ਰਚਨਾ

**ਅਧਿਆਇ ਦੂਜਾ:**

**2. ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਸਮਾਜਕ ਪਰਿਪੇਖ** **37-62**

2.1 ਕਹਾਣੀਆਂ ਵਿੱਚ ਪੇਸ਼ ਪਾਤਰਾਂ ਦੀ ਸਮਾਜਕ ਸਥਿਤੀ

2.2 ਪਿੰਡ ਤੇ ਸ਼ਹਿਰੀ ਸਮਾਜ ਵਿਚਕਾਰ ਆਉਣ ਵਾਲੇ ਅੰਤਰ

2.3 ਤਿੜਕਦੇ ਸਮਾਜਕ ਆਦਰਸ਼

**ਅਧਿਆਇ ਤੀਜਾ:**

**3. ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਆਰਥਕ ਪਰਿਪੇਖ** **63-83**

3.1 ਆਰਥਕ ਮੰਦਹਾਲੀ ਦੀ ਪੇਸ਼ਕਾਰੀ

3.2 ਆਰਥਕਤਾ ਦੇ ਕਾਰਨ ਸਮਾਜ ਦਾ ਬਦਲ ਰਿਹਾ ਸਰੂਪ

ਅਧਿਆਇ ਚੌਥਾ:

4. ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਰਾਜਨੀਤਕ ਅਤੇ ਧਾਰਮਕ ਪਰਿਪੇਖ 84–97

4.1 ਸਮਾਜ ਉੱਪਰ ਰਾਜਨੀਤਕ ਚਾਲਾਂ

4.2 ਧਾਰਮਕ ਪਾਖੰਡਾਂ ਦਾ ਚਿਤਰਨ

ਸਥਾਪਨਾਵਾਂ ਅਤੇ ਸਿੱਟੇ 98–101

ਮੁਲਾਕਾਤ 102–107

ਪੁਸਤਕ ਸੂਚੀ 108–109

# ਅਧਿਆਇ ਪਹਿਲਾ

# ਸਿਧਾਂਤਕ ਪਿੱਠ-ਭੂਮੀ

ਇਸ ਖੋਜ ਕਾਰਜ ਦਾ ਵਿਸ਼ਾ ਬਹੁਤ ਹੀ ਸਾਰਥਕ ਹੈ। ਸਮਾਜ ਦੀਆਂ ਮੁੱਖ ਸਮੱਸਿਆਵਾਂ ਦੇ ਮੱਦੇਨਜ਼ਰ ਹੀ ਇਹ ਵਿਸ਼ਾ ਲਿਆ ਗਿਆ ਹੈ। ਸਮਾਜ ਦੀਆਂ ਸਮਾਜਕ, ਆਰਥਕ, ਰਾਜਨੀਤਕ ਸਮੱਸਿਆਵਾਂ ਤੋਂ ਹੀ ਨਿਜਾਤ ਪਾਉਣ ਲਈ ਅਜਿਹੇ ਵਿਸ਼ੇ ਦੀ ਚੋਣ ਕੀਤੀ ਗਈ ਹੈ। ਪੂੰਜੀਵਾਦੀ ਸਮਾਜ ਦੇ ਆਉਣ ਨਾਲ ਸਮਾਜ ਦੇ ਰਿਸ਼ਤਿਆਂ ਦਾ ਜੋ ਘਾਣ ਹੋ ਰਿਹਾ ਹੈ ਉਸ ਨੂੰ ਬਿਆਨਿਆ ਗਿਆ ਹੈ ਅਤੇ ਰਿਸ਼ਤਿਆਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਇਸ ਵਿਸ਼ੇ ਰਾਹੀਂ ਕੀਤੀ ਗਈ ਹੈ। ਮਨੁੱਖ ਸਮਾਜ ਦਾ ਅਹਿਮ ਅੰਗ ਹੈ ਅਤੇ ਸਮਾਜ ਵਿਚ ਰਹਿੰਦੇ ਹੋਏ ਮਨੁੱਖ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚ ਉਸ ਨੇ ਸਮਾਜ ਦੇ ਹਰ ਪਹਿਲੂ ਨੂੰ ਪੇਸ਼ ਕੀਤਾ ਹੈ। ਮਨੁੱਖ ਸਮਾਜ ਵਿਚ ਰਹਿੰਦੇ ਹੋਏ ਉਹ ਜਿਨ੍ਹਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਦਾ ਹੈ ਉਸਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਸੋ ਇਸ ਪ੍ਰਕਾਰ ਇਹ ਖੋਜ ਕਾਰਜ ਦਾ ਵਿਸ਼ਾ ਪੂਰੀ ਤਰ੍ਹਾਂ ਨਾਲ ਸਾਰਥਕ ਹੈ।

## ਵਿਸ਼ੇ ਦੀ ਸਾਹਿਤਕ ਅਤੇ ਸਮਾਜਕ ਮਹੱਤਤਾ

ਇਹ ਖੋਜ ਕਾਰਜ ਆਉਣ ਵਾਲੇ ਖੋਜਾਰਥੀਆਂ ਲਈ ਉਨ੍ਹਾਂ ਨੂੰ ਸੇਧ ਦੇਣ ਵਿੱਚ ਸਹਾਈ ਹੋਵੇਗੀ। ਇਹ ਵਿਸ਼ਾ ਸਮਾਜ ਦੀਆਂ ਮੁੱਖ ਸਮੱਸਿਆਵਾਂ ਦੇ ਮੱਦੇਨਜ਼ਰ ਹੀ ਲਿਆ ਗਿਆ ਹੈ। ਅੱਜ ਦੇ ਸਮੇਂ ਵਿੱਚ ਅਜਿਹੀਆਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਇਹ ਖੋਜ ਕਾਰਜ ਸਮਾਜ ਲਈ ਕਾਫੀ ਸਹਾਈ ਹੋਵੇਗਾ। ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਰਾਹੀਂ ਸਮਾਜ ਦੇ ਯਥਾਰਥ ਨੂੰ ਬਾਹਰ ਲਿਆਉਣ ਦਾ ਸਫਲ ਯਤਨ ਕੀਤਾ ਹੈ। ਭੁੱਲਰ ਦੀ ਇਸੇ ਚੇਤਨਾ ਨੂੰ ਅਸੀਂ ਸਮਝਣ ਅਤੇ ਸਮਝਾਉਣ ਦਾ ਯਤਨ ਕਰਾਂਗੇ। ਇਸ ਖੋਜ ਕਾਰਜ ਦੀ ਇਹ ਕੋਸ਼ਿਸ਼ ਹੋਵੇਗੀ ਕਿ ਭੁੱਲਰ ਦੀਆਂ ਕਹਾਣੀਆਂ ਰਾਹੀਂ ਉਸ ਵਿਚਲੇ ਸਮਾਜ-ਸ਼ਾਸਤਰੀ ਅਧਿਐਨ ਰਾਹੀਂ ਸਮਾਜ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਖੋਜ ਕਾਰਜ ਆਉਣ ਵਾਲੇ ਵਿਦਿਆਰਥੀਆਂ ਲਈ ਸੇਧ ਦੇਣ ਦੀ ਕੋਸ਼ਿਸ਼ ਕਰੇਗਾ।

## ਉਦੇਸ਼

- ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚ ਸਮਾਜਕ ਸਰੋਕਾਰ ਬਾਰੇ ਜਾਣਕਾਰੀ ਪ੍ਰਦਾਨ ਕਰਨੀ
- ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਆਰਥਕ ਸਰੋਕਾਰ ਬਾਰੇ ਜਾਣਕਾਰੀ ਪ੍ਰਦਾਨ ਕਰਨੀ
- ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਰਾਜਨੀਤਕ ਸਰੋਕਾਰ ਬਾਰੇ ਜਾਣਕਾਰੀ ਪ੍ਰਦਾਨ ਕਰਨੀ
- ਸਮਾਜ ਵਿਚਲੀਆਂ ਸਮਾਜਕ, ਆਰਥਕ, ਰਾਜਨੀਤਕ ਸਮੱਸਿਆਵਾਂ ਦੇ ਕਾਰਨਾਂ ਨੂੰ ਸਪੱਸ਼ਟ ਕਰਨਾ।

- ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚਲੇ ਸਮਾਜ ਦੇ ਸਰੂਪ ਨੂੰ ਪ੍ਰਗਟ ਕਰਨਾ।

## ਖੋਜ ਵਿਧੀ

ਉਪਰੋਕਤ ਖੋਜ ਕਾਰਜ ਲਈ ਜਿਨ੍ਹਾਂ ਖੋਜ ਵਿਧੀਆਂ ਦੀ ਵਰਤੋਂ ਕੀਤੀ ਜਾਵੇਗੀ ਉਹ ਇਸ ਪ੍ਰਕਾਰ ਹਨ-

**ਤਰਕਵਾਦੀ ਵਿਧੀ-** ਤਰਕਵਾਦੀ ਵਿਧੀ ਤਰਕ ਵਿਤਰਕ ਦੇ ਆਸਰੇ ਚਲਦੀ ਹੈ। ਇੱਕ ਜਾਂ ਵੱਧ ਕਥਨਾਂ ਤੋਂ ਹੋਰਨਾਂ ਕਥਨਾਂ ਜਾਂ ਸਿੱਟਿਆਂ ਤੇ ਅਪੜਨਾ ਤਰਕਵਾਦ ਹੈ। ਗਿਆਨ-ਚੀਨਣ ਦਾ ਇਹ ਢੰਗ ਅੱਗੋਂ ਦੋ ਵਿਧੀਆਂ ਵਿਚ ਵਟ ਜਾਦਾਂ ਹੈ- ਨਿਗਮਨਾਤਨਕ ਅਤੇ ਆਗਮਨਾਤਮਕ। ਦੋਵੇਂ ਤਰਕਸ਼ਾਸਤ੍ਰ ਦੇ ਮੱਹਤਵਪੂਰਨ ਅੰਗ ਹਨ।

ਨਿਗਮਨਾਤਮਕ ਵਿਧੀ- ਪ੍ਰਾਧਿਕਾਰਵਾਦ ਤੇ ਫੁਰਨਾਵਾਦ ਵਿਰੁੱਧ ਸੰਦੇਹਵਾਦ ਦੇ ਵਿਦ੍ਰੋਹ ਨੇ ਮਨੁੱਖੀ ਪ੍ਰਗਤੀ ਦੇ ਕਿਸੇ ਪੜਾਅ ਉਤੇ ਤਰਕਸ਼ਾਸਤ੍ਰ ਨੂੰ ਜਨਮ ਦਿੱਤਾ। ਇਸ ਦੀ ਨੀਂਹ ਵਿਚ ਮਨੁੱਖ ਦੀ ਤਾਰਕਿਕ ਢੰਗ ਨਾਲ ਸੋਚਣ ਦੀ ਚੇਸ਼ਠਾ ਕੰਮ ਕਰਦੀ ਕਹੀ ਜਾਂ ਸਕਦੀ ਹੈ। ਤਰਕਸ਼ਾਸਤ੍ਰ ਉਦੋਂ ਵਜਦ ਵਿਚ ਆਇਆ ਜਦੋਂ ਮਨੁੱਖ ਨੇ ਪ੍ਰਣਾਲੀਬਧ ਢੰਗ ਨਾਲ ਸੋਚਣਾ ਸ਼ੁਰੂ ਕੀਤਾ। ਇਹ ਢੰਗ ਤਰਕ ਵਿਤਰਕ ਦਾ ਸੀ। ਕੋਈ ਗੱਲ ਸਵੀਕਾਰ ਨਹੀਂ ਕੀਤੀ ਜਾਂਦੀ ਸੀ ਜਦੋਂ ਤਕ ਕਿ ਉਹ ਕਾਰਣ-ਕਾਰਜ ਦੀ ਸੰਗਲੀ ਵਿਚ ਬੱਝ ਕੇ ਸਥਾਪਿਤ ਨਾ ਕੀਤੀ ਜਾ ਸਕੇ। ਪੱਛਮ ਵਿਚ ਤਰਕ ਸ਼ਾਸਤ੍ਰ ਦੀ ਵਿਧੀਵਤ ਵਰਤੋਂ ਯੂਨਾਨੀ ਚਿੰਤਕਾਂ ਦੇ ਹੱਥੋਂ ਕੀਤੀ ਗਈ। ਉਹ ਮੁਖ ਰੂਪ ਵਿਚ ਤਰਕ ਸ਼ਾਸਤ੍ਰ ਦੀ ਨਿਗਮਨਾਤਮਕ ਵਿਧੀ ਦੇ ਪ੍ਰਵਕਤਾ ਸਨ। ਨਿਗਮਨਾਤਮਕ ਵਿਧੀ ਵਿਚ ਵਿਆਪਕ ਜਾਂ ਸਰਬਸਾਧਾਰਣ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁੰਚਣ ਦਾ ਵਿਧਾਨ ਹੈ।'ਸਾਰੇ ਮਨੁੱਖ ਨਾਸ਼ਮਾਨ ਹਨ: ਸ਼ੰਕਰ ਮਨੁੱਖ ਹੈ, ਇਸ ਲਈ 'ਸ਼ੰਕਰ ਵੀ ਨਾਸ਼ਮਾਨ ਹੈ' ਇਸ ਤਰ੍ਹਾਂ ਦਾ ਸੋਚਣ-ਢੰਗ ਵਿਆਪਕ ਸਥਿੱਤੀ (ਮਨੁੱਖ ਦੀ ਨਾਸ਼ਮਾਨਤਾ) ਤੋਂ ਵਿਸ਼ੇਸ਼ ਸਥਿੱਤੀ (ਸ਼ੰਕਰ ਦੀ ਨਾਸ਼ਮਾਨਤਾ) ਉੱਤੇ ਪਹੁੰਚਣਾ, ਨਿਗਮਨਾਤਮਕ ਵਿਧੀ ਦਾ ਖਾਸਾ ਹੈ। ਤਰਕ ਦੀ ਇਹ ਵਿਧੀ ਪ੍ਰਾਚੀਨ ਯੂਨਾਨੀ ਚਿੰਤਕਾਂ ਵਿਚ ਬੜੀ ਪ੍ਰਸਿੱਧ ਸੀ। ਇਸ ਨੂੰ ਅਜੋਕੀ ਭਾਸ਼ਾ ਵਿਚ ਹੇਤੁਵਾਦੀ ਜਾਂ ਤਰਕਵਾਦੀ ਪੱਧਤੀ ਕਿਹਾ ਜਾਂਦਾ ਹੈ ਕਿਉਂ ਜੋ ਇਸ ਦਾ ਆਧਾਰ ਯੁਕਤੀਵਾਦ ਸੀ। ਯੁਕਤੀਵਾਦ ਦਾ ਪ੍ਰਕਾਰਜ ਮੰਨੀਆਂ ਪ੍ਰਮੰਨੀਆਂ ਸਥਾਪਨਾਵਾਂ ਜਾਂ ਆਧਾਰ-ਵਾਕਾਂ ਤੋਂ ਤਰਕ ਵਿਤਰਕ ਨਾਲ ਨਵੇਂ ਸਿੱਟੇ ਕੱਢਣਾ ਸੀ। ਸਪੱਸ਼ਟ ਹੈ ਕਿ ਨਵੇਂ ਸਿੱਟੇ ਤਾਂ ਹੀ ਠੀਕ ਹੋਣਗੇ ਜੇ ਆਧਾਰਵਾਕ ਠੀਕ ਹਨ, ਜੋ ਆਧਾਰਵਾਕ ਹੀ ਗਲਤ ਹਨ ਤਾਂ ਸਿੱਟੇ ਵੀ ਗਲਤ ਹੋਣਗੇ। ਇਸ ਵਿਧੀ ਵਿਚ ਆਧਾਰ-ਵਾਕ ਕਸਵੱਟੀ ਦਾ ਕੰਮ ਕਰਦੇ ਹਨ।

ਆਗਮਨਾਤਮਕ ਵਿਧੀ- ਤਰਕ ਸ਼ਾਸਤ੍ਰ ਦੀ ਦੂਜੀ ਪੱਧਤੀ ਆਗਮਨਾਤਮਕ ਹੈ। ਇਸ ਵਿਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਅਥਵਾ ਸਰਬਸਾਧਾਰਣ ਸਥਿਤੀ ਵਲ ਪਹੁੰਚਣ ਦਾ ਵਿਧਾਨ ਹੈ। ਜੇ ਇਸ ਦੀ ਚਿੰਤਨ-ਵਿਧੀ ਨੂੰ ਸਮਝਾਣਾ ਹੋਵੇ, ਤਾਂ ਅਸੀਂ ਉੱਪਰਲੇ ਉਦਾਹਰਣ ਨੂੰ ਉਲਟਾ ਕੇ ਇਸ ਤਰ੍ਹਾਂ ਪੇਸ਼ ਕਰ ਸਕਦੇ ਹਾਂ: 'ਸ਼ੰਕਰ ਨਾਸ਼ਮਾਨ ਹੈ',

'ਸ਼ੰਕਰ ਮਨੁੱਖ ਹੈ' ਇਸ ਲਈ 'ਮਨੁੱਖ ਨਾਸ਼ਮਾਨ ਹੈ'। ਵਿਹਾਰ ਵਿਚ ਵਿਆਪਕ ਜਾਂ ਸਰਬਸਾਧਾਰਣ ਸਥਿਤੀ ਉੱਤੇ ਪਹੁੰਚਣ ਲਈ ਇਕ ਨਹੀਂ, ਬਹੁਤ ਸਾਰੇ ਉਦਾਹਰਣ, ਵਿਸ਼ੇਸ਼ ਸਥਿਤੀ, ਦੇ ਲੈਣੇ ਹੋਣਗੇ ਨਹੀਂ ਤਾਂ ਨਤੀਜਾ ਠੀਕ ਨਹੀਂ

ਨਿਕਲੇਗਾ, ਘੱਟੋ-ਘੱਟ ਉਸ ਦੀ ਸੰਦਿਗ੍ਧਤਾ ਦਾ ਭਰਮ ਜਰੂਰ ਬਣਿਆ ਰਹੇਗਾ। ਇਸ ਪੱਧਤੀ ਵਿਚ ਆਧਾਰ-ਵਾਕ ਕਸਵੱਟੀ ਦਾ ਨਹੀ, ਗਵਾਹੀ ਦਾ ਕੰਮ ਕਰਦੇ ਹਨ ਤੇ ਏਂਦ੍ਰਿਕ ਪ੍ਰਤੱਖਣ ਦਾ ਰੋਲ ਮਹੱਤਵਪੂਰਣ ਹੁੰਦਾ ਹੈ।

## ਸਮਾਜ-ਸ਼ਾਸਤਰੀ ਵਿਧੀ

ਹਰ ਸਾਹਿਤਕ ਰਚਨਾ ਵਿੱਚ ਸਮਾਜਕ ਸੱਚ, ਯਥਾਰਥ ਰੂਪ ਦੇ ਵਿੱਚ ਪੇਸ਼ ਹੋਣ ਤੋਂ ਇਲਾਵਾ ਵਿਸ਼ਵ ਦ੍ਰਿਸ਼ਟੀ, ਵਿਚਾਰਧਾਰਕ ਤੌਰ ਤੇ ਕੀਮਤ ਪ੍ਰਬੰਧ ਦੇ ਰੂਪ ਵਿੱਚ ਪੇਸ਼ ਹੋਇਆ ਹੁੰਦਾ ਹੈ। ਸਾਹਿਤ ਦੇ ਸਮਾਜ-ਸ਼ਾਸਤਰੀ ਅਧਿਐਨ ਸਮੇਂ ਕੀਮਤ ਪ੍ਰਬੰਧ, ਵਿਚਾਰਧਾਰਾ ਅਤੇ ਵਿਸ਼ਵ ਦ੍ਰਿਸ਼ਟੀ ਕਿਸ ਰੂਪ ਵਿੱਚ ਪੇਸ਼ ਹੋਈ ਹੈ, ਇਸ ਪੱਖ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਸਾਹਿਤ ਆਪਣੇ ਅਸਤਿਤਵ ਲਈ ਸਮਾਜ ਉੱਤੇ ਨਿਰਭਰ ਕਰਦਾ ਹੈ। ਇੱਕ ਚੇਤੰਨ ਸਮਾਜਕ ਪ੍ਰਾਣੀ ਦੇ ਰੂਪ ਵਿੱਚ ਸਾਹਿਤਕਾਰ ਆਪਣੀ ਕਿਰਤ ਲਈ ਰਚਨਾਤਮਿਕ ਵਸਤੂ ਦਾ ਆਧਾਰ ਸਮਾਜ ਵਿਚੋਂ ਚੁਣਦਾ ਹੈ ਅਤੇ ਉਸ ਨੂੰ ਆਪਣੀ ਕਲਪਨਾ ਸ਼ਕਤੀ ਨਾਲ ਮੇਲ ਕੇ ਸ਼ਿਲਪ ਵਿਧਾਨ ਦੇ ਨੇਮਾਂ ਅਨੁਸਾਰ ਸ਼ਾਬਦਿਕ ਸੰਰਚਨਾ ਵਿੱਚ ਪੇਸ਼ ਕਰਦਾ ਹੈ। ਭਾਵ ਸਾਹਿਤਕਾਰ ਸਮਾਜ ਦੁਆਰਾ ਸਿਰਜਿਤ ਭਾਸ਼ਾ ਦੇ ਮਾਧਿਅਮ ਰਾਹੀਂ ਵਾਸਤਵਿਕ ਸੰਸਾਰ ਦੇ ਸਮਰੂਪ ਆਪਣਾ ਰਚਨਾ ਜਗਤ ਸਿਰਜਦਾ ਹੈ।

ਸਾਹਿਤ ਦਾ ਸਮਾਜ-ਸ਼ਾਸਤਰੀ ਅਧਿਐਨ ਕਿਸੇ ਸਾਹਿਤਕ ਕਿਰਤ ਦੇ ਸੁਹਜ ਤੱਕ ਹੀ ਅਧਿਐਨ ਨੂੰ ਸੀਮਤ ਨਹੀਂ ਕਰਦਾ ਸਗੋਂ ਰਚਨਾ ਦੀ ਸੰਰਚਨਾ ਵਿੱਚ ਕਾਰਜਸ਼ੀਲ ਵਿਭਿੰਨ ਸਮਾਜਕ ਵਰਤਾਰਿਆਂ ਦੀ ਪਛਾਣ ਕਰਨ ਵੱਲ ਰੁਚਿਤ ਹੁੰਦਾ ਹੈ। ਇਹ ਅਧਿਐਨ ਵਿਧੀ ਸਾਹਿਤਕ ਕਿਰਤ ਨੂੰ ਸਿਰਫ਼ ਸਾਹਿਤਕ ਹੋਂਦ ਹੀ ਨਹੀਂ ਮੰਨਦੀ ਸਗੋਂ ਇੱਕ ਸਮਾਜਕ ਹੋਂਦ ਵੀ ਮੰਨਦੀ ਹੈ, ਜਿਸ ਕਰਕੇ ਇਹ ਪਾਠ ਦਾ ਅਧਿਐਨ ਸੰਦਰਭ ਨਾਲ ਜੋੜ ਕੇ ਕਰਦੀ ਹੈ ਸਾਹਿਤਕ ਰਚਨਾ ਵਿੱਚ ਸਮਾਜਕ ਯਥਾਰਥ ਦੀ ਪੇਸ਼ਕਾਰੀ ਹੂ-ਬ-ਹੂ ਨਹੀਂ ਕੀਤੀ ਜਾਂਦੀ।

## ਪਹਿਲਾਂ ਹੋ ਚੁੱਕਾ ਖੋਜ ਕਾਰਜ

1. ਸਿਮਰਜੀਤ ਕੌਰ, ਫਿਰਕੂ ਦੰਗਿਆਂ ਨਾਲ ਸੰਬੰਧਿਤ ਪੰਜਾਬੀ ਕਹਾਣੀ ਵਿੱਚ ਮਾਨਵੀਂ ਸੰਵੇਦਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2004

ਇਸ ਥੀਸਸ ਵਿੱਚ ਫਿਰਕੂ ਦੰਗਿਆਂ ਪਿਛਲੇ ਰਾਜਨੀਤਕ ਕਾਰਣਾਂ ਬਾਰੇ ਦੱਸਿਆ ਗਿਆ ਹੈ। ਪੰਜਾਬੀ ਕਹਾਣੀ ਦੇ ਸਿਧਾਂਤਕ ਪਰਿਪੇਖ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਮਾਨਵੀਂ ਸੰਵੇਦਨਾ ਕੀ ਹੁੰਦੀ ਹੈ ਇਸ ਬਾਰੇ ਵੀ ਦੱਸਿਆ ਗਿਆ ਹੈ। ਪੰਜਾਬ ਉੱਪਰ ਫਿਰਕੂ ਦੰਗਿਆਂ ਦੇ ਭਾਰੂ ਹੋਣ ਨਾਲ ਜੋ ਜਾਨੀ ਤੇ ਮਾਲੀ ਨੁਕਸਾਨ ਹੋਇਆ ਉਸ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ।

2. ਸੁਰਜੀਤ ਸਿੰਘ ਬਰਾੜ, ਆਧੁਨਿਕ ਪੰਜਾਬੀ ਕਹਾਣੀ ਵਿੱਚ ਜਮਾਤੀ ਸੰਘਰਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993

ਇਸ ਥੀਸਸ ਵਿੱਚ ਆਧੁਨਿਕ ਪੰਜਾਬੀ ਕਹਾਣੀ ਵਿੱਚਲੇ ਜਮਾਤੀ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ। ਸਮਾਜ ਵਿਚਲਾ ਜਮਾਤੀ ਸੰਘਰਸ਼ ਕੀ ਹੁੰਦਾ ਹੈ ਉਸ ਨੂੰ ਬਿਆਨ ਕੀਤਾ ਗਿਆ ਹੈ। ਆਧੁਨਿਕ ਪੰਜਾਬੀ ਕਹਾਣੀ ਦੇ ਸਿਧਾਂਤਕ

ਪਰਿਪੇਖ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਆਧੁਨਿਕ ਸਮੇਂ ਵਿੱਚ ਇਸ ਜਮਾਤੀ ਸੰਘਰਸ਼ ਦੇ ਹੋਣ ਨਾਲ ਕਿਹੜੇ ਨਤੀਜੇ ਨਿੱਕਲ ਕੇ ਸਾਹਮਣੇ ਆਉਣਗੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

3. ਭੁਪਿੰਦਰ ਕੌਰ, ਸਮਕਾਲੀ ਪੰਜਾਬੀ ਕਹਾਣੀ ਦੇ ਸਮਾਜਕ ਸਰੋਕਾਰ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2003

ਇਸ ਥੀਸਸ ਵਿੱਚ ਸਮਕਾਲੀ ਪੰਜਾਬੀ ਕਹਾਣੀ ਦੇ ਸਮਾਜਕ ਸਰੋਕਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਹਾਣੀ ਦੇ ਅੰਤਰਗਤ ਜਿਹੜੇ-ਜਿਹੜੇ ਕਹਾਣੀਕਾਰ ਆਉਂਦੇ ਹਨ, ਉਨ੍ਹਾਂ ਦੀਆਂ ਕਹਾਣੀਆਂ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਸਮਾਜ ਦੇ ਇਨ੍ਹਾਂ ਸਰੋਕਾਰਾਂ ਨਾਲ ਸਮਾਜ ਵਿੱਚ ਆ ਰਹੀ ਤਬਲੀਦੀ ਨੂੰ ਬਿਆਨ ਕੀਤਾ ਗਿਆ ਹੈ। ਸਮਾਜ ਦੀਆਂ ਸਮੱਸਿਆਵਾਂ ਨੂੰ ਪ੍ਰਗਟ ਕਰਨ ਦੇ ਨਾਲ-ਨਾਲ ਉਨ੍ਹਾਂ ਤੋਂ ਨਿਜਾਤ ਪਾਉਣ ਦੀ ਵੀ ਸੋਝੀ ਪ੍ਰਦਾਨ ਕੀਤੀ ਗਈ ਹੈ।

4. ਮਨਿੰਦਰ ਸਿੰਘ, ਦੇਸ਼ ਵੰਡ ਨਾਲ ਸੰਬੰਧਿਤ ਪੰਜਾਬੀ ਕਹਾਣੀ ਦੇ ਸਰੋਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਇਸ ਥੀਸਸ ਵਿੱਚ ਦੇਸ਼ ਵੰਡ ਨਾਲ ਸੰਬੰਧਿਤ ਪੰਜਾਬੀ ਕਹਾਣੀ ਦੇ ਸਰੋਕਾਰ ਨੂੰ ਪੇਸ਼ ਕੀਤਾ ਗਿਆ ਹੈ। ਦੇਸ਼ ਵੰਡ ਕੀ ਸੀ ਇਸ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਪੰਜਾਬੀ ਕਹਾਣੀ ਵਿਚ ਦੇਸ਼ ਵੰਡ ਨਾਲ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਵੀ ਬਿਆਨਿਆ ਗਿਆ ਹੈ। ਮਨਿੰਦਰ ਸਿੰਘ ਨੇ ਆਪਣੇ ਥੀਸਸ ਵਿੱਚ ਦੇਸ਼ ਵੰਡ ਦੇ ਅਸਲ ਕਾਰਨਾਂ ਨੂੰ ਪੇਸ਼ ਕੀਤਾ ਹੈ।

5. ਮਲਕੀਤ ਕੌਰ, 1990 ਉਪਰੰਤ ਪੰਜਾਬੀ ਕਹਾਣੀ: ਥੀਮਗਤ ਅਤੇ ਰੂਪਗਤ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

ਇਸ ਥੀਸਸ ਵਿੱਚ 1990 ਉਪਰੰਤ ਪੰਜਾਬੀ ਕਹਾਣੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਦਾ ਥੀਮਗਤ ਅਤੇ ਰੂਪਗਤ ਰੂਪਾਂਤਰਣ ਵੀ ਕੀਤਾ ਗਿਆ ਹੈ। ਇਸ ਥੀਸਸ ਵਿੱਚ 1990 ਤੋਂ ਬਾਅਦ ਦੀ ਕਹਾਣੀ ਦੇ ਵਿਸ਼ਿਆਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। 1990 ਤੋਂ ਬਾਅਦ ਪੰਜਾਬੀ ਕਹਾਣੀ ਨੇ ਕਿਹੋ ਜਿਹਾ ਮੋੜ ਲਿਆ ਉਸ ਬਾਰੇ ਦੱਸਿਆ ਗਿਆ ਹੈ। ਪੰਜਾਬੀ ਕਹਾਣੀ ਦੇ ਇਸ ਰੂਪ ਅਤੇ ਇਸ ਤੋਂ ਪਹਿਲੇ ਰੂਪ ਵਿੱਚ ਕੀ ਫਰਕ ਨਜ਼ਰ ਆਇਆ ਉਸ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

6. ਪ੍ਰੀਤ ਕੰਵਲਦੀਪ ਕੌਰ, ਗੁਰਮੇਲ ਮਡਾਹੜ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993-94

ਇਸ ਥੀਸਸ ਵਿੱਚ ਮਨੁੱਖੀ ਸਮਾਜ ਤੇ ਸਮਾਜ-ਸ਼ਾਸਤਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਗੁਰਮੇਲ ਮਡਾਹੜ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ ਕੀਤਾ ਗਿਆ ਹੈ। ਇਸ ਥੀਸਸ ਵਿੱਚ ਗੁਰਮੇਲ ਮਡਾਹੜ ਦੀਆਂ

ਕਹਾਣੀਆਂ ਦੇ ਸਮਾਜਕ, ਆਰਥਕ, ਰਾਜਨੀਤਕ ਵਿਸ਼ਿਆਂ ਨੂੰ ਉਘਾੜਿਆ ਹੈ। ਇਸ ਖੋਜ ਕਾਰਜ ਵਿੱਚ ਸਮਾਜ-ਸ਼ਾਸਤਰ ਦੇ ਸਰੂਪ ਦੀ ਵਿਆਖਿਆ ਕੀਤੀ ਗਈ ਹੈ।

7. ਕੇਵਲ ਚੰਦ, ਗੁਰਦਿਆਲ ਸਿੰਘ ਦੀਆਂ ਕਹਾਣੀਆਂ ਦਾ ਸਮਾਜਕ ਸਭਿਆਚਾਰਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2002

ਇਸ ਥੀਸਸ ਵਿੱਚ ਸਮਾਜ ਸੱਭਿਆਚਾਰਕ ਸਿਧਾਂਤਕ ਤੇ ਇਤਿਹਾਸਕ ਪਰਿਪੇਖ ਬਾਰੇ ਦੱਸਿਆ ਗਿਆ ਹੈ। ਪੰਜਾਬ ਦੀ ਸਮਾਜਕ, ਸੱਭਿਆਚਾਰਕ ਬਣਤਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਗੁਰਦਿਆਲ ਸਿੰਘ ਦੀਆਂ ਕਹਾਣੀਆਂ ਵਿੱਚ ਸਮਾਜ-ਸ਼ਾਸਤਰੀ ਅਧਿਐਨ ਕੀਤਾ ਗਿਆ ਹੈ।

8. ਅਮਨਦੀਪ ਕੌਰ, ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਇਸ ਥੀਸਸ ਵਿੱਚ ਜਸਵੰਤ ਸਿੰਘ ਕੰਵਲ ਦੇ ਜੀਵਨ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਨਾਵਲਾਂ ਵਿਚਲੇ ਸਮਾਜਕ, ਆਰਥਕ, ਰਾਜਨੀਤਕ, ਧਾਰਮਕ ਪਹਿਲੂਆਂ ਬਾਰੇ ਦੱਸਿਆ ਗਿਆ ਹੈ। ਜਸਵੰਤ ਸਿੰਘ ਕੰਵਲ ਨੇ ਸਮਾਜ ਦੇ ਕਿਹੜੇ ਮੁੱਖ ਮੁੱਦਿਆ ਨੂੰ ਆਪਣੇ ਨਾਵਲ ਵਿੱਚ ਲਿਆ ਕੇ ਸਮੇਂ ਦੀ ਮੰਗ ਨੂੰ ਪੂਰਾ ਕੀਤਾ ਹੈ ਉਸ ਬਾਰੇ ਵਿਸਥਾਰ ਸਹਿਤ ਦੱਸਿਆ ਗਿਆ ਹੈ।

9. ਸਵਰਨਜੀਤ ਕੌਰ, ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2010

ਸਵਰਨਜੀਤ ਕੌਰ ਨੇ ਅਧਿਆਇ ਪਹਿਲੇ ਵਿੱਚ ਸਾਹਿਤ ਦੇ ਸਮਾਜ-ਸ਼ਾਸਤਰ ਬਾਰੇ ਦੱਸਿਆ ਹੈ। ਸਾਹਿਤ ਅਧਿਐਨ ਦੀ ਸਮਾਜ-ਸ਼ਾਸਤਰੀ ਵਿਧੀ: ਪ੍ਰੰਪਰਾ ਤੇ ਸੰਕਲਪ ਕਹਾਣੀ ਦੇ ਸਮਾਜ-ਸ਼ਾਸਤਰੀ ਅਧਿਐਨ ਦਾ ਮਾਡਲ ਪੰਜਾਬੀ ਕਹਾਣੀ: ਸਮਾਜ-ਸ਼ਾਸਤਰੀ ਪਰਿਪੇਖ ਬਾਰੇ ਵੀ ਜਾਣਕਾਰੀ ਦਿੱਤੀ ਹੈ। ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਵਿੱਚ 1947 ਤੋਂ ਪਹਿਲਾਂ ਦੇ ਪੰਜਾਬ ਦਾ ਸਮਾਜਕ ਚਿਤਰ 1947 ਤੋਂ ਪਹਿਲਾਂ ਦਾ ਸਮਾਜ ਸੰਯੁਕਤ ਪੰਜਾਬੀ ਸਮਾਜ ਵਿੱਚ ਸਮਾਜਕ ਰਿਸ਼ਤੇ ਸੰਯੁਕਤ ਪੰਜਾਬੀ ਸਮਾਜ ਵਿੱਚ ਉਪਜਦਾ ਤਣਾਅ 1947 ਦੀ ਪੰਜਾਬ ਵੰਡ ਦੇ ਯਥਾਰਥ ਦੀ ਪੇਸ਼ਕਾਰੀ ਵੀ ਕੀਤੀ ਹੈ।

10. ਗੁਰਜੀਤ ਸਿੰਘ, ਬਲਦੇਵ ਸਿੰਘ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2013

ਇਸ ਥੀਸਸ ਵਿੱਚ ਬਲਦੇਵ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਮਾਜ-ਸ਼ਾਸਤਰ ਕੀ ਹੁੰਦਾ ਹੈ ਉਸ ਬਾਰੇ ਦੱਸਿਆ ਗਿਆ ਹੈ। ਸਮਾਜ-ਸ਼ਾਸਤਰ ਦੀਆਂ ਪਰਿਭਾਸ਼ਾਵਾਂ ਵੀ ਦਿੱਤੀਆਂ ਗਈਆਂ ਹਨ।

11. ਚੰਦਰ ਮੋਹਨ, ਸੁਖਬੀਰ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1996

ਇਸ ਥੀਸਸ ਵਿੱਚ ਸਮਾਜ ਦੀਆਂ ਆਰਥਕ ਸਮੱਸਿਆਵਾਂ, ਸਮਾਜਕ ਸਮੱਸਿਆਵਾਂ ਬਾਰੇ ਵੀ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਇਸ ਥੀਸਸ ਵਿੱਚ ਨਾਵਲ ਦੇ ਸਿਧਾਂਤਕ ਪੱਖ ਨੂੰ ਵੀ ਬਿਆਨ ਕੀਤਾ ਗਿਆ ਹੈ। ਚੰਦਰ ਮੋਹਨ ਨੇ ਸਮਾਜਕ, ਆਰਥਕ, ਰਾਜਨੀਤਕ, ਧਾਰਮਕ ਪੱਖਾਂ ਨੂੰ ਸਮਾਜ-ਸ਼ਾਸਤਰ ਵਿਧੀ ਰਾਹੀਂ ਉਨ੍ਹਾਂ ਦਾ ਅਧਿਐਨ ਕੀਤਾ ਹੈ।

12. ਦਲਬੀਰ ਸਿੰਘ, ਹਰੀ ਸਿੰਘ ਦਿਲਬਰ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2001

ਇਸ ਥੀਸਸ ਵਿੱਚ ਹਰੀ ਸਿੰਘ ਦਿਲਬਰ ਦੀਆਂ ਕਹਾਣੀਆਂ ਵਿਚਲੇ ਸਮਾਜ ਦੀਆਂ ਮੁੱਖ ਸਮੱਸਿਆਵਾਂ ਨੂੰ ਬਿਆਨਿਆ ਗਿਆ ਹੈ। ਸਮਾਜ-ਸ਼ਾਸਤਰ ਦੇ ਸਿਧਾਂਤਕ ਪੱਖ ਨੂੰ ਵੀ ਬਿਆਨ ਕੀਤਾ ਗਿਆ ਹੈ। ਸਮਾਜ-ਸ਼ਾਸਤਰ ਦਾ ਸਮਾਜ ਨਾਲ ਸੰਬੰਧ ਵੀ ਵਿਸਤਾਰ ਸਹਿਤ ਦੱਸਿਆ ਗਿਆ ਹੈ।

13. ਭੁਪਿੰਦਰ ਸਿੰਘ, ਗੁਰਦਿਆਲ ਸਿੰਘ ਫੁੱਲ ਦੇ ਨਾਟਕਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1998

ਖੋਜਾਰਥੀ ਨੇ ਫੁੱਲ ਦੇ ਨਾਟਕਾਂ ਦੀ ਸਮਾਜਕ ਵਿਵਸਥਾ ਨੂੰ ਪੇਸ਼ ਕੀਤਾ ਹੈ। ਨਾਟਕਾਂ ਵਿੱਚ ਸਮਾਜਕ ਵਿਵਸਥਾ ਦੇ ਸਮਾਜ ਦੇ ਵਰਤਾਰੇ ਨਾਲ ਆਪਸੀ ਸੰਬੰਧਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਖੋਜਾਰਥੀ ਨੇ ਸਮਾਜਕ, ਆਰਥਕ ਪ੍ਰਸਥਿਤੀਆਂ ਨੂੰ ਵੀ ਪੇਸ਼ ਕੀਤਾ ਹੈ। ਸਮਾਜ-ਸ਼ਾਸਤਰ ਦੇ ਸਰੂਪ ਨੂੰ ਵਿਸਥਾਰ ਸਹਿਤ ਬਿਆਨ ਕੀਤਾ ਹੈ।

14. ਰਵਨੀਤ ਕੌਰ, ਕਹਾਣੀਕਾਰ ਗੁਰਬਚਨ ਸਿੰਘ ਭੁੱਲਰ: ਸੰਵੇਦਨਾ ਅਤੇ ਸੰਚਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005

ਇਸ ਥੀਸਸ ਵਿੱਚ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੀ ਸੰਵੇਦਨਾ, ਸਿਧਾਂਤਕ ਪਰਿਪੇਖ ਅਤੇ ਪਾਸਾਰ, ਆਧੁਨਿਕ ਸੰਵੇਦਨਾ, ਸੰਚਾਰ ਜੁਗਤਾਂ ਬਾਰੇ ਦੱਸਿਆ ਗਿਆ ਹੈ। ਪੰਜਾਬੀ ਕਹਾਣੀ ਵਿੱਚ ਆਧੁਨਿਕ ਸੰਵੇਦਨਾ ਦੇ ਇਤਿਹਾਸਕ ਪਰਿਪੇਖ ਦੇ ਦੌਰਾ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਪਰਵਾਸੀ ਪੰਜਾਬੀ ਕਹਾਣੀ ਅਤੇ ਆਧੁਨਿਕ ਪੰਜਾਬੀ ਕਹਾਣੀ ਦੇ ਸਫ਼ਰ ਬਾਰੇ ਦੱਸਿਆ ਗਿਆ ਹੈ। ਰਵਨੀਤ ਕੌਰ ਨੇ ਗੁਰਬਚਨ ਸਿੰਘ ਭੁੱਲਰ ਦੀ ਕਥਾ ਸੰਵੇਦਨਾ ਦੇ ਸਮਾਜਕ, ਧਾਰਮਕ, ਆਰਥਕ, ਸੱਭਿਆਚਾਰਕ ਪੱਖਾਂ ਬਾਰੇ ਦੱਸਿਆ ਗਿਆ ਹੈ।

15. ਬਲਵਿੰਦਰ ਸਿੰਘ, ਗੁਰਬਚਨ ਸਿੰਘ ਦੀਆਂ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987-88

ਇਸ ਥੀਸਸ ਵਿੱਚ ਗੁਰਬਚਨ ਸਿੰਘ ਭੁੱਲਰ ਦੀ ਕਥਾ ਯਾਤਰਾ ਬਾਰੇ ਦੱਸਿਆ ਗਿਆ ਹੈ। ਇਸ ਥੀਸਸ ਵਿੱਚ ਭੁੱਲਰ ਦੇ ਕਥਾ ਜਗਤ ਦੀ ਵਰਗ ਵੰਡ ਤਿੰਨ ਭਾਗਾਂ ਵਿੱਚ ਕੀਤੀ ਗਈ ਹੈ।

1. ਨਿਰੋਲ ਪੇਂਡੂ ਜੀਵਨ ਨਾਲ ਸੰਬੰਧਿਤ ਕਹਾਣੀਆਂ
2. ਪਿੰਡ ਤੋਂ ਸ਼ਹਿਰ ਤੇ ਸ਼ਹਿਰ ਤੋਂ ਪਿੰਡ ਵੱਲ ਦੇ ਸਫਰ ਨਾਲ ਸੰਬੰਧਿਤ ਕਹਾਣੀਆਂ

3. ਨਿਰੋਲ ਸ਼ਹਿਰੀ ਜੀਵਨ ਨਾਲ ਸੰਬੰਧਿਤ ਕਹਾਣੀਆਂ

ਇਸ ਥੀਸਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਭੁੱਲਰ ਪ੍ਰਤੀਬੱਧ ਹੋਣ ਦੇ ਬਾਵਜੂਦ ਵੀ ਕਿਤੇ ਵੀ ਉਹਨੇ ਆਪਣੀ ਇਸ ਵਿਚਾਰਧਾਰਾ ਨੂੰ ਕੱਟੜਤਾ ਨਾਲ ਮੱਲੋ-ਜੋਰੀ ਕਹਾਣੀ ਉੱਤੇ ਮੜ੍ਹਨ ਦਾ ਯਤਨ ਨਹੀਂ ਕੀਤਾ। ਬਲਵਿੰਦਰ ਸਿੰਘ ਨੇ ਗੁਰਬਚਨ ਸਿੰਘ ਭੁੱਲਰ ਦੀ ਵਿਲੱਖਣਤਾ ਉੱਪਰ ਵੀ ਝਾਤ ਪਾਈ ਹੈ।

16. ਪਰਮਿੰਦਰ ਕੌਰ, ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦਾ ਵਿਚਾਰਧਾਰਕ ਆਧਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1989-90

ਇਸ ਥੀਸਸ ਵਿੱਚ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦਾ ਵਿਚਾਰਧਾਰਕ ਆਧਾਰ ਪੇਸ਼ ਕੀਤਾ ਗਿਆ ਹੈ। ਇਸ ਥੀਸਸ ਵਿੱਚ ਪਰਮਿੰਦਰ ਕੌਰ ਨੇ ਭੁੱਲਰ ਦੀਆਂ ਕਹਾਣੀਆਂ ਵਿਚਲੀ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ। ਭੁੱਲਰ ਦੀ ਲਿਖਣ ਸ਼ੈਲੀ ਦੇ ਢੰਗ ਨੂੰ ਵੀ ਬਿਆਨਿਆ ਹੈ।

17. ਦਵਿੰਦਰ ਕੌਰ, ਗੁਰਬਚਨ ਭੁੱਲਰ ਦੀਆਂ ਕਹਾਣੀਆਂ ਵਿਚ ਮਾਨਵੀ ਰਿਸ਼ਤਿਆਂ ਦਾ ਦਵੰਦ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2001-02

ਇਸ ਥੀਸਸ ਵਿੱਚ ਦਵਿੰਦਰ ਕੌਰ ਨੇ ਗੁਰਬਚਨ ਸਿੰਘ ਭੁੱਲਰ ਦੇ ਜੀਵਨ ਤੇ ਰਚਨਾ ਬਾਰੇ ਦੱਸਿਆ ਹੈ। ਉਸਨੇ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਔਰਤ ਮਰਦ ਰਿਸ਼ਤਿਆਂ ਦੇ ਦਵੰਦ ਬਾਰੇ ਦੱਸਿਆ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਰਿਸ਼ਤਿਆਂ ਦੇ ਦਵੰਦ ਬਾਰੇ ਦੱਸਿਆ ਹੈ।

18. ਰੁਪਿੰਦਰ ਕੌਰ (ਡਾ.), ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ 'ਦੀਵੇ ਵਾਂਗ ਬਲਦੀ ਅੱਖ' ਕਹਾਣੀ ਦਾ ਬਿਰਤਾਂਤ ਸ਼ਾਸਤਰ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2000

ਇਸ ਪੁਸਤਕ ਵਿੱਚ ਰੁਪਿੰਦਰ ਕੌਰ ਨੇ ਬਿਰਤਾਂਤ ਸ਼ਾਸਤਰ ਦੇ ਸਿਧਾਂਤਕ ਪਰਿਪੇਖ ਬਾਰੇ ਦੱਸਿਆ ਹੈ। 'ਦੀਵੇ ਵਾਂਗ ਬਲਦੀ ਅੱਖ' ਕਹਾਣੀ-ਸੰਗ੍ਰਿਹ ਦੀਆਂ ਕਹਾਣੀਆਂ ਦਾ ਬਿਰਤਾਂਤ ਸ਼ਾਸਤਰੀ ਦ੍ਰਿਸ਼ਟੀ ਤੋਂ ਵਿਹਾਰਕ ਵਿਧੀ ਅਨੁਸਾਰ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਦੇ ਪਹਿਲੇ ਨਿਬੰਧ ਵਿੱਚ ਬਿਰਤਾਂਤ ਸ਼ਾਸਤਰ ਕੀ ਹੈ ਬਾਰੇ ਅਧਿਐਨ ਕੀਤਾ ਗਿਆ ਹੈ ਇਸਦੇ ਨਾਲ ਹੀ ਗਲਪ ਸ਼ਾਸਤਰ ਦੇ ਆਪਸੀ ਸੰਬੰਧਾਂ ਦਾ ਲੇਖਾ ਜੋਖਾ ਕੀਤਾ ਗਿਆ ਹੈ। ਦੂਸਰੇ ਭਾਗ ਵਿੱਚ 'ਦੀਵੇ ਵਾਂਗ ਬਲਦੀ ਅੱਖ' ਕਹਾਣੀ ਸੰਗ੍ਰਿਹ ਦੀਆਂ ਕਹਾਣੀਆਂ ਦੀ ਵਿਸਥਾਰ ਸਹਿਤ ਬਿਰਤਾਂਤਕ ਦ੍ਰਿਸ਼ਟੀ ਤੋਂ ਚਰਚਾ ਕੀਤੀ ਗਈ ਹੈ।

## ਸਮਾਜ-ਸ਼ਾਸਤਰ ਦਾ ਸਿਧਾਂਤਕ ਪਰਿਪੇਖ

ਸਾਧਾਰਨ ਤੇ ਸੰਖੇਪ ਸ਼ਬਦਾਂ ਵਿੱਚ ਸਮਾਜ ਵਿਗਿਆਨ "ਸਮਾਜ ਦਾ ਵਿਗਿਆਨਕ ਅਧਿਐਨ" ਹੈ। ਇਸ ਦੇ ਅੰਤਰਗਤ ਮਨੁੱਖਾਂ ਦੇ ਸਮਾਜਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਸਮਾਜ ਵਿਗਿਆਨ ਸਮੂਹ ਵਿੱਚ ਮਨੁੱਖੀ ਵਤੀਰੇ ਅਤੇ ਮਨੁੱਖਾਂ ਦੇ ਵਿਚਕਾਰ ਪ੍ਰਸਪਰ ਕਿਰਿਆਵਾਂ ਦਾ ਅਧਿਐਨ ਕਰਦਾ ਹੈ। ਇਹ ਮਨੁੱਖੀ ਸਮੂਹਿਕ ਜੀਵਨ ਦੇ ਉਦੇਸ਼ਾ ਅਤੇ ਸਰੂਪਾਂ ਨੂੰ ਸਮਝਣ ਦਾ ਯਤਨ ਕਰਦਾ ਹੈ ਕਿ ਕਿਸ ਢੰਗ ਨਾਲ ਵੱਖ-ਵੱਖ ਸਮੂਹ

ਹੋਂਦ ਵਿੱਚ ਆਉਂਦੇ ਹਨ, ਕਿਸ ਤਰਾਂ ਇਸ ਦਾ ਵਿਕਾਸ ਹੁੰਦਾ ਹੈ, ਕਿਸ ਤਰਾਂ ਢਹਿ ਜਾਂਦੇ ਹਨ ਅਤੇ ਕਿਸ ਤਰਾਂ ਮੁੜ ਬਣ ਜਾਂਦੇ ਹਨ ? ਉਹ ਸਾਰੇ ਰੀਤੀ ਰਿਵਾਜ਼, ਜਿਹੜੇ ਇਨ੍ਹਾਂ ਨੂੰ ਇੱਕ ਕੜੀ ਵਿੱਚ ਬੰਨਦੇ ਹਨ, ਬਾਰੇ ਅਧਿਐਨ ਕਰਨਾ ਵੀ ਇਸ ਦਾ ਕੰਮ ਹੈ। ਇਨ੍ਹਾਂ ਸਮਾਜਕ ਸਮੂਹਾਂ ਦੁਆਰਾ ਪ੍ਰਚਲਿਤ ਰੀਤੀਆਂ, ਕਾਰਜ ਵਿਧੀਆਂ, ਰਿਵਾਜਾਂ, ਸਭਾਵਾਂ ਦਾ ਸਿਲਸਿਲੇਵਾਰ ਅਧਿਐਨ ਕਰਦਾ ਹੈ। ਵਾਸਤਵ ਵਿੱਚ ਸਮਾਜ ਵਿਗਿਆਨ ਸਾਰੇ ਮਨੁੱਖੀ ਸੰਬੰਧਾਂ, ਜਿਨ੍ਹਾਂ ਨੂੰ ਨਿਸ਼ਚਿਤ ਤੌਰ ਤੇ ਸਮਾਜਕ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਸੰਬੰਧਾਂ ਦੀਆਂ ਉਪਜਾਂ ਰੀਤੀਆਂ, ਰਿਵਾਜਾਂ, ਪਰੰਪਰਾਵਾਂ, ਸਭਾਵਾਂ ਅਤੇ ਸੰਸਥਾਵਾਂ ਬਾਰੇ ਤਰਤੀਬਵਾਰ ਗਿਆਨ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਸਮਾਜ ਵਿਗਿਆਨ ਵਿਗਿਆਨ ਵਿੱਚ ਵਿਸ਼ਲੇਸ਼ਣ ਦੀ ਇਕਾਈ ਵਿਅਕਤੀ ਨਹੀਂ ਸਗੋਂ ਦੋ ਜਾਂ ਦੋ ਤੋਂ ਵਧੇਰੇ ਵਿਅਕਤੀ ਹੁੰਦੇ ਹਨ। ਸਮਾਜ ਵਿਗਿਆਨ ਦਾ ਕੰਮ ਸਮਾਜਕ ਤੱਥਾਂ, ਘਟਨਾਵਾਂ ਆਦਿ ਦੇ ਵਿਸ਼ੇ ਵਿੱਚ ਸੱਚ ਦੀ ਖੋਜ ਕਰਨਾ ਹੈ। ਦੂਜੇ ਸ਼ਬਦਾਂ ਵਿੱਚ ਮਾਨਵੀਂ ਸਮਾਜ ਦੇ ਬਾਰੇ ਅਧਿਕ ਤੋਂ ਅਧਿਕ ਯਥਾਰਥਕ ਗਿਆਨ ਪ੍ਰਾਪਤ ਕਰਨਾ ਹੀ ਇਸਦਾ ਉਦੇਸ਼ ਹੈ। ਇਸ ਪ੍ਰਾਪਤ ਗਿਆਨ ਦਾ ਪ੍ਰਯੋਗ ਕਿਸ ਪ੍ਰਕਾਰ ਕੀਤਾ ਜਾਂਦਾ ਹੈ? ਇਸ ਨਾਲ ਇਸਦਾ ਕੋਈ ਵਾਸਤਾ ਨਹੀਂ। ਸਮਾਜ ਵਿਗਿਆਨੀ ਦਾ ਕੰਮ ਅਪਰਾਧੀਆਂ ਨੂੰ ਸੁਧਾਰਣ ਜਾਂ ਬਾਲ ਵਿਆਹ ਜਾਂ ਪ੍ਰਥਾ ਆਦਿ ਸਮਾਜਕ ਸਮੱਸਿਆਵਾਂ ਦਾ ਹੱਲ ਲੱਭਣਾ ਨਹੀਂ ਹੈ।

ਸਮਾਜ ਸ਼ਬਦ ਦਾ ਸਾਧਾਰਣ ਰੂਪ ਵਿੱਚ ਪ੍ਰਯੋਗ ਵਿਅਕਤੀਆਂ ਦੇ ਸਮੂਹ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਕਿਸੇ ਵੀ ਸੰਗਠਿਤ ਜਾਂ ਅਸੰਗਠਿਤ ਸਮੂਹ ਨੂੰ ਸਮਾਜ ਦਾ ਦਰਜਾ ਦਿੱਤਾ ਜਾਂਦਾ ਹੈ। ਜਿਸ ਤਰ੍ਹਾਂ 'ਹਿੰਦੂ ਸਮਾਜ' 'ਬਾਲਮੀਕੀ ਸਮਾਜ' 'ਦੇਵ ਸਮਾਜ' 'ਵਿਦਿਆਰਥੀ ਸਮਾਜ' ਆਦਿ। ਪ੍ਰੰਤੂ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਾਜ ਸ਼ਬਦ ਦਾ ਇਹ ਪਰਿਭਾਸ਼ਿਤ ਸਰੂਪ ਸਾਰਥਿਕ ਨਹੀਂ ਹੈ। ਇਸੇ ਤਰ੍ਹਾਂ ਹੀ ਵੱਖ-ਵੱਖ ਸਮਾਜਕ ਵਿਗਿਆਨਾਂ ਨਾਲ ਸੰਬੰਧਿਤ ਸ਼ਾਸਤਰੀ ਵੀ ਸਮਾਜ ਸ਼ਬਦ ਦੀ ਪਰਿਭਾਸ਼ਾ ਆਪਣੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਕਰਦੇ ਹਨ। ਸਮਾਜਕ ਸੰਬੰਧਾਂ ਦਾ ਨਿਰਮਾਣ ਸਮਾਜਕ ਅੰਤਰ ਕਿਰਿਆ ਤੋਂ ਹੁੰਦਾ ਹੈ।

ਸਮਾਜਕ ਜੀਵਨ ਬਾਰੇ ਸਭ ਤੋਂ ਪਹਿਲੀ ਚਰਚਾ ਪ੍ਰਾਚੀਨ ਯੂਨਾਨੀ ਵਿਚਾਰਕਾਂ ਪਲੈਟੋ ਅਤੇ ਅਰਸਤੂ ਦੀਆਂ ਰਚਨਾਵਾਂ ਵਿਚੋਂ ਵੇਖਣ ਨੂੰ ਮਿਲਦੀ ਹੈ। ਇਹਨਾਂ ਵਿਚਾਰਕਾਂ ਦੀ ਲਿਖਤਾਂ ਵਿਚ ਇੱਕ ਆਦਰਸ਼ ਰਾਜ ਦਾ ਚਿੱਤਰ ਪੇਸ਼ ਹੋਇਆ ਮਿਲਦਾ ਹੈ। ਸੋਲ੍ਹਵੀਂ ਸਦੀ ਵਿੱਚ ਕਈ ਲੇਖਕ ਅਜਿਹੇ ਉੱਭਰੇ ਜਿਹੜੇ ਜੀਵਨ ਦੀਆਂ ਸਮੱਸਿਆਵਾਂ ਨੂੰ ਵਧੇਰੇ ਵਾਸਤਵਿਕ ਢੰਗ ਨਾਲ ਸਮਝਣ ਵੱਲ ਰੁਚਿਤ ਹੋਏ। ਇਹਨਾਂ ਵਿਚੋਂ ਸਭ ਤੋਂ ਉੱਘਾ ਵਿਦਵਾਨ ਇਟਲੀ ਦਾ ਨਿਕੋਲੋ ਮੈਕਿਆਵਲੀ ਸੀ। ਜਿਸ ਨੇ ਆਪਣੀ ਪੁਸਤਕ 'ਦੀ ਪ੍ਰਿੰਸ' ਵਿੱਚ ਰਾਜ ਅਤੇ ਰਾਜਨੀਤੀ ਦੀ ਵਿਵਸਥਾ ਉੱਪਰ ਇੱਕ ਬਾਹਰਮੁਖੀ ਵਿਆਖਿਆ ਪੇਸ਼ ਕੀਤੀ। ਸਮਾਜ ਸ਼ਾਸਤਰ ਦੀ ਇੱਕ ਵਿਗਿਆਨਕ ਦੇ ਤੌਰ ਤੇ ਸਥਾਪਨਾ ਇੱਕ ਫਰਾਂਸੀਸੀ ਵਿਦਵਾਨ ਔਗਸਤੇ ਕੌਮਤੇ ਨੇ ਇੱਕ ਪੁਸਤਕ 'ਪੌਜ਼ਟਿਵ ਫਿਲਾਸਫ਼ੀ' ਲਿਖੀ, ਜੋ ਕਿ 1830 ਈਸਵੀ ਤੋਂ 1842 ਈਸਵੀ ਦੇ ਸਮੇਂ ਦਰਮਿਆਨ 6 ਭਾਗਾਂ ਵਿੱਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿੱਚ ਸਮਾਜਕ ਸੰਬੰਧਾਂ ਦਾ ਅਧਿਐਨ ਕਰਨ  ਲਈ ਉਸ ਨੇ ਜਿਹੜੇ ਸ਼ਾਸਤਰ ਦਾ ਜ਼ਿਕਰ ਕੀਤਾ, ਉਸ ਦਾ ਨਾਂ ਸਮਾਜ-ਸ਼ਾਸਤਰ ਰੱਖਿਆ ਗਿਆ। ਪਹਿਲਾਂ ਇਸ ਸ਼ਾਸਤਰ ਦਾ ਨਾਂ ਸਮਾਜਕ ਭੌਤਿਕ ਸ਼ਾਸਤਰ ਰੱਖਿਆ ਅਤੇ ਬਾਅਦ ਵਿੱਚ ਇਸ ਨਾਂ ਨੂੰ ਸਮਾਜ-ਸ਼ਾਸਤਰ ਵਿਚ ਤਬਦੀਲ ਕਰ ਦਿੱਤਾ। ਸਮਾਜਕ ਸੰਬੰਧ ਸਥਿਰ ਨਹੀਂ ਬਲਕਿ ਪਰਿਵਰਤਨਸ਼ੀਲ ਹੁੰਦੇ ਹਨ।

ਸਾਧਾਰਣ ਰੂਪ ਵਿੱਚ ਕਿਹਾ ਜਾ ਸਕਦਾ ਕਿ ਕਿਸੇ ਵਿਸ਼ੇ ਦਾ ਵਿਗਿਆਨਕ ਹੋਣਾ ਜਾਂ ਨਾ ਹੋਣਾ ਉਸ ਦੀ ਵਿਸ਼ੇ ਸਮੱਗਰੀ ਉੱਤੇ ਨਿਰਭਰ ਨਹੀਂ ਕਰਦਾ ਹੈ ਸਗੋਂ ਅਧਿਐਨ ਪੱਧਤੀ ਉੱਤੇ ਨਿਰਭਰ ਕਰਦਾ ਹੈ। ਇਸ ਕਰਕੇ ਵਿਗਿਆਨਕ ਪੱਧਤੀ ਦੁਆਰਾ ਪ੍ਰਾਪਤ ਗਿਆਨ ਨੂੰ ਵਿਗਿਆਨ ਕਿਹਾ ਜਾ ਸਕਦਾ ਹੈ। ਜਿਹੜਾ ਤੱਥਾਂ ਰਾਹੀਂ ਪ੍ਰਮਾਣਿਤ ਹੋਵੇ, ਕਾਰਜ ਕਾਰਣ ਸੰਬੰਧ ਸਥਾਪਿਤ ਕਰਕੇ ਉਸ ਦੀ ਵਿਆਖਿਆ ਕਰਦਾ ਹੋਵੇ। ਜਿਸ ਦੀ ਤਸਦੀਕ, ਪੁਨਰ ਤਸਦੀਕ ਕੀਤੀ ਜਾ ਸਕਦੀ ਹੋਵੇ। ਅਸਲ ਵਿੱਚ ਵਿਗਿਆਨ ਸੱਚ ਦੀ ਭਾਲ ਹੈ। ਕੀ ਸਮਾਜ-ਸ਼ਾਸਤਰ ਵਿਗਿਆਨਕ ਪੱਧਤੀ ਦਾ ਪ੍ਰਯੋਗ ਕਰਕੇ ਅਜਿਹਾ ਗਿਆਨ ਮੁਹੱਈਆ ਕਰਵਾਉਂਦਾ ਹੈ, ਜਿਸ ਨੂੰ ਵਿਗਿਆਨ ਕਿਹਾ ਜਾ ਸਕੇ। ਸਮਾਜ-ਸ਼ਾਸਤਰ ਇਕ ਵਿਗਿਆਨ ਹੈ ਜਾਂ ਨਹੀਂ, ਇਸ ਦੇ ਪੱਖ ਵਿੱਚ ਸਮਾਜ-ਸ਼ਾਸਤਰੀਆਂ ਦੀਆਂ ਅਲੱਗ-ਅਲੱਗ ਵਿਚਾਰਧਾਰਾਵਾਂ ਹਨ। ਜਿਵੇਂ

1. ਸਮਾਜ-ਸ਼ਾਸਤਰ ਵਿਗਿਆਨਕ ਪੱਧਤੀ ਦਾ ਪ੍ਰਯੋਗ ਕਰਦਾ ਹੈ। ਸਮਾਜਕ ਤੱਥਾਂ ਜਾਂ ਘਟਨਾਵਾਂ ਦਾ ਅਧਿਐਨ ਕਰਨ ਲਈ ਸਮਾਜ-ਸ਼ਾਸਤਰੀ ਢੁੱਕਵੀਆਂ ਵਿਗਿਆਨਕ ਵਿਧੀਆਂ ਨੂੰ ਪ੍ਰਯੋਗ ਵਿੱਚ ਲਿਆਉਂਦੇ ਹਨ। ਜਿਵੇਂ ਤੁਲਨਾਤਮਿਕ ਵਿਧੀ, ਇਤਿਹਾਸਕ ਵਿਧੀ, ਪ੍ਰਯੋਗਾਤਮਕ ਵਿਧੀ ਆਦਿ।
2. ਸਮਾਜ-ਸ਼ਾਸਤਰ ਪੂਰਵ ਸਥਾਪਿਤ ਕਿਸੇ ਸਿੱਟੇ ਜਾਂ ਸਿਧਾਂਤ ਤੋਂ ਪ੍ਰਭਾਵਿਤ ਹੋਏ ਬਿਨਾਂ ਸਮਾਜਕ ਪ੍ਰਕਿਰਿਆਵਾਂ ਅਤੇ ਘਟਨਾਵਾਂ ਦਾ ਯਥਾਰਥਕ ਰੂਪ ਵਿੱਚ ਅਧਿਐਨ ਕਰਦਾ ਹੈ। ਸਮਾਜ-ਸ਼ਾਸਤਰ 'ਕੀ ਹੈ' ਦਾ ਵਰਣਨ ਕਰਦਾ ਹੈ। ਕੀ ਹੋਣਾ ਚਾਹੀਦਾ? ਇਹ ਇਸ ਦੇ ਖੇਤਰ ਵਿੱਚ ਨਿਹਿਤ ਨਹੀਂ। ਸਮਾਜ-ਸ਼ਾਸਤਰ ਵਿੱਚ ਸਮਾਜਕ ਘਟਨਾਵਾਂ ਦਾ ਅਧਿਐਨ ਪ੍ਰਭਾਵਾਂ ਤੇ ਆਧਾਰਿਤ ਨਾ ਹੋ ਕੇ ਆਧਾਰਿਤ ਹੈ। ਇਸ ਤਰ੍ਹਾਂ ਸਮਾਜ-ਸ਼ਾਸਤਰ ਇੱਕ ਨਿਰਪੱਖ ਗਿਆਨ ਪ੍ਰਾਪਤ ਕਰਦਾ ਹੈ।
3. ਸਮਾਜ-ਸ਼ਾਸਤਰ ਵੱਖ-ਵੱਖ ਸਮਾਜਕ ਤੱਥਾਂ ਵਿੱਚ ਸੰਬੰਧ ਸਥਾਪਿਤ ਕਰਦਾ ਹੈ ਅਤੇ ਇਹ ਕਾਰਜ ਕਾਰਣ ਦੇ ਸੰਬੰਧ ਦੀ ਵਿਆਖਿਆ ਕਰਦਾ ਹੈ। ਸਮਾਜ-ਸ਼ਾਸਤਰ ਸਮਾਜਕ ਘਟਨਾ ਬਾਰੇ ਹੀ ਜਾਣਕਾਰੀ ਨਹੀਂ ਦਿੰਦਾ ਸਗੋਂ ਇਹ ਘਟਨਾ ਕਿਵੇਂ ਵਾਪਰੀ ਇਸ ਬਾਰੇ ਵੀ ਦੱਸਦਾ ਹੈ।
4. ਭੌਤਿਕ ਵਿਗਿਆਨ ਦੇ ਨਿਯਮਾਂ ਵਾਂਗ ਸਮਾਜ ਦੇ ਸਿਧਾਂਤਾਂ ਨੂੰ ਤਸਦੀਕ ਅਤੇ ਪੁਨਰ ਤਸਦੀਕ ਕੀਤਾ ਜਾ ਸਕਦਾ ਹੈ। ਜੇਕਰ ਪਰਸਥਿਤੀਆਂ ਵਿੱਚ ਪਰਿਵਰਤਨ ਨਹੀਂ ਹੁੰਦਾ ਤਾਂ ਸਮਾਜ-ਸ਼ਾਸਤਰ ਦੇ ਨਿਯਮਾਂ ਵਿੱਚ ਵੀ ਕੋਈ ਤਬਦੀਲੀ ਨਹੀਂ ਹੁੰਦੀ।

ਸਮਾਜ ਵਿਗਿਆਨ ਸਮਾਜਕ ਘਟਨਾਵਾਂ ਅਤੇ ਸਮਾਜਕ ਤੱਥਾਂ ਦੇ ਯਥਾਰਥ ਰੂਪ ਨੂੰ ਸਾਡੇ ਸਾਹਮਣੇ ਰੱਖਦਾ ਹੈ, ਉਨ੍ਹਾਂ ਦਾ ਮੁਲਾਂਕਣ ਨਹੀਂ ਕਰਦਾ। ਸਮਾਜਕ ਤੱਥਾਂ ਦੇ ਵਿਸ਼ੇ ਵਿਚ ਕੀ ਹੈ? ਅਤੇ ਕਿਉਂ ਹੈ? ਅਤੇ ਕਿਵੇਂ ਦਾ ਤਾਂ ਉੱਤਰ ਲੱਭਦਾ ਹੈ, ਪ੍ਰੰਤੂ ਉਹ ਠੀਕ ਹੈ ਜਾਂ ਗਲਤ ਹੈ, ਜਾਂ ਕੀ ਹੋਣਾ ਚਾਹੀਦਾ ਹੈ? ਆਦਿ ਬਾਰੇ ਕੁਝ ਨਹੀਂ ਦੱਸਦਾ। ਦੂਜੇ ਸ਼ਬਦਾਂ ਵਿੱਚ ਇਹ ਵਿਗਿਆਨ ਤਾਂ ਕੇਵਲ ਵਾਸਤਵਿਕ ਸਥਿਤੀ ਨੂੰ ਸਾਡੇ ਸਾਹਮਣੇ ਰੱਖਦਾ ਹੈ, ਉਸ ਦੀ ਉਚਿਤਤਾ ਬਾਰੇ ਕਈ ਫੈਸਲੇ ਨਹੀਂ ਦਿੰਦਾ। ਇਹ ਠੀਕ ਹੈ ਕਿ ਸਮਾਜ ਵਿਗਿਆਨ ਵਿੱਚ ਸਮਾਜਕ ਕੀਮਤਾਂ ਦਾ ਅਧਿਐਨ ਕੀਤਾ ਜਾਂਦਾ ਹੈ, ਪਰ ਸਮਾਜਕ ਵਿਗਿਆਨੀ ਇਨ੍ਹਾਂ ਕੀਮਤਾਂ ਦਾ ਸਮਾਜਕ ਤੱਥਾਂ ਦੇ ਰੂਪ ਵਿੱਚ ਨਿਰਪੱਖ ਅਧਿਐਨ ਕਰਦਾ ਹੈ। ਉਨ੍ਹਾਂ ਦਾ ਮੁਲਾਂਕਣ ਨਹੀਂ ਕਰਦਾ। ਸਮਾਜ ਵਿਗਿਆਨ ਦੇ ਅਰਥਾਂ ਦੇ ਸੰਬੰਧ ਵਿੱਚ ਲੋਕਾਂ ਦੇ ਦਿਮਾਗ਼

ਵਿੱਚ ਗ਼ਲਤ ਧਾਰਨਾਵਾਂ ਹਨ, ਇਸ ਲਈ ਸਮਾਜ ਵਿਗਿਆਨ ਦੀ ਸਪੱਸ਼ਟ ਵਿਆਖਿਆ ਤੇ ਅਪੜਨ ਲਈ ਹਰ ਸੰਭਵ ਸੋਮੇ ਜਿਸ ਨੇ ਵੀ ਇਸ 'ਸ਼ਬਦ' ਨੂੰ ਅਰਥ ਦੇਣ ਦਾ ਯਤਨ ਕੀਤਾ ਹੈ, ਦਾ ਤਰਤੀਬਵਾਰ ਵਿਸ਼ਲੇਸ਼ਣ ਕਰਾਂਗੇ। ਪਿਛਲੇ ਕੁਝ ਦਹਾਕਿਆਂ ਵਿਚ ਸਮਾਜ ਵਿਗਿਆਨ ਨੇ ਸ਼ਲਾਘਾਯੋਗ ਉੱਨਤੀ ਕੀਤੀ ਹੈ ਅਤੇ ਇਸਦੀ ਲੋਕ ਪ੍ਰਿਯਤਾ ਵਿੱਚ ਵਾਧਾ ਹੋਇਆ ਹੈ। ਨਤੀਜੇ ਵਜੋਂ ਵਧੇਰੇ ਗਿਣਤੀ ਵਿਚ ਸਾਧਾਰਣ ਮਨੁੱਖ ਇਸ ਵਿਸ਼ੇ ਵਿੱਚ ਦਿਲਚਸਪੀ ਲੈਂਦੇ ਹਨ ਅਤੇ ਆਪਣੀ ਸੂਝ ਅਤੇ ਪੱਧਰ ਅਨੁਸਾਰ ਇਸਦੇ ਅਰਥ ਸਮਝਣੇ ਸ਼ੁਰੂ ਕਰ ਦਿੰਦੇ ਹਨ। ਆਮ ਮਨੁੱਖ ਜੋ ਇਸ ਸ਼ਬਦ ਨੂੰ ਅਰਥ ਦਿੰਦੇ ਹਨ ਮੋਟੇ ਤੌਰ ਤੇ ਤਿੰਨ ਪ੍ਰਕਾਰ ਦੇ ਹਨ:

1. ਕੁਝ ਲੋਕਾਂ ਦਾ ਕਹਿਣਾ ਹੈ ਕਿ ਸਮਾਜ ਵਿਗਿਆਨ ਤਾਂ ਲੋਕਾਂ ਬਾਰੇ ਵਿਗਿਆਨ ਹੈ।
2. ਦੂਜੀ ਕਿਸਮ ਦਾ ਅਰਥ ਜੋ ਸਾਧਾਰਣ ਮਨੁੱਖ ਇਸ ਸ਼ਬਦ ਨੂੰ ਦਿੰਦੇ ਹਨ, ਉਹ ਹੈ ਸਮਾਜ ਵਿਗਿਆਨ ਦਾ ਕੰਮ ਤਾਂ ਗ਼ਰੀਬ ਅਤੇ ਬਦਕਿਸਮਤ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਉਨ੍ਹਾਂ ਦਾ ਸਹੀ ਹੱਲ ਲੱਭਣਾ ਹੈ, ਭਾਵ ਇਹ ਲੋਕ ਭਲਾਈ ਦਾ ਵਿਗਿਆਨ ਹੈ।
3. ਕੁਝ ਸਾਧਾਰਣ ਮਨੁੱਖਾਂ ਅਨੁਸਾਰ ਸਮਾਜ ਵਿਗਿਆਨ ਅਤੇ ਸਮਾਜਵਾਦ ਵਿੱਚ ਕੋਈ ਫ਼ਰਕ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਇਨ੍ਹਾਂ ਨੂੰ ਸਮਾਨਅਰਥੀ ਸ਼ਬਦ ਸਮਝਦੇ ਹਨ।

ਦੂਜਾ ਮੁੱਖ ਸੋਮਾ ਜਿਸ ਨੇ ਸ਼ਬਦ 'ਸਮਾਜ ਵਿਗਿਆਨ' ਦੀ ਪਰਿਭਾਸ਼ਾ ਕਰਨ ਦਾ ਯਤਨ ਕੀਤਾ ਹੈ, ਔਕਸਫੋਰਡ ਅੰਗ੍ਰੇਜੀ ਸ਼ਬਦ -ਕੋਸ਼ ਹੈ।

ਇਸ ਸ਼ਬਦ ਕੋਸ਼ ਅਨੁਸਾਰ, "ਸਮਾਜ ਵਿਗਿਆਨ ਮਨੁੱਖੀ ਸਮਾਜ ਦੇ ਇਤਿਹਾਸ ਅਤੇ ਸਰੂਪ ਦਾ ਅਧਿਐਨ ਹੈ।" [1]

ਤੀਜਾ ਮੁੱਖ ਸੋਮਾ ਜਿਸ ਨੂੰ ਸਮਾਜ ਵਿਗਿਆਨ ਦੇ ਅਰਥ ਸਮਝਣ ਲਈ ਵਰਤਿਆ ਜਾ ਸਕਦਾ ਹੈ ਉਹ ਹੈ ਕਿ ਸਮਾਜ ਵਿਗਿਆਨ ਦੇ ਸ਼ਾਬਦਿਕ ਅਰਥਾਂ ਦਾ ਵਿਵੇਚਨ ਕੀਤਾ ਜਾਵੇ। ਅੰਗ੍ਰੇਜੀ ਦਾ ਸ਼ਬਦ 'Sociology' ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਲਾਤੀਨੀ ਸ਼ਬਦ 'Societas' ਜਿਸ ਦਾ ਅਰਥ ਹੈ 'ਸਮਾਜ' ਅਤੇ ਯੂਨਾਨੀ ਸ਼ਬਦ 'Logos' ਜਿਸ ਦਾ ਅਰਥ ਹੁੰਦਾ ਹੈ 'ਉਚੇਰੀ ਪੱਧਰ ਦਾ ਅਧਿਐਨ' ਜਾਂ 'ਵਿਗਿਆਨ'। ਇਸ ਤਰ੍ਹਾਂ ਸਮਾਜ ਵਿਗਿਆਨ ਦਾ ਸ਼ਾਬਦਿਕ ਅਰਥ ਹੈ ' ਸਮਾਜ ਦਾ ਵਿਗਿਆਨ'।

ਸਮਾਜ ਵਿਗਿਆਨ ਦੀਆਂ ਪਰਿਭਾਸ਼ਾਵਾਂ-

**ਮੈਕਾਈਵਰ ਅਤੇ ਪੇਜ-**

"ਸਮਾਜ ਵਿਗਿਆਨ ਸਮਾਜਕ ਸਬੰਧਾਂ ਦੇ 'ਬਾਰੇ' ਹੈ, ਸਬੰਧਾਂ ਦੇ ਜਾਲ ਨੂੰ ਅਸੀਂ ਸਮਾਜ ਕਹਿੰਦੇ ਹਾਂ।"[2]

**ਗਿੰਡਿਗਜ਼-**

"ਸਮਾਜ ਵਿਗਿਆਨ ਸਮੁੱਚੇ ਰੂਪ ਵਿੱਚ ਸਮਾਜ ਦਾ ਕ੍ਰਮ-ਬੱਧ ਵਰਣਨ ਅਤੇ ਵਿਆਖਿਆ ਹੈ।"[3]

**ਜਿੰਨਜ਼ਬਰਗ-**

"ਸਮਾਜ ਵਿਗਿਆਨ ਮਨੁੱਖ ਦੀਆਂ ਅੰਤਰ-ਕਿਰਿਆਵਾਂ ਅਤੇ ਅੰਤਰ-ਸਬੰਧਾਂ, ਉਨ੍ਹਾਂ ਦੇ ਕਾਰਣਾਂ ਅਤੇ ਪਰਿਣਾਮਾਂ ਦਾ ਅਧਿਐਨ ਹੈ।"[4]

**ਐਚ. ਐਮ. ਜੌਨਸਨ–**"ਸਮਾਜ ਵਿਗਿਆਨ ਉਹ ਵਿਗਿਆਨ ਹੈ ਜੋ ਸਮਾਜਕ ਸਮੂਹਾਂ ਦਾ ਉਨ੍ਹਾਂ ਦੇ ਅੰਤਰਿਕ ਰੂਪਾਂ ਅਤੇ ਸੰਗਠਨ ਦੀਆਂ ਵਿਧੀਆਂ, ਉਨ੍ਹਾਂ ਪ੍ਰਕ੍ਰਿਆਵਾਂ ਦਾ, ਜੋ ਸੰਗਠਨ ਦੇ ਇਨ੍ਹਾਂ ਰੂਪਾਂ ਅਤੇ ਸਮੂਹਾਂ ਦੇ ਵਿਚਕਾਰ ਸੰਬੰਧ ਨੂੰ ਸਥਿਰ ਜਾਂ ਪਰਿਵਰਤਿਤ ਕਰਦੀਆਂ ਹਨ, ਵਰਣਨ ਕਰਦਾ ਹੈ।"[5]

**ਦੁਰਖਾਈਮ–**

"ਸਮਾਜ ਵਿਗਿਆਨ ਸੰਸਥਾਵਾਂ ਦਾ ਵਿਗਿਆਨ ਹੈ।"[6]

**ਮੈਕਸ ਵੈਬਰ–**

"ਸਮਾਜ ਵਿਗਿਆਨ ਉਹ ਵਿਗਿਆਨ ਹੈ ਜੋ ਸਮਾਜਕ ਕ੍ਰਿਆਵਾਂ ਦਾ ਵਿਆਖਿਆਤਮਕ ਬੋਧ ਕਰਵਾਉਣ ਦਾ ਯਤਨ ਕਰਦਾ ਹੈ।"[7]

**ਸਮਾਜ–ਸ਼ਾਸਤਰ ਦਾ ਵਿਸ਼ਾ–ਖੇਤਰ–** ਸਮਾਜ ਸ਼ਾਸਤਰ ਦੇ ਖੇਤਰ ਅੰਦਰ ਉਨ੍ਹਾਂ ਮਨੁੱਖਾਂ ਦਾ ਉਹ ਸਾਰਾ ਜੀਵਨ ਆ ਜਾਂਦਾ ਹੈ ਜੋ ਸਮਾਜ ਦੇ ਮੈਂਬਰ ਹਨ ਅਤੇ ਇਸੇ ਕਾਰਣ ਉਨ੍ਹਾਂ ਵਿਚਕਾਰ ਅੰਤਰ-ਕਿਰਿਆਵਾਂ ਅਤੇ ਅੰਤਰ-ਸੰਬੰਧਾਂ ਦਾ ਇੱਕ ਜਾਲ ਬਣਿਆ ਹੁੰਦਾ ਹੈ ਅਤੇ ਇਸੇ ਜਾਲ ਦੇ ਘੇਰੇ ਵਿੱਚ ਸਮਾਜ ਦਾ ਹਰ ਮਨੁੱਖ ਸ਼ਾਮਿਲ ਹੁੰਦਾ ਹੈ। ਸਮਾਜ ਸ਼ਾਸਤਰੀ ਸ਼ੁਰੂ ਤੋਂ ਹੀ ਉਸ ਮਨੁੱਖੀ ਵਿਵਹਾਰ ਵਿੱਚ ਆਪਣੀ ਦਿਲਚਸਪੀ ਰੱਖਦਾ ਹੈ, ਜੋ ਨਿਸ਼ਚਿਤ ਰੂਪ ਵਿੱਚ ਸਮਾਜਕ ਹੁੰਦਾ ਹੈ। ਇਸ ਪ੍ਰਕਾਰ ਸਮਾਜ-ਸ਼ਾਸਤਰ ਦਾ ਖੇਤਰ ਬਹੁਤ ਹੀ ਵਿਸ਼ਾਲ ਹੈ ਕਿਉਂਕਿ ਇਹ ਸਮੁੱਚੇ ਮਨੁੱਖੀ ਜੀਵਨ ਦਾ ਅਧਿਐਨ ਕਰਦਾ ਹੈ। ਸਮਾਜ-ਸ਼ਾਸਤਰ ਦੀ ਪਰਿਭਾਸ਼ਾ ਸੰਬੰਧੀ ਵੀ ਸਮਾਜ-ਸ਼ਾਸਤਰ ਦੇ ਵਿਦਵਾਨਾਂ ਵਿਚਕਾਰ ਮੱਤਭੇਦ ਹਨ ਸਮਾਜ-ਸ਼ਾਸਤਰ ਵਿਗਿਆਨ ਹੈ ਜਾਂ ਨਹੀਂ ਇਸ ਸੰਬੰਧੀ ਵੀ ਵਿਦਵਾਨ ਇੱਕ ਮੱਤ ਨਹੀਂ ਹਨ। ਸਮਾਜ-ਸ਼ਾਸਤਰ ਦਾ ਵਿਸ਼ਾ ਖੇਤਰ ਵੀ ਨਿਰਧਾਰਿਤ ਕਰਨਾ ਬਹੁਤ ਮੁਸ਼ਕਿਲ ਕਾਰਜ ਹੈ ਕਿਉਂਕਿ ਇੱਕ ਤਾਂ ਇਹ ਵਿਗਿਆਨ ਦੂਸਰੇ ਸਮਾਜਕ ਵਿਗਿਆਨਾਂ ਦੇ ਮੁਕਾਬਲਤਨ ਨਵਾਂ ਹੈ ਦੂਸਰਾ ਸਮਾਜ-ਸ਼ਾਸਤਰ ਦੇ ਵਿਕਾਸ ਅਤੇ ਵਿਸਥਾਰ ਨੇ ਇਸ ਸਮੱਸਿਆ ਨੂੰ ਹੋਰ ਵੀ ਜਟਿਲ ਰੂਪ ਦੇ ਦਿੱਤਾ ਹੈ। ਸਮਾਜ-ਸ਼ਾਸਤਰ ਦਾ ਵਿਸ਼ਾ ਖੇਤਰ ਨਿਰਧਾਰਿਤ ਕਰਨ ਲਈ ਦੋ ਤਰ੍ਹਾਂ ਦੇ ਸਕੂਲ ਕਾਰਜਸ਼ੀਲ ਹਨ ਇਨ੍ਹਾਂ ਸਕੂਲਾਂ ਨਾਲ ਸੰਬੰਧਿਤ ਵਿਦਵਾਨਾਂ ਦੇ ਵਿਚਾਰਾਂ ਨੂੰ ਜਾਣਨ ਤੋਂ ਬਾਅਦ ਹੀ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ।

**ਸਰੂਪਾਤਮਕ ਸੰਪਰਦਾਇ ਜਾਂ ਵਿਸ਼ੇਸ਼ ਸਕੂਲ** ਇਸ ਸੰਪਰਦਾਇ ਦੇ ਸਮਾਜ-ਸ਼ਾਸਤਰੀ ਵਿਗਿਆਨੀ ਸਮਾਜ ਸ਼ਾਸਤਰ ਨੂੰ ਬਾਕੀ ਵਿਗਿਆਨਾਂ ਨਾਲੋਂ ਵਿਸ਼ੇਸ਼ ਅਤੇ ਸੁਤੰਤਰ ਮੰਨਦੇ ਹਨ। ਇਸ ਵਿਚਾਰਧਾਰਾ ਦੇ ਪ੍ਰਮੁੱਖ ਸਮਰਥਕ ਵੀਰਕਾਂਤ, ਟਾਨੀਜ਼, ਰਿਚਰਡ ਅਤੇ ਵਾਨ ਵੀਅਜ਼ੇ ਆਦਿ ਹਨ। ਇਨ੍ਹਾਂ ਵਿਦਵਾਨਾਂ ਦਾ ਮੰਨਣਾ ਹੈ ਕਿ ਸਮਾਜ ਸ਼ਾਸਤਰ ਇੱਕ ਸਾਧਾਰਣ ਵਿਗਿਆਨ ਨਾ ਹੋ ਕੇ ਵਿਸ਼ੇਸ਼ ਵਿਗਿਆਨ ਹੈ, ਜਿਹੜਾ ਸਮਾਜਕ ਜੀਵਨ ਨਾਲ ਸੰਬੰਧਿਤ ਹਰ ਘਟਨਾ ਜਾਂ ਵਰਤਾਰੇ ਦਾ ਅਧਿਐਨ ਨਹੀਂ ਕਰਦਾ। ਇੱਕ ਵਿਸ਼ੇਸ਼ ਵਿਗਿਆਨ ਦੀ ਹੈਸੀਅਤ ਕਾਰਨ ਸਮਾਜ ਸ਼ਾਸਤਰ ਨੂੰ ਆਪਣੇ ਵਿਸ਼ੇ ਉੱਤੇ ਵਿਸ਼ੇਸ਼ੀਕਰਣ ਪ੍ਰਾਪਤ ਕਰਕੇ ਆਪਣਾ ਵਿਸ਼ਾ ਖੇਤਰ ਨਿਰਧਾਰਿਤ ਅਤੇ ਸੀਮਿਤ ਕਰਨਾ ਚਾਹੀਦਾ ਹੈ। ਸਮਾਜਕ ਘਟਨਾਵਾਂ ਦੇ ਵਿਭਿੰਨ ਖੇਤਰਾਂ ਜਿਵੇਂ ਆਰਥਕ, ਰਾਜਨੀਤਿਕ, ਇਤਿਹਾਸਕ ਆਦਿ ਦੇ ਅੰਤਰ-ਵਸਤੂ ਦਾ ਅਧਿਐਨ ਕ੍ਰਮਵਾਰ ਅਰਥ-ਸ਼ਾਸਤਰ, ਰਾਜਨੀਤੀ-ਸ਼ਾਸਤਰ ਅਤੇ ਇਤਿਹਾਸ ਆਦਿ ਸਮਾਜਕ ਵਿਗਿਆਨ ਕਰਦੇ ਹਨ। ਇਸ ਕਰਕੇ ਸਮਾਜ-ਸ਼ਾਸਤਰ ਨੂੰ ਮਨੁੱਖਾਂ ਦੇ ਪ੍ਰਸਪਰ ਸੰਬੰਧਾਂ ਦੇ ਸਰੂਪਾਂ ਨੂੰ ਅਧਿਐਨ ਦਾ ਆਧਾਰ ਬਣਾਉਣਾ ਚਾਹੀਦਾ ਹੈ ਕਿਉਂਕਿ ਮਨੁੱਖੀ ਸੰਬੰਧਾਂ ਦੇ ਸਰੂਪਾਂ ਦਾ ਅਧਿਐਨ ਹੋਰ ਸਮਾਜਕ ਵਿਗਿਆਨ ਨਹੀਂ

ਕਰਦੇ। ਸਮਾਜ-ਸ਼ਾਸਤਰ ਦੇ ਵਿਸ਼ੇ ਖੇਤਰ ਨੂੰ ਸਮਾਜ ਵਿੱਚ ਰਹਿੰਦੇ ਮਨੁੱਖਾਂ ਦੇ ਪ੍ਰਸਪਰ ਸੰਬੰਧਾਂ ਦੇ ਸਰੂਪਾਂ ਦੇ ਅਧਿਐਨ ਤੱਕ ਸੀਮਤ ਕਰਨ ਦੇ ਮੱਤ ਸੰਬੰਧੀ ਵਿਭਿੰਨ ਪ੍ਰਕਾਰ ਦੀਆਂ ਧਾਰਨਾਵਾਂ ਹਨ, ਜੋ ਇਸ ਸੰਪਰਦਾ ਨਾਲ ਸੰਬੰਧਿਤ ਵਿਦਵਾਨਾਂ ਨੇ ਪੇਸ਼ ਕੀਤੀਆਂ ਹਨ, ਉਨ੍ਹਾਂ ਧਾਰਨਾਵਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਹੀ ਕਿਸੇ ਸਿੱਟੇ ‘ਤੇ ਪਹੁੰਚਿਆ ਜਾ ਸਕਦਾ ਹੈ।

**ਔਗਸਤ ਕੌਂਤ–** ਕੌਂਤ ਨੂੰ ਅਸੀਂ ਸਾਰੇ ਸਮਾਜ-ਸ਼ਾਸਤਰ ਦੇ ਬਾਨੀ ਦੇ ਤੌਰ ਤੇ ਜਾਣਦੇ ਹਾਂ। ਇਸ ਦਾ ਇਹ ਅਰਥ ਵੀ ਨਹੀਂ ਹੈ ਕਿ ਸਮਾਜ-ਸ਼ਾਸਤਰ ਕੌਂਤ ਤੋਂ ਹੀ ਸ਼ੁਰੂ ਹੁੰਦਾ ਹੈ। ਪਰ ਕਈ ਵਾਰ ਸਾਨੂੰ ਇਹ ਭੁਲੇਖਾ ਵੀ ਰਹਿੰਦਾ ਹੈ ਕਿ ਕੌਂਤ ਦੀ ਮੁੱਖ ਦੇਣ ਸ਼ਾਸ਼ਿਔਲੋਜੀ ਲਫਜ਼ ਦਾ ਨਾਮਕਰਨ ਹੀ ਹੈ। ਦਰਅਸਲ ਕੌਂਤ ਦੀ ਸਭ ਤੋਂ ਵੱਡੀ ਦੇਣ ਨਾਮਕਰਨ ਵਿੱਚ ਹੀ ਨਹੀਂ ਹੈ ਬਲਕਿ ਇੱਕ ਪਹਿਲਾਂ ਤੋਂ ਪ੍ਰਚਲਿਤ ਗਿਆਨ ਜੋ ਸਮਾਜ ਬਾਰੇ ਵਿਆਖਿਆ ਕਰਦਾ ਸੀ ਨੂੰ ਇੱਕ ਵਿਸ਼ੇ ਅੰਦਰ ਲਿਆਉਣ ਦੀ ਹੈ। ਕੌਂਤ ਦੇ ਮੁੱਖ ਵਿਚਾਰ ਹੁਣ ਭਾਵੇਂ ਇੰਨੇ ਨਹੀਂ ਮੰਨੇ ਜਾਂਦੇ ਪਰ ਉਨ੍ਹਾਂ ਦੀ ਸ਼ੁਰੂਆਤ ਉੱਨੀਵੀਂ ਸਦੀ ਦੀਆਂ ਇਤਿਹਾਸਿਕ ਹਾਲਤਾਂ ਵਿੱਚ ਹੀ ਲੱਭੀ ਜਾ ਸਕਦੀ ਹੈ ਇਸ ਅਧਿਆਇ ਨੂੰ ਤਿੰਨ ਹਿੱਸਿਆ ਵਿੱਚ ਵੰਡਿਆ ਗਿਆ ਹੈ। ਇਹ ਵੰਡ ਕੌਂਤ ਦੇ ਮੁੱਖ ਸਿਧਾਂਤਾਂ ਉੱਤੇ ਆਧਾਰਿਤ ਹੈ।

**ਪਹਿਲਾ ਪੜਾਅ–** ਇਸ ਨੂੰ ਕੌਂਤ ਅਧਿਆਤਮਕ ਜਾਂ ਮਨਘੜਤ ਇਸ ਲਈ ਮੰਨਦਾ ਹੈ ਕਿਉਂਕਿ ਇਸ ਵਿੱਚ ਹਰ ਪ੍ਰਕ੍ਰਿਆ ਅਤੇ ਵਰਤਾਰੇ ਨੂੰ ਸੰਪੂਰਨ ਰੂਪ ਵਿੱਚ ਸਮਝਣ ਦਾ ਦਾਅਵਾ ਕੀਤਾ ਜਾਂਦਾ ਹੈ। ਇਸ ਦਾਅਵੇ ਵਿੱਚ ਹਰ ਘਟਨਾ ਦਾ ਰੱਬੀ ਸ਼ਕਤੀਆਂ ਨੂੰ ਮੰਨਿਆ ਜਾਂਦਾ ਹੈ।

**ਦੂਸਰਾ ਪੜਾਅ–** ਦੂਸਰਾ ਪੜਾਅ ਜਿਸਨੂੰ ਕੌਂਤ ਅਮੂਰਤ ਕਹਿੰਦਾ ਹੈ। ਮਾਨਵੀਂ ਬੋਧ ਦਾ ਉੱਨਤ ਵਿਕਾਸ ਹੈ, ਜਿਸ ਵਿੱਚ ਹਰ ਵਰਤਾਰੇ ਨੂੰ ਰੱਬੀ ਸ਼ਕਤੀਆਂ ਦੇ ਨਤੀਜੇ ਦੇ ਤੌਰ ਉੱਤੇ ਨਹੀਂ ਸਮਝਿਆ ਜਾਂਦਾ। ਇਸ ਵਿੱਚ ਕਿਸੇ ਵੀ ਵਰਤਾਰੇ ਦੇ ਕਾਰਨ ਅਮੂਰਤ ਕਾਰਕਾਂ ਵਿੱਚ ਲੱਭੇ ਜਾਂਦੇ ਹਨ। ਜਿਸ ਨੂੰ ਅਸੀਂ ਵਰਤਾਰੇ ਦੀ ਵਿਆਖਿਆ ਕਹਿੰਦੇ ਹਾਂ ਉਹ ਦਰਅਸਲ ਉਸ ਦਾ ਸਿਰਫ਼ ਜ਼ਿਕਰ ਹੁੰਦਾ ਹੈ।

**ਤੀਸਰਾ ਪੜਾਅ–** ਇਹ ਸਕਾਰਾਤਮਕ ਪੜਾਅ ਹੈ। ਇਸ ਵਿੱਚ ਮਨੁੱਖੀ ਬੋਧ ਸੰਪੂਰਨ ਵਿਚਾਰਾਂ ਦਾ ਪਿੱਛਾ ਕਰਨਾ ਛੱਡ ਦਿੰਦਾ ਹੈ। ਹੁਣ ਵਰਤਾਰਿਆਂ ਦੇ ਨਿਯਮਾਂ ਵੱਲ ਧਿਆਨ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਗਿਆਨ ਦੀ ਪ੍ਰਾਪਤੀ ਲਈ ਤਰਕ ਅਤੇ ਪ੍ਰੇਖਣ ਦੇ ਢੰਗ ਵਰਤੇ ਜਾਂਦੇ ਹਨ।

**ਮਨੁੱਖ–** ਮਨੁੱਖ ਨੂੰ ਇੱਕ ਸੰਕਲਪ ਦੇ ਤੌਰ ਤੇ ਮੰਨ ਲੈਣ ਤੋਂ ਬਾਅਦ ਇਸ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਨੂੰ ਸਮਝ ਲੈਣਾ ਜ਼ਰੂਰੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖ ਇੱਕ ਜੀਵ ਹੈ ਅਤੇ ਜੀਵ ਵਿਗਿਆਨ ਦੇ ਦ੍ਰਿਸ਼ਟੀਕੋਣ ਦੇ ਆਧਾਰ ਉੱਤੇ ਅਸੀਂ ਇਸਦੇ ਬੋਧ ਅਤੇ ਨੈਤਿਕਤਾ ਬਾਰੇ ਸਿਧਾਂਤ ਬਣਾ ਸਕਦੇ ਹਾਂ। ਪਰ ਮਨੁੱਖ ਦੀ ਸਭ ਤੋਂ ਪਹਿਲੀ ਵਿਸ਼ੇਸ਼ਤਾ ਇਸਦੇ ਵਿੱਚ ਭਾਵੁਕਤਾ ਦਾ ਬੌਧਿਕਤਾ ਉੱਤੇ ਹਾਵੀ ਹੋਣਾ ਹੈ। ਮਨੁੱਖ ਆਮ ਤੌਰ ਉੱਤੇ ਇੱਕ ਦੂਜੇ ਦੇ ਬਰਾਬਰ ਨਹੀਂ ਹੁੰਦੇ।

**ਪਰਿਵਾਰ–** ਕੌਂਤ ਦਾ ਵਿਚਾਰ ਹੈ ਕਿ ਮਨੁੱਖ ਦੀ ਬਜਾਏ ਪਰਿਵਾਰ ਸਮਾਜ ਦੀ ਇੱਕ ਇਕਾਈ ਹੈ। ਇਹ ਹੀ ਪਰਿਵਾਰ ਵੱਡਾ ਹੋ ਕੇ ਕਬੀਲਾ ਤੇ ਫਿਰ ਕੌਮ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਮਨੁੱਖੀ ਸਮਾਜ ਦੀ ਪ੍ਰਾਕ੍ਰਿਤਕ ਹਾਲਤ ਇੱਕ ਪਤਨੀ ਅਤੇ ਪਤੀ ਵਿਆਹ ਜਾਂ ਮੋਨੋਗੈਮੀ ਹੈ ਜਿੱਥੇ ਪਹੁੰਚਣ ਵਿੱਚ ਸਮਾਜ ਪੌਲੀਗੈਮੀ ਜਾਂ ਬਹੁਤ ਪਤਨੀ ਜਾਂ ਪਤੀ ਵਿਆਹ ਆਦਿ ਅਮਲਾਂ ਵਿਚੋਂ ਦੀ ਗੁਜ਼ਰਿਆ ਹੈ। ਪਰਿਵਾਰ ਦੇ ਦੋ ਮੁੱਖ ਤੱਤ ਹਨ। ਇੱਕ, ਲਿੰਗ ਸੰਬੰਧ ਜੋ

ਵਿਆਹ ਦੀ ਸਥਾਪਿਤ ਸੰਸਥਾਂ ਦੇ ਰਾਹੀਂ ਨਿਯੰਤ੍ਰਿਤ ਹੁੰਦਾ ਹੈ। ਦੋ, ਮਾਂ ਪਿਉ ਦੇ ਬੱਚਿਆਂ ਨਾਲ ਸੰਬੰਧ ਜਿਸ ਰਾਹੀਂ ਮਨੁੱਖ ਅਨੁਸ਼ਾਸਨ ਸਿੱਖਦਾ ਹੈ।

**ਸਮਾਜ–** ਸਮਾਜ ਦੀ ਮਨੁੱਖ ਤੋਂ ਸ਼੍ਰੇਸ਼ਟਤਾ ਦੇ ਕਈ ਕਾਰਨ ਹਨ। ਸਮਾਜ ਵਿੱਚ ਕਿਰਿਆਵਾਂ ਦਾ ਵਿਸ਼ਸ਼ਟੀਕਰਨ ਇੱਕ ਸਥਾਪਿਤ ਨਿਯਮ ਦੀ ਤਰ੍ਹਾਂ ਹੁੰਦਾ ਹੈ। ਪਰ ਸਮਾਜ ਆਦਮੀਆਂ ਦੇ ਆਪਸੀ ਸਹਿਯੋਗ ਉੱਤੇ ਨਿਰਭਰ ਕਰਦਾ ਹੈ। ਆਦਿਵਾਸੀ ਸਮਾਜ ਵਿੱਚ ਲੋਕਾਂ ਵਿੱਚ ਬਹੁਤ ਸੀਮਿਤ ਦਰਜੇ ਤੱਕ ਸਹਿਯੋਗ ਹੁੰਦਾ ਹੈ। ਜਿਵੇਂ-ਜਿਵੇਂ ਸਮਾਜ ਵਿਕਸਤ ਹੋਈ ਜਾਂਦਾ ਹੈ ਉਵੇਂ ਹੀ ਸਹਿਯੋਗਤਾ ਨਾਲ-ਨਾਲ ਵੱਧਦੀ ਜਾਂਦੀ ਹੈ। ਨੌਕਰੀ ਦੀ ਵੰਡ, ਕੰਮਾਂ ਦੀ ਵੰਡ ਅਤੇ ਸਰਕਾਰ ਦੀ ਬਣਤਰ ਆਦਿ ਪ੍ਰਕ੍ਰਿਆਵਾਂ ਸਮਾਜਕ ਸਥੈਤਿਕੀ ਪੈਦਾ ਕਰਦੀਆਂ ਹਨ।

**ਅਧਿਆਤਮਕ ਪੜਾਅ–** ਇੱਕ ਪ੍ਰਕਾਰ ਨਾਲ ਕੌਂਤ ਦੀ ਸਿਧਾਂਤਕ ਸਕੀਮ ਵਿੱਚ ਅਧਿਆਤਮਕ ਪੜਾਅ ਬਹੁਤ ਮਹੱਤਤਾ ਰੱਖਦਾ ਹੈ। ਸਾਡਾ ਵਿਚਾਰ ਹੈ ਕਿ ਉਸ ਅਨੁਸਾਰ ਸਮਾਜਕ ਕਰਮਵਿਕਾਸ ਦਾ ਆਰੰਭ ਸਮਝਣ ਲਈ ਪਹਿਲੇ ਪੜਾਅ ਦਾ ਚੰਗੀ ਤਰ੍ਹਾਂ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੈ।

**ਪ੍ਰਤੀਕ-ਪੂਜਨ–** ਪ੍ਰਤੀਕ ਪੂਜਨ ਦਾ ਸਦਾਚਾਰ, ਭਾਸ਼ਾ ਬੋਧ ਅਤੇ ਸਮਾਜ ਨਾਲ।

**ਸਮਾਜਕ ਸੰਸਥਾਵਾਂ ਦਾ ਅਰਥ ਅਤੇ ਕਾਰਜ–** ਸੰਸਥਾਵਾਂ ਮੁੱਖ ਤੌਰ ਤੇ ਸਮਾਜ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਾਧਨ ਹਨ। ਇਸ ਕਰਕੇ ਇਹ ਸੰਸਥਾਵਾਂ ਹਰੇਕ ਸਮਾਜ ਭਾਵੇਂ ਆਦਮ ਹੋਵੇ ਜਾਂ ਆਧੁਨਿਕ ਵਿੱਚ ਪਾਈਆਂ ਜਾਂਦੀਆਂ ਹਨ। ਜੀਵਨ ਦਾ ਹਰੇਕ ਮਹੱਤਵਪੂਰਨ ਪਹਿਲੂ ਸੰਸਥਾਕ੍ਰਿਤ ਹੈ। ਵਿਭਿੰਨ ਪ੍ਰਕਾਰ ਦੀਆਂ ਸੰਸਥਾਵਾਂ ਵਿਚੋਂ ਕੁਝ ਮੌਲਿਕ ਸੰਸਥਾਵਾਂ ਜਿਵੇਂ ਕਿ ਪਰਿਵਾਰ, ਵਿਆਹ, ਆਰਥਕ, ਰਾਜਨੀਤਕ, ਧਾਰਮਕ ਹਨ ਜਿਨ੍ਹਾਂ ਦਾ ਵਿਸ਼ਲੇਸ਼ਣ ਕਰਨ ਨਾਲ ਸਮਾਜ ਦੀ ਲਗਭਗ ਸਹੀ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ। ਗਿਡਿੰਗਜ਼ ਦਾ ਕਹਿਣਾ ਹੈ

"ਸੰਸਥਾਵਾਂ ਉਹ ਅੰਗ ਹਨ ਜਿਨ੍ਹਾਂ ਮਨੁੱਖੀ ਨਸਲ ਦੇ ਅਤੀਤ ਦੇ ਹੀ ਸਰਵੋਤਮ ਗੁਣ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ।" ਇਉਂ ਸਮਾਜ ਦੇ ਅਧਿਐਨ ਵਿੱਚ ਸੰਸਥਾਵਾਂ ਬੜਾ ਜ਼ਰੂਰੀ ਤੱਤ ਹਨ।

## ਸਮਾਜਕ ਸੰਸਥਾ ਦਾ ਅਰਥ

ਸ਼ਬਦ 'ਸੰਸਥਾ' ਰੋਜ਼ਾਨਾ ਭਾਸ਼ਾ ਦਾ ਅਰਥ ਹੈ ਪਰ ਜਿਸ ਅਰਥ ਵਿੱਚ ਅਸੀਂ ਇਸ ਸ਼ਬਦ ਨੂੰ ਰੋਜ਼ਾਨਾ ਭਾਸ਼ਾ ਵਿੱਚ ਵਰਤਦੇ ਹਾਂ, ਉਸੇ ਅਰਥ ਵਿੱਚ ਸਮਾਜ ਵਿਗਿਆਨ ਵਿੱਚ ਇਸ ਸੰਕਲਪ ਦੀ ਵਰਤੋਂ ਨਹੀਂ ਕੀਤੀ ਜਾਂਦੀ। ਸਮਾਜਕ ਵਿਗਿਆਨਕ ਅਰਥਾਂ ਵਿੱਚ ਸੰਸਥਾ ਇੱਕ ਇਮਾਰਤ ਨਹੀਂ, ਸੰਸਥਾ ਲੋਕਾਂ ਦਾ ਸਮੂਹ ਨਹੀਂ ਅਤੇ ਨਾ ਹੀ ਸੰਸਥਾ ਸੰਗਠਨ ਹੈ। ਸਮਾਜਕ ਸੰਸਥਾ ਤਾਂ ਕਿਸੇ ਕਾਰਜ ਜਾਂ ਲਖਸ਼ ਨੂੰ ਜਿਸ ਨੂੰ ਲੋਕ ਮਹੱਤਵਪੂਰਨ ਸਮਝਦੇ ਹਨ ਪ੍ਰਾਪਤ ਕਰਨ ਲਈ ਪਰਿਮਾਪਾਂ ਦੀ ਵਿਵਸਥਾ ਹੈ। ਹੋਰ ਵੀ ਰਸਮੀ ਤੌਰ ਤੇ ਸ਼ਬਦ ਸੰਸਥਾ ਨੂੰ ਪਰਿਭਾਸ਼ਿਤ ਕਰ ਸਕਦੇ ਹਾਂ ਕਿ ਸੰਸਥਾ ਤਾਂ ਕਿਸੇ ਵਿਸ਼ੇਸ਼ ਮਹੱਤਵਪੂਰਨ ਮਨੁੱਖੀ ਕਿਰਿਆ ਦੁਆਲੇ ਕੇਂਦਿਰਤ ਰੂੜ੍ਹੀਆਂ ਅਤੇ ਲੋਕ ਰੀਤਾਂ ਦਾ ਸੰਗਠਤ ਗੁੱਛਾ ਹੈ। ਸੰਸਥਾਵਾਂ ਤਾਂ ਸੰਰਚਿਤ ਪ੍ਰਕ੍ਰਿਆਵਾਂ ਹਨ ਜਿਨ੍ਹਾਂ ਰਾਹੀਂ ਵਿਅਕਤੀ ਆਪਣੇ ਕਾਰਜ ਕਰਦੇ ਹਨ।

### ਸਮਾਜਕ ਸੰਸਥਾ ਦੀਆਂ ਪਰਿਭਾਸ਼ਾਵਾਂ

**ਈ. ਐੱਸ ਬੋਗਾਰਡਸ** ਇਸ ਅਨੁਸਾਰ, "ਇੱਕ ਸਮਾਜਕ ਸੰਸਥਾ ਸਮਾਜ ਦਾ ਉਹ ਢਾਂਚਾ ਹੁੰਦੀ ਹੈ ਜੋ ਮੁੱਖ ਰੂਪ ਵਿੱਚ ਵਿਵਸਥਿਤ ਵਿਧੀਆਂ ਦੁਆਰਾ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਸੰਗਠਿਤ ਕੀਤਾ ਜਾਂਦਾ ਹੈ।"[8]

**ਸਮਨਰ ਅਤੇ ਕੈਲਰ** "ਸੰਸਥਾ ਇੱਕ ਮਹੱਤਵਪੂਰਨ ਸੁਆਰਥ ਜਾਂ ਕੰਮ ਹੈ ਜਿਸ ਦੇ ਦੁਆਲੇ ਲੋਕ ਰੀਤਾਂ ਅਤੇ ਰੂੜ੍ਹੀਆਂ ਇਕੱਤਰ ਹੋ ਜਾਂਦੀਆਂ ਹਨ।"[9]

**ਸੀ. ਏ. ਏਲਵੁਡ** "ਸੰਸਥਾਵਾਂ ਇਕੱਠੇ ਮਿਲ ਕੇ ਰਹਿਣ ਦੇ ਰਿਵਾਜੀ ਢੰਗ ਹਨ ਜੋ ਸਮੁਦਾਵਾਂ ਦੀ ਸੱਤਾਂ ਦੁਆਰਾ ਸਵੀਕ੍ਰਿਤ, ਵਿਵਸਥਿਤ ਅਤੇ ਸਥਾਪਿਤ ਕੀਤੇ ਗਏ ਹੋਣ।"[10]

## ਸੰਸਥਾ ਦੇ ਆਵੱਸ਼ਕ ਤੱਤ

1. ਸਪੱਸ਼ਟ ਉਦੇਸ਼- ਸੰਸਥਾ ਵਿਸ਼ੇਸ਼ ਮਨੁੱਖੀ ਲੋੜ ਦੀ ਪੂਰਤੀ ਲਈ ਵਿਕਸਿਤ ਹੁੰਦੀ ਹੈ। ਇਸ ਤਰ੍ਹਾਂ ਹਰੇਕ ਸਮਾਜਕ ਸੰਸਥਾ ਦਾ ਨਿਸ਼ਚਿਤ ਉਦੇਸ਼ ਹੁੰਦਾ ਹੈ। ਬਿਨ੍ਹਾਂ ਉਦੇਸ਼ ਦੇ ਸੰਸਥਾ ਨਹੀਂ ਹੁੰਦੀ ਅਤੇ ਜਿਨ੍ਹਾਂ ਸੰਸਥਾਵਾਂ ਦਾ ਉਦੇਸ਼ ਨਾਲ ਅਨੁਕੂਲਣ ਨਹੀਂ ਰਹਿੰਦਾ, ਉਹ ਹੌਲੀ-ਹੌਲੀ ਨਸ਼ਟ ਹੋਣ ਲੱਗਦੀਆਂ ਹਨ।

1. ਇੱਕ ਵਿਚਾਰ- ਸੰਸਥਾ ਦਾ ਵਿਚਾਰ ਇੱਕ ਜ਼ਰੂਰੀ ਤੱਤ ਹੈ ਕਿਸੇ ਲੋੜ ਨੂੰ ਪੂਰਾ ਕਰਨ ਲਈ ਅਜਿਹੀ ਧਾਰਨਾ ਦਾ ਆਰੰਭ ਹੁੰਦਾ ਹੈ ਜਿਸ ਨੂੰ ਸਮੂਹ ਆਪਣੀ ਹੋਂਦ ਲਈ ਜ਼ਰੂਰੀ ਸਮਝਦਾ ਹੈ ਅਤੇ ਇਸੇ ਕਾਰਨ ਇਸਦੀ ਰੱਖਿਆ ਲਈ ਸੰਸਥਾ ਨੂੰ ਵਿਕਸਿਤ ਕਰਦਾ ਹੈ।
2. ਸੰਰਚਨਾ- ਉਪਰਲੇ ਵਿਚਾਰ ਨੂੰ ਸਥਿਰ ਰੱਖਣ ਲਈ ਅਤੇ ਉਸਨੂੰ ਸਾਕਾਰ ਰੂਪ ਦੇਣ ਲਈ ਜ਼ਰੂਰੀ ਹੈ ਕਿ ਕੁਝ ਵਿਸ਼ੇਸ਼ ਉਪਕਰਨ ਜਾਂ ਸਾਜ਼ ਸਮਾਨ ਹੋਵੇ। ਇਸ ਸੰਰਚਨਾ ਵਿੱਚ ਜਿਵੇਂ ਕਿ ਸਮਨਰ ਨੇ ਕਿਹਾ ਹੈ ਕਰਮਚਾਰੀ ਵੀ ਸ਼ਾਮਿਲ ਹਨ।
3. ਵਿਰਾਸਤ- ਸੰਸਥਾ ਦਾ ਵਿਕਾਸ ਇੱਕ ਦੋ ਦਿਨ ਵਿੱਚ ਜਾਂ ਇੱਕ ਦੋ ਵਿਅਕਤੀਆਂ ਦੁਆਰਾ ਨਹੀਂ ਹੁੰਦਾ। ਇੱਕ ਸਫਲ ਪੱਧਤੀ ਜਾਂ ਕਾਰਜ ਪ੍ਰਣਾਲੀ ਦੇ ਰੂਪ ਵਿੱਚ ਹੋਰ ਅਨੁਭਵਾਂ ਦੇ ਨਾਲ ਸੰਸਥਾ ਨੂੰ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਨੂੰ ਸੌਂਪ ਦਿੱਤਾ ਜਾਂਦਾ ਹੈ। ਇਸੇ ਕਾਰਨ ਹਰੇਕ ਸੰਸਥਾ ਦਾ ਇੱਕ ਸਮਾਜਕ ਇਤਿਹਾਸ ਹੁੰਦਾ ਹੈ ਜੋ ਪ੍ਰੰਪਰਾ ਅਤੇ ਸਮਾਜਕ ਸਵੀਕ੍ਰਿਤੀ ਉੱਤੇ ਆਧਾਰਿਤ ਹੁੰਦਾ ਹੈ।
4. ਅਨੁਮਤੀ ਅਤੇ ਅਧਿਕਾਰ- ਹਰੇਕ ਸੰਸਥਾ ਦੇ ਪਿੱਛੇ ਸਮੂਹ ਦੀ ਅਨੁਮਤੀ ਹੁੰਦੀ ਹੈ। ਸਮੂਹ ਇਨ੍ਹਾਂ ਸੰਸਥਾਵਾਂ ਨੂੰ ਕੁਝ ਅਧਿਕਾਰ ਪ੍ਰਦਾਨ ਕਰ ਦਿੰਦਾ ਹੈ ਜਿਸ ਨਾਲ ਕਿ ਇਨ੍ਹਾਂ ਨੂੰ ਪ੍ਰਭਾਵਪੂਰਨ ਬਣਾਇਆ ਜਾ ਸਕੇ ਅਤੇ ਇਹ ਉਦੇਸ਼ ਦੀ ਪੂਰਤੀ ਕਰ ਸਕਣ।
5. ਪ੍ਰਤੀਕ- ਹਰੇਕ ਸੰਸਥਾ ਦਾ ਕੋਈ ਨਾ ਕੋਈ ਪ੍ਰਤੀਕ ਵੀ ਵਿਕਸਿਤ ਹੋ ਜਾਂਦਾ ਹੈ। ਇਹ ਪ੍ਰਤੀਕ ਭੌਤਿਕ ਅਤੇ ਅਭੌਤਿਕ ਦੋਵੇਂ ਹੀ ਪ੍ਰਕਾਰ ਦੇ ਹੁੰਦੇ ਹਨ।
6. ਸਮੂਹਿਕ ਯਤਨ- ਸੰਸਥਾ ਦੇ ਜਨਮਦਾਤਾ ਅਕਸਰ ਅਗਿਆਤ ਰਹਿੰਦੇ ਹਨ ਕਿਉਂਕਿ ਸੰਸਥਾ ਦੀ ਉਤਪਤੀ ਵਿੱਚ ਕਿਸੇ ਨਿਸ਼ਚਿਤ ਵਿਅਕਤੀ ਦਾ ਕੋਈ ਹੱਥ ਨਹੀਂ ਹੁੰਦਾ। ਭਾਵੇਂ ਸੰਸਥਾ ਦੇ ਵਿਚਾਰ ਦਾ ਆਰੰਭ ਇੱਕ ਵਿਅਕਤੀ ਤੋਂ ਹੀ ਹੁੰਦਾ ਹੈ, ਫਿਰ ਵੀ ਸੰਸਥਾ ਦੇ ਰੂਪ ਵਿੱਚ ਇਸ ਦਾ ਬਣਨਾ ਜਾਂ ਵਿਗੜਨਾ ਕਿਸੇ ਇੱਕ ਵਿਅਕਤੀ ਉੱਤੇ ਨਿਰਭਰ ਨਹੀਂ ਹੁੰਦਾ ਅਤੇ ਨਾ ਹੀ ਸੰਸਥਾ ਕਿਸੇ ਇੱਕ ਵਿਅਕਤੀ ਦੀ ਲੋੜ ਪੂਰੀ ਕਰਨ ਲਈ ਹੋਂਦ ਵਿੱਚ ਆਉਂਦੀ ਹੈ। ਇਸ ਵਿੱਚ ਅਨੇਕ ਵਿਅਕਤੀਆਂ ਦਾ ਇੱਕੋ ਵੇਲੇ ਯਤਨ ਹੁੰਦਾ ਹੈ ਅਤੇ ਇਸ ਕਾਰਨ ਇਹ ਸਮੂਹਕ ਘਟਨਾ ਹੁੰਦੀ ਹੈ।

## ਸੰਸਥਾ ਦੀਆਂ ਵਿਸ਼ੇਸ਼ਤਾਈਆਂ

1. **ਸੰਸਕ੍ਰਿਤਕ ਵਿਵਸਥਾ ਵਿੱਚ ਇੱਕ ਇਕਾਈ–** ਇੱਕ ਅਰਥ ਵਿੱਚ ਲੋਕ ਰੀਤਾਂ, ਰੂੜ੍ਹੀਆਂ ਦੇ ਵਧੇਰੇ ਵਿਕਸਿਤ, ਵਿਵਸਥਿਤ ਅਤੇ ਸਵੀਕ੍ਰਿਤ ਪ੍ਰਤੀਮਾਨ ਨੂੰ ਹੀ ਸੰਸਥਾ ਕਹਿੰਦੇ ਹਨ। ਹੈਮਿਲਟਨ ਨੇ ਤਾਂ ਸੰਸਥਾ ਨੂੰ ਪ੍ਰਥਾਵਾਂ ਦਾ ਇੱਕ ਗੁੱਛਾ ਮੰਨਿਆ ਹੈ। ਇਹ ਹੀ ਪ੍ਰਥਾਵਾਂ ਰੀਤੀ ਰਿਵਾਜ਼ ਅਤੇ ਰੂੜ੍ਹੀਆਂ ਜਦੋਂ ਵਿਕਸਿਤ ਅਤੇ ਸੰਗਠਿਤ ਹੋ ਜਾਂਦੀਆਂ ਹਨ ਤਾਂ ਇਹ ਸੰਸਕ੍ਰਿਤੀ ਦੀ ਵਿਵਸਥਾ ਵਿੱਚ ਸੰਸਥਾ ਦੇ ਰੂਪ ਵਿੱਚ ਕਾਰਜ ਕਰਕੇ ਮਨੁੱਖੀ ਲੋੜਾਂ ਦੀ ਪੂਰਤੀ ਕਰਦੀਆਂ ਹਨ।
2. **ਵਧੇਰੇ ਸਥਾਈਪਨ–** ਇੱਕ ਸੰਸਥਾ ਦੇ ਵਿਕਾਸ ਵਿੱਚ ਲੰਮੇ ਸਮੇਂ ਦੀ ਲੋੜ ਹੁੰਦੀ ਹੈ ਅਤੇ ਕੋਈ ਵੀ ਵਿਧੀ ਜਾਂ ਵਿਵਸਥਾ ਜਾਂ ਕਾਰਜ ਪ੍ਰਣਾਲੀ ਉਦੋਂ ਤੱਕ ਸੰਸਥਾ ਨਹੀਂ ਹੋ ਸਕਦੀ ਜਦੋਂ ਤੱਕ ਉਹ ਆਪਣੀ ਉਪਯੋਗਤਾ ਨੂੰ ਲੰਮੇ ਸਮੇਂ ਤੱਕ ਸਾਬਤ ਨਾ ਕਰ ਦੇਵੇ। ਇਸ ਦਾ ਮਤਲਬ ਇਹ ਨਹੀਂ ਕਿ ਸੰਸਥਾ ਕਦੀ ਸਮਾਪਤ ਨਹੀਂ ਹੁੰਦੀ। ਇਸਦਾ ਟਿਕਾਊਪਨ ਸਮੇਂ ਤੇ ਪਰਸਥਿਤੀ ਦੀ ਮੰਗ ਅਨੁਸਾਰ ਘੱਟ-ਵੱਧ ਸਕਦਾ ਹੈ। ਫਿਰ ਵੀ ਇਸ ਵਿੱਚ ਹਰੇਕ ਦਸ਼ਾ ਵਿੱਚ ਇੱਕ ਸਾਪੇਖ ਸੁਦ੍ਰਿੜਤਾ ਅਤੇ ਸਥਾਈਪਨ ਲਾਜ਼ਮੀ ਹੁੰਦਾ ਹੈ।
3. **ਸਪੱਸ਼ਟ ਤੌਰ ਤੇ ਪਰਿਭਾਸ਼ਿਤ ਲਖਸ਼–** ਸੰਸਥਾ ਇੱਕ ਜਾਂ ਕੁਝ ਲਖਸ਼ਾਂ ਦੀ ਪੂਰਤੀ ਲਈ ਹੋਂਦ ਵਿੱਚ ਆਉਂਦੀ ਹੈ। ਇਹ ਲਖਸ਼ ਕੀ ਹੈ ਇਹ ਵੀ ਸਪੱਸ਼ਟ ਰੂਪ ਵਿੱਚ ਪਰਿਭਾਸ਼ਿਤ ਹੁੰਦਾ ਹੈ। ਵਿਅਕਤੀਆਂ ਦੀਆਂ ਕਿਸੇ ਨਾ ਕਿਸੇ ਪ੍ਰਕਾਰ ਦੀਆਂ ਲੋੜਾਂ ਦੀ ਪੂਰਤੀ ਲਈ ਹੀ ਇਨ੍ਹਾਂ ਦਾ ਵਿਕਾਸ ਹੁੰਦਾ ਹੈ ਪ੍ਰੰਤੂ ਇਹ ਸੰਭਵ ਹੈ ਕਿ ਪਰਸਥਿਤੀਆਂ ਵਿੱਚ ਤਬਦੀਲੀ ਦੇ ਨਾਲ ਸੰਸਥਾਵਾਂ ਵਿੱਚ ਪਰਿਵਰਤਨ ਨਾ ਹੋਵੇ ਤੇ ਸਮਾਂ ਬੀਤਣ ਨਾਲ ਸੰਸਥਾਵਾਂ ਲੋੜ੍ਹਾਂ ਦੀ ਪੂਰਤੀ ਕਰਨ ਵਿੱਚ ਸਫ਼ਲ ਨਾ ਹੋ ਜਾਣ।
4. **ਸੰਸਕ੍ਰਿਤਿਕ ਸਾਜ਼ ਸਾਮਾਨ–** ਸੰਸਥਾ ਦੇ ਲਕਸ਼ਾਂ ਦੀ ਪੂਰਤੀ ਲਈ ਅਨੇਕ ਸੰਸਕ੍ਰਿਤਕ ਸਾਜ਼ ਸਾਮਾਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਯੰਤਰ, ਭਵਨ, ਫਰਨੀਚਰ ਆਦਿ। ਸਮਨਰ ਦਾ ਕਹਿਣਾ ਹੈ ਕਿ ਸਾਜ਼ੋ ਸਾਮਾਨ ਵਿੱਚ ਕਰਮਚਾਰੀ ਵੀ ਸ਼ਾਮਿਲ ਹਨ। ਇਨ੍ਹਾਂ ਦਾ ਰੂਪ ਅਤੇ ਵਿਵਹਾਰ ਵੀ ਸੰਸਥਾ ਵਾਂਗ ਨਿਸ਼ਚਿਤ ਹੋ ਜਾਂਦਾ ਹੈ ਜਿਵੇਂ ਭਾਰਤ ਵਿੱਚ ਸ਼ੀਸ਼ੇ ਦੀ ਵਰਤੋਂ ਮੂੰਹ ਦੇਖਣ ਲਈ ਕੀਤੀ ਜਾਂਦੀ ਹੈ ਪਰ ਜਾਪਾਨ ਦੇ ਮੰਦਰਾਂ ਵਿੱਚ ਇਸਦੀ ਵਰਤੋਂ ਸੂਰਜ ਦੇਵਤੇ ਦੇ ਪ੍ਰਤੀਕ ਵਜੋਂ ਹੁੰਦੀ ਹੈ।
5. **ਪਰੰਪਰਾ–** ਹਰੇਕ ਸੰਸਥਾ ਦੀਆਂ ਸਪੱਸ਼ਟ ਰੂਪ ਵਿੱਚ ਲਿਖਤ ਜਾ ਅਲਿਖਤ ਪਰੰਪਰਾਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਅੰਤਰਗਤ ਸੰਸਥਾ ਦੇ ਉਦੇਸ਼ਾ ਅਤੇ ਧਾਰਨਾਵਾਂ ਦਾ ਅਤੇ ਸੰਸਥਾ ਵਿੱਚ ਭਾਗ ਲੈਣ ਵਾਲੇ ਵਿਅਕਤੀਆਂ ਦੇ ਵਿਵਹਾਰ ਬਾਰੇ ਵੀ ਜ਼ਿਕਰ ਹੁੰਦਾ ਹੈ। ਇਸ ਤਰ੍ਹਾਂ ਸੰਸਥਾਂ ਦੇ ਕਾਰਜਾਂ ਵਿੱਚ ਇੱਕ ਨਿਸ਼ਚਤਤਾ ਆ ਜਾਂਦੀ ਹੈ।
6. **ਪ੍ਰਤੀਕ–** ਹਰੇਕ ਸੰਸਥਾ ਦਾ ਆਪਣਾ ਇੱਕ ਪ੍ਰਤੀਕ ਹੁੰਦਾ ਹੈ। ਇਹ ਪ੍ਰਤੀਕ ਭੌਤਿਕ ਅਤੇ ਅਭੌਤਿਕ ਦੋਵੇਂ ਹੀ ਪ੍ਰਕਾਰ ਦਾ ਹੋ ਸਕਦਾ ਹੈ।
7. **ਅਨੁਮਤੀ ਅਤੇ ਅਧਿਕਾਰ–** ਗਿਲਿਨ ਅਨੁਸਾਰ ਅਨੁਮਤੀ ਅਤੇ ਅਧਿਕਾਰ ਵੀ ਸੰਸਥਾ ਦੀ ਮੁੱਖ ਵਿਸ਼ੇਸ਼ਤਾ ਹੈ। ਸੰਸਥਾ ਕਾਰਜ ਪ੍ਰਣਾਲੀਆਂ ਦੀ ਅਜਿਹੀ ਵਿਵਸਥਾ ਹੈ ਜਿਨ੍ਹਾਂ ਨੂੰ ਸਮੂਹ ਦੇ ਬਹੁਤੇ ਮੈਂਬਰਾਂ ਦੀ ਮਨਜ਼ੂਰੀ

ਮਿਲੀ ਹੁੰਦੀ ਹੈ। ਸੰਸਥਾ ਕਿਸੇ ਇੱਕ ਵਿਅਕਤੀ ਦੇ ਆਚਰਣ ਉੱਤੇ ਨਿਰਭਰ ਨਹੀਂ ਹੁੰਦੀ। ਜਦ ਤੱਕ ਪੂਰਾ ਸਮੂਹ ਕਿਸੇ ਕਾਰਜ ਪ੍ਰਣਾਲੀ ਨੂੰ ਸਵੀਕਾਰ ਨਹੀਂ ਕਰਦਾ, ਉਹ ਸੰਸਥਾ ਨਹੀਂ ਬਣਦੀ

## ਸੰਸਥਾ ਦੇ ਕਾਰਜ

1. **ਸੰਸਥਾ ਸਮਾਜਕ ਨਿਯੰਤਰਣ ਦਾ ਇੱਕ ਸਾਧਨ ਹਨ–** ਸਮਾਜਕ ਨਿਯੰਤਰਣ ਦੇ ਸਾਧਨਾਂ ਵਿੱਚ ਸੰਸਥਾਵਾਂ ਦਾ ਮੁੱਖ ਸਥਾਨ ਹੈ। ਸੰਸਥਾ ਨੂੰ ਸਮਾਜ ਦੀ ਸਵੀਕ੍ਰਿਤੀ ਪ੍ਰਾਪਤ ਹੁੰਦੀ ਹੈ। ਇਉਂ ਸਮਾਜ ਦੁਆਰਾ ਹੀ ਦਿੱਤੇ ਗਏ ਅਧਿਕਾਰ ਦੇ ਜ਼ੋਰ ਤੇ ਇਹ ਸਮਾਜਕ ਨਿਯੰਤਰਣ ਦੇ ਸਾਧਨ ਦੇ ਰੂਪ ਵਿੱਚ ਕਾਰਜ ਕਰਦੀਆਂ ਹਨ।
2. **ਸੰਸਥਾ ਵਿਅਕਤੀ ਨੂੰ ਪਦ ਅਤੇ ਭੂਮਿਕਾ ਪ੍ਰਦਾਨ ਕਰਦੀ ਹੈ–** ਵਿਭਿੰਨ ਸੰਸਥਾਵਾਂ ਦੇ ਕਾਰਜਾਂ ਨੂੰ ਚਲਾਉਣ ਲਈ ਅਨੇਕ ਕਰਮਚਾਰੀਆਂ ਨੂੰ ਪ੍ਰਕ੍ਰਿਤੀ ਅਤੇ ਉਦੇਸ਼ ਦੇ ਅਨੁਸਾਰ ਕਾਰਜ ਅਤੇ ਪਦ ਪ੍ਰਦਾਨ ਕਰਦੀ ਹੈ ਉਦਾਹਰਣ ਵਜੋਂ ਵਿਆਹ ਦੀ ਸੰਸਥਾ ਇੱਕ ਇਸਤਰੀ ਅਤੇ ਪੁਰਸ਼ ਨੂੰ ਕੇਵਲ ਮਿਲਾਉਂਦੀ ਹੀ ਨਹੀਂ ਬਲਕਿ ਉਸ ਇਸਤਰੀ ਨੂੰ ਪਤਨੀ ਦਾ ਅਤੇ ਉਸ ਪੁਰਸ਼ ਨੂੰ ਪਤੀ ਦਾ ਪਦ ਵੀ ਪ੍ਰਦਾਨ ਕਰਦੀ ਹੈ।
3. **ਸੰਸਥਾ ਵਿਅਕਤਿਤਵ ਦੇ ਵਿਕਾਸ ਵਿੱਚ ਰੁਕਾਵਟ ਵੀ ਬਣ ਸਕਦੀ ਹੈ–** ਸੰਸਥਾ ਰਿਵਾਜ਼ਾਂ, ਪ੍ਰੰਪਰਾਵਾਂ, ਰੂੜ੍ਹੀਆਂ ਆਦਿ ਉੱਤੇ ਆਧਾਰਿਤ ਹੋਣ ਕਾਰਨ ਰੂੜ੍ਹੀਵਾਦੀ ਹੁੰਦੀ ਹੈ ਅਤੇ ਇਸਨੂੰ ਮੰਨਣ ਵਾਲੇ ਅਕਸਰ ਅੰਧ-ਵਿਸ਼ਵਾਸੀ ਹੋ ਜਾਂਦੇ ਹਨ। ਇਸ ਕਰਕੇ ਇਹ ਲੋਕ ਉਨ੍ਹਾਂ ਲੋਕਾਂ ਉੱਤੇ ਜੋ ਆਪਣੇ ਨਵੇਂ ਵਿਚਾਰਾਂ ਅਤੇ ਆਦਰਸ਼ਾਂ ਦੇ ਕਾਰਨ ਸੰਸਥਾ ਦੇ ਸਿਧਾਂਤਾਂ ਨੂੰ ਨਹੀਂ ਮੰਨਦੇ ਹਨ, ਅਤਿਆਚਾਰ ਕਰਦੇ ਹਨ ਅਤੇ ਉਨ੍ਹਾਂ ਦੇ ਵਿਅਕਤਿਤਵ ਦੇ ਵਿਕਾਸ ਵਿੱਚ ਰੁਕਾਵਟ ਸਿੱਧ ਹੁੰਦੇ ਹਨ। ਉਦਾਹਰਣ ਵਜੋਂ ਨਵੇਂ ਵਿਚਾਰਾਂ ਨੂੰ ਪੇਸ਼ ਕਰਨ ਕਾਰਨ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ ਅਤੇ ਮੁਹੰਮਦ ਨੂੰ ਪਰਬਤ ਦੀਆਂ ਗੁਫਾਵਾਂ ਵਿੱਚ ਸ਼ਰਣ ਲੈਣੀ ਪਈ ਸੀ।
4. **ਸੰਸਥਾ ਸਮਾਜਕ ਪਰਿਵਰਤਨ ਦਾ ਇੱਕ ਕਾਰਨ ਬਣ ਸਕਦੀ ਹੈ–** ਸੰਸਥਾਵਾਂ ਰੂੜੀਵਾਦੀ ਹੁੰਦੀਆਂ ਹਨ ਇਸੇ ਕਰਕੇ ਨਵੀਂਆਂ ਲੋੜਾਂ ਅਨੁਸਾਰ ਇਨ੍ਹਾਂ ਵਿੱਚ ਪਰਿਵਰਤਨ ਨਹੀਂ ਹੁੰਦਾ। ਨਤੀਜੇ ਵਜੋਂ ਮਨੁੱਖ ਉਨ੍ਹਾਂ ਨਵੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਵਾਂ ਰਾਹ ਲੱਭਦਾ ਹੈ ਅਤੇ ਇਸ ਪ੍ਰਕਾਰ ਇੱਕ ਨਵੀਂ ਸੰਸਥਾ ਦੀ ਨੀਂਹ ਰੱਖੀ ਜਾਂਦੀ ਹੈ ਜਾਂ ਪੁਰਾਣੀ ਸੰਸਥਾ ਦੀ ਥੋੜੀ ਬਹੁਤ ਮੰਗ ਦੇ ਅਨੁਰੂਪ ਬਦਲ ਜਾਂਦੀ ਹੈ। ਦੋਵਾਂ ਹੀ ਹਾਲਤਾਂ ਵਿੱਚ ਸਮਾਜਕ ਪਰਿਵਰਤਨ ਹੁੰਦਾ ਹੈ।

## ਸਮਾਜਕ ਸੰਸਥਾਵਾਂ–

**ਵਿਆਹ–** ਹਰੇਕ ਸਮਾਜ ਵਿੱਚ ਆਮ ਤੌਰ ਤੇ ਪਰਿਵਾਰ ਦੀ ਸਥਾਪਨਾ ਲਈ ਆਦਮੀ ਔਰਤ ਦੇ ਲਿੰਗ ਸੰਬੰਧਾਂ ਨੂੰ ਸਥਾਪਤ ਕਰਨ ਦੀ ਪ੍ਰਵਾਨਗੀ ਵਿਆਹ ਦੁਆਰਾ ਦਿੱਤੀ ਜਾਂਦੀ ਹੈ। ਇਨ੍ਹਾਂ ਸੰਬੰਧਾਂ ਦੇ ਫਲਸਰੂਪ ਉਤਪੰਨ ਹੋਣ ਵਾਲੀ ਸੰਤਾਨ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਨੂੰ ਨਿਰਧਾਰਿਤ ਕਰਨ ਅਤੇ ਅੰਤ ਵਿੱਚ ਪਰਿਵਾਰ ਨੂੰ ਸਥਾਈ ਰੂਪ ਦੇਣ ਲਈ ਬਣਾਏ ਨਿਯਮਾਂ ਅਤੇ ਕਾਨੂੰਨਾਂ ਨੂੰ ਵਿਆਹ ਕਹਿੰਦੇ ਹਨ। ਵਿਆਹ ਨੂੰ ਪਰਿਭਾਸ਼ਿਤ ਕਰਨਾ ਇੱਕ ਔਖਾ ਕੰਮ ਹੈ ਕਿਉਂਕਿ ਵਿਆਹ ਦੀ ਵਿਆਖਆ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਕੀਤੀ ਗਈ ਹੈ। ਵਿਭਿੰਨ ਸਮਾਜਾਂ ਦੀਆਂ ਆਪਣੀਆਂ-ਆਪਣੀਆਂ ਪਰਿਸਥਿਤੀਆਂ ਹੋਣ ਕਾਰਨ ਵਿਆਹ ਨੂੰ ਵਿਭਿੰਨ ਆਧਾਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਪੱਛਮੀ ਸਮਾਜਾਂ ਵਿੱਚ ਵਿਆਹ ਨੂੰ ਮਿੱਤਰਤਾ ਦੇ ਇੱਕ ਸਮਝੌਤੇ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਭਾਰਤ ਵਿੱਚ

ਵਿਆਹ ਇੱਕ ਧਾਰਮਕ ਸੰਸਕਾਰ ਹੈ ਨਾ ਕਿ ਕੁਝ ਭੌਤਿਕ ਜਾਂ ਸਰੀਰਕ ਲੋੜਾਂ ਦੀ ਪੂਰਤੀ ਲਈ ਕੀਤਾ ਗਿਆ ਸਮਾਜਕ ਸਮਝੌਤਾ। ਮੁਸਲਮਾਨ ਵਿਆਹ ਨੂੰ ਬਿਨ੍ਹਾਂ ਸ਼ਰਤ ਸਮਝੌਤੇ ਦੇ ਰੂਪ ਵਿੱਚ ਸਵੀਕਾਰ ਕਰਦੇ ਹਨ। ਪਰ ਵਿਆਹ ਦੇ ਕੁਝ ਸਰਵ ਵਿਆਪਕ ਉਦੇਸ਼ ਹਨ। ਇਸ ਪੱਖ ਤੋਂ ਵਿਭਿੰਨ ਸਮਾਜ ਵਿਗਿਆਨੀਆਂ ਨੇ ਵਿਆਹ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ।

**ਪਰਿਵਾਰ–** ਪਰਿਵਾਰ ਮਾਨਵੀਂ ਸਮਾਜ ਦੀ ਇੱਕ ਮੌਲਿਕ ਇਕਾਈ ਹੈ। ਇਸ ਦੀ ਨੀਂਹ ਮਨੁੱਖ ਦੀਆਂ ਜੀਵ ਵਿਗਿਆਨਕ ਅਤੇ ਮਨੋਵਿਗਿਆਨਕ ਲੋੜਾਂ ਉੱਤੇ ਟਿਕੀ ਹੋਈ ਹੈ। ਆਦਮ ਸਮਾਜਾਂ ਵਿੱਚ ਤਾਂ ਸੰਪੂਰਨ ਸੰਗਠਨ ਹੀ ਪਰਿਵਾਰਕ ਇਕਾਈਆਂ ਉੱਤੇ ਆਧਾਰਿਤ ਹੈ ਅਤੇ ਸਮਾਜਾਂ ਵਿੱਚ ਕਿਰਤ ਵੰਡ ਵੀ ਪਰਿਵਾਰ ਦੇ ਆਧਾਰ ਤੇ ਹੁੰਦੀ ਹੈ। ਆਧੁਨਿਕ ਕਾਲ ਵਿੱਚ ਪਰਿਵਾਰ ਦੇ ਬਹੁਤ ਸਾਰੇ ਕੰਮ ਸਭਾਵਾਂ ਨੇ ਉਸ ਤੋਂ ਲੈ ਲਏ ਹਨ ਫਿਰ ਵੀ ਅਜਿਹੀਆਂ ਜੀਵ ਵਿਗਿਆਨਕ ਅਤੇ ਮਨੋਵਿਗਿਆਨਕ ਲੋੜਾਂ ਹਨ ਜਿਨ੍ਹਾਂ ਨੂੰ ਮਨੁੱਖ ਪਰਿਵਾਰ ਤੋਂ ਬਾਹਰ ਪੂਰਾ ਨਹੀਂ ਕਰ ਸਕਦਾ। ਅੰਗਰੇਜ਼ੀ ਦਾ ਸ਼ਬਦ 'Family' ਰੋਮਨ ਸ਼ਬਦ ਫੈਮੂਲਸ ਜਿਸ ਦਾ ਅਰਥ ਹੈ ਨੌਕਰ ਜਾਂ ਦਾਸ ਤੋਂ ਲਿਆ ਗਿਆ ਹੈ। ਰੋਮਨ ਕਾਨੂੰਨ ਦੇ ਅੰਦਰ ਪਰਿਵਾਰ ਤੋਂ ਮਤਲਬ ਅਜਿਹੇ ਸਮੂਹ ਤੋਂ ਹੈ ਜਿਸ ਵਿੱਚ ਨੌਕਰ ਜਾਂ ਦਾਸ ਮਾਲਕ ਅਤੇ ਉਹ ਮੈਂਬਰ ਸ਼ਾਮਿਲ ਹਨ ਜੋ ਰਕਤ ਸੰਬੰਧਾਂ ਅਤੇ ਵਿਆਹ ਸੰਬੰਧਾਂ ਦੁਆਰਾ ਪਰਸਪਰ ਸੰਬੰਧਿਤ ਹਨ। ਇਸ ਸ਼ਾਬਦਿਕ ਅਰਥ ਤੋਂ ਹੀ ਸਪੱਸ਼ਟ ਹੈ ਕਿ ਪਰਿਵਾਰ ਕੁਝ ਲੋਕਾਂ ਦਾ ਇਕੱਠ ਮਾਤਰ ਨਾ ਹੋ ਕੇ ਉਨ੍ਹਾਂ ਦੀ ਆਪਸੀ ਸੰਬੰਧਾਂ ਦੀ ਵਿਵਸਥਾ ਹੈ।

**ਰਿਸ਼ਤੇਦਾਰੀ ਵਿਵਸਥਾ–** ਲਗਭਗ ਪਿਛਲੀ ਇੱਕ ਸਦੀ ਤੋਂ ਸਮਾਜਕ ਮਾਨਵ ਵਿਗਿਆਨੀਆਂ ਨੇ ਰਿਸ਼ਤੇਦਾਰੀ ਦੇ ਵਿਸ਼ੇ ਦੇ ਅਧਿਐਨ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ ਹੈ ਅਤੇ ਇਉਂ ਇਸ ਵਿਸ਼ੇ ਨੇ ਸਮਾਜਕ ਵਿਗਿਆਨ ਵਿੱਚ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਕਰ ਲਿਆ ਹੈ। ਸਮਾਜਕ ਮਾਨਵ ਵਿਗਿਆਨੀਆਂ ਨੇ ਆਪਣਾ ਧਿਆਨ ਵਿਸ਼ੇਸ਼ ਸਮਾਜਾਂ ਦੀਆਂ ਰਿਸ਼ਤੇਦਾਰੀ ਅਤੇ ਤੁਲਨਾਤਮਕ ਅਧਿਐਨ ਕਰਨ ਲਈ ਇਸ ਅਸਲੀਅਤ ਨੂੰ ਪਛਾਣਦੇ ਹੋਏ ਲਗਾਇਆ ਹੈ ਕਿ ਪ੍ਰਾਚੀਨ ਸਮਾਜਾਂ ਵਿੱਚ ਰਿਸ਼ਤੇਦਾਰੀ ਸਭ ਤੋਂ ਮਹੱਤਵਪੂਰਨ ਚੀਜ਼ ਹੈ। ਕਿਉਂਕਿ ਸਮਾਜਕ ਸੰਗਠਨ ਸਥਾਪਿਤ ਕਰੀ ਰੱਖਣ ਲਈ ਇਹ ਮੁੱਖ ਅੰਸ਼ ਹੈ। ਇਸ ਤੋਂ ਇਹ ਢਾਂਚਾ ਬਣਦਾ ਹੈ ਜਿਸ ਵਿੱਚ ਵਿਅਕਤੀ ਨੂੰ ਆਰਥਕ ਤੇ ਰਾਜਨੀਤਕ ਕ੍ਰਿਆਵਾਂ, ਹੱਕਾਂ ਅਤੇ ਫਰਜ਼ਾਂ ਅਤੇ ਭਾਈਚਾਰਕ ਸਹਾਇਤਾ ਅਤੇ ਚੀਜ਼ਾਂ ਮਿਲਦੀਆਂ ਹਨ। ਇਸ ਲਈ ਪ੍ਰਾਚੀਨ ਸਮਾਜਾਂ ਦੀ ਸਮਾਜਕ ਬਣਤਰ ਦੇ ਅਧਿਐਨ ਲਈ ਸਭ ਤੋਂ ਚੰਗਾ ਤਰੀਕਾ ਰਿਸ਼ਤੇਦਾਰੀ ਦੇ ਵਿਸ਼ਲੇਸ਼ਣ ਤੋਂ ਆਰੰਭ ਕਰਨ ਦਾ ਹੈ।

**ਧਾਰਮਕ ਸੰਸਥਾਵਾਂ–** ਧਰਮ ਮਨੁੱਖੀ ਜੀਵ ਦੀ ਸਰਵ ਸ਼ਕਤੀਮਾਨ ਪਰਮਾਤਮਾ ਦੇ ਪ੍ਰਤੀ ਚਿਰੋਕੀ ਸ਼ਰਧਾ ਦਾ ਨਾਮ ਹੈ ਜਾਂ ਧਰਮ ਦਾ ਅਰਥ ਹੈ ਪਰਮਾਤਮਾ ਦੇ ਸਨਮੁੱਖ ਹੋਣ ਦਾ ਅਨੁਭਵ। ਪ੍ਰੰਤੂ ਧਰਮ ਦਾ ਅਰਥ ਸਮਾਜ ਵਿਗਿਆਨੀਆਂ ਅਨੁਸਾਰ ਇਹ ਪ੍ਰਭਾਵ ਨਹੀਂ ਗ੍ਰਹਿਣ ਕਰਦਾ। ਸਮਾਜ ਵਿਗਿਆਨੀ ਧਰਮ ਵਿੱਚ ਅੰਤਰ-ਨਿਹਿਤ ਅਲੌਕਿਕ ਸ਼ਕਤੀ ਨਾਲ ਆਪਣੇ ਆਪ ਨੂੰ ਸੰਬੰਧਿਤ ਨਹੀਂ ਕਰਦਾ ਕਿਉਂਕਿ ਵਿਗਿਆਨਕ ਅਧਾਰ ਤੇ ਇਸ ਸ਼ਕਤੀ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਹ ਅਲੌਕਿਕ ਸ਼ਕਤੀ ਵਿਗਿਆਨ ਦੇ ਘੇਰੇ ਵਿੱਚ ਨਹੀਂ ਆਉਂਦੀ ਅਤੇ ਨਾ ਹੀ ਇਸ ਨੂੰ ਵਿਗਿਆਨਕ ਆਧਾਰ ਤੇ ਸਮਝਿਆ ਜਾ ਸਕਦਾ ਹੈ ਪ੍ਰੰਤੂ ਇਸ ਦਾ ਮਤਲਬ ਇਹ ਨਹੀਂ ਕਿ ਸਮਾਜ ਵਿਗਿਆਨੀ ਧਰਮ ਵਿੱਚ ਅੰਤਰ-ਨਿਹਿਤ ਇਸ ਅਲੌਕਿਕ ਸ਼ਕਤੀ ਨਾਲ ਸੰਬੰਧਿਤ ਵਿਸ਼ਵਾਸਾਂ ਦੇ ਅਸਤਿਤਵ ਨੂੰ ਅਸਵੀਕਾਰ

ਕਰਦਾ ਹੈ। ਖੁਦ ਅਲੌਕਿਕ ਸ਼ਕਤੀ ਅਦ੍ਰਿਸ਼ ਅਤੇ ਕਾਲਪਨਿਕ ਹੈ। ਇਸ ਲਈ ਸਮਾਜ ਵਿਗਿਆਨੀ ਉਸ ਬਾਰੇ ਚਰਚਾ ਨਹੀਂ ਕਰਦਾ।

**ਆਰਥਕ ਸੰਸਥਾਵਾਂ-** ਆਪਣੀ ਖਾਦ ਖੁਰਾਕ ਲਈ ਅਤੇ ਜਾਇਦਾਦ ਦੇ ਸੰਗ੍ਰਹਿ ਲਈ ਮਨੁੱਖ ਜੋ ਕੰਮ ਕਾਜ ਕਰਦਾ ਹੈ ਉਸ ਨਾਲ ਆਰਥਕ ਸੰਸਥਾਵਾਂ ਦਾ ਨਿਰਮਾਣ ਹੁੰਦਾ ਹੈ। ਇਸ ਨਾਲ ਆਰਥਕ ਸੰਸਥਾਵਾਂ ਵਟਾਂਦਰਾ, ਉਤਪਾਦਨ, ਵੰਡ, ਅਤੇ ਉਪਭੋਗ ਆਦਿ ਆਰਥਕ ਕਿਰਿਆਵਾਂ ਨਾਲ ਸੰਬੰਧਿਤ ਹੁੰਦੀਆਂ ਹਨ। ਪ੍ਰਾਚੀਨ ਅਰਥ ਵਿਵਸਥਾ ਵਿਸ਼ੇਸ਼ੀਕਰਨ ਨਹੀਂ ਸੀ ਹੁੰਦਾ ਪਰ ਕਿਰਤ ਵੰਡ ਜਰੂਰ ਪਾਈ ਜਾਂਦੀ ਸੀ। ਅਤੇ ਉਹ ਵੀ ਲਿੰਗ ਆਧਾਰ ਤੇ। ਸਮਾਜ ਵਿੱਚ ਇਸਤਰੀਆਂ ਅਤੇ ਪੁਰਸ਼ਾਂ ਦੇ ਕਾਰਜ ਵੰਡੇ ਹੋਏ ਸਨ। ਕੁਝ ਕੰਮ ਇਸਤਰੀਆਂ ਕਰਦੀਆਂ ਸਨ ਅਤੇ ਕੁਝ ਕੰਮ ਪੁਰਸ਼ਾ ਦੇ ਹੱਥਾਂ ਵਿੱਚ ਹੁੰਦੇ ਸਨ। ਸਰਲ ਤੋਂ ਸਰਲ ਆਰਥਕ ਵਿਵਸਥਾ ਵਾਲੇ ਸਮਾਜਾਂ ਵਿੱਚ ਸਾਰੇ ਪੁਰਸ਼ ਸ਼ਿਕਾਰ ਕਰਦੇ ਅਤੇ ਮੱਛੀਆਂ ਫੜਦੇ ਸਨ, ਦੂਜੇ ਸ਼ਬਦਾਂ ਵਿੱਚ ਸ਼ਰੀਰਕ ਮੁਸ਼ੱਕਤ ਵਾਲੇ ਕੰਮ ਪੁਰਸ਼ ਕਰਦੇ ਸਨ। ਇਸਤਰੀਆਂ ਜੰਗਲ ਵਿੱਚ ਕੰਦ ਮੂਲ ਇਕੱਠਾ ਕਰਦੀਆਂ ਸਨ। ਇਸ ਤਰ੍ਹਾਂ ਹਰ ਇੱਕ ਸਮਾਜ ਵਿੱਚ ਜਿੱਥੇ ਸਰਲ ਅਤੇ ਭਾਵੇਂ ਉੱਚਤਮ ਅਰਥ ਵਿਵਸਥਾ ਸੀ ਕਿਰਤ ਵੰਡ ਲਿੰਗ ਉੱਤੇ ਅਧਾਰਤ ਸੀ।

**ਮੱਧਕਾਲ ਵਿੱਚ ਅਰਥ ਵਿਵਸਥਾ**

**ਆਧੁਨਿਕ ਅਰਥ ਵਿਵਸਥਾ**

**ਪੂੰਜੀਵਾਦ**

**ਰਾਜਨੀਤਕ ਸੰਸਥਾਵਾਂ-** ਰਾਜਨੀਤਕ ਸੰਸਥਾਵਾਂ ਅਥਵਾ ਰਾਜ ਅਤੇ ਸਰਕਾਰ ਦਾ ਅਧਿਐਨ ਰਾਜਨੀਤੀ ਵਿਗਿਆਨ ਦੇ ਅਧਿਐਨ ਦਾ ਮੁੱਖ ਵਿਸ਼ਾ ਹਨ। ਪ੍ਰੰਤੂ ਹੋਰ ਸਮਾਜਕ ਵਿਗਿਆਨ ਵੀ ਰਾਜਨੀਤਕ ਸੰਸਥਾਵਾਂ ਦਾ ਅਧਿਐਨ ਕਰਦਾ ਹੈ। ਕਿਉਂਕਿ ਇਹ ਵੀ ਸਮਾਜਕ ਨਿਯੰਤਰਣ ਦੀਆਂ ਏਜੰਸੀਆਂ ਵਿਚੋਂ ਇੱਕ ਮਹੱਤਵਪੂਰਨ ਨਿਯੰਤਰਣ ਕਰਨ ਦੀ ਏਜੰਸੀ ਹੈ ਅਤੇ ਦੂਸਰਾ ਰਾਜਨੀਤਕ ਸੰਸਥਾਵਾਂ ਅਤੇ ਰਾਜ ਦੇ ਸਰੂਪ ਅਤੇ ਕਾਰਜਾਂ ਦਾ ਪ੍ਰਭਾਵ ਵੀ ਸਮਾਜਕ ਜੀਵਨ ਉੱਤੇ ਗਹਿਰਾ ਪੈਂਦਾ ਹੈ। ਪ੍ਰੰਤੂ ਦੋਹਾਂ ਵਿਗਿਆਨਾਂ ਦਾ ਇਸ ਵਿਸ਼ੇ ਨੂੰ ਅਧਿਐਨ ਕਰਨ ਦੀ ਪੱਧਤੀ ਅਤੇ ਦ੍ਰਿਸ਼ਟੀਕੋਣ ਵੱਖਰਾ-ਵੱਖਰਾ ਹੈ। ਸਮਾਜ ਵਿਗਿਆਨ ਦਾ ਦਿਸ਼੍ਰਟੀਕੋਣ ਸਮਾਜਕ ਅਤੇ ਰਾਜਨੀਤੀ ਵਿਗਿਆਨ ਦਾ ਦਿਸ਼੍ਰਟੀਕੋਣ ਰਾਜਨੀਤਕ ਹੈ।

**ਸਾਹਿਤ ਅਤੇ ਸਮਾਜ: ਅੰਤਰ-ਸੰਬੰਧ-** ਸਾਹਿਤ ਮਨੁੱਖ ਦੇ ਜੀਵਨ ਦੇ ਵਰਤਾਰਿਆ ਦੀ ਪੇਸ਼ਕਾਰੀ ਕਰਦਾ ਹੈ। ਸਾਹਿਤ ਸਮਾਜ ਦਾ ਬਿੰਬ ਉਘਾੜਦਿਆ ਹੋਇਆ, ਸਮਾਜ ਦੀ ਵਿਆਖਿਆ ਕਰਦਾ ਹੈ। ਸਮਾਜ ਮਨੁੱਖੀ ਆਚਾਰ-ਵਿਹਾਰ ਦੇ ਨਾਲ ਬਣਿਆ ਹੁੰਦਾ ਹੈ। ਸਾਹਿਤਕਾਰ ਮਨੁੱਖੀ ਆਚਾਰ ਵਿਹਾਰ ਨੂੰ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕਰਦਾ ਹੈ। ਸਾਹਿਤਕ ਰਚਨਾ ਰਚਨਾਕਾਰ ਦੇ ਅਨੁਭਵ ਵਿਚੋਂ ਹੀ ਉਪਜੀ ਹੁੰਦੀ ਹੈ। ਸਾਹਿਤਕ ਰਚਨਾ ਸਾਹਿਤਕਾਰ ਦੀ ਕਲਪਨਾ ਨਹੀਂ ਹੁੰਦੀ ਸਗੋਂ ਸਮਾਜਕ, ਆਰਥਕ, ਰਾਜਨੀਤਕ ਪਰਸਥਿਤੀਆਂ, ਸਾਹਿਤਕ ਮੁੱਲਾਂ ਦਾ ਨਤੀਜਾ ਹੁੰਦੀ ਹੈ। ਸਾਹਿਤ ਦੇ ਸਮਾਜ-ਸ਼ਾਸਤਰੀ ਚਿੰਤਕ ਸਾਹਿਤ ਨੂੰ ਸਮਾਜਕ ਸੰਸਥਾ ਦੇ ਰੂਪ ਵਿੱਚ ਸਵੀਕਾਰ ਕਰਦੇ ਹਨ। ਸਾਹਿਤ ਦਾ ਜਨਮ, ਵਿਕਾਸ ਅਤੇ ਇਤਿਹਾਸ ਆਦਿ ਦੇ ਅਧਿਐਨ ਨੂੰ ਸਮਾਜ-ਸ਼ਾਸਤਰ ਆਪਣੇ ਅਧਿਐਨ ਖੇਤਰ ਵਿੱਚ ਸ਼ਾਮਿਲ ਕਰਦਾ ਹੈ। ਸਾਹਿਤ ਤੇ ਸਮਾਜ ਦਾ ਗੂੜ੍ਹਾ ਰਿਸ਼ਤਾ ਹੈ ਪਰ ਸਾਹਿਤਕਾਰ ਸਮਾਜ ਨੂੰ ਉਵੇਂ ਹੀ ਸਾਹਿਤ ਵਿੱਚ ਪੇਸ਼ ਨਹੀਂ ਕਰਦਾ। ਸਮਾਜਕ ਘਟਨਾਵਾਂ ਵਿੱਚ ਸਾਹਿਤਕਾਰ ਦੀ ਆਪਣੀ ਕਲਪਨਾ ਵੀ

ਸ਼ਾਮਿਲ ਹੁੰਦੀ ਹੈ। ਉਹ ਆਪਣੀ ਇਸੇ ਪੇਸ਼ਕਾਰੀ ਰਾਹੀਂ ਪਾਠਕਾਂ ਨੂੰ ਇੱਕ ਸੇਧ ਦੇਣ ਲਈ ਹਰ ਸੰਭਵ ਯਤਨ ਕਰਦਾ ਹੈ। ਸੋ ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਤੇ ਸਮਾਜ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ।

ਸਾਹਿਤ ਸਮਾਜ ਦਾ ਪ੍ਰਤੀਬਿੰਬ ਹੀ ਨਹੀਂ ਸਗੋਂ ਪ੍ਰਤੀਕਰਮ ਵੀ ਹੈ। ਸਾਹਿਤ ਜੀਵਨ ਦੀ ਵਿਆਖਿਆ ਹੈ। ਕੋਈ ਵੀ ਸਾਹਿਤ ਆਪਣੇ ਸਮੇਂ ਦੇ ਸਮਾਜ ਤੋਂ ਬਹੁਤਾ ਬਾਹਰ ਨਹੀਂ ਜਾ ਸਕਦਾ। ਜਿਸ ਤਰ੍ਹਾਂ ਦੀਆਂ ਸਮੇਂ ਵਿਸ਼ੇਸ਼ ਦੇ ਸਮਾਜ ਦੀਆਂ ਸਮਾਜਕ ਪ੍ਰਸਥਿਤੀਆਂ ਹੁੰਦੀਆਂ ਹਨ, ਸਾਹਿਤਕਾਰ ਉਨ੍ਹਾਂ ਦੀ ਹੀ ਪ੍ਰਤੀਨਿਧਤਾ ਕਰਦਾ ਹੈ। ਸਾਹਿਤ ਸ਼ਾਬਦਿਕ ਸੰਰਚਨਾ ਦੇ ਰੂਪ ਵਿੱਚ ਸਾਹਿਤਕਾਰ ਦੁਆਰਾ ਤਿ

ਆਰ ਕੀਤਾ ਸਮਾਜ ਦੇ ਇੱਕ ਅੰਗ ਜਾਂ ਸਮਾਜ ਵਿਸ਼ੇਸ਼ ਦਾ ਸੰਪੂਰਨ ਚਿਤਰ ਹੁੰਦਾ ਹੈ। ਸਾਹਿਤ ਸਮਾਜਕ ਵਾਸਤਵਿਕਤਾ ਦੀ ਤਸਵੀਰ ਹੈ, ਜਿਸ ਵਿੱਚ ਸਮੇਂ ਵਿਸ਼ੇਸ਼ ਦੇ ਸਮਾਜ ਦੇ ਨਕਸ਼ ਦੇਖੇ ਜਾ ਸਕਦੇ ਹਨ। ਇੱਕ ਸਾਹਿਤਕਾਰ ਹੋਣ ਦੀ ਹੈਸੀਅਤ ਕਰਕੇ ਉਹ ਸਮਾਜ ਦੀ ਵਾਸਤਵਿਕਤਾ ਵਿਚੋਂ ਤਜ਼ਰਬੇ ਲੈਂਦਾ ਹੈ ਅਤੇ ਕਲਾ ਸ਼ਕਤੀ ਨਾਲ ਨਿੱਜੀ ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਨੂੰ ਸਰਵ ਵਿਆਪੀ ਬਣਾ ਦਿੰਦਾ ਹੈ। ਸਾਹਿਤਕਾਰ ਸਾਤਿਹਕ ਕਿਰਤ ਵਿਚ ਸੁਹਜ ਓਨਾ ਹੀ ਭਰਦਾ ਹੈ, ਕਿ ਸਮਾਜਕ ਯਥਾਰਥ ਸਿਰਫ਼ ਰੰਗੀਨ ਜਾਪੇ ਨਾ ਕਿ ਰੰਗੀਨੀ ਵਿਚ ਸਮਾਜਕ ਵਾਸਤਵਿਕਤਾ ਹੀ ਗੁੰਮ ਹੋ ਜਾਵੇ।

**ਕਹਾਣੀ ਅਤੇ ਸਮਾਜ ਸ਼ਾਸਤਰੀ ਅਧਿਐਨ–** ਕਹਾਣੀ ਸ਼ਬਦ ਸੰਸਕ੍ਰਿਤ ਦੇ ਕਥਾ ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕਿਰਤ ਪੈਸ਼ਾਚੀ ਵਿੱਚ 'ਕਹਾ' ਬਣ ਗਿਆ। ਗੁਣਾਢਯ ਦੀ ਕਹਾਣੀਆਂ ਦੀ ਪ੍ਰਸਿੱਧ ਪੁਸਤਕ ਦਾ ਨਾਂ ਵੱਡ ਕਹਾ ਭਾਵ ਵੱਡੀ ਕਹਾਣੀ ਹੈ ਜੋ ਪੈਸ਼ਾਚੀ ਵਿੱਚ ਲਿਖੀ ਗਈ ਹੈ। ਜੇ ਕਹਾਣੀ ਦੇ ਸਰੋਤਾਂ ਵੱਲ ਧਿਆਨ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਹਜ਼ਾਰਾਂ ਸਾਲਾਂ ਤੋਂ ਸੰਸਾਰ ਦੇ ਲਗਪਗ ਸਾਰੇ ਮੁਲਕਾਂ ਵਿੱਚ ਹੀ ਕਹਾਣੀ ਪ੍ਰਚਲਿਤ ਰਹੀ ਹੈ ਅਤੇ ਕਈ ਅਜਿਹੇ ਕਹਾਣੀ-ਸੰਗ੍ਰਹਿ ਪ੍ਰਾਪਤ ਹਨ ਜੋ ਸੰਸਾਰ ਪ੍ਰਸਿੱਧ ਹਨ।

ਕਹਾਣੀ ਦੀ ਕੋਈ ਐਸੀ ਬਣਤਰ-ਵਿਧੀ ਨਹੀਂ ਜਿਹੜੀ ਨਿਸ਼ਚਿਤ ਹੋਵੇ ਅਤੇ ਕਹਾਣੀਕਾਰ ਲਈ ਉਸ ਦੀ ਪਾਲਣਾ ਕਰਨੀ ਜ਼ਰੂਰੀ ਹੋਵੇ। ਹਰ ਕਹਾਣੀਕਾਰ ਆਪਣੀ ਕਹਾਣੀ ਦੀ ਨੁਹਾਰ ਆਪ ਘੜਦਾ ਹੈ, ਇਸ ਲਈ ਕਹਾਣੀ ਦੀ ਬਣਤਰ ਵਿਧੀ ਹਰ ਕਹਾਣੀ ਦੀ ਲੋੜ ਅਨੁਸਾਰ ਬਦਲਾਈ ਜਾ ਸਕਦੀ ਹੈ ਪਰ ਇਸ ਦੇ ਬਾਵਜੂਦ ਵੀ ਕਹਾਣੀ ਦੀ ਬਣਤਰ ਵਿਧੀ ਦੇ ਕੁਝ ਨਿਯਮ ਹਨ ਜਿਹੜੇ ਕਿਸੇ ਨਾ ਕਿਸੇ ਰੂਪ ਵਿੱਚ ਹਰ ਕਹਾਣੀਕਾਰ ਮੰਨਦਾ ਹੈ।

ਇੱਥੇ ਸਵਾਲ ਇਹ ਪੈਦਾ ਹੰਦਾ ਹੈ ਕਿ ਸਭ ਤੋਂ ਪਹਿਲਾਂ ਕਹਾਣੀ ਕਿਸ ਮੁਲਕ ਵਿੱਚ ਜਾਂ ਕਿਸ ਦੇਸ਼ ਵਿੱਚ ਰਚੀ ਗਈ। ਇਸ ਦਾ ਜਵਾਬ ਲੱਭਦਿਆਂ ਸੰਸਾਰ ਦੇ ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਸੱਭਿਅਤਾ ਦੀ ਪਹਿਲੀ ਰੌਸ਼ਨੀ ਸਪਤ ਸਿੰਧੂ ਦੀ ਧਰਤੀ ਉੱਤੇ ਪਈ ਹੋਣ ਕਾਰਨ ਕਹਾਣੀ ਦਾ ਖਜਾਨਾ ਵੀ ਇਸੇ ਸੁਹਾਗੀ ਧਰਤੀ ਤੇ ਪੈਦਾ ਹੋਇਆ ਤੇ ਹੌਲੀ-ਹੌਲੀ ਜਿਵੇਂ ਇਸ ਧਰਤੀ ਤੋਂ ਲੋਕ ਟੋਲੇ ਬਣਾ ਕੇ ਹੋਰਨਾ ਮੁਲਕਾਂ ਫਰਾਂਸ, ਮਿਸਰ, ਅਰਬ, ਰੂਸ, ਚੀਨ, ਆਦਿ ਹੋਰਨਾਂ ਮੁਲਕਾਂ ਵੱਲ ਗਏ ਤੇ ਉਹ ਆਪਣੇ ਨਾਲ ਕਹਾਣੀ ਦਾ ਖਜਾਨਾ ਅਤੇ ਕਹਾਣੀ ਦੀ ਸ਼ੈਲੀ ਲੈ ਗਏ ਜਿਸਦੇ ਸਬੂਤ ਵਜੋਂ ਅਸੀਂ ਫਾਰਸੀ ਅਤੇ ਅਰਬੀ ਕਹਾਣੀਆਂ ਦੀਆਂ ਪੰਜਾਬੀ ਕਹਾਣੀਆਂ ਨਾਲ ਇਕਸਾਰਤਾ ਨੂੰ ਦੇਖ ਸਕਦੇ ਹਾਂ ਇੰਝ ਇਹ ਸਪਸ਼ਟ ਹੈ ਕਿ ਕਹਾਣੀ ਯਾਤਰਾ ਪੂਰਵ ਤੋਂ ਪੱਛਮ ਵੱਲ ਨੂੰ ਹੋਈ ਹੈ। ਪੰਜਾਬੀ ਕਹਾਣੀ ਨੇ ਆਪਣੀ ਲੋਕ ਪ੍ਰਿਯਤਾ ਬਣਾਈ ਰੱਖਣ ਲਈ ਸਮੇਂ ਤੇ ਸਥਿਤੀ ਦੀ ਲੋੜ ਲਈ ਆਪਣੇ ਆਪ ਨੂੰ ਤਬਦੀਲ ਕੀਤਾ ਹੈ ਜਿਸ ਕਾਰਨ ਇਸਦੇ ਵਿਕਾਸ ਵਿੱਚ ਵਿਸ਼ਾਲਤਾ ਤੇ ਅਮੀਰੀ ਸ਼ਾਮਿਲ ਹੋ ਗਈ।

## ਕਹਾਣੀ ਦੀ ਪਰਿਭਾਸ਼ਾ

**ਐਚ.ਜੀ.ਵੈਲਜ.ਅਨੁਸਾਰ**, "ਕਹਾਣੀ ਵਿੱਚ ਦੋ ਗੱਲਾਂ ਦਾ ਹੋਣਾ ਜਰੂਰੀ ਮੰਨਦਾ ਹੈ ਇੱਕ ਤਾਂ ਇਹ ਕਿ ਇਹ ਇਤਨੀ ਨਿੱਕੀ ਹੋਵੇ ਜੋ ਪੰਦਰਾਂ ਤੋਂ ਤੀਹਾਂ ਮਿੰਟਾਂ ਵਿੱਚ ਪੜੀ ਜਾ ਸਕੇ ਤੇ ਦੂਜੇ ਇਹ ਕਿਸੇ ਗੱਲ ਨੂੰ ਵਧੀਆ ਕਲਾ ਰਾਹੀਂ ਇਸ ਤਰ੍ਹਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਕਹਿ ਸਕੇ ਕਿ ਉਹ ਹਲੂਣੇ ਨਾਲ ਪਾਠਕ ਦੀ ਅੱਖ ਵਿੱਚ ਚਮਕ ਪੈਦਾ ਕਰ ਦੇਵੇ।"[11]

**ਸੰਤ ਸਿੰਘ ਸੇਖੋਂ ਅਨੁਸਾਰ**, "ਕਹਾਣੀ ਵਿੱਚ ਇੱਕ ਤਿੱਖੀ ਚੁੰਝ ਹੋਣੀ ਚਾਹੀਦੀ ਹੈ ਇੱਕ ਸੰਗੀਨ ਦੀ ਚੁੰਝ ਵਰਗੀ ਇੱਕ ਤੀਰ ਦੀ ਚੁੰਝ ਵਰਗੀ ਜੋ ਸਿੱਧੀ ਸੁਣਨ ਪੜ੍ਹਨ ਵਾਲਿਆਂ ਦੇ ਦਿਲ ਵਿੱਚ ਖੁੰਭ ਜਾਵੇ।"[12]

ਪੰਜਾਬੀ ਕਹਾਣੀ ਤੇ ਪੰਜਾਬੀ ਕਹਾਣੀ ਦੇ ਜਨਮ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਦਿੱਤੇ ਹਨ। ਪੰਜਾਬੀ ਕਹਾਣੀ ਹੁਣ ਤੱਕ ਕਈ ਪੜਾਵਾਂ ਵਿੱਚੋਂ ਲੰਘ ਕੇ ਸਾਡੇ ਤੱਕ ਪਹੁੰਚੀ ਹੈ ਤੇ ਵੱਖ-ਵੱਖ ਕਹਾਣੀ-ਕਾਰਾਂ ਨੇ ਕਹਾਣੀਆਂ ਲਿਖੀਆਂ ਹਨ ਜਿਵੇਂ-ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਚਰਨ ਸਿੰਘ ਸ਼ਹੀਦ, ਜਸਵੰਤ ਸਿੰਘ, ਸੂਬਾ ਸਿੰਘ, ਕਰਤਾਰ ਸਿੰਘ ਦੁੱਗਲ, ਜਰਨੈਲ ਸਿੰਘ, ਮਹਿੰਦਰ ਸਿੰਘ ਜੋਸ਼ੀ, ਬਲਦੇਵ ਸਿੰਘ, ਵੀਨਾ ਵਰਮਾ, ਅਜੀਤ ਕੌਰ ਟਿਵਾਣਾ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਰਾਮ ਸਰੂਪ ਅਣਖੀ ਆਦਿ ਕਹਾਣੀਕਾਰਾਂ ਨੇ ਕਈ ਕਹਾਣੀਆਂ ਲਿਖੀਆਂ ਹਨ। ਕਹਾਣੀ ਭਾਵੇਂ ਆਕਾਰ ਵਿੱਚ ਛੋਟੀ ਹੁੰਦੀ ਹੈ ਪਰ ਇਸ ਅੰਦਰ ਬਹੁਤ ਸਾਰੀਆਂ ਕਲਾਤਮਕ ਖੂਬੀਆਂ ਹਨ ਜਿਹੜੀਆਂ ਇਸ ਦੇ ਸਰੂਪ ਨੂੰ ਵਧੇਰੇ ਕਲਾਤਮਕ ਤੇ ਗਹਿਰਾ ਬਣਾਉਂਦੀਆਂ ਹਨ। ਸਰੋਆਨ ਠੀਕ ਕਹਿੰਦਾ ਹੈ ਕਿ ਨਿੱਕੀ ਕਹਾਣੀ ਇੱਕੋ ਸਮੇਂ ਪ੍ਰਸਾਰਨ ਦਾ ਸਿੱਧਾ ਤੇ ਸਰਲ ਮਾਧਿਅਮ ਵੀ ਹੈ ਤੇ ਗੁੰਝਲਦਾਰ ਵੀ।

ਨਿੱਕੀ ਕਹਾਣੀ ਪੁਰਾਣੀ ਕਹਾਣੀ ਵਾਂਗ ਕਿਸੇ ਸਦਾਚਾਰ, ਨੀਤੀ ਜਾਂ ਧਰਮ ਨਾਲ ਨਹੀਂ ਜੁੜੀ ਹੁੰਦੀ, ਇਹ ਆਪਣੇ ਆਪ ਵਿੱਚ ਇੱਕ ਸੁਤੰਤਰ ਕਲਾ ਰੂਪ ਹੈ। ਹਰ ਨਿੱਕੀ ਕਹਾਣੀ ਜੀਵਨ ਦੇ ਕਿਸੇ ਨਵੀਂ ਸੰਭਾਵਨਾ, ਨਵੇਂ ਧਰਮ ਨੂੰ ਖੋਲਦੀ ਹੈ। ਇਸ ਦੇ ਕਲੇਵਰ ਵਿੱਚ ਹਰ ਨਵਾਂ ਗਿਆਨ, ਨਵੀਂ ਦੁਨੀਆਂ, ਨਵਾਂ ਮਨੁੱਖ ਆ ਜਾਂਦੇ ਹਨ। ਇਹ ਪੁਰਾਣੀ ਕਹਾਣੀ ਵਾਂਗ ਹੀ ਜੀਵਨ ਦੇ ਕੁਝ ਖਾਸ ਰੰਗਾਂ ਵਿੱਚ ਹੀ ਨਹੀਂ ਵਿਚਰਦੀ ਸਗੋਂ ਜੀਵਨ ਦੇ ਹਰ ਰੰਗ ਤੱਕ ਪਹੁੰਚਦੀ ਹੈ ਕਿਉਂਕਿ ਨਿੱਕੀ ਕਹਾਣੀ ਵਿੱਚ ਸਾਧਾਰਨ ਜੀਵਨ ਦੀ ਸਾਧਾਰਨਤਾ ਪ੍ਰਗਟਾਈ ਗਈ ਹੁੰਦੀ ਹੈ ਇਸ ਲਈ ਇਹ ਆਪਣੇ ਸੂਖਮ-ਸੁਭਾਉ ਕਰਕੇ ਮਨੁੱਖ ਨੂੰ ਮੱਧ ਸੁਰ ਬੋਲਣ ਵਾਲਾ ਬਣਾ ਕੇ ਪੇਸ਼ ਕਰਦੀ ਹੈ। ਸੋ ਨਿੱਕੀ ਕਹਾਣੀ ਨਿੱਕੀ ਇਸ ਲਈ ਹੈ ਕਿ ਇਹ ਮਨੁੱਖੀ ਜੀਵਨ ਦੀਆਂ ਕੇਵਲ ਅਸਾਧਾਰਨ ਸੰਭਾਵਨਾਵਾਂ ਦੇ ਨਹੀਂ ਉਸ ਦੀਆਂ ਸਾਧਾਰਨ ਸੰਭਾਵਨਾਵਾਂ ਦੇ ਅਰਥ ਵੀ ਲੱਭਦੀ ਹੈ। ਕਦੇ ਜ਼ਿੰਦਗੀ ਦਾ ਸਭ ਤੋਂ ਵੱਡਾ ਰਹੱਸ ਰੱਬ ਤੋਂ ਉਸ ਤੋਂ ਹਟ ਕੇ ਆਦਰਸ਼ ਸਨ। ਪੁਰਾਣੀ ਕਹਾਣੀ ਵੱਖ-ਵੱਖ ਰੂਪਾਂ ਵਿੱਚ ਇਸ ਰਹੱਸ ਦੀ ਸਿਰਜਣਾ ਤੇ ਮਹਿਮਾ ਹੈ। ਆਧੁਨਿਕ ਕਾਲ ਵਿੱਚ ਜ਼ਿੰਦਗੀ ਦਾ ਸਭ ਤੋਂ ਵੱਡਾ ਰਹੱਸ ਸਾਧਾਰਨ ਮਨੁੱਖ ਦੀ ਸਾਧਾਰਨਤਾ ਹੈ। ਉਪਰੋਕਤ ਸਾਰੀ ਚਰਚਾ ਤੇ ਪਰਿਭਾਸ਼ਾਵਾਂ ਦੇ ਨਿਚੋੜ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਕਲਾਤਮਕ ਨਿੱਕੀ ਕਹਾਣੀ ਪੰਜਾਬੀ ਗਲਪ ਦਾ ਉਹ ਰੂਪ ਹੈ, ਜਿਹੜਾ ਕਲਾਤਮਕ ਗੋਂਦ ਰਾਹੀਂ ਕਿਸੇ ਇੱਕ ਮੁਖੀ ਘਟਨਾ ਜਾਂ ਇੱਕ ਮੁੱਖੀ ਪਾਤਰ ਦਾ ਨਾਟਕੀ ਬਿਆਨ ਸੰਜਮਤਾ ਨਾਲ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਹੋਵੇ।

"ਕਹਾਣੀ ਹਜ਼ਾਰਾਂ ਸਾਲਾਂ ਤੋਂ ਵਿਕਾਸ ਕਰਦੀ ਆ ਰਹੀ ਹੈ, ਕਿਉਂਕਿ ਇਹ ਮਨੁੱਖ ਦੀ ਆਤਮਿਕ ਲੋੜਾਂ ਵਿੱਚੋਂ ਇੱਕ ਪ੍ਰਮੁੱਖ ਲੋੜ ਮੰਨੀ ਜਾਂਦੀ ਹੈ। ਸਮੇਂ-ਸਮੇਂ ਇਸ ਵਿੱਚ ਨਵੀਆਂ-ਨਵੀਆਂ ਪ੍ਰਵਿਰਤੀਆਂ ਰੂਪਮਾਨ ਹੁੰਦੀਆਂ ਰਹੀਆਂ ਹਨ

ਜੋ ਇਸ ਦੇ ਇੱਕ ਜ਼ਿੰਦਾ ਸਾਹਿਤਕ ਰੂਪ ਹੋਣ ਦੀਆਂ ਸਬੂਤ ਹਨ। ਪੰਜਾਬੀ ਕਹਾਣੀ ਦੇ ਮੁੱਢ ਬਾਰੇ ਦੋ ਮੱਤ ਹਨ ਇੱਕ ਮੱਤ ਦੇ ਸਮੱਰਥਕਾਂ ਦਾ ਵਿਚਾਰ ਹੈ ਕਿ ਪੰਜਾਬੀ ਕਹਾਣੀ ਦਾ ਮੁੱਢ ਲੱਭਣ ਲਈ ਸਾਨੂੰ ਆਪਣੀਆਂ ਸਦੀਆਂ ਪੁਰਾਣੀ ਵਿਰਾਸਤ ਨੂੰ ਜਾਂਚਣਾ ਚਾਹੀਦਾ ਹੈ। ਪੰਜਾਬੀ ਕਹਾਣੀ ਨੂੰ ਪੰਜਾਬੀ ਲੋਕ ਕਹਾਣੀ ਵਿੱਚੋਂ ਉਗਸਿਆਂ ਦੱਸਣ ਵਾਲਾ ਸਭ ਤੋਂ ਪਹਿਲਾ ਆਲੋਚਕ ਡਾ: ਸਵਿੰਦਰ ਸਿੰਘ ਉੱਪਲ ਹੈ।"[13]

ਜਿਸ ਹੁਨਰੀ ਕਹਾਣੀ ਨੂੰ ਅਸੀਂ ਅੱਜ ਗਲਪ ਦਾ ਨਵੀਨ ਰੂਪ ਮੰਨਦੇ ਹਾਂ, ਉਹ ਅਸਲੀਅਤ ਵਿੱਚ ਪੁਰਾਣੀ ਕਹਾਣੀ ਦਾ ਹੀ ਇੱਕ ਵਿਕਸਿਤ ਰੂਪ ਹੈ। ਉਹ ਪੁਰਾਣੀ ਕਹਾਣੀ ਤੋਂ ਵੱਖਰੀ ਹੁੰਦੀ ਹੋਈ ਵੀ ਵੱਖਰੀ ਨਹੀ। ਕਹਾਣੀ ਉਦੋਂ ਹੀ ਜਿਆਦਾ ਚਮਕੀ ਜਦੋਂ ਸਾਡੇ ਕਹਾਣੀਕਾਰਾਂ ਨੇ ਪੱਛਮੀ ਕਹਾਣੀ ਵਿਧੀ ਤੋਂ ਪ੍ਰੇਰਣਾ ਤੇ ਅਗਵਾਈ ਲਈ ਪੱਛਮੀ ਕਹਾਣੀ ਦੀ ਤਕਨੀਕ ਨੂੰ ਅਪਣਾਉਣ ਦੀ ਭਰਪੂਰ ਪ੍ਰੇਰਨਾ ਸਭ ਤੋਂ ਪਹਿਲਾਂ ਚਰਨ ਸਿੰਘ ਸ਼ਹੀਦ ਨੇ 'ਹੱਸਦੇ ਹੰਝੂ ਦੀ ਭੂਮਿਕਾ ਵਿੱਚ ਦਿੱਤੀ।

"ਪੰਜਾਬੀਆਂ ਨੂੰ ਆਪਣੀ ਕਹਾਣੀ ਦਾ ਮੁੱਢ ਲੱਭਣ ਸਮੇਂ ਸਦੀਆਂ ਦੀ ਆਪਣੀ ਪੁਰਾਣੀ ਵਿਰਾਸਤ ਨੂੰ ਨਹੀਂ ਭੁੱਲਣਾ ਚਾਹੀਦਾ ਕਿਉਂਕਿ ਬੀਜ ਬਿਨਾਂ ਕੋਈ ਬੂਟਾ ਉਗਮ ਨਹੀਂ ਸਕਦਾ। ਸਾਡੀ ਲੋਕ-ਕਹਾਣੀ ਦਾ ਭਰਪੂਰ ਤੇ ਬੇਇੰਤਹਾ ਖਜ਼ਾਨਾ ਸਾਡੀ ਅਜੋਕੀ ਕਹਾਣੀ ਨੂੰ ਸ਼ਕਤੀ ਦਿੰਦਾ ਹੈ ਅਤੇ ਸਾਬਤ ਕਰਦਾ ਹੈ ਕਿ ਸਦੀਆਂ ਦੀ ਪੁਰਾਣੀ ਪਰੰਪਰਾ ਮੌਜੂਦ ਹੋਣ ਕਾਰਣ ਹੀ ਪੰਜਾਬੀ ਕਹਾਣੀ ਇਸ ਵੇਲੇ ਸਾਡਾ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਤੇ ਉੱਤਮ ਸਾਹਿੱਤਕ ਰੂਪ ਬਣੀ ਗਈ ਹੈ। ਇਸ ਨੂੰ ਸੰਸਾਰ ਦੀ ਵਧੀਆਂ ਤੋਂ ਵਧੀਆਂ ਕਹਾਣੀ ਤੇ ਮੁਕਾਬਲੇ ਤੇ ਵਿਸ਼ਵਾਸ ਨਾਲ ਰੱਖਿਆ ਜਾ ਸਕਦਾ ਹੈ।"[14]

ਇਸ ਤਰ੍ਹਾਂ ਕਹਾਣੀ ਦਾ ਇਤਿਹਾਸ ਉਨ੍ਹੀਵੀਂ ਸਦੀ ਦਾ ਪਿਛਲਾ ਅੱਧ ਅਤੇ ਵੀਂਹਵੀ ਸਦੀ ਦੇ ਕੁਝ ਮੁੱਢਲੇ ਦਹਾਕੇ ਪੰਜਾਬੀ ਕਹਾਣੀ ਲਈ ਤਿਆਰੀ ਦਾ ਸਮਾਂ ਸੀ। ਪਰ ਸਮੁੱਚੇ ਤੌਰ ਤੇ ਕਹਿ ਸਕਦੇ ਹਾਂ ਕਿ ਪੰਜਾਬੀ ਕਹਾਣੀ ਦਾ ਸਾਹਿੱਤਕ ਪਿਛੋਕੜ ਬਣਾਉਣ ਵਿੱਚ ਸਭ ਤੋਂ ਜ਼ਿਆਦਾ ਹੱਥ ਮਿਸ਼ਨਰੀ ਈਸਾਈ ਪਾਦਰੀਆਂ ਦਾ ਹੈ। ਉਹਨਾਂ ਨੇ ਪੱਛਮੀ ਕਹਾਣੀ ਤਕਨੀਕ ਰਾਹੀਂ ਸਾਡੀ ਕਹਾਣੀ ਦੀ ਨੁਹਾਰ ਘੜੀ, ਭਰਪੂਰ ਲਿਖਤਾਂ ਰਾਹੀਂ ਸਾਡਾ ਕਹਾਣੀ-ਖਜ਼ਾਨਾ ਅਮੀਰ ਬਣਾਇਆ, ਛਾਪੇਖਾਨੇ ਤੋਂ ਛਪਵਾ ਕੇ ਆਮ ਲੋਕਾਂ ਤੀਕ ਇਸ ਨਵੇਂ ਤਰ੍ਹਾਂ ਦੇ ਸਾਹਿਤ ਨੂੰ ਪਹੁੰਚਾਇਆ। ਮਿਸ਼ਨਰੀਆਂ ਨੇ ਪੰਜਾਬ ਦੇ ਇਲਾਕੇ ਦੀ ਚੋਣ ਬੜੀ ਸੋਚ ਸਮਝ ਨਾਲ ਕੀਤੀ ਸੀ। ਇਸ ਗੱਲ ਦਾ ਪਤਾ ਸਾਨੂੰ ਡਾ: ਲੋਰੀ ਦੀ ਲਿਖਤ ਤੋਂ ਪਤਾ ਲੱਗਦਾ ਹੈ ਉਸ ਅਨੁਸਾਰ ਇਹ ਇਲਾਕਾ ਇਸ ਕੰਮ ਲਈ ਨਵਾਂ ਤੇ ਅਣਛੋਹਿਆ ਸੀ। ਇੱਥੇ ਦੇ ਵਸਨੀਕ ਚੰਗੀ ਸਿਹਤ ਵਾਲੇ ਆਜ਼ਾਦ ਆਚਰਣ ਤੇ ਵਿਚਾਰਾਂ ਵਿੱਚ ਖੁਲ-ਦਿਲੀ ਦੇ ਮਾਲਕ ਹਨ। ਮਿਸ਼ਨਰੀਆਂ ਦੇ ਪ੍ਰਤੀਕਰਮ ਵਜੋਂ ਸਿੰਘ ਸਭਾ ਲਹਿਰ ਦੇ ਪ੍ਰਚਾਰ ਨੇ ਪੰਜਾਬੀ ਕਹਾਣੀ ਦੇ ਸਾਹਿਤਕ-ਪਿਛੋਕੜ ਦੇ ਉਸਰਨ ਵਿੱਚ ਬੜੀ ਸਹਾਇਤਾ ਕੀਤੀ ਹੈ। ਸਮਕਾਲੀ ਸਮਾਜ ਤੇ ਧਰਮ ਸੁਧਾਰ ਦੀ ਲੋੜ ਨੂੰ ਉਹਨਾਂ ਗਲਪ ਸਾਹਿਤ ਨਾਲ ਜੋੜਨਾ ਮੁਨਾਸਬ ਸਮਝਿਆ।

ਆਪਣੇ ਉਦੇਸ਼ ਦਾ ਪ੍ਰਗਟਾਵਾ ਲੇਖਕ ਘਟਨਾਵਾਂ ਜਾਂ ਪਾਤਰਾਂ ਦੇ ਕਾਰਜ ਦੁਆਰਾ ਹੀ ਕਰਦੇ ਹਨ। ਅਜੋਕੀ ਕਹਾਣੀ ਵਿੱਚ ਮਨੁੱਖੀ ਸੁਭਾਅ ਨੂੰ ਪੇਸ਼ ਕਰਨਾ ਕਹਾਣੀ ਦਾ ਵਿਸ਼ੇਸ਼ ਮੰਤਵ ਹੈ। ਇਹ ਗੱਲ ਬਿਲਕੁਲ ਸਹੀ ਹੈ ਕਿ ਨਿੱਕੀ ਕਹਾਣੀ ਵਿੱਚ ਸੰਪੂਰਨ ਜ਼ਿੰਦਗੀ ਦੀ ਵਿਆਖਿਆ ਤਾਂ ਨਹੀਂ ਹੋ ਸਕਦੀ ਹੈ ਪਰ ਜ਼ਿੰਦਗੀ ਦੇ ਕਿਸੇ ਇੱਕ ਖਾਸ ਨਜ਼ਰੀਏ ਨਾਲ ਚਾਨਣਾ ਪਾਇਆ ਜਾ ਸਕਦਾ ਹੈ। ਇਸ ਲਈ ਕਹਾਣੀ ਦਾ ਮੁੱਖ ਮੰਤਵ ਇਹੋ ਹੋ ਸਕਦਾ

ਹੈ ਕਿ ਉਹ ਮਨੁੱਖੀ ਜੀਵਨ ਦੀ ਵਿਆਖਿਆ ਕਰੇ। ਕੁਝ ਵੀ ਹੋਵੇ, ਉਦੇਸ਼ ਦਾ ਪ੍ਰਗਟਾਵਾ ਕਦੇ ਵੀ ਸਿੱਧਾ ਪ੍ਰਚਾਰ ਨਹੀਂ ਬਣਨਾ ਚਾਹੀਦਾ । ਕਹਾਣੀ ਵਿੱਚ ਉਸਦਾ ਆਸ਼ਾ ਆਪਣੇ ਆਪ ਉਘੜਣਾ ਚਾਹੀਦਾ ਹੈ ਅਤੇ ਉਸ ਨੂੰ ਬਿਆਨ ਕਰਕੇ ਜ਼ਬਰਦਸਤੀ ਲਿਆਉਣ ਦਾ ਯਤਨ ਨਹੀਂ ਕਰਨਾ ਚਾਹੀਦਾ।

ਪੰਜਾਬੀ ਕਹਾਣੀ: ਲੋਕਧਾਰਾਈ ਪਰਿਪੇਖ-"ਆਧੁਨਿਕ ਪੰਜਾਬੀ ਕਹਾਣੀ ਸਾਡੇ ਵਸ਼ਿਸ਼ਟ ਸਾਹਿਤ ਦਾ ਇੱਕ ਰੂਪਾਕਾਰ ਹੈ। ਕਿਸੇ ਵੀ ਸਮਾਜਕ ਸਮੂਹ ਦੀ ਲੋਕਧਾਰਾ ਉੱਥੋਂ ਦੇ ਵਸ਼ਿਸ਼ਟ ਸਾਹਿਤ ਦੀ ਆਧਾਰ-ਸਮੱਗਰੀ ਹੁੰਦੀ ਹੈ। ਵਸ਼ਿਸ਼ਟ ਸਾਹਿਤਕਾਰ ਦਾ ਸਿਰਫ ਚੇਤਨ ਹੀ ਨਹੀਂ ਸਗੋਂ ਅਵਚੇਤਨ ਵੀ ਸਿਰਜਣਾ ਵਿੱਚ ਸ਼ਾਮਿਲ ਹੁੰਦਾ ਹੈ। ਇਸ ਲਈ ਲੋਕਧਾਰਾ ਦਾ ਸੁਚੇਤ ਨਿਖੇਧ ਕਰਨ ਵਾਲੇ ਰਚਨਾਕਾਰ ਦੀ ਰਚਨਾ ਵਿੱਚ ਵੀ ਲੋਕਧਾਰਾ ਉਸ ਦੇ ਅਵਚੇਤਨ ਰਾਹੀਂ ਆ ਸ਼ਾਮਿਲ ਹੁੰਦੀ ਹੈ।" [15]

ਆਧੁਨਿਕ ਪੰਜਾਬੀ ਕਹਾਣੀ ਹੌਲੀ-ਹੌਲੀ ਆਪਣੇ ਵਿਕਾਸ ਰੂਪ ਵਿੱਚ ਪਹੁੰਚਦੀ ਹੈ। ਇਸ ਵਿੱਚ ਅਲੱਗ-ਅਲੱਗ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿੱਚ ਕਿਸ ਪ੍ਰਕਾਰ ਦੇ ਵਿਸ਼ੇ ਸਮਾਜ ਦੇ ਹਾਲਾਤਾਂ ਨੂੰ ਲੈ ਕੇ ਚੁਣੇ ਹਨ ਉਨਾਂ ਦੀ ਜਾਣਕਾਰੀ ਦਿੱਤੀ ਗਈ ਹੈ। ਮੁੱਢਲੀ ਪੰਜਾਬੀ ਕਹਾਣੀ ਦਾ ਦਿਲਚਸਪ ਪਹਿਲੂ ਇਹ ਹੈ ਕਿ ਇਸ ਦੇ ਰਚਨਾਕਾਰ ਜਿਨ੍ਹਾਂ ਵਿਚੋਂ ਪ੍ਰਮੁੱਖ ਨਾਂ ਚਰਨ ਸਿੰਘ ਸ਼ਹੀਦ ਦਾ ਹੈ, ਸਿੰਘ ਸਭਾ ਲਹਿਰ ਦੇ ਪ੍ਰਭਾਅ ਅਧੀਨ ਸੁਚੇਤ ਭਾਂਤ ਲੋਕਧਾਰਾ ਦੀ ਪਿੱਠਭੂਮੀ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਉਣ ਤੋਂ ਗ਼ੁਰੇਜ਼ ਕਰਦੇ ਹਨ ਪਰ ਦੂਜੇ ਪਾਸੇ ਅਚੇਤ ਹੀ ਉਹ ਲੋਕ ਕਥਾ ਦੇ ਕਥਾਨਕ ਅਤੇ ਉਪਦੇਸ਼ਾਤਮਿਕ ਪ੍ਰਯੋਜਨ ਨੂੰ ਅਪਣਾਈ ਰੱਖਦੇ ਹਨ। ਇਸ ਸਮੇਂ ਦੀ ਕਹਾਣੀ ਵਿੱਚ ਲੇਖਕ ਅਜਿਹੇ ਪਾਤਰਾਂ ਦੀ ਹੋਂਦ ਸਿਰਜਿਤ ਕਰਦਾ ਹੈ ਜੋ ਸਮੇਂ ਅਤੇ ਸਥਿਤੀ ਦੇ ਅਨੁਸਾਰ ਆਪਣੇ ਆਪ ਨੂੰ ਢਾਲਣ ਲਈ ਮਜ਼ਬੂਰ ਨਹੀਂ ਹੁੰਦੇ ਬਲਕਿ ਸਮੇਂ ਨੂੰ ਆਪਣੇ ਵੱਲ ਕਰਨ ਲਈ ਸਮੇਂ ਨੂੰ ਮਜ਼ਬੂਰ ਕਰ ਦਿੰਦੇ ਹਨ। ਇਸ ਸਮੇਂ ਦੀ ਇੱਕ ਕਹਾਣੀ 'ਗਰੀਬੜੀ' ਵਿੱਚ ਅਜਿਹੇ ਪਾਤਰ ਦੀ ਵਾਰਤਾਲਾਪ ਕਰਵਾਈ ਹੈ ਜੋ ਆਪਣੇ ਪਤੀ ਦੇ ਆਪਣੇ ਘਰ ਜਾਣ ਤੋਂ ਬਾਅਦ ਆਪਣੇ ਘਰ ਪਰਿਵਾਰ ਦੀ ਇਕੱਲੀ ਹੀ ਸਾਂਭ ਸੰਭਾਲ ਕਰਦੀ ਹੈ।

"ਜਦੋਂ ਉਸਦਾ ਪਤੀ ਉਸ ਨਾਲ ਕਈ ਦਿਨ ਘਰ ਨਾ ਆਉਣ ਦਾ ਉਸ ਨਾਲ ਅਫਸੋਸ ਪ੍ਰਗਟ ਕਰਦਾ ਹੈ, "ਜਦੋਂ ਉਹ ਆਪਣੀ ਪਤਨੀ ਨੂੰ 'ਮੇਰੀ ਗਰੀਬੜੀ ਦੇਵੀ' ਕਹਿ ਕੇ ਸੰਬੋਧਨ ਕਰਦਾ ਹੈ ਤਾਂ ਨਿਹਾਲ ਕੌਰ ਆਖਦੀ ਹੈ, ਕੌਣ ਕਹਿੰਦਾ ਹੈ ਕਿ ਮੈਂ ਗਰੀਬੜੀ ਹਾਂ ? ਅੱਜ ਮੇਰੇ ਨਾਲ ਦੀ ਦੌਲਤ ਵਾਲੀ ਕੌਣ ਹੈ।" ਲੋਕ ਕਥਾਵਾਂ ਵਾਂਗ ਹੀ ਦੁਖਾਂਤਕ ਸਥਿਤੀ ਦਾ ਸੁਖਾਂਤਕ ਅੰਤ ਕਰਦੀ ਇਹ ਕਹਾਣੀ ਆਪਣੀ ਰਚਨਾ ਵਿਵੇਕ ਪੱਖੋਂ ਵੀ ਲੋਕ ਦ੍ਰਿਸ਼ਟੀ ਦਾ ਅਨੁਸਰਨ ਕਰਦੀ ਹੈ।"[16]

ਹੀਰਾ ਸਿੰਘ ਦਰਦ ਨੇ ਆਪਣੀਆਂ ਕਹਾਣੀਆਂ ਵਿੱਚ ਅਜਿਹੇ ਸਮਾਜ ਦੀ ਵਿਆਖਿਆ ਕੀਤੀ ਹੈ ਜੋ ਕਿ ਇੱਕ ਬਣੀ ਹੋਈ ਮਿੱਥ ਦੇ ਇਤਿਹਾਸ ਉੱਪਰ ਵੀ ਚਾਨਣਾ ਪਾਉਂਦੀ ਹੈ ਉਸਨੇ ਮਾਰਕਸਵਾਦ ਦੇ ਵਿਚਾਰਾਂ ਉੱਪਰ ਆਪਣੀ ਰਾਇ ਅਜ਼ਮਾ ਕੇ ਮਿੱਥ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ। ਪੀਰ ਗਾਲੜ੍ਹ ਸ਼ਾਹ ਦੀ ਕਬਰ ਉੱਪਰ ਬਣੀ ਮਿੱਥ ਬਾਰੇ ਦੱਸਦਾ ਹੈ ਕਿ ਕਿਵੇਂ ਪਿੰਡ ਦੇ ਲੋਕਾਂ ਵਲੋਂ ਹੀ ਕੁਝ ਆਪਣੀਆਂ ਸ਼ਰਾਰਤਾਂ ਕਾਰਨ ਇਹ ਕਬਰ ਬਣਾਈ ਗਈ ਹੈ।

"ਉਹ ਉਸ ਨੂੰ ਡੱਬਾ ਬੰਦ ਕਰਕੇ ਇੱਕ ਕਬਰ ਵਿੱਚ ਦਫ਼ਨਾਉਣ ਦੀ ਸ਼ਰਾਰਤ ਕਰਦੇ ਹਨ। ਇਹੀ ਕਬਰ ਹੌਲੀ- ਹੌਲੀ ਇੱਕ ਅਜਿਹਾ ਧਾਰਮਕ ਸਥਾਨ ਬਣ ਜਾਂਦੀ ਹੈ ਜਿੱਥੇ ਮੰਨਤਾਂ ਮੰਨੀਆਂ ਜਾਣ ਲੱਗਦੀਆਂ ਹਨ। ਜਦੋਂ ਫੌਜ ਦੀ ਛਾਉਣੀ ਲਈ ਥਾਂ ਪੱਧਰਾ ਕਰਨ ਵਾਸਤੇ ਕਬਰ ਨੂੰ ਢਾਹੁਣ ਦੀ ਗੱਲ ਫੈਲਦੀ ਹੈ ਤਾਂ ਸੰਪਰਦਾਇਕ ਦੰਗਿਆਂ ਦੀ ਸਥਿਤੀ ਬਣ

ਜਾਂਦੀ ਹੈ। ਉਸ ਵੇਲੇ ਉਹ ਵਿਦਿਆਰਥੀ ਜੋ ਕਬਰ ਬਣਾਉਣ ਵਾਲਿਆਂ ਚ ਸ਼ਾਮਿਲ ਸੀ, ਸਾਰੀ ਘਟਨਾ ਦਾ ਪਰਦਾਫਾਸ਼ ਕਰਦਾ ਹੈ। ”[17]

ਪੰਜਾਬੀ ਕਹਾਣੀ ਜੋ ਆਰੰਭ ਵਿੱਚ ਰਚੀ ਗਈ ਹੈ ਸੁਧਾਰਕ ਪ੍ਰਵਿਰਤੀ ਹੈ। ਇਸ ਸਦਾਚਾਰਕ ਉਪਦੇਸ਼, ਕਦਰਾਂ-ਕੀਮਤਾਂ, ਜੀਵਨ ਮੁੱਲਾਂ ਪ੍ਰਤੀ ਵਚਨਬੱਧਤਾ ਸਭ ਕੁਝ ਇਸ ਸਮੇਂ ਦੀ ਕਹਾਣੀ ਵਿੱਚ ਪਾਇਆ ਗਿਆ ਹੈ।

“ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੱਕ ਲਿਖੀ ਗਈ ਕਹਾਣੀ ਅਜਿਹੇ ਪ੍ਰਤੀਮਾਨਕ ਚਰਿੱਤਰ ਵਾਲੀ ਹੈ। ਭਾਈ ਮੋਹਨ ਸਿੰਘ ਵੈਦ ਇਸ ਪ੍ਰਵਿਰਤੀ ਦਾ ਸਮਰੱਥ ਕਹਾਣੀਕਾਰ ਹੋ ਗੁਜ਼ਰਿਆ ਹੈ। ਉਸਦੇ ਪਹਿਲੇ ਦੋ ਕਹਾਣੀ ਸੰਗ੍ਰਹਿਆਂ ‘ਹੀਰੇ ਦੀਆਂ ਕਣੀਆਂ, ਰੰਗ ਬਰੰਗੇ ਫੁੱਲ ਵਿਚਲੀਆਂ ਕਹਾਣੀਆਂ ਦਾ ਆਧਾਰ ਪੱਛਮੀ ਕਹਾਣੀਆਂ ਦਾ ਆਧਾਰ ਭਾਰਤੀ ਕਹਾਣੀਆਂ ਹਨ। ਭਾਈ ਮੋਹਨ ਸਿੰਘ ਵੈਦ ਦੀਆਂ ਕਹਾਣੀਆਂ ਵਿੱਚ ਆਦਰਸ਼ਵਾਦ ਦੇ ਨਾਲ-ਨਾਲ ਯਥਾਰਥਵਾਦ ਦਾ ਅੰਸ਼ ਵੀ ਮਿਲ ਜਾਣ ਕਰਕੇ ਕਈ ਆਲੋਚਕ ਆਧੁਨਿਕ ਨਿੱਕੀ ਕਹਾਣੀ ਦਾ ਮੋਢੀ ਭਾਈ ਮੋਹਨ ਸਿੰਘ ਵੈਦ ਨੂੰ ਮੰਨਦੇ ਹਨ। ”[18]

ਡਾ. ਮੋਹਨ ਸਿੰਘ ਜਿੱਥੇ ਪ੍ਰਮੁੱਖ ਬੁੱਧੀਵੇਤਾ ਤੇ ਮੌਲਿਕ ਦਾਰਸ਼ਨਿਕ ਚਿੰਤਕ ਹੈ, ਉੱਥੇ ਜੀਵਨ ਦੀ ਡੂੰਘੀ ਨੀਝ ਨਾਲ ਵੇਖਣ ਘੋਖਣ ਦੀ ਬਿਰਤੀ ਨੇ ਉਸ ਨੂੰ ਤਿੰਨ ਕੁ ਦਰਜਨ ਵਧੀਆ ਕਹਾਣੀਆਂ ਦੇ ਲੇਖਕ ਦੇ ਰੂਪ ਵਿੱਚ ਸਾਹਮਣੇ ਲੈ ਆਂਦਾ ਹੈ। ਉਸ ਦੀਆਂ ਕਹਾਣੀਆਂ ਦਾ ਵਿਸ਼ਾ ਜੀਵਨ ਦੇ ਯਥਾਰਥਵਾਦੀ ਪੱਖਾਂ ਤੋਂ ਲਿਆ ਗਿਆ ਹੁੰਦਾ ਹੈ ਅਤੇ ਆਸ਼ਾ ਆਦਰਸ਼ਵਾਦੀ ਤੇ ਅਧਿਆਤਮਕ ਹੁੰਦਾ ਹੈ।

“ਨਾਨਕ ਸਿੰਘ ਤੋਂ ਬਾਅਦ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਨਵੇਂ ਵਿਸ਼ਿਆਂ, ਨਵੀਨ ਸ਼ੈਲੀ ਅਤੇ ਨਵੇਂ ਵਿਚਾਰਾਂ ਨਾਲ ਪ੍ਰਵੇਸ਼ ਕਰਦਾ ਹੈ- ਗੁਰਬਖ਼ਸ਼ ਸਿੰਘ ‘ਪ੍ਰੀਤਲੜੀ’। ਉਸ ਦੀ ਰਚਨਾ ਦੀ ਸ਼ੁਰੂਆਤ ਦਾ ਸਮਾਂ ਵੀਹਵੀਂ ਸਦੀ ਦਾ ਚੌਥਾ ਦਹਾਕਾ ਹੈ। ਉਹ ਤਕਨੀਕ ਦੇ ਪੱਖੋਂ ਪਹਿਲੇ ਪੜਾਅ ਦੇ ਕਹਾਣੀਕਾਰਾਂ ਤੋਂ ਬਿਲਕੁਲ ਵੱਖਰਾ ਤੇ ਨਵੀਂ ਸੁਰ ਵਾਲਾ ਹੈ। ”[19]

ਨਾਨਕ ਸਿੰਘ ਨਾਵਲਕਾਰ ਪਹਿਲਾਂ ਹੈ ਕਹਾਣੀਕਾਰ ਬਾਅਦ ਵਿੱਚ। ਇਸ ਲਈ ਉਸਦੀ ਕਹਾਣੀ ਕਲਾ ਵਿੱਚ ਨਾਵਲੀ ਰੰਗ ਵਧੇਰੇ ਪ੍ਰਧਾਨ ਹੈ। ਸਾਧਾਰਣ ਜੀਵਨ ਦੀ ਸਾਧਾਰਣਤਾ ਉਸ ਲਈ ਮਹੱਤਵਪੂਰਨ ਨਹੀਂ। ਇਸ ਲਈ ਉਹ ਵਿਸ਼ੇਸ਼ ਪਾਤਰ, ਵਿਸ਼ੇਸ਼ ਘਟਨਾਵਾਂ ਤੇ ਵਿਸ਼ੇਸ਼ ਵਿਚਾਰ ਚੁਣਦਾ ਤੇ ਉਨ੍ਹਾਂ ਨੂੰ ਆਪਣੇ ਮੱਤ ਦੀ ਸਥਾਪਤੀ ਲਈ ਦ੍ਰਿਸ਼ਟਾਂਤ ਵਜੋਂ ਵਰਤਦਾ। ਉਸ ਦੀਆਂ ਕਹਾਣੀਆ ਹਨ- ਰੱਖੜੀ, ਮਿੱਧੇ ਹੋਏ ਫੁੱਲ ਤੇ ਠੰਡੀਆਂ ਛਾਵਾਂ।

“ਪੰਜਾਬੀ ਕਹਾਣੀ ਦੇ ਇਤਿਹਾਸਕ ਵਿਕਾਸ ਵਿੱਚ ਤੀਜਾ ਪੜਾਅ ਬੜਾ ਅਹਿਮ ਹੈ। ਇਸ ਦੌਰ ਦੇ ਪ੍ਰਮੁੱਖ ਪੰਜਾਬੀ ਕਹਾਣੀਕਾਰ ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਦੇਵਿੰਦਰ ਸਤਿਆਰਥੀ, ਕਰਤਾਰ ਸਿੰਘ ਦੁੱਗਲ, ਆਦਿ ਅਜਿਹੇ ਕਹਾਣੀਕਾਰ ਹਨ ਜਿਨ੍ਹਾਂ ਦੀਆਂ ਕਹਾਣੀਆਂ ਦਾ ਵਿਸ਼ਾ ਯਥਾਰਥਬੋਧ ਅਤੇ ਮਨੁੱਖੀ ਸਰੋਕਾਰਾਂ ਪ੍ਰਤੀ ਚਿੰਤਾਂ ਪ੍ਰਗਟਾਉਂਦਾ ਹੈ। ਇਸ ਪੜਾਅ ਦੀ ਕਹਾਣੀ ਆਪਣੇ ਨਵੇਂ ਭਾਵ ਬੋਧ ਕਰਕੇ ਪੰਜਾਬੀ ਕਹਾਣੀ ਨੂੰ ਨਵਾਂ ਰਚਨਾਤਮਕ ਵਿਕਾਸ ਦਿੰਦੀ ਹੈ ਅਤੇ ਯਥਾਰਥਬੋਧ ਦਾ ਪ੍ਰਮਾਣਕ ਪ੍ਰਗਟਾਵਾ ਬਣਦੀ ਹੈ। ” [20]

ਇਸ ਪੜਾਅ ਦੇ ਕਹਾਣੀਕਾਰ ਪ੍ਰਵੀਨ ਕਲਾਕਾਰ ਹਨ। ਕਹਾਣੀ ਦੇ ਰੂਪ ਵਿਧਾਨ ਦੇ ਮਾਹਿਰ ਹਨ। ਇਨ੍ਹਾਂ ਦੀ ਸ਼ੈਲੀ ਪਕੇਰੀ ਤੇ ਹੰਢੀ ਰਸੀ ਹੋਈ ਹੈ। ਲਗਭਗ ਸਾਰਿਆਂ ਵਿੱਚ ਵੱਧ ਘੱਟ ਮਾਤਰਾ ਵਿੱਚ ਫ਼ਰਾਇਡਵਾਦੀ ਪ੍ਰਭਾਵ ਵੀ ਮੌਜੂਦ ਹਨ ਅਤੇ ਉਹ ਲੋੜ ਤੋਂ ਵਧੇਰੇ ਨਿਰਸੰਕੋਚ ਹੋ ਕੇ ਲਿੰਗ ਕਾਮਨਾ ਦਾ ਵਰਣਨ ਕਰਦੇ ਹਨ। ਬਹੁਤਿਆਂ ਦਾ ਦ੍ਰਿਸ਼ਟੀਕੋਣ

ਸਮਾਜਵਾਦੀ ਜਾਂ ਅਗਰਗਾਮੀ ਹੈ। ਪੇਂਡੂ ਤੇ ਸ਼ਹਿਰੀ ਸਮਾਜ ਬਾਰੇ ਸੰਤੁਲਿਤ ਬੋਧ ਰੱਖਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਰਾਹੀਂ ਕਹਾਣੀ ਦਾ ਮੁਹਾਂਦਰਾ ਤੇ ਨੈਣ ਨਕਸ਼ ਨਿੱਖਰੇ ਤੇ ਚਮਕੇ ਹਨ ਅਤੇ ਬਹੁਤਿਆਂ ਦੀਆਂ ਕਹਾਣੀਆਂ ਨਮੂਨੇ ਦੀਆਂ ਆਦਰਸ਼ਕ ਰਚਨਾਵਾਂ ਬਣ ਗਈਆਂ ਹਨ। ਫਿਰ ਵੀ ਇਨ੍ਹਾਂ ਨੂੰ ਪਹਿਲੀ ਪੀੜ੍ਹੀ ਦੇ ਯਥਾਰਥਵਾਦੀ ਕਹਾਣੀਕਾਰ ਕਿਹਾ ਜਾ ਸਕਦਾ ਹੈ।

ਸੇਖੋਂ ਨੇ 'ਸਮਾਚਾਰ', 'ਕਾਮੇ ਤੇ ਯੋਧੇ', 'ਤੀਜਾ ਪਹਿਰ', ਆਦਿ ਕਹਾਣੀ-ਸੰਗ੍ਰਹਿ ਦਿੱਤੇ ਹਨ। ਉਸ ਦੀ ਸ਼ੈਲੀ ਆਧੁਨਿਕ, ਵਿਸ਼ੇ ਯਥਾਰਥਵਾਦੀ, ਰੰਗ ਬੌਧਿਕ ਤੇ ਆਸ਼ਾ ਪ੍ਰਗਤੀਵਾਦੀ ਹੁੰਦਾ ਹੈ। ਪਾਤਰ ਕਈ ਵਾਰ ਉਸ ਦੇ ਵਿਚਾਰਾਂ ਦੇ ਪਰਛਾਵਿਆਂ ਤੋਂ ਬਾਹਰ ਨਹੀਂ ਆ ਸਕਦੇ ਪਰ ਉਹ ਠੋਸ ਤੇ ਜੀਵਨ ਦੀ ਮੂਲ ਸੱਚਾਈ ਨਾਲ ਸੰਬੰਧ ਰੱਖਣ ਵਾਲੇ ਹੁੰਦੇ ਹਨ।

"ਸੰਤ ਸਿੰਘ ਸੇਖੋਂ ਨੇ ਉਂਜ ਤਾਂ ਪੰਜਾਬੀ ਸਾਹਿਤ ਦੇ ਭਾਵੇਂ ਹਰ ਸਾਹਿਤ ਰੂਪ ਵਿੱਚ ਰਚਨਾ ਕੀਤੀ ਹੈ। ਪੰਜਾਬੀ ਨਿੱਕੀ ਕਹਾਣੀ ਨੂੰ ਉਸ ਦੀ ਦੇਣ ਅਤਿਅੰਤ ਮਹੱਤਵਪੂਰਨ ਹੈ। ਪੰਜਾਬੀ ਕਹਾਣੀ ਨੂੰ ਪੱਛਮੀ ਕਹਾਣੀ ਦੀ ਰੂਪ-ਰੇਖਾ ਦੇ ਅਨੁਸਾਰ ਢਾਲਣ ਵਿੱਚ ਸੇਖੋਂ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੈ। ਸਮਾਚਾਰ, ਕਾਮੇ ਤੇ ਯੋਧੇ, ਅੱਧੀ ਵਾਟ, ਤੀਜਾ ਪਹਿਰ, ਆਦਿ ਕਹਾਣੀ-ਸੰਗ੍ਰਹਿਆਂ ਦਾ ਜਨਮ ਦਾਤਾ ਸੰਤ ਸਿੰਘ ਸੇਖੋਂ ਇੱਕ ਅਜਿਹਾ ਕਹਾਣੀਕਾਰ ਹੈ, ਜਿਸਨੇ ਸਮਾਜਕ ਕੁਰੀਤੀਆਂ, ਰਸਮਾਂ-ਰਿਵਾਜ਼ਾਂ, ਅੰਧ-ਵਿਸ਼ਵਾਸਾਂ, ਵਹਿਮਾਂ ਭਰਮਾਂ, ਕਪਟਾਂ ਤੇ ਕੁਰੀਤੀਆਂ, ਦੀ ਸਹੀ ਤਰ੍ਹਾਂ ਜਾਂਚ ਪੜਤਾਲ ਕਰਕੇ ਇਨ੍ਹਾਂ ਦਾ ਸੁਚੱਜਾ ਯਥਾਰਥਕ ਤੇ ਵਿਗਿਆਨਕ ਹੱਲ ਵੀ ਪੇਸ਼ ਕੀਤਾ ਹੈ।"[21]

ਸਤਿਆਰਥੀ ਸੁਅਸਥ ਤੇ ਅਗਰਗਾਮੀ ਰੁਚੀਆਂ ਰੱਖਣ ਵਾਲਾ ਕਹਾਣੀਕਾਰ ਹੈ, ਭਾਵੇਂ ਉਸ ਦੀ ਛਾਪ ਯਥਾਰਥਵਾਦੀ ਹੋਣ ਦੀ ਥਾਂ ਵਿਅਕਤੀਵਾਦੀ ਰਹਿੰਦੀ ਹੈ। ਵਿਸ਼ੇ ਵਸਤੂ ਦਾ ਤੇਜੱਸਵੀ ਸਰੂਪ, ਅਖਿਲ ਭਾਰਤੀ ਰਾਸ਼ਟਰਵਾਦੀ ਚੇਤੰਨਤਾ, ਅੰਤਰ ਪ੍ਰਦੇਸ਼ਕ ਸਾਂਝ, ਅੰਤਰ-ਰਾਸ਼ਟਰੀ ਮਾਨਵਵਾਦ ਦੇ ਲੋਕ-ਗੀਤਾਂ ਦੀ ਸਰਲ ਤੇ ਸਮੂਹਕ ਆਤਮਾ ਵਿੱਚ ਲਪੇਟਿਆ ਇਹ ਸਭ ਕੁਝ, ਸੱਜਰ ਸੂਈ ਗਾਂ ਤੇ ਨਵੀਂ ਫੁੱਟੀ ਕੋਂਪਲ ਵਾਂਗ ਆਪਣੀ ਮਾਸੂਮੀਅਤ ਤੇ ਯਥਾਰਥ ਨੂੰ ਆਦਰਸ਼ ਦੀ ਸੁੱਚੀ ਪੋਟਲੀ ਵਿੱਚ ਸੰਭਾਲੀ ਬੈਠਾ ਹੈ।

"ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਦੇਵਿੰਦਰ ਸਤਿਆਰਥੀ ਮਨੁੱਖੀ ਯਥਾਰਥ-ਬੋਧ ਅਤੇ ਪ੍ਰਗਤੀਵਾਦੀ ਪ੍ਰਵਿਰਤੀ ਵਾਲਾ ਨਿਵੇਕਲਾ ਕਹਾਣੀਕਾਰ ਹੈ। ਸਤਿਆਰਥੀ ਦੀਆਂ ਕਹਾਣੀਆਂ ਦੂਸਰੇ ਕੁਝ ਕਹਾਣੀਕਾਰਾਂ ਨਾਲੋਂ ਵਿਲੱਖਣ ਹਨ। ਇਨ੍ਹਾਂ ਕਹਾਣੀਆਂ ਦਾ ਥੀਮ ਮਨੁੱਖ ਤੇ ਕੁਦਰਤ ਦੇ ਆਪਸੀ ਸੰਬੰਧਾਂ ਦੇ ਗਹਿਰੇ ਅਹਿਸਾਸ ਉੱਤੇ ਆਧਾਰਿਤ ਹੈ। ਆਪਣੀਆਂ ਕਈ ਕਹਾਣੀਆਂ ਵਿੱਚ ਉਸਨੇ ਧਰਤੀ, ਜਲ-ਵਾਯੂ ਤੇ ਮੌਸਮ ਨੂੰ ਵੀ ਪਾਤਰਾਂ ਦੇ ਤੌਰ ਤੇ ਉਲੀਕਿਆ ਹੈ। ਕੁੰਗ-ਪੋਸ਼, ਦੇਵਤਾ ਡਿੱਗ ਪਿਆ, ਸੋਨਾ ਗਾਚੀ, ਪੈਰਿਸ ਦਾ ਆਦਮੀ, ਸੂਈ ਬਾਜ਼ਾਰ ਆਦਿ ਉਸਦੇ ਪ੍ਰਸਿੱਧ ਕਹਾਣੀ-ਸੰਗ੍ਰਹਿ ਹਨ, ਜਿਨ੍ਹਾਂ ਵਿੱਚ ਉਸਨੇ ਪਾਤਰਾਂ ਤੇ ਘਟਨਾਵਾਂ ਦੀ ਚੋਣ ਵੱਖ-ਵੱਖ ਪਰਦੇਸ਼ਾਂ ਵਿਚੋਂ ਕੀਤੀ ਹੈ।"[22]

ਕੁਲਵੰਤ ਸਿੰਘ ਵਿਰਕ ਤੇ ਸੰਤੋਖ ਸਿੰਘ ਧੀਰ ਦੋਵੇਂ ਸਮਕਾਲੀ ਕਹਾਣੀਕਾਰ ਹਨ। ਵਿਰਕ ਨਿਰੋਲ ਕਹਾਣੀਕਾਰ ਹੈ ਅਤੇ ਧੀਰ ਕਵੀ ਵੀ ਹੈ। ਪਰ ਪੇਂਡੂ ਸਮਾਜ ਨੂੰ ਪੂਰਨ ਤੌਰ 'ਤੇ ਚਿਤਰਨ ਵਿੱਚ ਇਨ੍ਹਾਂ ਦੋਹਾਂ ਨੂੰ ਚੋਖਾ ਕਮਾਲ ਹਾਸਿਲ ਹੈ। ਵਿਰਕ ਕੇਂਦਰੀ ਪੰਜਾਬ ਦੀ ਪੇਂਡੂ ਆਤਮਾ ਨੂੰ ਸੋਹਣੀ ਤਰਾਂ ਚਿਤਰ ਸਕਿਆ ਹੈ ਤੇ ਧੀਰ ਮਾਲਵੇ ਦੇ ਪਿੰਡਾਂ ਦੇ ਜੀਵਨ ਨੂੰ। ਵਿਰਕ ਦੀ ਬੌਧਿਕ ਪਕੜ ਤਾਰਕਿਕ ਤੇ ਮਨੋਵਿਗਿਆਨਕ ਹੈ ਤੇ ਧੀਰ ਦੀ ਪ੍ਰਗਤੀਸ਼ੀਲ।

"ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਇੱਕ ਅਜਿਹਾ ਕਹਾਣੀਕਾਰ ਹੈ, ਜਿਸ ਨੇ ਬਹੁਤੀਆਂ ਕਹਾਣੀਆਂ ਪੇਂਡੂ ਜੀਵਨ ਤੇ ਖ਼ਾਸ ਕਰਕੇ ਕਿਰਸਾਣੀ ਜੀਵਨ ਬਾਰੇ ਲਿਖੀਆਂ ਹਨ। ਆਪਣੇ ਪਿਛਲੇ ਦੌਰ ਦੀਆਂ ਕਹਾਣੀਆਂ ਵਿੱਚ ਉਸਨੇ ਸ਼ਹਿਰੀ ਮੱਧ-ਸ਼੍ਰੇਣੀ ਨੂੰ ਵੀ ਚਿਤਰਿਆ ਹੈ। ਵਿਰਕ ਨੇ ਮੱਧ ਸ਼੍ਰੇਣੀ ਦੇ ਵਿਅਕਤੀ ਦੀ ਸਰੀਰਕ, ਕਾਮੁਕ ਅਤੇ ਸੁਹਜਾਤਮਕ ਭੁੱਖ ਦਾ ਬੜੇ ਮਨੋਵਿਗਿਆਨਕ ਢੰਗ ਨਾਲ ਵਰਨਣ ਕੀਤਾ ਹੈ। ਉਸਨੇ ਆਪਣੀਆਂ ਕਹਾਣੀਆਂ ਵਿੱਚ ਹੋਂਦ ਦੀ ਸਥਾਪਨਾ ਅਤੇ ਸਵੈ-ਪਹਿਚਾਣ ਦੀ ਸਮੱਸਿਆ ਨੂੰ ਵੀ ਲਿਆ ਹੈ। ਉਹ ਕਿਸੇ ਪੂਰਵ-ਨਿਸਚਿਤ ਧਾਰਨਾ ਤੋਂ ਪ੍ਰੇਰਿਤ ਹੋ ਕੇ ਕਹਾਣੀ ਨਹੀਂ ਲਿਖਦਾ ਸਗੋਂ ਸੁਤੰਤਰ ਹੋ ਕੇ ਮਨੁੱਖੀ ਮਨ ਦਾ ਵਿਸ਼ਲੇਸ਼ਣ ਕਰਦਾ ਹੈ।"[23]

ਪੰਜਾਬੀ ਨਿੱਕੀ ਕਹਾਣੀ ਦੇ ਵਿਕਾਸ ਵਿੱਚ ਕੁਝ ਕੁ ਇਸਤਰੀ ਲੇਖਕਾਂ ਨੇ ਵੀ ਯੋਗ ਹਿੱਸਾ ਪਾਇਆ ਹੈ। ਇਨ੍ਹਾਂ ਦਾ ਜਗਤ ਤਾਂ ਭਾਵੇਂ ਨਿਰਾਲਾ ਨਹੀਂ, ਪਰ ਅਨੁਭਵ ਜਰੂਰ ਵਿਲੱਖਣ ਹੈ। ਵਿਸ਼ੇਸ਼ ਕਰਕੇ ਪੁਰਸ਼ ਪ੍ਰਧਾਨ ਸਮਾਜ ਤੇ ਸਾਮੰਤਵਾਦੀ ਯੁੱਗ ਦੇ ਕਠੋਰ ਦਮਨ ਨੇ ਇਨ੍ਹਾਂ ਦੀ ਵਿਅਕਤੀਗਤ ਸੁਤੰਤਰਤਾ ਨੂੰ ਨਪੀੜੀ ਰੱਖਿਆ ਹੈ। ਵਿਸ਼ਾਦ-ਗ੍ਰਸਤ ਇਸਤਰੀ ਜਗਤ ਦਾ ਕਰੁਣਾਮਈ ਅਨੁਭਵ ਇਨ੍ਹਾਂ ਕਲਾਕਾਰਾਂ ਨੇ ਬੜੀ ਸੁਹਿਰਦਤਾ ਨਾਲ ਬਿਆਨਿਆ ਹੈ ਜਿੱਥੇ ਹਉਂਕੇ ਤੇ ਸਿਸਕੀਆਂ ਹਨ। ਉੱਥੇ ਇਸਤਰੀ ਮਨ ਵਿੱਚ ਉੱਭਰ ਰਿਹਾ ਸੰਘਰਸ਼ ਬਲ ਤੇ ਆਧੁਨਿਕ ਯੁੱਗ ਦੀ ਸੁਤੰਤਰ ਚੇਤਨਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

"ਅਜੀਤ ਕੌਰ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੀ ਪਾਤਰ-ਉਸਾਰੀ ਬੜੇ ਮਨੋਵਿਗਿਆਨਗ ਢੰਗ ਨਾਲ ਕਰਦੀ ਹੈ। ਇੱਕ ਹੋਰ ਫਾਲਤੂ ਔਰਤ, ਇੱਕ ਮਰਿਆ ਹੋਇਆ ਪਲ, ਬੁੱਤ ਸ਼ਿਕਨ, ਉਸਦੀਆਂ ਅਜਿਹੀਆਂ ਮਨੋਵਿਗਿਆਨਕ ਕਹਾਣੀਆਂ ਹਨ। ਜਿਨ੍ਹਾਂ ਵਿੱਚ ਉਹ ਆਪਣੇ ਵਿਸ਼ੇ ਦੇ ਪਾਤਰਾਂ ਲਈ ਟਕਰਾ ਵਿਧੀ ਦੀ ਵਰਤੋਂ ਕਰਦੀ ਹੈ। ਉਹ ਕਹਾਣੀਆਂ ਦੀ ਥੀਮਕ ਉਸਾਰੀ ਪ੍ਰਤੀਕਾਂ ਤੇ ਗਲਪ ਬਿੰਬਾਂ ਰਾਹੀਂ ਕਰਦੀ ਹੈ। ਉਸ ਨੇ ਗੁਲਬਾਨੋਂ ਤੋਂ ਕਹਾਣੀਆਂ ਦੀ ਸ਼ੁਰੂਆਤ ਕੀਤੀ ਤੇ ਫਾਲਤੂ ਔਰਤ ਬੁੱਤ ਸ਼ਿਕਨ, ਪੋਸਟ ਮਾਰਟਮ ਤੇ ਸਵੀਆਂ ਚਿੜੀਆਂ ਨਾ ਮਾਰੋ ਆਦਿ ਦੇ ਪੜਾਵਾਂ ਤੋਂ ਲੰਘਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਅਜੀਤ ਕੌਰ ਦੀਆਂ ਕਹਾਣੀਆਂ ਵਿੱਚ ਮਨੁੱਖੀ ਤੇ ਖ਼ਾਸ ਕਰਕੇ ਔਰਤ ਦੇ ਮਨ ਦਾ ਵਿਸ਼ਲੇਸ਼ਣ ਤੇ ਆਧੁਨਿਕ ਸੰਵੇਦਨਸ਼ੀਲਤਾ ਦੇ ਦਰਸ਼ਨ ਹੁੰਦੇ ਹਨ।"[24]

ਕਹਾਣੀ ਦੇ ਖੇਤਰ ਵਿੱਚ ਗੁਰਦਿਆਲ ਸਿੰਘ ਦਾ ਨਾਂ ਆਪਣੀਆਂ ਵਿਰਲੀਆਂ ਕਹਾਣੀਆਂ ਕਾਰਨ ਪਛਾਣਿਆ ਜਾਂਦਾ ਹੈ। ਆਪਣੇ ਪਹਿਲੇ ਨਾਵਲ ਮੜ੍ਹੀ ਦਾ ਦੀਵਾ ਨਾਲ ਉਸਨੇ ਜੋ ਪ੍ਰਸਿੱਧੀ ਹਾਸਿਲ ਕੀਤੀ ਉਹ ਪ੍ਰਸਿੱਧੀ ਉਸ ਨੂੰ ਕਹਾਣੀ ਦੇ ਖੇਤਰ ਵਿੱਚ ਨਸੀਬ ਨਹੀਂ ਹੋਈ। ਰੁੱਖੇ-ਮਿੱਸੇ ਬੰਦੇ, ਸੱਗੀ ਫੁੱਲ, ਓਪਰਾ ਘਰ, ਚੰਨ ਦਾ ਹੂਟਾ, ਕੁੱਤਾ ਤੇ ਆਦਮੀ, ਮਸਤੀ ਬੋਤਾ, ਪੱਕਾ ਟਿਕਾਣਾ ਆਦਿ ਉਸਦੇ ਪ੍ਰਸਿੱਧ ਕਹਾਣੀ-ਸੰਗ੍ਰਹਿ ਹਨ। ਮਾਲਵੇ ਦੇ ਹੇਠਲੇ ਵਰਗ ਦੇ ਪੇਂਡੂ ਜੀਵਨ ਦੀਆਂ ਕਸ਼ਟਦਾਇਕ ਸਥਿਤੀਆਂ ਨੂੰ ਉਸਨੇ ਆਪਣੀਆਂ ਕਹਾਣੀਆਂ ਵਿੱਚ ਬੜੀ ਵਿਲੱਖਣਤਾ ਨਾਲ ਪ੍ਰਗਟਾਇਆ ਹੈ।

ਵੀਹਵੀਂ ਸਦੀ ਦੇ ਅਖੀਰਲੇ ਦੋ ਦਹਾਕਿਆਂ ਵਿੱਚ ਨਵੀਂ ਸੋਝੀ ਨਾਲ ਪਰਣਾਏ ਕੁਝ ਅਜਿਹੇ ਸਮਰੱਥ ਕਹਾਣੀਕਾਰ ਉਭਰੇ ਜੋ ਪੁਰਾਣੀ ਤੇ ਨਵੀਂ ਪੀੜੀ ਲਈ ਮਾਰਗ ਦਰਸ਼ਕ ਬਣੇ। ਇਹਨਾਂ ਨੇ ਪੁਰਾਣੇ ਕਹਾਣੀਕਾਰਾਂ ਦੇ ਕਥਾ ਮਾਡਲਾਂ ਦੀਆਂ ਕੁਝ ਨਵੀਆਂ ਸੰਭਾਵਨਾਵਾਂ ਸਿਰਜਣ ਦਾ ਯਤਨ ਕੀਤਾ। ਮਾਹੌਲ ਖੁੱਲਣ ਨਾਲ ਕਈ ਨਵੇਂ ਵਿਸ਼ੇ ਸਿੱਧੇ ਕਹਾਣੀਆਂ ਵਿੱਚ ਸ਼ਾਮਿਲ ਹੋ ਗਏ, ਵਿਸ਼ੇਸ਼ ਕਰਕੇ ਇਸਤਰੀ ਮਰਦ ਨਾਲ ਸੰਬੰਧਿਤ ਵਰਜਿਤ ਤੇ ਅਵਿਰਜਿਤ ਕਹਾਣੀਆਂ ਲਿਖੀਆਂ ਜਾਣ ਲੱਗੀਆਂ ਸ਼ੁਰੂ ਹੋ ਗਈਆਂ। ਇਸੇ ਦੌਰ ਵਿੱਚ ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਕਿਰਪਾਲ ਕਜ਼ਾਕ, ਗੁਰਬਚਨ ਸਿੰਘ ਭੁੱਲਰ, ਰਾਮ ਸਰੂਪ ਅਣਖੀ, ਮੋਹਨ ਭੰਡਾਰੀ, ਰਘੁਬੀਰ ਢੰਡ, ਅਤਰਜੀਤ, ਗੁਰਦੇਵ

ਰੁਪਾਣਾ ਆਦਿ ਕਹਾਣੀਕਾਰਾਂ ਨੇ ਅੱਡ-ਅੱਡ ਵਿਸ਼ਿਆਂ ਤੇ ਕਹਾਣੀਆਂ ਲਿਖ ਕੇ ਪੰਜਾਬੀ ਕਹਾਣੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਅਥਾਹ ਯਤਨ ਕੀਤੇ।

## ਕਹਾਣੀ ਦੇ ਤੱਤ

1. ਵਿਸ਼ਾ ਵਸਤੂ
2 ਗੋਂਦ (ਪਲਾਟ )
3 ਪਾਤਰ-ਚਿੱਤ੍ਰਣ
4 ਵਾਰਤਾਲਾਪ
5. ਭਾਸ਼ਾ, ਸ਼ੈਲੀ
6. ਉਦੇਸ਼

## ਵਿਸ਼ਾ ਵਸਤੂ -

ਕਹਾਣੀ ਦਾ ਪ੍ਰਮੁੱਖ ਤੱਤ ਵਿਸ਼ਾ ਵਸਤੂ ਹੈ ਕਿਉਂਕਿ ਕਹਾਣੀ ਵਿੱਚ ਜੀਵਨ ਦਾ ਕੋਈ ਪੱਖ ਆਧਾਰ ਬਣਾਇਆ ਜਾ ਸਕਦਾ ਹੈ, ਇਸ ਲਈ ਕਹਾਣੀ ਵਿੱਚ ਲਗਪਗ ਹਰ ਤਰ੍ਹਾਂ ਦੇ ਵਿਸ਼ਿਆਂ ਨੂੰ ਲਿਆ ਜਾ ਸਕਦਾ ਹੈ ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਇਸ ਵਿੱਚ ਕੋਈ ਅਰਥਹੀਣ ਅਤੇ ਆਰੋਚਕ ਛਿਣਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਕਹਾਣੀ ਵਿਸ਼ੇ ਉੱਤੇ ਵਿਚਾਰ ਦੋ ਪੱਖਾਂ ਤੋਂ ਕਰਨਾ ਜ਼ਰੂਰੀ ਹੈ- ਵਿਸ਼ੇ ਚੋਣ ਤੇ ਵਿਸ਼ੇ ਨਿਭਾਅ। ਵਿਸ਼ੇ ਚੋਣ ਪੱਖੋਂ ਕਹਾਣੀਕਾਰ ਲਈ ਕੋਈ ਸੀਮਾ ਨਿਯਤ ਨਹੀਂ। ਉਹ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਵਿਸ਼ੇ ਵਜੋਂ ਚੁਣ ਸਕਦਾ ਹੈ, ਪਰ ਕਹਾਣੀਕਾਰ ਆਪਣੀ ਕਹਾਣੀ ਨੂੰ ਸਮੇਂ ਦੇ ਹਾਣ ਸੀ ਬਣਾਉਣ ਲਈ ਬਦਲਦੇ ਸਮਾਜਕ ਤੇ ਰਾਜਨੀਤਿਕ ਹਾਲਤ ਅਨੁਸਾਰ ਵਿਸ਼ੇ ਚੋਣ ਕਰਦਾ ਹੈ। ਜਿੰਨਾ ਕਹਾਣੀ ਦਾ ਵਿਸ਼ਾ ਵਸਤੂ ਮਹਾਨ ਅਤੇ ਵਧੀਆ ਹੋਵੇਗਾ, ਉੱਨੀ ਹੀ ਕਹਾਣੀ ਉੱਤਮ ਬਣ ਸਕੇਗੀ।

"ਸਿਆਣਾ ਤੇ ਸੂਝਵਾਨ ਕਹਾਣੀਕਾਰ ਆਪਣੇ ਚੁਣੇ ਵਿਸ਼ੇ ਨੂੰ ਆਪਣੀ ਕਹਾਣੀ ਵਿੱਚ ਯਥਾਰਥਵਾਦੀ ਢੰਗ ਨਾਲ ਪੇਸ਼ ਕਰਦਾ ਹੈ ਕਿਉਂਕਿ ਯਥਾਰਥਵਾਦ ਪਾਠਕ ਦਾ ਵਿਸ਼ਵਾਸ ਤੇ ਸੰਮਤੀ ਜਿੱਤਣ ਵਿੱਚ ਵਧੇਰੇ ਸ਼ਕਤੀ ਰੱਖਦਾ ਹੈ। ਸਮਝਦਾਰ ਲੇਖਕ ਵਾਸਤਵਿਕਤਾ ਨੂੰ ਕਲਪਨਾ ਦੀ ਸਹਾਇਤਾ ਨਾਲ ਯਥਾਰਥ ਵਿੱਚ ਪਲਟਦਾ ਹੈ ਤਾਂ ਕਿ ਉਸ ਦੀ ਦੱਸੀ ਜ਼ਿੰਦਗੀ ਵਸਤੂ ਜਗਤ ਦੇ ਜੀਵਨ ਦੀ ਫੋਟੋਗਰਾਫੀ ਨਾ ਲੱਗੇ।"[27]

ਪ੍ਰਤਿਭਾਸ਼ੀਲ ਲੇਖਕ ਰੋਗੀ ਵਿਸ਼ੇ ਨੂੰ ਚੁਣ ਕੇ ਵੀ ਅਰੋਗੀ ਤੇ ਸੁਖਾਵਾਂ ਪ੍ਰਭਾਵ ਪਾ ਸਕਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵਿਸ਼ਾ ਕਹਾਣੀ ਦੀ ਪਹਿਲੀ ਤੇ ਮੁੱਢਲੀ ਲੋੜ ਹੈ ਜਿਸ ਨੂੰ ਕਹਾਣੀਕਾਰ ਆਪਣੇ ਦ੍ਰਿਸ਼ਟੀਕੋਣ ਰਾਹੀਂ ਵੱਖ-ਵੱਖ ਤਰੀਕਿਆਂ ਨਾਲ ਪੇਸ਼ ਕਰ ਸਕਦਾ ਹੈ। ਅਜੋਕੇ ਯੁੱਗ ਵਿੱਚ ਵਿਸ਼ੇ ਦੀ ਮਹਾਨਤਾ ਬਹੁਤ ਵੱਧ ਗਈ ਹੈ ਕਿਉਂਕਿ ਲੇਖਕ ਦੇ ਨਾਲ-ਨਾਲ ਪਾਠਕ ਵੀ ਪੜ੍ਹ ਲਿਖ ਕੇ ਸਿਆਣੇ ਹੋ ਗਏ ਹਨ। ਵਿਸ਼ੇ ਵਿਧਾਨ ਕਹਾਣੀ ਵਿੱਚ ਬੌਧਿਕਤਾ ਦਾ ਪ੍ਰਭਾਵ ਜ਼ਿਆਦਾ ਪੈਂਦਾ ਹੈ ਕਿਉਂਕਿ ਲੇਖਕ ਕਿਸੇ ਬੌਧਿਕ ਵਿਸ਼ੇ ਨੂੰ ਤਰਕਾਂ ਤੇ ਦਲੀਲਾਂ ਰਾਹੀਂ ਉਸਾਰਦਾ ਹੈ।

## ਗੋਂਦ ਜਾਂ ਪਲਾਟ –

“ਗੋਂਦ ਕਹਾਣੀ ਦੇ ਤੱਤਾਂ ਨੂੰ ਜੋੜਨ ਦਾ ਕੰਮ ਕਰਦੀ ਹੈ। ਇਹ ਉਹ ਸੂਈ ਹੈ ਜੋ ਵੱਖੋ-ਵੱਖਰੇ ਰੰਗਾਂ ਦੇ ਫੁੱਲਾਂ ਨੂੰ ਧਾਗੇ ਵਿੱਚ ਪਰੋ ਕੇ ਇੱਕ ਕਹਾਣੀ ਦਾ ਸੁੰਦਰ ਜਿਹਾ ਹਾਰ ਤਿਆਰ ਕਰ ਵਿਖਾਂਦੀ ਹੈ।”[28]

ਦੂਜੇ ਸ਼ਬਦਾਂ ਵਿੱਚ ਘਟਨਾਵਾਂ ਦੀ ਤਰਤੀਬ ਨੂੰ ਪਲਾਟ ਆਖਦੇ ਹਨ। ਕਹਾਣੀ ਅੰਦਰ ਕਿਸੇ ਗੋਂਦ ਜਾਂ ਪਲਾਟ ਦਾ ਹੋਣਾ ਜਰੂਰੀ ਹੈ ਪਰ ਖਾਲੀ ਘਟਨਾਵਾਂ ਦਾ ਸਮੂਹ ਪਲਾਟ ਦੀ ਸਿਰਜਣਾ ਨਹੀਂ ਕਰਦਾ। ਕਹਾਣੀ ਨੂੰ ਰੋਚਿਕ ਤੇ ਬਲਵਾਨ ਬਣਾਉਣ ਲਈ ਘਟਨਾਵਾਂ ਦੀ ਕਾਂਟ-ਛਾਂਟ, ਉਹਨਾਂ ਦੀ ਯੋਜਨਾਬੰਦੀ, ਲਟਕਾਉ ਭਰਪੂਰਤਾ ਦਾ ਗੁਣ ਭਰਨ ਲਈ, ਉੱਚਾ ਤੋੜ ਕਾਇਮ ਕਰਨ ਲਈ, ਕਹਾਣੀ ਦੀ ਚਾਲ ਬੰਨਣ ਲਈ ਇਸ ਦਾ ਸਹੀ ਆਦਿ, ਮੱਧ ਅੰਤ ਕਰਨ ਲਈ, ਹਰ ਜ਼ਰੂਰੀ ਉੱਦਮ ਦਾ ਵਿਚਾਰ ਤੇ ਉਸ ਦੀ ਵਰਤੋਂ ਕਰਨੀ ਜ਼ਰੂਰੀ ਹੈ। ਇਹ ਗੋਂਦ ਕਾਰੀ ਦੀ ਕਲਾ ਹੈ ਜੋ ਕਹਾਣੀ ਦੀ ਜਿੰਦਜਾਨ ਹੈ। ਇਹ ਗੋਂਦ ਹੀ ਹੈ ਜੋ ਪਾਤਰ-ਪ੍ਰਧਾਨ ਕਹਾਣੀ ਨੂੰ ਇੱਕ ਕਲਾਤਮਕ ਗੋਲਾਈ ਬਖਸ਼ ਕੇ ਉਸ ਨੂੰ ਖਾਕਾ ਬਣਨ ਤੋਂ ਬਚਾ ਲੈਂਦੀ ਹੈ। ਸੰਜਮ ਦਾ ਖਿਆਲ ਰੱਖਣ ਦੇ ਬਾਵਜੂਦ ਇੱਕ ਕਹਾਣੀਕਾਰ ਦਾ ਇਹ ਕਲਾਤਮਕ-ਫਰਜ਼ ਬਣਦਾ ਹੈ ਕਿ ਉਸ ਦੀ ਕਹਾਣੀ ਵਿਚਲੀ ਗੋਂਦ ਸੰਪੂਰਨਤਾ ਦਾ ਪ੍ਰਭਾਵ ਪਾਵੇ। ਇਸ ਪ੍ਰਕਾਰ ਸੰਜਮ ਦੀ ਸਹੀ ਸਹਾਇਤਾ ਨਾਲ ਗੋਂਦ ਨੂੰ ਕਹਾਣੀ ਦਾ ਆਕਾਰ ਸੀਮਤ ਰੱਖਣ ਲਈ ਮੱਦਦਗਾਰ ਬਣਾਇਆ ਜਾ ਸਕਦਾ ਹੈ। ਕਹਾਣੀਕਾਰ ਇੱਕ ਕਹਾਣੀ ਵਿੱਚ ਲੋੜਵੰਦੀ ਸਮੱਗਰੀ ਦੀ ਹੀ ਵਰਤੋਂ ਕਰਦਾ ਹੈ।

ਗੋਂਦ ਵਿਚਲੀ ਨਵੀਨਤਾ ਇੱਕ ਐਸਾ ਗੁਣ ਹੈ ਜੋ ਆਪਣੇ ਕਰਤਾ ਨੂੰ ਬਾਕੀਆਂ ਤੋਂ ਨਿਖੇੜਨ ਤੇ ਵੱਖਰਾ ਦਿਸਣ ਵਿਚ ਮੱਦਦ ਕਰਦੀ ਹੈ। ਗੋਂਦ ਘੜਨ ਵੇਲੇ ਕਹਾਣੀਕਾਰ ਨੂੰ ਇਸ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ ਕਿ ਉਸ ਦੀ ਗੋਂਦ ਪਾਠਕ ਨੂੰ ਪੂਰੀ ਤਰ੍ਹਾਂ ਯਥਾਰਥਵਾਦੀ ਲੱਗੇ। ਉਸ ਦੀ ਹਰ ਘਟਨਾ ਸਥਿਤੀ ਅਤੇ ਉਸ ਦੇ ਸਾਰੇ ਪਾਤਰ ਸੱਚ ਮੁੱਚ ਜਾਂ ਵਾਸਤਵਿਕ ਜ਼ਿੰਦਗੀ ਦੇ ਨੇੜੇ ਲੱਗਣ ਯਥਾਰਥਵਾਦ ਵਸਤੂ ਜਗਤ ਦੇ ਜੀਵਨ ਮਸਲਿਆਂ ਨੂੰ ਸਮਝਣ ਅਤੇ ਫਿਰ ਉਹਨਾਂ ਨੂੰ ਗਲਪਕ ਜੀਵਨ ਵਿੱਚ ਮੁੜ ਸਿਰਜਣ ਦਾ ਉਹ ਝੁਕਾਅ ਹੈ ਜੋ ਸਹਿਜਤਾ ਅਤੇ ਕੁਦਰਤੀ ਪਣ ਦਾ ਪ੍ਰਭਾਵ ਪਾਉਣ ਵਿੱਚ ਸਫਲ ਹੋ ਨਿਬੜੇ। ਕਿਸੇ ਵੀ ਕਹਾਣੀ ਦੀ ਗੋਂਦ ਦੀ ਨਿਪੁੰਨਤਾ, ਮੌਕਾ ਮੇਲ ਦੀ ਗਿਣਤੀ ਤੇ ਨਿਰਭਰ ਕਰਦੀ ਹੈ। ਇਸ ਦੀ ਬਹੁਤਾਤ ਗੋਂਦ ਨੂੰ ਕਮਜ਼ੋਰ ਤੇ ਨਿਕੰਮਾ ਬਣਾ ਦਿੰਦੀ ਹੈ। ਗੋਂਦ ਦੀ ਅਸਲੀ ਖੂਬੀ ਉਸ ਵਿੱਚ ਮਿਲਣ ਵਾਲੀ ਲਗਾਤਾਰਤਾ ਹੈ। ਘਟਨਾਵਾਂ ਸਥਿਤੀਆਂ ਪਾਤਰ ਆਪਸ ਵਿੱਚ ਸੰਗਲੀ ਦੀਆਂ ਕੜੀਆਂ ਵਾਂਗ ਜੁੜੇ ਹੋਣੇ ਚਾਹੀਦੇ ਹਨ। ਗੋਂਦ ਕਿਧਰੇ ਟੁੱਟੀ ਹੋਣ ਜਾਂ ਅਣਜੁੜੀ ਰਹਿਣ ਦਾ ਪ੍ਰਭਾਵ ਨਾ ਪਾਵੇ।

ਸੁਚੱਜੀ ਗੋਂਦ ਸੂਝ ਮਿਹਨਤ ਅਤੇ ਵਿਜੋਗਾਤਮਕਤਾ ਦੀ ਮੰਗ ਕਰਦੀ ਹੈ। ਸਹੀ ਗੋਂਦਕਾਰੀ ਲਈ ਪ੍ਰਾਪਤ ਘਟਨਾ ਸਾਮੱਗਰੀ ਦੀ ਘੋਖ ਕਰਨੀ ਪੈਂਦੀ ਹੈ।

## ਪਾਤਰ ਉਸਾਰੀ

ਨਾਵਲ ਅਤੇ ਨਾਟਕ ਵਾਂਗ ਕਹਾਣੀ ਵਿੱਚ ਵੀ ਕੁਝ ਨਾ ਕੁਝ ਪਾਤਰ ਉਸਾਰੀ ਕੀਤੀ ਜਾਂਦੀ ਹੈ। ਕਹਾਣੀ ਭਾਵੇਂ ਕਿਸੇ ਕਿਸਮ ਦੀ ਹੋਵੇ ਉਸ ਵਿੱਚ ਪਾਤਰ-ਚਿਤਰਨ ਦਾ ਮਹੱਤਵ ਨਿਰੰਤਰ ਰੂਪ ਵਿੱਚ ਕਾਇਮ ਰਹਿੰਦਾ ਹੈ। ਜਿੱਥੇ ਨਾਵਲ ਵਿੱਚ ਪਾਤਰਾਂ ਦੀ ਗਿਣਤੀ ਬਹੁਤੀ ਹੁੰਦੀ ਹੈ ਅਤੇ ਪਾਤਰ ਚਿਤਰਨ ਵਿਸਥਾਰ ਵਿੱਚ ਕੀਤਾ ਜਾਂਦਾ ਹੈ ਉੱਥੇ ਕਹਾਣੀ ਅੰਦਰ ਕਲਾਤਮਕ ਛੋਹਾਂ ਨਾਲ ਹੀ ਇਸ ਨੂੰ ਚਿਤਰਿਆ ਜਾਂਦਾ ਹੈ। ਇਸ ਵਿੱਚ ਪਾਤਰਾਂ ਦੀ ਗਿਣਤੀ ਵੀ ਸੀਮਤ ਹੁੰਦੀ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਪਾਤਰ ਖੜੋਤ ਕਿਸਮ ਦੇ ਨਾ ਲਏ ਜਾਣ ਜਿਨ੍ਹਾਂ ਵਿੱਚ ਬਦਲਦੀ ਹਾਲਤ ਵਿੱਚ ਪਰਿਵਰਤਨ ਹੀ ਨਾ ਆਵੇ। ਸਗੋਂ ਹਾਲਾਤ ਅਨੁਸਾਰ ਬਦਲਣ ਵਾਲੇ ਅਤੇ ਵਿਕਸਿਤ ਹੁਣ ਵਾਲੇ ਪਾਤਰ ਹੀ ਲਏ

ਜਾਣ। ਗੋਂਦ ਵਾਂਗ ਪਾਤਰ ਵੀ ਕਹਾਣੀ ਵਿੱਚ ਬੜਾ ਮਹੱਤਵ ਹੈ। ਪਾਤਰ ਬਿਨਾਂ ਕੋਈ ਕਹਾਣੀ ਲਿਖੀ ਨਹੀਂ ਜਾ ਸਕਦੀ ਕਿਉਂਕਿ ਹਰ ਕਹਾਣੀ ਨੇ ਕੋਈ ਨਾ ਕੋਈ ਜੀਵਨ ਤਾਂ ਪੇਸ਼ ਕਰਨਾ ਹੀ ਹੁੰਦਾ ਹੈ ਅਤੇ ਉਹ ਜੀਵਨ ਪਾਤਰ ਦੀ ਹੋਂਦ ਬਿਨਾਂ ਕਿਵੇਂ ਪੇਸ਼ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਕਹਾਣੀ ਦਾ ਪਾਤਰ ਜਾਨਦਾਰ ਹੋਵੇ ਬੇਜਾਨ ਜਾਪਣ ਵਾਲੀ ਵਸਤੂ ਨੂੰ ਵੀ ਜਾਨਦਾਰ ਬਣਾ ਕੇ ਪਾਤਰ ਥਾਪਿਆ ਜਾ ਸਕਦਾ ਹੈ। ਉਸ ਦਾ ਮਨੁੱਖੀਕਰਨ ਕਰਕੇ ਉਸ ਨੂੰ ਜ਼ੁਬਾਨ, ਦਿਮਾਗ ਦਿੱਤਾ ਜਾ ਸਕਦਾ ਹੈ। ਇਸ ਵਿੱਚ ਸਾਡੀ ਮੱਦਦ ਲੇਖਕ ਵਲੋਂ ਪੇਸ਼ ਕੀਤਾ ਗਿਆ ਪਾਤਰਾਂ ਦਾ ਮਨੋਵਿਸ਼ਲੇਸ਼ਣ ਕਰਦਾ ਹੈ। ਇੱਕ ਕਹਾਣੀ ਵਿੱਚ ਹਰ ਪਾਤਰ ਦਾ ਆਮ ਤੌਰ ਤੇ ਪ੍ਰਮੁੱਖ ਪਹਿਲੂ ਹੀ ਪੇਸ਼ ਕੀਤਾ ਜਾ ਸਕਦਾ ਹੈ। ਪਾਤਰ-ਚਿਤਰਨ ਦੇ ਹਰ ਸਮੇਂ ਨਵੇਂ ਤੋਂ ਨਵੇਂ ਪ੍ਰਯੋਗ ਕਹਾਣੀਕਾਰਾਂ ਰਾਹੀਂ ਹੁੰਦੇ ਰਹਿੰਦੇ ਹਨ।

**ਵਾਰਤਾਲਾਪ-** ਜਿਸ ਭਾਸ਼ਾ ਵਿੱਚ ਕਹਾਣੀ ਵਿਚਲਾ ਬਿਰਤਾਂਤ, ਘਟਨਾਵਾਂ, ਪਾਤਰਾਂ ਦਾ ਲੇਖਕ ਵੱਲੋਂ ਚਿਤਰਨ ਕੀਤਾ ਜਾਂਦਾ ਹੈ, ਉਸ ਨੂੰ ਬੋਲੀ ਆਖਦੇ ਹਨ। ਕਹਾਣੀ ਦੀ ਭਾਸ਼ਾ ਸਰਲ ਸ਼ੁੱਧ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ। ਸ਼ਬਦਾਂ ਦੀ ਢੁੱਕਵੀਂ ਵਰਤੋਂ ਭਾਸ਼ਾ ਵਿੱਚ ਇੱਕ ਖਾਸ ਕਿਸਮ ਦਾ ਸੁਹਜ ਪੈਦਾ ਕਰ ਦਿੰਦੀ ਹੈ, ਜੋ ਇੱਕ ਸਫਲ ਕਹਾਣੀ ਲਈ ਬਹੁਤ ਜ਼ਰੂਰੀ ਹੈ। ਕਹਾਣੀ ਇੱਕ ਤਰ੍ਹਾਂ ਨਾਲ ਸ਼ਾਬਦਿਕ ਖੇਡ ਹੈ ਕਿਸੇ ਕਹਾਣੀ ਲੇਖਕ ਦਾ ਭਾਸ਼ਾ ਗਿਆਨ ਜਿੰਨਾ ਵੀ ਵਿਸ਼ਾਲ ਹੋਵੇਗਾ, ਉਨਾ ਹੀ ਪ੍ਰਮਾਣਿਕ ਵਰਣਨ ਉਹ ਕਰ ਸਕੇਗਾ ਪਰ ਕਹਾਣੀ ਦੀ ਭਾਸ਼ਾ ਵਿਆਕਰਨਕ ਨਾ ਹੋ ਕੇ ਕਹਾਣੀ ਦੀ ਵਿਆਕਰਨ ਅਨੁਸਾਰ ਹੁੰਦੀ ਹੈ। ਪਰੰਤੂ ਪਾਤਰਾਂ ਦੀ ਆਪਸੀ ਗੱਲਬਾਤ ਨੂੰ ਵਾਰਤਾਲਾਪ ਕਿਹਾ ਜਾਂਦਾ ਹੈ। ਕਹਾਣੀ ਵਿੱਚ ਵਾਰਤਾਲਾਪ ਦਾ ਮਹੱਤਵ ਕਹਾਣੀ ਦਾ ਸਿਖਰ ਜਾਂ ਅੰਤ ਤੇ ਪਹੁੰਚ ਕੇ ਵੱਧ ਜਾਂਦਾ ਹੈ, ਕਿਉਂਕਿ ਕੋਈ ਨਾ ਕੋਈ ਚਮਤਕਾਰੀ ਸ੍ਰਿਸ਼ਟੀ ਵਾਰਤਾਲਾਪ ਰਾਹੀਂ ਹੀ ਸੰਭਵ ਹੋ ਸਕਦੀ ਹੈ । ਕਹਾਣੀ ਵਿੱਚ ਵਾਰਤਾਲਾਪ ਕਈ ਕੰਮ ਕਰਦੀ ਹੈ ਇਹ ਵਿਸ਼ੇ ਉਘਾੜਦੀ ਹੈ, ਕਥਾ ਵਸਤੂ ਨੂੰ ਅੱਗੇ ਤੋਰਦੀ ਹੈ, ਪਾਤਰਾਂ ਦਾ ਚਰਿੱਤਰ ਉਭਾਰਦੀ ਹੈ। ਵਰਣਨ ਵਿੱਚ ਰੋਚਕਤਾ ਤੇ ਪ੍ਰਵਾਹ ਪੈਦਾ ਕਰਨ ਵਿੱਚ ਸਹਾਇਤਾ ਕਰਦੀ ਹੈ ਅਤੇ ਵਾਤਾਵਰਨ ਉਸਾਰਨ ਵਿੱਚ ਸਹਾਇਤਾ ਕਰਦੀ ਹੈ। ਸਫਲ ਵਾਰਤਾਲਾਪ ਲਈ ਜ਼ਰੂਰੀ ਹੈ ਕਿ ਉਹ ਪਾਤਰਾਂ ਦੇ ਸੁਭਾਵਾਂ, ਘਟਨਾਵਾਂ ਦੀ ਸਥਿਤੀ ਅਤੇ ਵਾਤਾਵਰਨ ਦੇ ਅਨੁਕੂਲ ਹੋਵੇ। ਇਸ ਤੋਂ ਬਿਨਾਂ ਵਾਰਤਾਲਾਪ ਰੋਚਕ ਵੀ ਹੋਣੀ ਚਾਹੀਦੀ ਹੈ ਛੋਟੇ ਅਤੇ ਭਾਵ ਪੂਰਤ ਵਾਕ ਸਫਲ ਵਾਰਤਾਲਾਪ ਦੇ ਗਹਿਣੇ ਹਨ।

**ਵਾਤਾਵਰਨ-**

ਵਾਤਾਵਰਨ ਕਹਾਣੀ ਦਾ ਜ਼ਰੂਰੀ ਅਤੇ ਅਨਿੱਖੜਵਾਂ ਹਿੱਸਾ ਹੈ। ਕੋਈ ਕਹਾਣੀ ਵਾਤਾਵਰਨ ਤੋਂ ਬਿਨਾਂ ਨਹੀਂ ਲਿਖੀ ਜਾ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਕਿਸੇ ਕਹਾਣੀ ਵਿੱਚ ਵਾਤਾਵਰਨ ਜ਼ਿਆਦਾ ਹੋਵੇ ਤੇ ਕਿਸੇ ਵਿੱਚ ਘੱਟ।

ਵਾਤਾਵਰਨ ਨੂੰ ਆਮ ਤੌਰ ਤੇ ਲੇਖਕ ਵਿਸ਼ੇ ਨਿਭਾਅ ਅਤੇ ਪਾਤਰ ਉਸਾਰੀ ਲਈ ਵਰਤਦਾ ਹੈ। ਕਹਾਣੀ ਵਿੱਚ ਦ੍ਰਿਸ਼ ਚਿਤਰਨ ਅਤੇ ਵਾਤਾਵਰਨ ਦਾ ਆਪਣਾ ਸਥਾਨ ਹੈ। ਇਸ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਹਾਣੀ ਵਿੱਚ ਦੇਸ਼ ਕਾਲ ਅਤੇ ਵਾਤਾਵਰਨ ਦਾ ਚਿਤਰਨ ਸੁਭਾਵਿਕ, ਦਿਲ ਖਿੱਚਵਾਂ ਅਤੇ ਪਾਤਰਾਂ ਦੀ ਮਾਨਸਿਕ ਹਾਲਤ ਦੇ ਅਨੁਕੂਲ ਹੋਣਾ ਚਾਹੀਦਾ ਹੈ। ਵਾਤਾਵਰਨ ਹਰ ਕਹਾਣੀ ਵਿੱਚ ਹਰ ਥਾਂ ਵਿਕਸਿਤ ਪ੍ਰਕ੍ਰਿਆ ਵਿੱਚ ਹੁੰਦਾ ਹੈ। ਇਹ ਕਹਾਣੀ ਦਾ ਮੁੱਢ ਨਾਲ ਸ਼ੁਰੂ ਹੁੰਦਾ ਹੈ ਅਤੇ ਕਹਾਣੀ ਦੇ ਅੰਤ ਵਿੱਚ ਖ਼ਤਮ। ਵਿਸ਼ੇ ਅਨੁਸਾਰ ਵਾਤਾਵਰਨ ਰਾਜਨੀਤਿਕ, ਧਾਰਮਕ ਜਾਂ ਸਮਾਜਕ ਵੀ ਹੋ ਸਕਦਾ ਹੈ। ਵਾਤਾਵਰਨ ਦਾ ਸੰਬੰਧ ਸਥਾਨ, ਸਥਿਤੀ ਅਤੇ ਦੇਸ਼ ਨਾਲ ਹੁੰਦਾ ਹੈ। ਕਹਾਣੀ ਵਿੱਚ ਵਾਤਾਵਰਣ ਪੇਂਡੂ ਵੀ ਹੋ ਸਕਦਾ ਹੈ ਅਤੇ ਸ਼ਹਿਰੀ ਵੀ।

### ਭਾਸ਼ਾ ਜਾਂ ਸ਼ੈਲੀ–

ਕਹਾਣੀ ਦਾ ਮੁੱਖ ਤੱਤ ਸ਼ੈਲੀ ਵੀ ਹੈ । ਕਹਿਣ ਦੇ ਢੰਗ ਜਾਂ ਪ੍ਰਗਟਾਅ ਢੰਗ ਨੂੰ ਸ਼ੈਲੀ ਕਿਹਾ ਜਾਂਦਾ ਹੈ। ਸ਼ੈਲੀ ਹਰ ਮਨੁੱਖ ਦੀ ਨਿੱਜੀ ਅਤੇ ਮੌਲਿਕ ਹੁੰਦੀ ਹੈ। ਕਹਾਣੀ ਵਿੱਚ ਕਹਾਣੀਕਾਰ ਦੀ ਸ਼ਖਸੀਅਤ ਛੁਪੀ ਹੁੰਦੀ ਹੈ। ਇਹ ਇਸ ਦੀ ਸ਼ੈਲੀ ਵਿੱਚੋਂ ਵੇਖੀ ਜਾ ਸਕਦੀ ਹੈ। ਸ਼ੈਲੀ ਨੂੰ ਵਧੀਆ ਬਣਾਉਣ ਲਈ ਕਹਾਣੀਕਾਰ ਅੰਦਰ ਵਰਣਨ ਸ਼ਕਤੀ ਬਹੁਤ ਹੀ ਜ਼ਿਆਦਾ ਜ਼ੋਰਦਾਰ ਹੋਣੀ ਚਾਹੀਦੀ ਹੈ। ਸ਼ੈਲੀ ਕਾਰਨ ਹੀ ਲੇਖਕ ਪਛਾਣਿਆ ਜਾਂਦਾ ਹੈ। ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ ਇੱਕ ਬੋਲ-ਚਾਲ ਵਾਲੀ ਦੂਜੀ ਸਾਹਿਤਕ। ਕਹਾਣੀਕਾਰ ਆਪਣੀ ਸਮੱਗਰੀ ਅਤੇ ਲੋੜ ਅਨੁਸਾਰ ਆਪਣੇ ਪਾਤਰਾਂ ਦੇ ਵਾਰਤਾਲਾਪ ਲਈ ਬੋਲ ਚਾਲ ਅਤੇ ਆਪਣੇ ਵਿਚਾਰਾਂ ਜਾਂ ਵਰਣਨ ਲਈ ਸਾਹਿਤਕ ਬੋਲੀ ਦੀ ਵਰਤੋਂ ਕਰਦਾ ਹੈ। ਕਹਾਣੀ ਵਿੱਚ ਸ਼ੈਲੀ ਦਾ ਪਹਿਲਾ ਕੰਮ ਹੈ ਰੋਚਿਕਤਾ ਲਿਆਉਣੀ ਤਾਂ ਕਿ ਪਾਠਕ ਨੂੰ ਕਹਾਣੀ ਪੜ੍ਹਨ ਲਈ ਪ੍ਰੇਰ ਸਕੇ। ਸ਼ੈਲੀ ਭਾਸ਼ਾ ਦੇ ਸ਼ਬਦਾਂ ਰਾਹੀਂ ਆਪਣੀ ਵਿਸ਼ੇ ਲੋੜ ਅਨੁਸਾਰ ਪ੍ਰਗਟਾਵਾ ਗ੍ਰਹਿਣ ਕਰਦੀ ਹੈ।

### ਉਦੇਸ਼–

"ਉਦੇਸ਼ ਕਹਾਣੀ ਦਾ ਮੁੱਢਲਾ ਤੇ ਸਭ ਤੋਂ ਮਹੱਤਵਪੂਰਨ ਅੰਗ ਹੈ। ਜਿਹੜਾ ਸਰੀਰ ਵਿੱਚਲੀ ਆਤਮਾ ਵਾਂਗ ਕਹਾਣੀ ਵਿੱਚ ਹਰ ਥਾਂ ਪਸਰਿਆ ਹੁੰਦਾ ਹੈ। ਉਦੇਸ਼ ਦੀ ਧੜਕਣ ਕਹਾਣੀ ਦੇ ਹਰ ਅੰਗ ਵਿੱਚੋਂ ਸੁਣੀ ਜਾ ਸਕਦੀ ਹੈ, ਭਾਵੇਂ ਉਹ ਗੋਂਦ ਹੈ, ਪਾਤਰ ਹਨ, ਵਾਰਤਾਲਾਪ ਹੈ, ਵਿਸ਼ਾ ਹੈ ਜਾਂ ਵਾਤਾਵਰਨ। ਇਨ੍ਹਾਂ ਸਾਰਿਆਂ ਦੀ ਘਾੜਤ ਸਿਆਣਾ ਕਹਾਣੀਕਾਰ ਬੜੀ ਸਮਝ ਨਾਲ ਆਪਣੇ ਚੁਣੇ ਉਦੇਸ਼ ਅਨੁਕੂਲ ਹੀ ਕਰਦਾ ਹੈ।"[31]

**ਗੁਰਬਚਨ ਸਿੰਘ ਭੁੱਲਰ: ਜੀਵਨ ਤੇ ਰਚਨਾ–** ਗੁਰਬਚਨ ਸਿੰਘ ਭੁੱਲਰ ਪੰਜਾਬੀ ਸਾਹਿਤ ਦਾ ਇੱਕ ਨਾਮਵਾਰ ਅਤੇ ਬਹੁਪੱਖੀ ਸਾਹਿਤਕਾਰ ਹੈ। ਉਹਨਾਂ ਨੇ ਕਵਿਤਾ, ਕਹਾਣੀ, ਸਫਰਨਾਮਾ, ਰੇਖਾ ਚਿੱਤਰ ਸਾਹਿਤਕ ਵੰਨਗੀਆਂ ਤੋਂ ਇਲਾਵਾ ਪੱਤਰਕਾਰੀ, ਸੰਪਾਦਨਾ ਅਤੇ ਅਨੁਵਾਦ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ। ਗੁਰਬਚਨ ਸਿੰਘ ਭੁੱਲਰ ਨੇ ਆਪਣਾ ਸਾਹਿਤਕ ਸਫ਼ਰ ਕਾਵਿ ਰਚਨਾ ਤੋਂ ਸ਼ੁਰੂ ਕੀਤਾ ਪਰ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਕਹਾਣੀ ਦੇ ਖੇਤਰ ਵਿੱਚ ਮਿਲੀ। ਅੱਜ ਅਸੀਂ ਉਨ੍ਹਾਂ ਨੂੰ ਇੱਕ ਸਫਲ ਕਹਾਣੀਕਾਰ ਵਜੋਂ ਜਾਣਦੇ ਹਾਂ। ਇਸ ਮਹਾਨ ਕਹਾਣੀਕਾਰ ਦਾ ਜਨਮ 18 ਮਾਰਚ 1937 ਈ. ਨੂੰ ਪੰਜਾਬ ਦੇ ਬਠਿੰਡਾ ਜਿਲੇ ਦੇ ਪਿੰਡ ਪਿੱਥੋ ਵਿੱਚ ਪਿਤਾ ਹਜਾਰਾ ਸਿੰਘ ਦੇ ਘਰ ਮਾਤਾ ਧੰਨ ਕੌਰ ਦੀ ਕੁੱਖੋਂ ਹੋਇਆ। ਉਹਨਾਂ ਨੇ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਪੰਜਾਬੀ ਵਿਸ਼ੇ ਵਿਚ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਆਪਣੀ ਮਾਂ ਬੋਲੀ ਦੀ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਉਦੇਸ਼ ਧਾਰ ਲਿਆ। ਉਨ੍ਹਾਂ ਨੇ ਆਪਣੀ ਸਾਹਿਤ ਰਚਨਾ ਰਾਹੀਂ ਇਸ ਉਦੇਸ਼ ਦੀ ਪ੍ਰਾਪਤੀ ਕੀਤੀ। ਗੁਰਬਚਨ ਸਿੰਘ ਭੁੱਲਰ ਨੇ ਸਾਹਿਤ ਰਚਨਾ ਤੋਂ ਇਲਾਵਾ ਕਈ ਮਹੱਤਵਪੂਰਨ ਕੰਮ ਵੀ ਕੀਤੇ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਵਿਸ਼ੇ ਪੇਂਡੂ ਅਤੇ ਸ਼ਹਿਰੀ ਲੋਕਾਂ ਦੇ ਜੀਵਨ ਦੇ ਸੱਚ ਨੂੰ ਪੇਸ਼ ਕਰਦੇ ਹਨ। ਭੁੱਲਰ ਦੀਆਂ ਕਹਾਣੀਆਂ ਵਿੱਚ ਘੱਟ ਰਹੀਆਂ ਦਿਨੋਂ-ਦਿਨ ਕਦਰਾਂ-ਕੀਮਤਾਂ ਅਤੇ ਵੱਧ ਰਹੇ ਲਾਲਚ, ਪੈਸੇ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਮੇਂ ਦੇ ਬਦਲਣ ਨਾਲ ਨਾ ਕੇਵਲ ਇਮਾਰਤਾਂ ਹੀ ਪੱਕੀਆਂ ਬਣੀਆਂ ਹਨ ਸਗੋਂ ਲੋਕਾਂ ਦੇ ਦਿਲ ਵੀ ਪੱਥਰਾਂ ਵਰਗੇ ਹੋ ਗਏ ਹਨ। ਆਧੁਨਿਕ ਜੀਵਨ ਸ਼ੈਲੀ ਨੂੰ ਅਪਨਾਉਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਰਿਸ਼ਤਿਆਂ ਨੂੰ ਘਰ ਵਿਚਲੇ ਵਾਧੂ, ਵਿਅਰਥ ਸਮਾਨ ਕਰਾਰ ਦੇਣਾ ਬਹੁਤ ਹੀ ਨੀਚ ਕਰਮ ਹੈ।

ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਉਨ੍ਹਾਂ ਆਧੁਨਿਕ ਮਨੁੱਖਾਂ ਦੀ ਉਦਾਹਰਣ ਪੇਸ਼ ਕੀਤੀ ਹੈ ਜੋ ਪੈਸੇ ਅਤੇ ਝੂਠੀ ਸ਼ਾਨੋ-ਸ਼ੋਕਤ ਦੇ ਨਸ਼ੇ ਵਿੱਚ ਆਪਣੇ ਬਜ਼ੁਰਗਾਂ ਦੇ ਬੁਢਾਪੇ, ਭਾਈਚਾਰਕ ਰਿਸ਼ਤਿਆਂ ਅਤੇ ਆਪਸੀ ਸਾਂਝ ਦੀ ਬਲੀ ਚਾੜ ਦਿੰਦੇ ਹਨ। ਗੁਰਬਚਨ ਸਿੰਘ ਭੁੱਲਰ ਆਪਣੀ ਨਿੱਜੀ ਜ਼ਿੰਦਗੀ ਵਿੱਚ ਵੀ ਭਾਈਚਾਰਕ ਸਾਂਝ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਕਦਰ ਕਰਨ ਵਾਲਾ ਇਨਸਾਨ ਹੈ। ਗੁਰਬਚਨ ਸਿੰਘ ਭੁੱਲਰ ਪੰਜਾਬੀ ਸਾਹਿਤ ਦਾ ਇੱਕ ਨਾਮਵਾਰ ਅਤੇ ਬਹੁਪੱਖੀ ਸਾਹਿਤਕਾਰ ਹੈ। ਉਨ੍ਹਾਂ ਨੇ ਕਵਿਤਾ, ਕਹਾਣੀ, ਸਫ਼ਰਨਾਮਾ, ਰੇਖਾ-ਚਿੱਤਰ ਸਾਹਿਤਕ ਵੰਨਗੀਆਂ ਤੋਂ ਇਲਾਵਾ ਪੱਤਰਕਾਰੀ, ਸੰਪਾਦਨਾ ਅਤੇ ਅਨੁਵਾਦ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ। ਗੁਰਬਚਨ ਸਿੰਘ ਭੁੱਲਰ ਨੇ ਆਪਣਾ ਸਾਹਿਤਕ ਸਫ਼ਰ ਕਾਵਿ ਰਚਨਾ ਤੋਂ ਸ਼ੁਰੂ ਕੀਤਾ ਪਰ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਕਹਾਣੀ ਦੇ ਖੇਤਰ ਵਿੱਚ ਮਿਲੀ। ਭੁੱਲਰ ਮਾਲਵੇ ਦੇ ਇਲਾਕੇ ਵਿੱਚ ਜੰਮਿਆ ਪਲਿਆ। ਆਪਣੀ ਜ਼ਿੰਦਗੀ ਵਿੱਚ ਉਨ੍ਹਾਂ ਨੂੰ ਰੁਜ਼ਗਾਰ ਖ਼ਾਤਿਰ ਮਾਲਵੇ ਦਾ ਪੇਂਡੂ ਇਲਾਕਾ ਛੱਡ ਕੇ ਮਹਾਂਨਗਰ ਦਿੱਲੀ ਨੂੰ ਆਪਣਾ ਵਸੇਬਾ ਬਣਾਉਣਾ ਪਿਆ। ਇਹੋ ਕਾਰਨ ਹੈ ਕਿ ਉਨ੍ਹਾਂ ਕੋਲ ਮਾਲਵੇ ਦੇ ਪੇਂਡੂ ਕਿਸਾਨਾਂ ਅਤੇ ਮਹਾਂਨਗਰਾਂ ਦੇ ਸ਼ਹਿਰੀ ਜਨ-ਜੀਵਨ ਦੇ ਆਰਥਕ, ਸਮਾਜਕ, ਰਾਜਨੀਤਕ ਪੱਖਾਂ ਬਾਰੇ ਵਿਸ਼ਾਲ ਅਨੁਭਵ ਪ੍ਰਾਪਤ ਹੈ।

ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਦੇ ਸਾਰੇ ਪੱਖ ਲਗਭਗ ਉੱਘੜ ਕੇ ਸਾਹਮਣੇ ਆਉਂਦੇ ਹਨ। ਭੁੱਲਰ ਪੰਜਾਬੀ ਕਥਾ ਸਾਹਿਤ ਦਾ ਉੱਘਾ ਲੇਖਕ ਹੈ ਉਹ ਜੋ ਲਿਖਦਾ ਹੈ ਉਸ ਨਾਲ ਉਹ ਪੰਜਾਬੀ ਕਥਾ ਸਾਹਿਤ ਵਿੱਚ ਆਪਣਾ ਨਿਵੇਲਕਾ ਸਥਾਨ ਬਣਾ ਲੈਂਦਾ ਹੈ। ਭੁੱਲਰ ਪਿੰਡ ਦਾ ਜਮਪਲ ਹੈ ਉਸਨੂੰ ਪਿੰਡ ਵਿੱਚ ਵਸਦੇ ਵੱਖੋ-ਵੱਖਰੇ ਖੇਤਰਾਂ ਦੇ ਲੋਕਾਂ ਦੀ ਆਰਥਕ, ਸਮਾਜਕ, ਮਾਨਸਿਕ ਸਥਿਤੀ ਦਾ ਡੂੰਘਾ ਅਨੁਭਵ ਹੈ। ਖਾਸ ਕਰਕੇ ਨਿਮਨ ਮੱਧਵਰਗੀ ਕਿਸਾਨੀ ਦੇ ਸੱਭਿਆਚਾਰ ਅਤੇ ਮਾਨਸਿਕਤਾ ਦਾ ਤਾਂ ਉਹ ਮਾਹਿਰ ਹੈ। ਇਸ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਨੂੰ ਪੇਸ਼ ਕਰਨ ਸਮੇਂ ਉਸਦੀ ਕਲਾ ਸਿਖਰਾਂ ਉੱਤੇ ਹੁੰਦੀ ਹੈ। ਮੁੱਖ ਤੌਰ ਉੱਤੇ ਭੁੱਲਰ ਨੇ ਪਿਆਰ, ਜਗੀਰੂ ਰਿਸ਼ਤਿਆਂ ਵਿੱਚ ਮਨੁੱਖੀ ਸਾਂਝ, ਸਮਾਜਕ ਨਾ ਬਰਾਬਰੀ ਆਦਿ ਵਿਸ਼ਿਆਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਉਸਨੇ ਸਮੇਂ-ਸਮੇਂ ਰਾਜਨੀਤਕ ਸਵਾਲਾਂ ਬਾਰੇ ਵੀ ਆਪਣੀ ਕਲਮ ਚਲਾਈ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਉਹਦੀ ਕਥਾ ਯਾਤਰਾ ਰਾਜਨੀਤੀ ਤੋਂ ਕੋਰੀ ਨਹੀਂ ਹੈ, ਬਲਕਿ ਰਾਜਨੀਤੀ ਵਿੱਚ ਉਸਦੀ ਦ੍ਰਿਸ਼ਟੀ ਲੋਕ-ਪੱਖੀ ਹੈ। ਉਹਨੇ ਭੁੱਲੇ-ਵਿਸਰੇ ਦੇਸ਼ ਭਗਤਾਂ, ਸਾਮਰਾਜ ਵਿਰੋਧ ਜਮਾਤੀ ਸੰਘਰਸ਼ ਅਤੇ ਫਿਰਕੂ ਏਕਤਾ ਬਾਰੇ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਵਿੱਚ ਉਹਨੇ ਦੱਸਿਆ ਹੈ ਕਿ ਸੁਤੰਤਰਤਾ ਸੰਗਰਾਮ ਵਿੱਚ ਲੜਨ ਵਾਲੇ ਸਾਧਾਰਨ ਲੋਕ ਸਨ ਜਿਨ੍ਹਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ ਪਰ ਇਨ੍ਹਾਂ ਕੁਰਬਾਨੀਆਂ ਦਾ ਫਲ ਆਮ ਲੋਕਾਂ ਨੂੰ ਮਿਲਣ ਦੀ ਥਾਂ ਉਸੇ ਜਗੀਰਦਾਰ ਅਤੇ ਸਰਮਾਏਦਾਰ ਜਮਾਤ ਨੂੰ ਪ੍ਰਾਪਤ ਹੋ ਰਿਹਾ ਹੈ ਜਿਹੜੀ ਅੰਗਰੇਜ਼ਾਂ ਸਮੇਂ ਉਨ੍ਹਾਂ ਦੀ ਦਿਲੋਂ ਮਨੋਂ ਚਾਕਰੀ ਕਰਦੀ ਸੀ।

ਆਪਣੀ ਕਹਾਣੀ ਤਾਮਰ ਪੱਤਰ ਵਿੱਚ ਭੁੱਲਰ ਨਾਇਕ ਨਾਰਾਇਣ ਸਿੰਘ ਦਾ ਚਿਤਰਨ ਅਜਿਹੇ ਵਿਅਕਤੀ ਦੇ ਰੂਪ ਵਿੱਚ ਕਰਦਾ ਹੈ ਜਿਸ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿੱਚ ਹਿੱਸਾ ਪਾਇਆ, ਜੇਲ੍ਹਾਂ ਕੱਟੀਆਂ ਅਤੇ ਆਰਥਕ ਨੁਕਸਾਨ ਝੱਲਿਆ ਸਰਕਾਰ ਉਸਨੂੰ ਤਾਮਰ-ਪੱਤਰ ਦੇ ਕੇ ਸਨਮਾਨਣ ਦਾ ਫੈਸਲਾ ਕਰਦੀ ਹੈ ਉਹ ਇਸ ਤਾਮਰ- ਪੱਤਰ ਦੀ ਪ੍ਰਾਪਤੀ ਲਈ ਦਿੱਲੀ ਜਾਂਦਾ ਹੈ। ਉੱਥੇ ਦੇਸ਼ ਦੇ ਆਗੂਆਂ ਨਾਲ ਜੁੜ੍ਹੇ ਅਸਥਾਨਾਂ ਨੂੰ ਦੇਖਦਾ ਹੈ। ਇਨ੍ਹਾਂ ਥਾਵਾਂ ਉੱਤੇ ਜਾਂਦਾ ਅਤੇ ਖੁਸ਼ੀ ਮਹਿਸੂਸ ਕਰਦਾ ਹੈ। ਪਰ ਤਾਮਰ-ਪੱਤਰ ਮਿਲਣ ਸਮੇਂ ਉਹ ਸਰਕਾਰੀ ਟਾਊਟ ਨੰਬਰਦਾਰ ਬਖਸ਼ੀਸ਼ ਸਿੰਘ, ਜਿਸ ਨੇ ਨਰਾਇਣ ਸਿੰਘ ਅਤੇ ਹੋਰਨਾ ਦੇਸ਼ ਭਗਤਾਂ ਵਿਰੁੱਧ ਗਵਾਹੀਆਂ ਦਿੱਤੀਆਂ ਸਨ ਤੇ ਉਨ੍ਹਾਂ ਨੂੰ ਕੈਦ

ਕਰਵਾਇਆ ਸੀ, ਦੇ ਪੁੱਤਰ ਨੂੰ ਵੱਡੇ ਅਫਸਰ ਦੇ ਰੂਪ ਵਿੱਚ ਦੇਖਦਾ ਹੈ ਤਾਂ ਉਸਨੂੰ ਅਥਾਹ ਦੁੱਖ ਹੁੰਦਾ ਹੈ। ਉਹ ਤਾਮਰ-ਪੱਤਰ ਪ੍ਰਾਪਤ ਕੀਤੇ ਬਿਨ੍ਹਾਂ ਹੀ ਵਾਪਿਸ ਚਲਾ ਜਾਂਦਾ ਹੈ। ਉਹ ਤਾਮਰ-ਪੱਤਰ ਪ੍ਰਾਪਤ ਕਰਨ ਨੂੰ ਮਾਣ ਮਹਿਸੂਸ ਕਰਨ ਦੀ ਥਾਂ ਥੁੱਕੇ ਪਾਨ ਦੀ ਚਮਕ ਨੂੰ ਮੋਤੀ ਸਮਝ ਕੇ ਥੁੱਕ ਵਿੱਚ ਹੱਥ ਮਾਰਨ ਵਰਗੀ ਗਿਲਾਨੀ ਮਹਿਸੂਸ ਕਰਦਾ ਹੈ ਅਤੇ ਸੁੱਤੇ ਸਿੱਧ ਹੀ ਆਪਣੀਆਂ ਉਂਗਲਾਂ ਆਪਣੇ ਕੁੜਤੇ ਨਾਲ ਪੂੰਝ ਦਿੰਦਾ ਹੈ।

ਇਸ ਕਹਾਣੀ ਵਿੱਚ ਭੁੱਲਰ ਦੇਸ਼ ਦੀ ਰਾਜਸੀ ਸਥਿਤੀ ਦਾ ਵਰਣਨ ਕਰਦਾ ਹੈ ਜਿਸ ਵਿੱਚ ਆਜ਼ਾਦੀ ਕੇਵਲ ਉਨ੍ਹਾਂ ਲੋਕਾਂ ਦੇ ਹਿੱਤ ਪੂਰਤੀ ਹੈ, ਜਿਨ੍ਹਾਂ ਨੇ ਸੁਤੰਤਰਤਾ ਸੰਗਰਾਮ ਸਮੇਂ ਇਸ ਨਾਲ ਗ਼ੱਦਾਰੀ ਕੀਤੀ ਸੀ। ਇਸ ਤਰ੍ਹਾਂ ਆਜ਼ਾਦੀ ਦੀ ਰੌਸ਼ਨੀ ਆਮ ਲੋਕਾਂ ਤੱਕ ਪੁੱਜਣ ਦੀ ਥਾਂ ਗਿਣਤੀ ਦੇ ਅਮੀਰਾਂ ਅਤੇ ਟੋਡੀਆਂ ਦੇ ਘਰ ਰੁਸ਼ਨਾਉਣ ਤੱਕ ਹੀ ਸੀਮਿਤ ਹੋ ਗਈ ਹੈ। ਇਸ ਤਰ੍ਹਾਂ ਇਹ ਆਜ਼ਾਦੀ ਅਧੂਰੀ ਹੈ ਇਸ ਨੂੰ ਸੰਪੂਰਨ ਕਰਨ ਦੀ ਲੋੜ ਹੈ। ਕਹਾਣੀ 'ਪੱਥਰ ਦਾ ਬੁੱਤ' ਵਿੱਚ ਭੁੱਲਰ ਇਸ ਮਸਲੇ ਨੂੰ ਇੱਕ ਹੋਰ ਕੋਣ ਤੋਂ ਪੇਸ਼ ਕਰਦਾ ਹੈ। ਇਸ ਕਹਾਣੀ ਵਿੱਚ ਨਾਇਕ ਇੱਕ ਸ਼ਹੀਦ ਦੇਸ਼ ਭਗਤ ਦਾ ਬੁੱਤ ਹੈ, ਜਿਹੜਾ ਦਿੱਲੀ ਦੇ ਕਨਾਟ ਪਲੇਸ ਦੇ ਰੀਗਲ ਚੌਂਕ ਵਿੱਚ ਲੱਗਿਆ ਹੋਇਆ ਹੈ। ਇਹ ਉਹ ਥਾਂ ਹੈ ਜਿਸ ਰਾਹੀਂ ਦੇਸ਼ ਵਿਦੇਸ਼ ਦਾ ਦਿੱਲੀ ਆਉਣ ਵਾਲਾ ਹਰੇਕ ਰਾਜ ਮੁਖੀ ਅਵੱਸ਼ ਗੁਜ਼ਰਦਾ ਹੈ। ਜਿਸ ਦੇਸ਼ ਭਗਤ ਦਾ ਬੁੱਤ ਹੈ, ਉਹਨੇ ਅੰਗਰੇਜ਼ਾਂ ਹੱਥੋਂ ਅਥਾਹ ਦੁੱਖ ਅਤੇ ਤਸੀਹੇ ਭੋਗੇ ਹੁੰਦੇ ਹਨ। ਉਹਨੂੰ ਆਪਣੇ ਜੀਵਨ ਵਿੱਚ ਅੰਗਰੇਜ਼ ਸਾਮਰਾਜੀਆਂ ਨਾਲ ਅਥਾਹ ਨਫ਼ਰਤ ਸੀ। ਉਹਨਾਂ ਨੂੰ ਦੇਸ਼ੋ ਕੱਢਣ ਲਈ ਉਹਨੇ ਹਰ ਢੰਗ ਵਰਤਿਆ ਸੀ ਪਰ ਆਜ਼ਾਦੀ ਮਿਲਣ ਉਪਰੰਤ ਉਸੇ ਅੰਗਰੇਜ਼ ਸਾਮਰਾਜ ਦੇ ਅਜੋਕੇ ਵਾਰਸਾਂ ਨੂੰ ਦੇਸ਼ ਵਿੱਚ ਸੱਦਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਸਤਿਕਾਰ ਹੀ ਨਹੀਂ ਕੀਤਾ ਜਾਂਦਾ ਬਲਕਿ ਨਵੀਂ ਪੀੜੀ ਦੇ ਮੁੰਡੇ ਕੁੜੀਆਂ ਨੂੰ ਉਹਨਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਦੇਸ਼ ਉਸੇ ਸਾਮਰਾਜ ਦੀ ਸਰਦਾਰੀ ਹੇਠ ਸਾਬਕ ਬਸਤੀਆਂ ਦੀ ਬਣੀ ਸਾਂਝੀ ਸੰਸਥਾ ਕਾਮਨਵੈਲਥ ਦਾ ਮੈਂਬਰ ਬਣ ਕੇ ਉਸ ਨਾਲ ਨਾਤਾ ਜੋੜਦਾ ਹੈ। ਭੁੱਲਰ ਇਸਨੂੰ ਅਜਿਹਾ ਸ਼ਰਮਨਾਕ ਕਾਰਜ ਸਮਝਦਾ ਹੈ ਜਿਸ ਨਾਲ ਸਾਧਾਰਨ ਵਿਅਕਤੀ ਦਾ ਸਿਰ ਤਾਂ ਸ਼ਰਮ ਨਾਲ ਝੁਕਣਾ ਸੀ ਪੱਥਰ ਦੇ ਬੁੱਤ ਦਾ ਵੀ ਸਿਰ ਝੁਕ ਜਾਂਦਾ ਹੈ। ਸੁਤੰਤਰਤਾ ਪ੍ਰਾਪਤੀ ਸਮੇਂ ਦੇਸ਼ ਦੀ ਵੱਡੀ ਸਰਮਾਏਦਾਰੀ ਅਤੇ ਜਗੀਰਦਾਰ ਜਮਾਤ, ਜਿਸ ਨੇ ਰਾਜ ਸੱਤਾ ਨੂੰ ਆਪਣੇ ਹੱਥ ਲਿਆ। ਸਾਮਰਾਜ ਨਾਲ ਸਮਝੌਤਾ ਕਰਕੇ ਸਾਮਰਾਜ ਦੇ ਆਰਥਕ ਹਿੱਤਾਂ ਉੱਤੇ ਸੱਟ ਮਾਰਨ ਦੀ ਥਾਂ ਉਹਨਾਂ ਨੂੰ ਰਾਖਵੇਂ ਕਰ ਗਈ। ਇਸ ਤਰ੍ਹਾਂ ਜਿੱਥੇ ਦੇਸ਼ ਦੀ ਸਰਕਾਰ ਨੇ ਸਾਮਰਾਜ ਦੇ ਆਰਥਕ ਹਿੱਤਾਂ ਉੱਤੇ ਸੱਟ ਮਾਰਨੀ ਸੀ ਅਤੇ ਵਿਦੇਸ਼ੀ ਸਰਮਾਇਆ ਜ਼ਬਤ ਕਰਕੇ ਉਸਨੂੰ ਦੇਸ਼ ਦੀ ਆਰਥਕ ਉਸਾਰੀ ਲਈ ਵਰਤਣਾ ਸੀ ਉੱਥੇ ਇਸ ਲੁੱਟ ਕੇ ਬਣਾਏ ਸਰਮਾਏ ਨੂੰ ਕਾਇਮ ਰੱਖ ਕੇ ਉਹ ਸਾਮਰਾਜ ਨੂੰ ਲੁੱਟ ਦਾ ਹੱਕ ਦਿੰਦੀ ਹੈ। ਇਹ ਦੇਸ਼ ਦੀ ਸੁਤੰਤਰਤਾ ਲਹਿਰ ਨਾਲ ਗ਼ੱਦਾਰੀ ਹੈ।

'ਕੀ ਜਾਣਾ ਮੈਂ ਕੌਣ' ਵਿੱਚ ਭੁੱਲਰ ਅਜੋਕੇ ਪੰਜਾਬ ਦੇ ਦੁਖਾਂਤ ਦਾ ਵਰਣਨ ਕਰਦਾ ਹੈ, ਜਿਸ ਵਿੱਚ ਵਿਅਕਤੀ ਬੰਦੇ ਨਾ ਰਹਿ ਕੇ ਕੇਵਲ ਬਾਹਰਮੁਖੀ ਦਿੱਖ ਤੋਂ ਪਛਾਣੇ ਜਾਂਦੇ ਹਨ ਅਤੇ ਕਤਲ ਕੀਤੇ ਜਾਂਦੇ ਹਨ। ਲੇਖਕ ਪੰਜਾਬੀ ਕਲਚਰ ਨੂੰ ਬਿਆਨ ਕਰਦਾ ਹੈ, ਜਿਸ ਵਿੱਚ ਬਾਹਰੀ ਰਹਿਤ ਵਿੱਚ ਕੱਟੜਤਾ ਨਹੀਂ ਹੈ। ਸਿੱਖਾਂ ਦੇ ਘਰ ਜਮ ਕੇ ਮੁੰਡੇ ਖੁੱਲ੍ਹੇ ਖੁਲਾਸੇ ਹੋ ਜਾਂਦੇ ਹਨ। ਭਾਵ ਮੂੰਹ ਸਿਰ ਮੁਨਾ ਕੇ ਹਿੰਦੂਆਂ ਵਰਗੇ ਹੋ ਜਾਂਦੇ ਹਨ ਅਤੇ ਅਖੌਤੀ ਹਿੰਦੂ ਮੁੰਡੇ ਕੇਸ ਦਾਹੜੀ ਰੱਖ ਕੇ ਸਿੱਖਾਂ ਵਰਗੇ ਹੋ ਜਾਂਦੇ ਹਨ। ਦੋਨਾਂ ਫਿਰਕਿਆਂ ਦੀ ਆਪਸੀ ਵਿਰਸੇ ਅਤੇ ਰੀਤੀ ਰਿਵਾਜ ਦੀ ਸਾਂਝ ਬਹੁਤ ਗੂੜੀ ਹੈ ਪਰ ਫਿਰਕੂ ਮੂਲਵਾਦ ਨੇ ਆਪਣੇ ਨਿਰਣੇ ਬਾਹਰਮੁਖੀ ਦਿੱਖ ਤੋਂ ਕੀਤੇ ਹਨ। ਸਿੱਖ ਪਰਿਵਾਰ ਵਿੱਚ ਜਨਮੇ ਸਿਮਰਜੀਤ

ਸਿੰਘ ਸਿਮੀ ਨੂੰ ਹਿੰਦੂ ਸਮਝ ਕੇ ਸਿੱਖ ਅੱਤਵਾਦੀ ਕਤਲ ਕਰ ਦਿੰਦੇ ਹਨ ਇਸੇ ਤਰ੍ਹਾਂ ਖਤਰਾ ਹੈ ਕਿ ਸਿੱਖਾਂ ਵਾਂਗ ਲਗਦੇ ਸ਼ਾਮ ਸਰੂਪ ਨੂੰ ਕੋਈ ਹਿੰਦੂ ਕੱਟੜਵਾਦੀ ਸਿੱਖ ਸਮਝ ਕੇ ਕਤਲ ਨਾ ਕਰ ਦੇਵੇ। ਅਜਿਹੀ ਸਥਿਤੀ ਵਿੱਚ ਇਹ ਨਿਰਣਾ ਕਰਨਾ ਕਿ ਕਿਹੜਾ ਕੌਣ ਹੈ, ਮੁਸ਼ਕਿਲ ਹੋ ਗਿਆ ਹੈ। ਵਿਅਕਤੀ ਦੀ ਕੋਈ ਪਛਾਣ ਹੀ ਨਹੀਂ ਰਹੀ। ਇੱਥੇ ਭੁੱਲਰ ਪੰਜਾਬ ਦੇ ਦੁਖਾਂਤ ਨੂੰ ਕੇਵਲ ਮਾਨਵੀਂ ਪੱਖ ਤੋਂ ਪੇਸ਼ ਕਰਦਾ ਹੈ ਅਤੇ ਪੰਜਾਬੀ ਸੱਭਿਆਚਾਰ ਦੇ ਵਿਸ਼ੇਸ਼ ਪੱਖ ਨੂੰ ਮੁੱਖ ਰੱਖਦਾ ਹੈ ਜਿਸ ਵਿੱਚ ਧਾਰਮਿਕ ਕੱਟੜਤਾ ਨਹੀਂ ਸੀ ਕੋਈ ਫਿਰਕੂ ਵੰਡ ਨਹੀਂ ਸੀ। ਪਰ ਹੁਣ ਇਸਨੂੰ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇੱਥੇ ਲੇਖਕ ਸਥਿਤੀ ਦਾ ਵਰਣਨ ਹੀ ਕਰਦਾ ਹੈ ਕੋਈ ਵਿਸ਼ਲੇਸ਼ਣ ਨਹੀਂ ਪਰ ਇਹ ਕਹਾਣੀ ਕੀ ਅਤੇ ਕਿਉਂ ਦੇ ਸਵਾਲ ਅਵੱਸ਼ ਖੜੇ ਕਰਦੀ ਹੈ ਇਹੋ ਇਸ ਕਹਾਣੀ ਦੀ ਅਹਿਮ ਗੱਲ ਹੈ।

ਗਲਪ ਰਚਨਾ ਦੀ ਭਾਸ਼ਾ ਉੱਤੇ ਦੋ ਪੱਖਾਂ ਤੋਂ ਵਿਚਾਰ ਕੀਤੀ ਜਾਂਦੀ ਹੈ ਪਹਿਲਾ ਹੈ ਲੇਖਕ ਦੀ ਆਪਣੀ ਬੋਲੀ ਅਤੇ ਦੂਜਾ ਹੈ ਉਸ ਦੁਆਰਾ ਸਿਰਜੇ ਗਏ ਪਾਤਰਾਂ ਦੀ ਬੋਲੀ। ਕਈ ਵਾਰ ਤਾਂ ਲੇਖਕ ਪੂਰੀ ਦੀ ਪੂਰੀ ਕਹਾਣੀ ਬਿਆਨੀਆਂ ਸ਼ੈਲੀ ਰਾਹੀਂ ਬਿਆਨ ਕਰ ਜਾਂਦਾ ਹੈ। ਇੱਥੇ ਪਾਤਰ ਚੁੱਪ ਹੁੰਦੇ ਹਨ। ਲੇਖਕ ਆਪਣੇ ਸ਼ਬਦਾਂ ਰਾਹੀਂ ਉਹਨਾਂ ਦੇ ਮਨਾਂ ਵਿੱਚ ਝਾਤੀ ਮਰਵਾਉਂਦਾ ਹੈ ਪਰ ਕਈ ਵਾਰ ਕਹਾਣੀ ਨੂੰ ਅੱਗੇ ਤੋਰ ਕੇ ਕਿਸੇ ਖ਼ਾਸ ਮੋੜ ਉੱਤੇ ਲਿਜਾ ਕੇ ਪਾਤਰਾਂ ਗੋਚਰੀ ਛੱਡ ਕੇ ਉਹ ਆਪ ਇੱਕ ਪਾਸੇ ਖਲੋ ਜਾਂਦਾ ਹੈ। ਕਦੇ-ਕਦੇ ਸਾਰੀ ਕਹਾਣੀ ਹੀ ਪਾਤਰਾਂ ਦੇ ਅਧੀਨ ਹੁੰਦੀ ਹੈ। ਗੁਰਬਚਨ ਸਿੰਘ ਭੁੱਲਰ ਨੇ ਆਪਣੇ ਪਾਤਰਾਂ ਦੀ ਪੇਸ਼ਕਾਰੀ ਇਸ ਪ੍ਰਕਾਰ ਕਰਾਈ ਹੈ ਕਿ ਉਹ ਸਾਡੇ ਸਮਾਜ ਦੇ ਜਿਉਂਦੇ-ਜਾਗਦੇ ਪਾਤਰ ਪਰਤੀਤ ਹੁੰਦੇ ਹਨ। ਗੁਰਬਚਨ ਸਿੰਘ ਭੁੱਲਰ ਪੇਂਡੂ ਪੁਰਾਣੀਆਂ ਕਦਰਾਂ ਦੇ ਟਕਰਾਅ ਵਿਚੋਂ ਜੀਵਨ ਦੀ ਦਵੰਦਮਈ ਤਸਵੀਰ ਪੇਸ਼ ਕਰਦਾ ਹੈ ਅਤੇ ਇਵੇਂ ਪਾਠਕ ਨੂੰ ਜੀਵਨ ਉੱਤੇ ਝਾਤ ਪਾਉਣ ਲਈ ਵਿਸ਼ੇਸ਼ ਦ੍ਰਿਸ਼ਟੀਕੋਣ ਦਿੰਦਾ ਹੈ।

ਇਨਸਾਨੀਅਤ ਦਾ ਸਾਕਾਰ ਰੂਪ ਹੈ ਕਹਾਣੀ 'ਖ਼ੂਨ' ਦਾ ਕਰਤਾਰਾ। ਉਹ ਜ਼ਮੀਨ ਦੇ ਲਾਲਚ ਵਿੱਚ ਵਕਤੀ ਤੌਰ ਤੇ ਡੋਲ ਜਾਂਦਾ ਹੈ ਅਤੇ ਆਪਣੇ ਪੁੱਤਾਂ ਵਰਗੇ ਭਤੀਜੇ ਨੂੰ ਕਤਲ ਕਰਨ ਤੁਰ ਪੈਂਦਾ ਹੈ ਪਰ ਉਹਦੇ ਭਤੀਜੇ ਦਾ ਇਕੋ ਬੋਲ ਉਹਨੂੰ ਇਕਦਮ ਠੀਕ ਰਾਹ ਉੱਤੇ ਮੋੜ ਲਿਆਉਂਦਾ ਹੈ ਅਤੇ ਉਹਦੀ ਸੋਨੇ ਵਰਗੀ ਇਨਸਾਨੀਅਤ ਡਲ੍ਹਕਾਂ ਮਾਰਨ ਲੱਗ ਪੈਂਦੀ ਹੈ। ਇੱਕ ਬੋਲ ਨਾਲ ਹੀ ਪਾਤਰਾਂ ਦੇ ਜੀਵਨ ਵਿੱਚ ਤਬਦੀਲੀ ਕਰਨ ਦੀ ਜੁਗਤ ਦੀ ਵਰਤੋਂ ਉਹਨੇ ਹੋਰ ਕਹਾਣੀਆਂ ਵਿੱਚ ਵੀ ਕੀਤੀ ਹੈ। 'ਥਕੇਵਾਂ' ਦੀ ਆਸੋ ਦੇ ਸਿਰੜ ਦਾ ਚਿਤਰਨ ਕਰਨ ਲਈ ਉਹ ਸ਼ਬਦ ਹੀ ਕਾਫੀ ਸਮਝਦਾ ਹੈ ਅਤੇ ਇਹਨਾਂ ਸ਼ਬਦਾਂ ਨਾਲ ਠੀਕ ਹੀ ਆਸੋ ਦੀ ਪੂਰੀ ਜੀਵਨ ਜਾਂਚ ਅੱਖਾਂ ਸਾਹਮਣੇ ਸਾਕਾਰ ਹੋ ਜਾਂਦੀ ਹੈ। ਹਰੇਕ ਖੇਤਰ ਵਿਸ਼ੇਸ਼ ਵਿੱਚ ਵਸਦੀ ਕੌਮੀਅਤ ਦਾ ਆਪਣਾ ਨਿਵੇਕਲਾ ਸੱਭਿਆਚਾਰ ਹੁੰਦਾ ਹੈ। ਇਹੋ ਸੱਭਿਆਚਾਰ ਉਸ ਕੌਮੀਅਤ ਦੀ ਮੂਲ ਪਛਾਣ ਬਣਦਾ ਹੈ। ਬੋਲੀ ਰਸਮ ਰਿਵਾਜ਼, ਵਰਤੋਂ-ਵਿਹਾਰ ਅਤੇ ਰਹਿਣ ਸਹਿਣ ਇਸੇ ਸੱਭਿਆਚਾਰ ਦੇ ਅੰਗ ਹੁੰਦੇ ਹਨ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਹੀ ਨਹੀਂ ਸਗੋਂ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਵੱਖ-ਵੱਖ ਖਿੱਤਿਆਂ ਦੇ ਸੱਭਿਆਚਾਰਾਂ ਵਿੱਚ ਵੀ ਅੰਤਰ ਹੁੰਦਾ ਹੈ

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਪੰਜਾਬੀ ਸੱਭਿਆਚਾਰ ਦਾ ਦਰਪਨ ਹਨ। ਪਰ ਵਡੇਰੇ ਪ੍ਰਸੰਗ ਵਿੱਚ ਦੇਖਿਆ ਉਹ ਸਾਡੇ ਸਮੁੱਚੇ ਵਰਤਮਾਨ ਭਾਰਤੀ ਸੱਭਿਆਚਾਰ ਦਾ ਵੀ ਦਰਪਨ ਹਨ। ਸੱਭਿਆਚਾਰਾਂ ਦੇ ਬਾਹਰੀ ਅੰਤਰ ਹੋਣ ਦੇ ਬਾਵਜੂਦ ਇੱਕੋ ਰਾਜ ਪ੍ਰਬੰਧ ਅਤੇ ਇੱਕੋ ਅਰਥਚਾਰੇ ਅਧੀਨ ਰਹਿੰਦੇ ਹੋਣ ਕਰਕੇ ਭਾਰਤ ਦੇ ਸਾਰੇ ਹਿੱਸਿਆਂ ਦੇ ਲੋਕਾਂ ਦੇ ਦੁੱਖ-ਸੁੱਖ ਕਿਸੇ ਹੱਦ ਤੱਕ ਅਤੇ ਕੁਝ ਪੱਖਾਂ ਤੋਂ ਅੰਤਰੀਵ ਤੌਰ ਉੱਤੇ ਸਮਰੂਪ ਅਤੇ ਸਾਂਝੇ ਹਨ। ਗੁਰਬਚਨ

ਸਿੰਘ ਭੁੱਲਰ ਇੱਕ ਸਮਰੱਥ ਕਹਾਣੀਕਾਰ ਹੈ। ਨੁਕਸ ਲੱਭਣ ਦੇ ਇਰਾਦੇ ਨਾਲ ਵੀ ਉਸਦੀਆਂ ਕਹਾਣੀਆਂ ਵਾਰ-ਵਾਰ ਪੜ ਲਵੋ, ਅਖੀਰ ਇਹੋ ਮੰਨ ਕੇ ਛੁਟਕਾਰਾ ਹੁੰਦਾ ਹੈ ਕਿ ਉਹ ਵਾਕਈ ਸਮਰੱਥ ਕਹਾਣੀਕਾਰ ਹੈ।

**ਗੁਰਬਚਨ ਸਿੰਘ ਭੁੱਲਰ ਦੇ ਕਹਾਣੀ ਸੰਗ੍ਰਹਿ–**

ਅਗਨੀ ਕਲਸ

ਓਪਰਾ ਮਰਦ

ਵਕਤਾਂ ਮਾਰੇ

ਜਨਣੀ ਜਣੈ ਤਾਂ

ਮੈਂ ਗਜ਼ਨਵੀਂ ਨਹੀਂ

ਧਰਤੀ ਦੀਆਂ ਧੀਆਂ

**ਜਨਮ ਸਥਾਨ–** 18 ਮਾਰਚ 1937

**ਵਿਦਿਅਕ ਯੋਗਤਾ–** ਐਮ.ਏ.

**ਕਿੱਤਾ–** ਮੁਲਾਜ਼ਮਤ (ਪੱਤਰਕਾਰੀ)

ਕਹਾਣੀਆਂ- ਓਪਰਾ ਮਰਦ, ਵਖਤਾਂ ਮਾਰੇ, ਮੈਂ ਗਜ਼ਨਵੀ ਨਹੀਂ, ਇੱਕੀਵੀਂ ਸਦੀ (ਪਰਕਾਸ਼ਨ ਗੋਚਰੀ), ਜਨਣੀ ਜਣੈ ਤਾਂ (ਪੁਰਸ਼ ਪਾਤਰ ਪ੍ਰਧਾਨ ਕਹਾਣੀਆਂ), ਦੀਵੇ ਵਾਂਗ ਬਲਦੀ ਅੱਖ (ਪੱਚੀ ਚੋਣਵੀਆਂ ਕਹਾਣੀਆਂ), ਸੁਬਹਾ ਕਿਤਨੀ ਖ਼ੂਬਸੂਰਤ ਹੈ (ਊਰਦੂ ਵਿੱਚ 14 ਕਹਾਣੀਆਂ), ਤਿੰਨ ਮੂਰਤੀਆਂ ਵਾਲਾ ਮੰਦਿਰ (ਚੋਣਵੀਆਂ 15 ਕਹਾਣੀਆਂ)।

**ਕਵਿਤਾ–** ਮੌਨ ਕਹਾਣੀ (ਮੌਲਕ), ਇਕੱਤਰ ਸੌ ਕਵੀ (ਸੰਪਾਦਿਤ)

**ਕੋਸ਼–** ਅਰਥ- ਸ਼ਾਸਤਰ ਅਤੇ ਰਾਜਨੀਤੀ ਦਾ ਸ਼ਬਦਕੋਸ਼

**ਇਤਿਹਾਸ–** ਗੁਰੂ ਕਾਸ਼ੀ ਦਮਦਮਾ ਸਾਹਿਬ: ਸੰਖੇਪ ਇਤਿਹਾਸ

**ਅਨੁਵਾਦ–** ਸੂਹੇ ਫੁੱਲ ( ਆਜ਼ਰਬਾਈਜਾਨੀ ਕਹਾਣੀਆਂ), ਕਥਾ ਭਾਰਤੀ (ਮਲਿਆਲਮ ਕਹਾਣੀਆਂ), ਕਦੇ ਚਾਨਣ ਕਦੇ ਨ੍ਹੇਰਾ (ਖਵਾਜਾ ਅਹਿਮਦ ਅੱਬਾਸ ਦਾ ਨਾਵਲ), ਫੇਰ ਮਹਿਕੀ ਜ਼ਿੰਦਗੀ (ਰੂਸੀ ਨਾਵਲ), ਕਾਮਾਗਾਟਾਮਾਰੂ ਦਾ ਦੁਖਾਂਤ (ਸੋਹਨ ਸਿੰਘ ਜੋਸ਼), ਵਿਗਿਆਨ ਅਤੇ ਭਵਿੱਖ, ਲੈਨਿਨ: ਚੋਣਵੀਂ ਰਚਨਾ (ਸਹਿ-ਅਨੁਵਾਦ), ਹਿੰਦੁਸਤਾਨ ਦਾ ਆਰਥਕ ਵਿਕਾਸ, ਸਰਮਾਇਆ: ਕਾਰਲ ਮਾਰਕਸ (ਸਹਿ- ਅਨੁਵਾਦ) ਅਤੇ ਹੋਰ ਅਨੇਕਾਂ ਪੁਸਤਕਾਂ।

**ਸੰਪਾਦਨ–** ਮਾਨਸ ਕੀ ਜਾਤਿ (ਕਹਾਣੀਆਂ), ਬੱਬਰ ਅਕਾਲੀ ਲਹਿਰ ਦਾ ਇਤਿਹਾਸ (ਮਿਲਖਾ ਸਿੰਘ ਨਿੱਝਰ), ਮਾਂ ਬੋਲੀ ਪੰਜਾਬੀ: ਅਜੋਕੀ ਸਥਿਤੀ ਤੇ ਸਮੱਸਿਆਵਾਂ; ਪਿਆਰਾ ਸਿੰਘ ਸਹਿਰਾਈ, ਰਾਮ ਸਰੂਪ ਅਣਖੀ, ਸੋਹਨ ਸਿੰਘ ਜੋਸ਼, ਸੰਤੋਖ ਸਿੰਘ ਧੀਰ ਤੇ ਗੁਰਸ਼ਰਨ ਸਿੰਘ ਸੰਬੰਧੀ ਅਭਿਨੰਦਨ ਪੁਸਤਕਾਂ; ਪੰਜਾਬੀ ਕਹਾਣੀ ਕੋਸ਼, 'ਕਬਰ ਜਿਨ੍ਹਾਂ ਦੀ ਜੀਵੇ ਹੂ!' (ਜੋਗਾ ਸਿੰਘ ਨੂੰ ਯਾਦ ਕਰਦਿਆਂ) ਅਤੇ ਹੋਰ ਕਈ ਪੁਸਤਕਾਂ।

ਬਹੁਤ ਸਾਰੀਆਂ ਕਹਾਣੀਆਂ ਪ੍ਰਮੁੱਖ ਅੰਗਰੇਜ਼ੀ ਤੇ ਹਿੰਦੀ ਪੱਤਰਾਂ ਵਿੱਚ ਅਤੇ ਉਹਨਾਂ ਵਿਚੋਂ ਅੱਗੇ ਹੋਰ ਭਾਰਤੀ ਭਾਸ਼ਾਵਾਂ ਦੇ ਪੱਤਰਾਂ ਵਿੱਚ ਪ੍ਰਕਾਸ਼ਿਤ। ਅਨੇਕ ਰਚਨਾਵਾਂ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਦੀਆਂ ਸੰਪਾਦਿਤ ਪੁਸਤਕਾਂ ਵਿੱਚ ਸ਼ਾਮਲ। ਪ੍ਰਸਿੱਧ ਲੇਖਕਾਂ ਦੀਆਂ ਲਗਭਗ ਇੱਕ ਦਰਜਨ ਪੁਸਤਕਾਂ ਦੇ ਮੁੱਖ ਸ਼ਬਦ। ਸਾਹਿਤਕ, ਭਾਸ਼ਾਈ, ਲੇਖਕਾਂ

ਦੀਆਂ ਸ਼ਖਸੀਅਤਾਂ ਸੰਬੰਧੀ, ਆਲੋਚਨਾਤਮਕ, ਸਮਾਜਕ, ਆਦਿ ਵਿਸ਼ਿਆਂ ਉੱਤੇ ਅਨੇਕ ਲੇਖ ਅਤੇ ਅਧਿਐਨ ਦਾ ਵਿਸ਼ਾ ਬਣੀਆਂ ਅਣਗਿਣਤ ਪੰਜਾਬੀ ਪੁਸਤਕਾਂ ਦੇ ਸਾਹਿਤਕ ਰੀਵਿਊ ਪ੍ਰਕਾਸ਼ਿਤ।

**ਮਾਣ-ਸਨਮਾਨ-** 1988 ਲਈ ਤੀਜਾ 'ਪਾਰਸਮਣੀ ਐਵਾਰਡ; 1989 ਲਈ ਪੰਜਾਬੀ ਅਕਾਦਮੀ, ਦਿੱਲੀ ਦਾ 'ਨਾਨਕ ਸਿੰਘ ਗਲਪ ਪੁਰਸਕਾਰ' ਅਤੇ 1998 ਕਰਤਾਰ ਸਿੰਘ ਧਾਲੀਵਾਲ ਪੁਰਸਕਾਰ।

## ਲੇਖਕ ਬਾਰੇ ਕੁਝ ਵਿਦਵਾਨਾਂ ਦੇ ਵਿਚਾਰ

ਕਵੀ ਐਨ. ਐਸ. ਦਿਉਲ- ਇਸ ਨੇ 'ਵਖਤਾਂ ਮਾਰੇ' ਬਾਰੇ ਇੱਕ ਲੰਮਾ ਲੇਖ ਲਿਖਿਆ। ਅਕਹਾਣੀ ਅਤੇ ਅਕਹਾਣੀਕਾਰਾਂ ਦੇ ਰੋਲ-ਘਚੋਲੇ ਦੇ ਦੌਰ ਵਿੱਚ ਵੀ ਕਈ ਚੰਗੇ ਕਹਾਣੀਕਾਰ ਪੰਜਾਬੀ ਸਾਹਿਤ ਵਿੱਚ ਉੱਭਰੇ ਹਨ, ਜਿਨ੍ਹਾਂ ਨੇ ਜ਼ਿੰਦਗੀ ਦਾ ਪੱਲਾ ਹੱਥੋਂ ਨਹੀਂ ਖਿਸਕਣ ਦਿੱਤਾ। ਉਹਨਾਂ ਨੇ ਆਤਮ ਧੁੰਦ ਵਿੱਚ ਗੁਆਚ ਕੇ ਊਲ-ਜਲੂਲ ਅਲਹਾਮ ਨਹੀਂ ਕੀਤੇ। ਆਪਣੇ ਹਉਂ ਦੇ ਗੁਬਾਰੇ ਵਿੱਚ ਹਵਾ ਭਰਕੇ ਉਨ੍ਹਾਂ ਨੇ ਫੋਕੀਆਂ ਤਲਵਾਰਾਂ ਹਵਾ ਵਿੱਚ ਨਹੀਂ ਮਾਰੀਆਂ। ਇਹਨਾਂ ਵਿੱਚ ਮੋਹਰੀ ਹਨ ਗੁਰਬਚਨ ਸਿੰਘ ਭੁੱਲਰ ਅਤੇ ਗੁਰਦੇਵ ਸਿੰਘ ਰੁਪਾਣਾ, ਆਦਿ। ਭੁੱਲਰ ਦੀ ਦ੍ਰਿਸ਼ਟੀ ਬੜੀ ਸਾਫ ਹੈ। ਉਹ ਵਸਤਾਂ, ਘਟਨਾਵਾਂ, ਸਥਿਤੀਆਂ ਦਾ ਬਾਹਰਲਾ ਰੂਪ ਵੀ ਤੇ ਉਹਨਾਂ ਦੇ ਅੰਦਰ ਲੁਕਿਆ ਸੱਚ ਵੀ ਪੂਰੀ ਬਾਰੀਕੀ ਨਾਲ ਪਛਾਣ ਲੈਂਦਾ ਹੈ। ਵੱਡੀ ਗੱਲ, ਉਹ ਜ਼ਿੰਦਗੀ ਵੱਲ ਤੇ ਕਲਾ ਵੱਲ ਬਰਾਬਰ ਦਾ ਈਮਾਨਦਾਰ ਹੈ। 'ਵਖਤਾਂ ਮਾਰੇ' ਸੰਗ੍ਰਹਿ ਦੀਆਂ ਚੌਦਾਂ ਦੀਆਂ ਚੌਦਾਂ ਕਹਾਣੀਆਂ ਆਪਣੇ ਆਪ ਵਿੱਚ ਕੋਈ ਨਾ ਕੋਈ ਨਿਵੇਕਲੀ, ਅਨੋਖੀ ਅਤੇ ਅਲਬੇਲੀ ਗੱਲ ਲੈ ਕੇ ਹੋਂਦ ਵਿੱਚ ਆਈਆਂ ਹਨ।

ਸੁਰਜੀਤ ਗਿੱਲ- ਇਸ ਨੇ ਵੀ 'ਵਖ਼ਤਾਂ ਮਾਰੇ'ਦਾ ਜ਼ਿਕਰ ਆਦਿ ਅਤੇ ਅੰਤ ਵਿੱਚ ਦੋ ਸਮਕਾਲੀਆਂ ਨਾਲ ਜੋੜ ਕੇ ਕੀਤਾ। ਪਿਛਲੇ ਸਮੇਂ ਵਿੱਚ ਲੇਖਕਾਂ ਦੇ ਇੱਕ ਪੂਰ ਨੇ ਉਪਰਥਲੀ ਤਿੰਨ ਕਹਾਣੀ-ਸੰਗ੍ਰਹਿ ਦਿੱਤੇ ਹਨ। ਪਹਿਲਾਂ ਮੋਹਨ ਭੰਡਾਰੀ ਨੇ ਆਪਣਾ ਸੰਗ੍ਰਹਿ 'ਕਾਠ ਦੀ ਲੱਤ' ਦਿੱਤਾ। ਉਸ ਪਿੱਛੋਂ ਰਘਬੀਰ ਢੰਡ ਨੇ ਆਪਣਾ ਸੰਗ੍ਰਹਿ 'ਉਸ ਪਾਰ' ਦਿੱਤਾ। ਉਸ ਤੋਂ ਬਾਅਦ ਗੁਰਬਚਨ ਭੁੱਲਰ ਨੇ ਆਪਣਾ ਸੰਗ੍ਰਹਿ 'ਵਖ਼ਤਾਂ ਮਾਰੇ' ਦਿੱਤਾ ਹੈ। ਤਿੰਨਾਂ ਲੇਖਕਾਂ ਨੇ ਹੀ ਕਲਾ ਦੇ ਅਤੇ ਵਿਸ਼ੇ ਦੇ ਪੱਖੋਂ ਪੰਜਾਬੀ ਸਾਹਿਤ ਵਿੱਚ ਅਹਿਮ ਵਾਧਾ ਕੀਤਾ ਹੈ। ਲੰਮੇ ਸਮੇਂ ਤੋਂ ਲਿਖਦੇ ਰਹਿਣ ਅਤੇ ਆਪਣੀ ਲਿਖਤ ਉੱਤੇ ਵੱਧ ਮਿਹਨਤ ਕਰਦੇ ਰਹਿਣ ਕਾਰਨ ਭੁੱਲਰ ਦੀਆਂ ਕਹਾਣੀਆਂ ਵਿੱਚ ਪਕਿਆਈ ਅਤੇ ਗੰਭੀਰਤਾ ਹੈ। ਆਪਣੇ ਪਾਤਰਾਂ ਦੀ ਉਸਾਰੀ ਵਿੱਚ ਭੁੱਲਰ ਆਪਾ ਘੋਲ ਦਿੰਦਾ ਹੈ।

ਸੋਹਨ ਸਿੰਘ ਜੋਸ਼- ਇਸ ਅਨੁਸਾਰ ਕੁਛ ਸਾਹਿਤਕਾਰਾਂ ਨੇ ਕਹਾਣੀ ਨੂੰ ਇੱਕ ਗੋਰਖਧੰਦਾ ਬਣਾ ਦਿੱਤਾ ਹੈ। ਉਹਨਾਂ ਦੀਆਂ ਕਹਾਣੀਆਂ ਪੜ੍ਹਨ ਬੈਠੋ ਤਾਂ ਸਿਰ ਪੈਰ ਨਹੀਂ ਲੱਭਦਾ, ਸਮਝਣ ਲੱਗੋ ਤਾਂ ਹੱਥ-ਪੱਲੇ ਕੁਛ ਨਹੀਂ ਪੈਂਦਾ। ਪੰਜਾਬੀ ਕਹਾਣੀਕਾਰਾਂ ਵਿੱਚ ਦੂਜਾ ਨਰੋਆ ਮੁਹਾਣ ਵੀ ਸਾਹਮਣੇ ਆ ਰਿਹਾ ਹੈ। ਇਹ ਕਲਾਕਾਰ ਨਰੋਏ, ਸੰਜਮੀ ਪਿਆਰ ਤੇ ਹੀ ਸਾਹਿਤ ਨਹੀਂ ਸਿਰਜਦੇ, ਸਗੋਂ ਜ਼ਿੰਦਗੀ ਦੇ ਹੋਰ ਪਹਿਲੂਆਂ ਨੂੰ ਵੀ ਉਜਾਗਰ ਕਰਕੇ ਸਾਡੇ ਸਾਹਮਣੇ ਪੇਸ਼ ਕਰਦੇ ਹਨ। ਇਹਨਾਂ ਕਹਾਣੀਕਾਰਾਂ ਵਿੱਚ ਗੁਰਬਚਨ ਸਿੰਘ ਭੁੱਲਰ ਦੀ ਆਪਣੀ ਨਿਵੇਕਲੀ ਥਾਂ ਹੈ। ਮਨੁੱਖੀ ਹਿਰਦੇ ਤੇ ਮਨ ਦਾ ਵਿਸ਼ਲੇਸ਼ਣ ਉਹ ਬੜੀ ਖ਼ੂਬਸੂਰਤੀ ਨਾਲ ਕਰਦਾ ਹੈ। ਉਸ ਦੀ ਸ਼ੈਲੀ, ਉਸ ਦੀ ਵਰਨਣਕਾਰੀ, ਉਸ ਦੀ ਬੋਲੀ ਮਨਮੋਹਕ ਹਨ। ਕਹਾਣੀਆਂ ਵਿੱਚ ਉਹ ਬੜੀ ਸਫ਼ਲਤਾ ਨਾਲ ਸੰਕੇਤਕ ਢੰਗ ਅਪਣਾਉਂਦਾ ਹੈ ਅਤੇ ਕਹਾਣੀਆਂ ਦੀ ਵੱਥ ਨਿਰੋਈ ਤੇ ਪ੍ਰਗਤੀਸ਼ੀਲ ਦਿੰਦਾ ਹੈ।

**ਕਰਤਾਰ ਸਿੰਘ ਦੁੱਗਲ–** ਇਨ੍ਹਾਂ ਨੇ 'ਦਿ ਸੰਡੇ ਟ੍ਰਿਬਿਊਨ' ਵਿੱਚ 'ਪੰਜਾਬੀ ਕਹਾਣੀ ਦੇ ਨਵੇਂ ਹਸਤਾਖ਼ਰ' ਸਿਰਲੇਖ ਹੇਠ ਲਿਖਿਆ, "ਸਾਡਾ ਯੁੱਗ ਕਹਾਣੀ ਦਾ ਯੁੱਗ ਹੈ। ਇਹ ਕਹਾਣੀ ਹੀ ਹੈ ਜੋ ਆਧੁਨਿਕ ਮਨੁੱਖ ਦੇ ਪਾਸਾਰੇ ਨੂੰ ਸਰਬੋਤਮ ਰੂਪ ਵਿੱਚ ਚਿਤਰਦੀ ਹੈ। ਇਹ ਕਵਿਤਾ ਜਿੰਨੀ ਸਰਬੋਤਮ ਅਤੇ ਨਾਟਕ ਜਿੰਨੀ ਨਾਟਕੀ ਹੋ ਸਕਦੀ ਹੈ। ਪਰ ਤਾਂ ਵੀ ਜੀਵਨ ਨੂੰ ਬਿਰਤਾਂਤਕ ਢੰਗ ਨਾਲ ਪੇਸ਼ ਕਰ ਸਕਦੀ ਹੈ। "ਇਸ ਕਲਾਤਮਕ ਸਾਹਿਤ ਰੂਪ ਦੇ ਨਵੇਂ ਰਚਨਹਾਰਿਆ ਦੀ ਟੋਲੀ ਵਿੱਚ 'ਵਖ਼ਤਾਂ ਮਾਰੇ' ਦਾ ਲੇਖਕ ਗੁਰਬਚਨ ਸਿੰਘ ਭੁੱਲਰ ਇਸ ਵਿਧਾ ਨੂੰ ਵਿਕਸਤ ਕਰਨ ਦੀ ਵੱਡੀ ਸਮਰੱਥਾ ਰੱਖਦਾ ਹੈ। ਉਹ ਕੋਮਲ ਭਾਵੀ ਹੈ ਅਤੇ ਵਿਸਤਾਰ ਸੰਬੰਧੀ ਬਰੀਕ ਨਜ਼ਰ ਦਾ ਮਾਲਕ ਹੈ। ਉਹਨੂੰ ਅਜੋਕੇ ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਦ੍ਰਿਸ਼ ਦਾ ਇੱਕੋ ਜਿੰਨਾ ਅਮੀਰ ਅਨੁਭਵ ਹੈ ਉਹਦੀ ਪਹੁੰਚ ਸੂਝਵਾਨ ਅਤੇ ਸਿਹਤਮੰਦ ਹੈ। ਉਹਦੀਆਂ ਰਚਨਾਵਾਂ ਗਠਵੀਆਂ ਅਤੇ ਤਰਾਸ਼ੀਆਂ ਹੋਈਆਂ ਹਨ। ਉਹ ਸ਼ਬਦਾਂ ਦੇ ਸੰਜਮ ਵਿੱਚ ਵਿਸ਼ਵਾਸ਼ ਰੱਖਦਾ ਹੈ।

**ਜਸਵੰਤ ਸਿੰਘ ਕੰਵਲ–** ਇਨ੍ਹਾਂ ਦੇ ਅਨੁਸਾਰ ਭੁੱਲਰ ਦੀ ਸਾਹਿਤਕ ਈਮਾਨਦਾਰੀ ਉਨ੍ਹਾਂ ਦੇ ਪਾਤਰਾਂ ਵਿੱਚ ਲੋਅ ਕਰਦੀ ਹੈ।

**ਅਕਾਸ਼ਵਾਣੀ ਦਿੱਲੀ ਦੇ ਰੀਵਿਊ ਵਿੱਚ ਕਿਹਾ ਗਿਆ–** ਪਿਛਲੇ ਕੁਝ ਸਮੇਂ ਕਹਾਣੀ ਦੇ ਨਾਂ ਉੱਤੇ ਬਹੁਤ ਕੁਝ ਅਜਿਹਾ ਲਿਖਿਆ ਗਿਆ ਹੈ ਜੋ ਕਹਾਣੀ ਨਹੀਂ । ਭੁੱਲਰ ਉਨ੍ਹਾਂ ਅਕਹਾਣੀਕਾਰਾਂ ਵਾਂਗ ਨਾਂ ਤਾਂ ਕਹਾਣੀ ਨੂੰ ਕੇਵਲ ਪ੍ਰਚਾਰ ਦਾ ਮਾਧਿਅਮ ਬਣਾਉਂਦਾ ਹੈ ਤੇ ਨਾ ਹੀ ਅਖੌਤੀ ਜਿਹੇ ਤਜ਼ਰਬਿਆਂ ਦਾ ਸਹਾਰਾ ਲੈਂਦਾ ਹੈ।

**ਰੋਜ਼ਾਨਾ 'ਨਵੀਂ ਪ੍ਰਭਾਤ' ਅਨੁਸਾਰ–** ਭੁੱਲਰ ਪਾਤਰਾਂ ਦੇ ਧੁਰ ਦਿਲ ਵਿੱਚ ਬੈਠ ਕੇ ਲਿਖਦਾ ਹੈ। ਉਸਦੀ ਕਿਸੇ ਵੀ ਕਹਾਣੀ ਦਾ ਅਰਥਹੀਣ ਨਾ ਹੋਣਾ ਉਸਦਾ ਮੀਰੀ ਗੁਣ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਵਿੰਦਰਜੀਤ ਕੌਰ, ਸਮਾਜ ਵਿਗਿਆਨ ਦੇ ਮੂਲ ਸੰਕਲਪ, ਪੰਨਾ-3
2. ਉਹੀ, ਪੰਨਾ-6
3. ਉਹੀ, ਪੰਨਾ-6
4. ਉਹੀ, ਪੰਨਾ-6
5. ਉਹੀ, ਪੰਨਾ-6
6. ਉਹੀ, ਪੰਨਾ-6
7. ਉਹੀ, ਪੰਨਾ 6
8. ਸਵਿੰਦਰਜੀਤ ਕੌਰ, ਜਨਰਲ ਸਮਾਜ ਵਿਗਿਆਨ, ਪੰਨਾ-260
9. ਉਹੀ, ਪੰਨਾ-260
10. ਉਹੀ, ਪੰਨਾ-260
11. ਸਵਿੰਦਰ ਸਿੰਘ ਉੱਪਲ ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ-16
12. ਉਹੀ, ਪੰਨਾ-18
13. ਭਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ, ਦ੍ਰਿਸ਼ਟੀਮੂਲਕ ਪਰਿਪੇਖ, ਪੰਨਾ-34
14. ਉਹੀ, ਪੰਨਾ-35
15. ਉਹੀ, ਪੰਨਾ-17
16. ਉਹੀ, ਪੰਨਾ-19
17. ਉਹੀ, ਪੰਨਾ-20
18. ਕਿਰਨਦੀਪ ਸਿੰਘ 'ਕਿਰਨ', ਪ੍ਰੇਮ ਪ੍ਰਕਾਸ਼ ਦੀ ਕਥਾ ਸੰਵੇਦਨਾ, ਪੰਨਾ-21
19. ਉਹੀ, ਪੰਨਾ-25
20. ਉਹੀ, ਪੰਨਾ-27
21. ਉਹੀ, ਪੰਨਾ-30
22. ਉਹੀ, ਪੰਨਾ-33
23. ਉਹੀ, ਪੰਨਾ-35
24. ਸਵਿੰਦਰ ਸਿੰਘ ਉੱਪਲ ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ-261
25. ਉਹੀ, ਪੰਨਾ-105
26. ਉਹੀ, ਪੰਨਾ-107
27. ਉਹੀ, ਪੰਨਾ-113
28. ਉਹੀ, ਪੰਨਾ-122

# ਅਧਿਆਇ ਦੂਜਾ

## ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜਕ ਪਰਿਪੇਖ

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜਕ ਪਰਿਪੇਖ ਨੂੰ ਵੇਖਿਆ ਜਾ ਸਕਦਾ ਹੈ। ਭੁੱਲਰ ਨੂੰ ਕਹਾਣੀਆਂ ਲਿਖਣ ਦੀ ਚੋਖੀ ਜਾਂਚ ਹੈ। ਉਹ ਸਮਾਜ ਦੀਆਂ ਉਨ੍ਹਾਂ ਘਟਨਾਵਾਂ ਨੂੰ ਹੀ ਬਿਆਨ ਕਰਦਾ ਹੈ ਜੋ ਕਿ ਅੱਜ ਦੇ ਸਮਾਜ ਦੀਆਂ ਮੁੱਖ ਸਮੱਸਿਆਵਾਂ ਹਨ। ਸਮਾਜ ਦੇ ਹਰ ਪੱਖ ਨੂੰ ਉਸ ਦੀਆਂ ਕਹਾਣੀਆਂ ਵਿੱਚ ਵੇਖਿਆ ਜਾ ਸਕਦਾ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਦੇ ਅੰਦਰ ਰਹਿੰਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਰਿਸ਼ਤਿਆਂ ਵਿੱਚ ਆ ਰਹੀਆਂ ਤਰੇੜਾਂ ਅਤੇ ਉਨ੍ਹਾਂ ਦੇ ਕਾਰਨਾਂ ਨੂੰ ਬਿਆਨ ਕੀਤਾ ਗਿਆ ਹੈ। ਸਮਾਜ ਵਿੱਚ ਪੂੰਜੀਵਾਦ ਦੇ ਆਗਮਨ ਨਾਲ ਰਿਸ਼ਤਿਆਂ ਦੀ ਘੱਟ ਰਹੀ ਕੀਮਤ ਬਾਰੇ ਵੀ ਸੰਖੇਪ ਜਾਣਕਾਰੀ ਆਪਣੀਆਂ ਕਹਾਣੀਆਂ ਵਿੱਚ ਭੁੱਲਰ ਨੇ ਦਿੱਤੀ ਹੈ। ਉਸ ਦੀ ਕਹਾਣੀ 'ਇੱਕੀਵੀਂ ਸਦੀ' ਵਿੱਚ ਪੂੰਜੀਵਾਦ ਸਮਾਜ ਨਾਲ ਟੁੱਟ ਰਹੇ ਰਿਸ਼ਤਿਆਂ ਦੀ ਅਸਲੀਅਤ ਨੂੰ ਬਿਆਨ ਕੀਤਾ ਹੈ। ਸਮਾਜ ਆਪਣੇ ਕੰਮਾਂ ਕਾਰਾਂ ਵਿੱਚ ਆਪਣੇ ਆਪ ਨੂੰ ਇਨ੍ਹਾਂ ਜ਼ਿਆਦਾ ਸਮਾਂ ਦਿੰਦੇ ਹਨ ਕਿ ਘਰ ਦੇ ਬਜ਼ੁਰਗਾਂ ਨੂੰ ਸਮਾਂ ਦੇਣ ਤੋਂ ਅਸਮਰੱਥ ਹੋ ਜਾਂਦੇ ਹਨ ਨਤੀਜਾ ਇਹ ਨਿਕਲਦਾ ਹੈ ਕਿ ਰਿਸ਼ਤੇ ਦਿਨੋਂ-ਦਿਨ ਟੁੱਟਦੇ ਜਾ ਰਹੇ ਹਨ। ਬੱਚਿਆਂ ਨੂੰ ਆਪਣੇ ਵੱਡਿਆ ਦਾ ਸਤਿਕਾਰ ਕਰਨਾ ਨਹੀਂ ਆਉਂਦਾ। ਇਸ ਕਹਾਣੀ ਵਿੱਚ ਇਹ ਦੱਸਿਆ ਗਿਆ ਹੈ ਕਿ ਆਧੁਨਿਕ ਸਮਾਜ ਵਿੱਚ ਮੌਤ ਵਰਗੇ ਸੋਗ ਭਰੇ ਮਾਹੌਲ ਵਿੱਚ ਵੀ ਕਿਸੇ ਕੋਲ ਆ ਕੇ ਦੁੱਖ ਸੁੱਖ ਕਰਨ ਦਾ ਸਮਾਂ ਨਹੀਂ ਹੈ ਉਸ ਦੁੱਖ ਨੂੰ ਸਾਂਝਾ ਕਰਨ ਲਈ ਵੀ ਐਤਵਾਰ ਦੇ ਦਿਨ ਦਾ ਇੰਤਜ਼ਾਰ ਕੀਤਾ ਜਾਂਦਾ ਹੈ। ਮੌਤ ਉੱਪਰ ਕਰਨ ਵਾਲੀਆਂ ਰਸਮਾਂ ਨੂੰ ਬੇਫਜ਼ੂਲ ਹੀ ਸਮਝਿਆ ਜਾਂਦਾ ਹੈ।

"ਦੁਖਦਾ-ਸੁਖਦਾ ਤਾਂ ਇੱਕ ਪਾਸੇ ਰਿਹਾ, ਮਰੇ ਦੀ ਹਮਦਰਦੀ ਲਈ ਜਾਣ ਵਾਸਤੇ ਵੀ ਵੇਲਾ ਵਿਚਾਰਨਾ ਪੈਂਦਾ ਹੈ। ਇੱਕ ਪਾਸੇ ਮਰਦ ਇੱਕ ਦੂਜੇ ਨਾਲ ਸਲਾਹਾਂ ਕਰਦੇ ਹਨ ਕਿ ਕਿੰਨੇ ਬਜੇ ਚੱਲਣਾ ਹੈ ਅਤੇ ਉਸ ਸਮੇਂ ਤੱਕ ਆਪਣੇ ਆਪਣੇ ਮਕਾਨ ਅੰਦਰ ਵੜ ਜਾਂਦੇ ਹਨ। ਦੂਜੇ ਪਾਸੇ ਔਰਤਾਂ ਜਾਣ ਦਾ ਸਮਾਂ ਨਿਸ਼ਚਿਤ ਕਰਦੀਆਂ ਹਨ ਅਤੇ ਆਪਣੇ ਘਰ ਸੂਟ ਸਾੜੀਆਂ ਛਾਂਟਣ ਤੇ ਕੰਘੀ-ਪੱਟੀ ਕਰਨ ਜਾ ਲੱਗਦੀਆਂ ਹਨ। ਮੌਤ ਕਿਸੇ ਹੋਰ ਦੇ ਘਰ ਹੋਈ ਹੈ ਉਹ ਸੋਗੀ ਕੱਪੜੇ ਕਿਉਂ ਪਾਉਣ! ਇਹ ਵਾਧੂ ਪੁਰਾਣਾ ਰਿਵਾਜ਼ ਛੱਡ ਦਿੱਤਾ ਗਿਆ ਹੈ।"[1]

ਇਸ ਤਰਾਂ ਭੁੱਲਰ ਨੇ ਸਮਾਜ ਦੀਆਂ ਘੱਟ ਰਹੀਆਂ ਕਦਰਾਂ-ਕੀਮਤਾਂ ਉੱਪਰ ਹੀ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਹਨ। ਸਮਾਜ ਵਿਚਲਾ ਮਨੁੱਖ ਆਪਣੀ ਝੂਠੀ ਸ਼ਾਨੋ-ਸ਼ੌਕਤ ਲਈ ਪਾਲਤੂ ਜਾਨਵਰਾਂ ਨੂੰ ਆਪਣੇ ਘਰ ਰੱਖ ਲੈਂਦਾ ਹੈ ਤੇ ਘਰ ਦੇ ਬਜ਼ੁਰਗਾਂ ਨਾਲ ਘਰ ਵਿਚਲੇ ਪਏ ਫਾਲਤੂ ਸਮਾਨ ਵਰਗਾ ਵਿਵਹਾਰ ਕਰਦਾ ਹੈ। ਜਾਨਵਰਾਂ ਨਾਲ ਪਿਆਰ ਕੀਤਾ ਜਾਂਦਾ ਹੈ ਕਿਉਂਕ ਸਮਾਜ ਦਾ ਇਹ ਨਵਾਂ ਰਿਵਾਜ਼ ਬਣ ਗਿਆ ਹੈ ਕਿ ਜਾਨਵਰਾਂ ਨਾਲ ਕਿੰਨਾ ਪਿਆਰ ਅਸੀਂ ਕਰਦੇ ਹਾਂ ਪ੍ਰੰਤੂ ਉਹ ਸਾਡੀ ਅਸਲੀਅਤ ਨਹੀਂ ਹੈ ਅਸੀਂ ਇਹ ਸਿਰਫ ਲੋਕਾਂ ਨੂੰ ਦਿਖਾਉਣ ਲਈ ਅਜਿਹਾ ਕਰਦੇ ਹਾਂ। ਬੱਚੇ ਜ਼ਿਆਦਾਤਰ ਆਪਣੇ ਆਪ ਨੂੰ ਮੋਬਾਈਲ ਫੋਨ ਵਿੱਚ ਲਗਾਈ ਰੱਖਦੇ ਹਨ। ਘਰ ਦੇ ਮੈਂਬਰ ਆਪਣੇ ਆਪਣੇ ਕੰਮਾਂ ਤੇ ਚਲੇ ਜਾਂਦੇ ਹਨ, ਬਜ਼ੁਰਗਾਂ ਨੂੰ ਘਰਾਂ ਦੇ ਛੋਟੇ ਮੋਟੇ ਕੰਮਾਂ ਨੂੰ ਕਰਾਉਣ ਲਈ ਰੱਖਦੇ ਹਨ। ਸਮਾਜ ਦੀ ਅਜਿਹੀ ਸੱਚ ਦੀ ਤਸਵੀਰ ਨੂੰ ਭੁੱਲਰ ਦੀਆਂ ਕਹਾਣੀਆਂ ਵਿੱਚ ਦੇਖਿਆ ਜਾ ਸਕਦਾ ਹੈ। ਉਸ ਨੇ ਸਮਾਜ ਦੇ ਅਸਲ

ਸੱਚ ਨੂੰ ਸਾਡੇ ਸਾਹਮਣੇ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕੀਤਾ ਹੈ। ਭੁੱਲਰ ਦੀ ਕਹਾਣੀ 'ਦੋ ਜਣੇ' ਵਿੱਚ ਇੱਕ ਪਾਲਤੂ ਕੁੱਤੇ ਅਤੇ ਘਰ ਦੇ ਬਜ਼ੁਰਗ ਬਾਰੇ ਗੱਲ ਕੀਤੀ ਗਈ ਹੈ। ਪਹਿਲਾਂ ਸ਼ੌਕ ਦੀ ਖ਼ਾਤਿਰ ਘਰ ਵਿੱਚ ਇੱਕ ਪਾਲਤੂ ਕੁੱਤੇ ਨੂੰ ਲਿਆਇਆ ਜਾਂਦਾ ਹੈ ਬਾਅਦ ਵਿੱਚ ਉਸਦੀ ਚੰਗੀ ਤਰ੍ਹਾਂ ਨਾਲ ਦੇਖਭਾਲ ਵੀ ਨਹੀਂ ਕੀਤੀ ਜਾਂਦੀ। ਘਰ ਦੇ ਬਜ਼ੁਰਗ ਬਾਊ ਜੀ ਨੂੰ ਘਰ ਦੇ ਸਾਰੇ ਨਿੱਕੇ ਮੋਟੇ ਕੰਮ ਕਰਾਉਣ ਲਈ ਰੱਖਿਆ ਜਾਂਦਾ ਹੈ। ਉਨ੍ਹਾਂ ਦਾ ਬਿਲਕੁਲ ਵੀ ਸਤਿਕਾਰ ਨਹੀਂ ਕੀਤਾ ਜਾਂਦਾ।

ਮੋਤੀ ਅਤੇ ਬਾਊ ਜੀ ਘਰ ਵਿੱਚ ਇਕੱਲੇ ਹੀ ਰਹਿੰਦੇ ਸਨ ਇਸ ਲਈ ਉਨ੍ਹਾਂ ਦੋਹਾਂ ਦੀ ਆਪਸ ਵਿੱਚ ਗਹਿਰੀ ਦੋਸਤੀ ਹੋ ਗਈ। ਬਾਕੀ ਮੈਂਬਰ ਮੋਤੀ ਨਾਲ ਪਿਆਰ ਸਿਰਫ ਕੁਝ ਤਸਵੀਰਾਂ ਲੈਣ ਲਈ ਹੀ ਕਰਦੇ ਸਨ ਪ੍ਰੰਤੂ ਬਾਊ ਜੀ ਲਈ ਇੱਕ ਘਰ ਦੇ ਇੱਕ ਜੀਅ ਵਾਂਗ ਸੀ। ਘਰ ਦੀ ਨੂੰਹ ਇੱਕ ਕੰਮ ਤੋਂ ਬਾਅਦ ਬਾਊ ਜੀ ਨੂੰ ਦੂਜਾ ਕੰਮ ਤੇ ਫਿਰ ਤੀਜਾ ਤੇ ਫਿਰ ਹੋਲੀ-ਹੋਲੀ ਆਹ ਕਰ ਦਿਓ ਉਹ ਕਰ ਦਿਉ, ਹਮੇਸ਼ਾ ਕੰਮ ਵਿੱਚ ਲਗਾਈ ਰੱਖਦੀ।

"ਨੂੰਹ ਦੇ ਜਾਣ ਮਗਰੋਂ ਬਾਹਰਲੀ ਕੁੰਡੀ ਬੰਦ ਕਰਕੇ ਬਾਊ ਜੀ ਨੇ ਕੁਰਸੀ ਦੀ ਪਿੱਠ ਉੱਤੇ ਸਿਰ ਸੁੱਟਿਆ ਅਤੇ ਅੱਖਾਂ ਬੰਦ ਕਰ ਲਈਆਂ। ਸਵੇਰੇ-ਸਵੇਰੇ ਘਰ ਵਿੱਚ ਪਈ ਰਹੀ ਸਾਰਿਆਂ ਦੀ ਭਾਜੜ ਦਾ ਥਕੇਵਾਂ ਜਿਵੇਂ ਉਹਨਾਂ ਇਕੱਲਿਆਂ ਦੇ ਅੰਗ-ਅੰਗ ਵਿੱਚ ਉੱਤਰ ਆਇਆ ਸੀ। ਮੋਤੀ ਉਹਨਾਂ ਦੇ ਪੈਰ੍ਹਾਂ ਉੱਤੇ ਪੰਜੇ ਰੱਖ ਕੇ ਬੈਠ ਗਿਆ। ਕੁਝ ਸਮੇਂ ਲਈ ਇਸ ਤਰ੍ਹਾਂ ਬੈਠੇ ਰਹਿਣ ਮਗਰੋਂ ਉਹ ਹੰਭਲਾ ਮਾਰ ਕੇ ਉੱਠੇ ਅਤੇ ਬੋਲੇ, "ਚੱਲ ਬਈ ਮੋਤੀ, ਆਪਾ ਵੀ ਨਾਸ਼ਤਾ ਕਰੀਏ।"[2]

ਇਸ ਪ੍ਰਕਾਰ ਭੁੱਲਰ ਆਪਣੀਆਂ ਕਹਾਣੀਆਂ ਰਾਹੀਂ ਸਮਾਜ ਦੇ ਇਸ ਸਮਾਜਕ ਪੱਖ ਨੂੰ ਸਾਡੇ ਸਾਹਮਣੇ ਲਿਆ ਕੇ ਸਮਾਜ ਨੂੰ ਸੰਭਲਣ ਦੀ ਪੇਸ਼ਕਸ਼ ਕਰਦਾ ਹੈ। ਉਸ ਦੇ ਅਜਿਹੇ ਕੌੜੇ ਸੱਚ ਨੂੰ ਜੋ ਉਸਦੀਆਂ ਕਹਾਣੀਆਂ ਵਿੱਚ ਪੇਸ਼ ਹੈ ਨੂੰ ਪੜ ਕੇ ਸਮਾਜ ਦੀ ਨੁਹਾਰ ਕਿਸ ਪਾਸੇ ਵੱਲ ਚੱਲ ਰਹੀ ਹੈ ਸਾਨੂੰ ਉਸ ਨੂੰ ਸਮਝਣਾ ਚਾਹੀਦਾ ਹੈ ਅਤੇ ਸਮਾਜ ਵਿਚ ਰਹਿਣ ਨੂੰ ਹੀ ਨਹੀਂ ਆਪਣਾ ਫਰਜ਼ ਸਮਝਣਾ ਚਾਹੀਦਾ ਬਲਕਿ ਆਪ ਇੱਜ਼ਤ ਕਰਨੀ ਅਤੇ ਆਪਣੀ ਇੱਜ਼ਤ ਕਰਾਉਣੀ ਚਾਹੀਦੀ ਹੈ। ਆਪਣੀ ਝੂਠੀ ਸ਼ਾਨੋ ਸ਼ੌਕਤ ਲਈ ਸਾਨੂੰ ਘਰ ਦੇ ਬਜ਼ੁਰਗਾਂ ਨਾਲ ਉਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ ਜਿਹੋ ਜਿਹੇ ਵਿਵਹਾਰ ਦੀ ਅਸੀਂ ਆਪਣੇ ਲਈ ਮੰਗ ਕਰਦੇ ਹਾਂ।

ਗੁਰਬਚਨ ਸਿੰਘ ਭੁੱਲਰ ਜੀਵਨ ਪ੍ਰਸਥਿਤੀਆਂ ਦੇ ਸੰਪਰਕ ਵਿੱਚ ਆ ਕੇ ਅਨੁਭਵ ਗ੍ਰਹਿਣ ਕਰਦਾ ਹੈ। ਮਨੁੱਖ ਵਿੱਚ ਸੋਚਣ ਅਤੇ ਮਹਿਸੂਸ ਕਰਨ ਦੀ ਸ਼ਕਤੀ ਜਨਮ ਜਾਤ ਹੁੰਦੀ ਹੈ। ਸਾਹਿਤ ਦਾ ਵਿਸ਼ਾ ਬਣਨ ਵਾਲੇ ਵਿਚਾਰ ਅਤੇ ਭਾਵ ਬਾਅਦ ਵਿੱਚ ਗ੍ਰਹਿਣ ਕੀਤੇ ਜਾਂਦੇ ਹਨ। ਇਨ੍ਹਾਂ ਦਾ ਸੰਬੰਧ ਮਨੁੱਖ ਦੇ ਅਨੁਭਵ ਨਾਲ ਹੈ ਜਿਹੜਾ ਉਹ ਸਮਾਜਕ ਪ੍ਰਸਥਿਤੀਆਂ ਵਿੱਚ ਵਿਚਾਰ ਕੇ ਪ੍ਰਾਪਤ ਕਰਦਾ ਹੈ। ਕਿਸੇ ਵੀ ਸਮਾਜ ਵਿੱਚ ਉਥੋਂ ਦੇ ਉਤਪਾਦਨ ਰਿਸ਼ਤੇ ਹੀ ਉਸ ਦਾ ਸਮਾਜਕ, ਆਰਥਕ ਅਤੇ ਰਾਜਨੀਤਕ ਢਾਂਚਾ ਨਿਸਚਿਤ ਕਰਦੇ ਹਨ। ਸਮਾਜ ਵਿੱਚ ਸਥਾਪਿਤ ਹੋ ਚੁੱਕੀ ਰਾਜਨੀਤਕ ਵਿਵਸਥਾ ਉਥੋਂ ਦੀ ਉਤਪਾਦਨ ਪ੍ਰਣਾਲੀ ਉੱਤੇ ਵੀ ਅਸਰ ਪਾਉਂਦੀ ਹੈ। ਇਸ ਦੂਹਰੀ ਪ੍ਰਕ੍ਰਿਆ ਵਿੱਚ ਹੀ ਵਿਅਕਤੀ ਅਨੁਭਵ ਗ੍ਰਹਿਣ ਕਰਦਾ ਹੋਇਆ ਸਮਾਜਕ ਵਿਕਾਸ ਦੀ ਤੋਰ ਸਮਝਦਾ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਅਜਿਹਾ ਸਮਾਜਕ ਸੱਚ ਵੇਖਿਆ ਜਾ ਸਕਦਾ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਉਸ ਨੇ ਪੇਂਡੂ ਸਮਾਜ ਦੀ ਤਸਵੀਰ ਅਤੇ ਸ਼ਹਿਰੀ ਸਮਾਜ ਦੀ ਤਸਵੀਰ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਪਿੰਡਾ ਦੇ ਲੋਕਾਂ ਵਿੱਚ ਸ਼ਹਿਰਾਂ

ਦੇ ਲੋਕਾਂ ਨਾਲੋਂ ਜ਼ਿਆਦਾ ਪਿਆਰ ਮੁਹੱਬਤ ਹੁੰਦੀ ਹੈ। ਪਿੰਡਾਂ ਦੇ ਲੋਕਾਂ ਕੋਲ ਬੇਸ਼ੱਕ ਪੈਸਿਆਂ ਦੀ ਘਾਟ ਹੁੰਦੀ ਹੈ ਪ੍ਰੰਤੂ ਉਹ ਹਰ ਮੁਸ਼ਕਿਲ ਘੜੀ ਵਿੱਚ ਮੱਦਦ ਕਰਨ ਲਈ ਅੱਗੇ ਆਉਂਦੇ ਹਨ।

ਸਮਾਜਕ ਪਰਿਪੇਖ ਨੂੰ ਪੇਸ਼ ਕਰਨਾ ਭੁੱਲਰ ਨੂੰ ਬੜਾ ਸੂਝਮਈ ਢੰਗ ਨਾਲ ਆਉਂਦਾ ਹੈ। ਉਸ ਦੀਆਂ ਕਹਾਣੀਆਂ ਸਮਾਜ ਦੇ ਮਨੁੱਖਾਂ ਦੇ ਅੰਦਰਲੇ ਸੱਚ ਨੂੰ ਬਾਹਰ ਕੱਢਣ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ। ਇਸ ਗੱਲ ਵਿੱਚ ਤਾਂ ਕੋਈ ਸ਼ੱਕ ਨਹੀਂ ਕਿ ਹਰ ਮਨੁੱਖ ਨੇ ਆਪਣੇ ਚਿਹਰੇ ਉੱਤੇ ਕੋਈ ਨਾ ਕੋਈ ਮਖੌਟਾ ਪਾਇਆ ਹੁੰਦਾ ਹੈ ਜਿਸ ਨੂੰ ਕੋਈ ਵੀ ਸਮਝਣ ਵਿੱਚ ਅਸਮਰੱਥ ਹੁੰਦਾ ਹੈ। ਮਨੁੱਖ ਆਪਣੇ ਕੰਮਾਂ ਨੂੰ ਦੂਸਰੇ ਕੋਲੋਂ ਕਢਵਾਉਣ ਲਈ ਆਪਣੇ ਹਰ ਤਰ੍ਹਾਂ ਦੇ ਦਾਅ ਪੇਜ ਲਾਉਂਦਾ ਹੈ। ਆਧੁਨਿਕਤਾ ਨੇ ਜਿੱਥੇ ਬਹੁਤ ਸਾਰੀਆਂ ਸੁੱਖ ਸੁਵਿਧਾਵਾਂ ਦਿੱਤੀਆਂ ਹਨ ਉੱਥੇ ਹੀ ਸਮਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਬੱਚਿਆਂ ਵਲੋਂ ਵੱਡਿਆਂ ਦੀਆਂ ਗੱਲਾਂ ਨੂੰ ਨਾ ਸਮਝਣਾ ਇਸ ਗੱਲ ਦਾ ਸਬੂਤ ਹਨ, ਭਾਵੇਂ ਆਧੁਨਿਕਤਾ ਵਾਲੇ ਇਸ ਗੱਲ ਨੂੰ ਜੈਨਰੇਸ਼ਨ ਗੈਪ ਦੱਸ ਕੇ ਆਪਣਾ ਪੱਲਾ ਝਾੜ ਲੈਂਦੇ ਹਨ ਪ੍ਰੰਤੂ ਜੇਕਰ ਇੰਝ ਹੀ ਚੱਲਦਾ ਰਿਹਾ ਤਾਂ ਸਮਾਜ ਦੇ ਪਿਆਰ ਨਾਲ ਬਣੇ ਰਿਸ਼ਤੇ ਤਾਂ ਟੁੱਟਣਗੇ ਹੀ ਨਾਲ ਹੀ ਸਮਾਜ ਦਾ ਸਾਰਾ ਵਰਤਾਰਾ ਵੀ ਪੂਰੀ ਤਰ੍ਹਾਂ ਨਾਲ ਹਿੱਲ ਜਾਵੇਗਾ। ਇੱਕ ਸੱਭਿਅਕ ਸਮਾਜ ਦੇ ਵਿਕਾਸ ਵਿੱਚ ਉਸ ਦਾ ਸੱਭਿਆਚਾਰ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ, ਸੋ ਭੁੱਲਰ ਦੀਆਂ ਕਹਾਣੀਆਂ ਵਿੱਚ ਜਦੋਂ ਅਸੀਂ ਸਮਾਜਕ ਪੱਖ ਨੂੰ ਪੂਰੀ ਨੀਝ ਲਾ ਕੇ ਦੇਖਦੇ ਹਾਂ ਤਾਂ ਸਾਨੂੰ ਸਮਾਜ ਦੇ ਬਦਲਦੇ ਰੂਪ ਦੀ ਅਤੇ ਇਸ ਨਾਲ ਹੋ ਰਹੇ ਨੁਕਸਾਨ ਦੀ ਸਾਫ ਝਲਕ ਦਿਖਾਈ ਦਿੰਦੀ ਹੈ।

ਆਧੁਨਿਕਤਾ ਦੇ ਆਗਮਨ ਨਾਲ ਮਨੁੱਖ ਪੈਸਾ ਵੱਧ ਤੋਂ ਵੱਧ ਕਮਾਉਣ ਦੀ ਚਾਹਤ ਵਿੱਚ ਦਿਨ ਰਾਤ ਭੱਜਾ ਫਿਰ ਰਿਹਾ ਹੈ, ਜਿੱਥੇ ਘਰ ਆ ਕੇ ਉਸ ਨੇ ਆਰਾਮ ਕਰਨਾ ਹੁੰਦਾ ਹੈ ਉਹ ਉਸੇ ਘਰ ਵਿੱਚ ਸ਼ਾਂਤੀ ਨਾਲ ਦੋ ਬੋਲ ਤੱਕ ਨਹੀਂ ਆਪਣੇ ਪਰਿਵਾਰ ਨਾਲ ਸਾਂਝੇ ਕਰ ਸਕਦਾ। ਸੋ ਨਤੀਜਾ ਇਹ ਨਿਕਲਦਾ ਹੈ ਕਿ ਸਮਾਜ ਦੇ ਰਿਸ਼ਤਿਆਂ ਵਿਚ ਦਿਨੋਂ ਦਿਨ ਤਰੇੜਾਂ ਆ ਰਹੀਆਂ ਹਨ। ਉਸ ਦੀ ਇੱਕ ਕਹਾਣੀ 'ਆਦਮੀ' ਹੈ ਜਿਸ ਵਿਚ ਆਦਮੀ ਦੇ ਕਿਰਦਾਰ ਉੱਪਰ ਗਹਿਰੀ ਚੋਟ ਮਾਰੀ ਹੈ। ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਘਰ ਵਿੱਚ ਆਦਮੀ ਬਸ ਆਪਣੀ ਹੀ ਮਨ ਮਰਜ਼ੀ ਕਰਦਾ ਹੈ। ਘਰ ਦੇ ਮੈਂਬਰਾਂ ਨਾਲ ਉਖੜਿਆ-ਉਖੜਿਆ ਰਹਿੰਦਾ ਹੈ ਅਤੇ ਘਰ ਤੋਂ ਬਾਹਰ ਸ਼ਾਂਤੀ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਉਸਦਾ ਐਕਸੀਡੈਂਟ ਹੋ ਜਾਂਦਾ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਕਿਵੇਂ ਮੌਤ ਦੇ ਮੂੰਹੋਂ ਨਿਕਲ ਕੇ ਮਿਲੀ ਦੁਬਾਰਾ ਜ਼ਿੰਦਗੀ ਨੂੰ ਉਹ ਖੁਸ਼ੀ-ਖੁਸ਼ੀ ਆਪਣੇ ਘਰਦਿਆਂ ਨਾਲ ਗੁਜ਼ਾਰਨਾ ਚਾਹੁੰਦਾ ਹੈ। ਉਸਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਇਹ ਜ਼ਿੰਦਗੀ ਬਹੁਤ ਖ਼ੂਬਸੂਰਤ ਹੈ ਸਾਨੂੰ ਇਸ ਨੂੰ ਅਜਾਈ ਨਹੀਂ ਗਵਾਉਣਾ ਚਾਹੀਦਾ।

"ਤੇ ਵਾਸਨਾ! ਸੁਧਾ ਬਿਜਲੀ ਦੇ ਲਿਸ਼ਕਾਰੇ ਵਾਂਗ ਮਨੋਹਰ ਦੀਆਂ ਅੱਖਾਂ ਅੱਗੋਂ ਲੰਘ ਗਈ। ਉਹ ਪਰੇਸ਼ਾਨ ਹੋ ਉੱਠਿਆ। ਪਤਨੀ ਅਤੇ ਦੋ ਬੱਚਿਆਂ ਦੇ ਹੁੰਦਿਆਂ ਵੀ ਉਹ ਕਿਸ ਰਾਹ ਤੁਰਦਾ ਰਿਹਾ ਸੀ! ਜੇ ਚਿਰਾਂ ਤੋਂ ਬਲਦੀ ਇਸ ਅੱਗ ਦਾ ਧੂੰਆਂ ਬਾਹਰ ਨਹੀਂ ਸੀ ਨਿਕਲਿਆ, ਇਹ ਉਹਦੀ ਨਹੀਂ ਸੁਧਾ ਦੀ ਵਡਿਆਈ ਜਾਂ ਚਤੁਰਾਈ ਸੀ। ਉਹਨੇ ਨਾ ਕਦੀ ਉਮਰ ਭਰ ਦੇ ਸਾਥ ਦਾ ਇਕਰਾਰ ਮੰਗਣ ਜਿਹੀਆਂ ਫਿਲਮੀ ਗੱਲਾਂ ਕੀਤੀਆਂ ਸਨ ਅਤੇ ਨਾ ਕੋਈ ਹੋਰ ਅਜਿਹੀਆਂ ਬੇਤੁਕੀਆਂ ਮੰਗਾਂ ਕੀਤੀਆਂ ਸਨ ਜੋ ਮਨੋਹਰ ਦੇ ਪਰਿਵਾਰਕ ਜੀਵਨ ਲਈ ਬਾਧਾ ਬਣ ਖਲੋਂਦੀਆਂ ਅਤੇ ਕਿਸੇ ਸਮਾਜਕ ਸੰਕਟ ਨੂੰ ਜਨਮ ਦੇ ਦਿੰਦੀਆਂ।"[3]

ਸੋ ਇਸ ਪ੍ਰਕਾਰ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜਕ ਪਰਿਪੇਖ ਦੀ ਝਲਕ ਨੂੰ ਬਿਆਨ ਕੀਤਾ ਗਿਆ ਹੈ। ਉਸ ਨੇ ਪਾਤਰਾਂ ਦੇ ਮੂੰਹੋਂ ਅਜਿਹੀ ਸੱਚਾਈ ਨੂੰ ਬਿਆਨ ਕਰਵਾਇਆ ਹੈ ਜੋ ਮਨੁੱਖ ਨੂੰ ਸਹੀ ਰਸਤੇ ਦੀ ਚੋਣ ਕਰਾਉਣ ਲਈ ਮੱਦਦਗਾਰ ਸਾਬਿਤ ਹੋਵੇਗੀ। ਭੁੱਲਰ ਦੀਆਂ ਕਹਾਣੀਆਂ ਸਮਾਜ ਦੇ ਹਰ ਵਰਤਾਰੇ ਨੂੰ ਸਾਡੇ ਸਨਮੁੱਖ ਕਰਦੀਆਂ ਹਨ। ਸਮਾਜਕ ਵਰਤਾਰੇ ਦੇ ਅੰਦਰ ਜੋ ਅਹਿਮ ਰਿਸ਼ਤੇ ਸਾਡੇ ਸਾਹਮਣੇ ਨਿੱਕਲ ਕੇ ਆਉਂਦੇ ਹਨ ਉਹ ਹਨ ਮਾਂ ਧੀ ਦਾ ਰਿਸ਼ਤਾ, ਪਤੀ ਪਤਨੀ ਦਾ ਰਿਸ਼ਤਾ, ਭੈਣ ਭਰਾ ਦਾ ਰਿਸ਼ਤਾ, ਪਿਉ ਪੁੱਤਰ ਦਾ ਰਿਸ਼ਤਾ ਆਦਿ। ਇਨ੍ਹਾਂ ਰਿਸ਼ਤਿਆਂ ਨੂੰ ਬਣਾਈ ਰੱਖਣ ਵਿੱਚ ਸਮਾਜ ਦੇ ਰੀਤੀ ਰਿਵਾਜ਼ ਅਹਿਮ ਯੋਗਦਾਨ ਪਾਉਂਦੇ ਹਨ, ਇਨ੍ਹਾਂ ਰਿਸ਼ਤਿਆਂ ਦੀ ਚਾਲ ਨੂੰ ਲਗਾਤਾਰ ਬਣਾਈ ਰੱਖਣ ਵਿੱਚ ਭੁੱਲਰ ਵਰਗੇ ਮਹਾਨ ਕਹਾਣੀਕਾਰ ਸਮੇਂ-ਸਮੇਂ ਤੇ ਆਪਣਾ ਫਰਜ਼ ਨਿਭਾਉਂਦੇ ਰਹਿੰਦੇ ਹਨ। ਭੁੱਲਰ ਦੀਆਂ ਕਹਾਣੀਆਂ ਵਿੱਚ ਉਸ ਨੇ ਸਮਾਜ ਨੂੰ ਸ਼ੀਸ਼ੇ ਵਾਂਗ ਸਾਹਮਣੇ ਲਿਆਂਦਾ ਹੈ ਤਾਂ ਕਿ ਅਸੀਂ ਜਾਣ ਅਤੇ ਸਮਝ ਸਕੀਏ ਕਿ ਅਸੀਂ ਕਿਹੋ ਜਿਹੇ ਸਮਾਜ ਦੀ ਕਲਪਨਾ ਕਰਦੇ ਹਾਂ ਅਤੇ ਉਸ ਨੂੰ ਸਿਰਜਣ ਵਿੱਚ ਕਿੰਨਾ ਕੁ ਯੋਗਦਾਨ ਪਾਉਂਦੇ ਹਾਂ। ਸਮਾਜ ਦੇ ਅੰਦਰ ਮਨੁੱਖ ਨਾਲ ਜੁੜੇ ਹਰ ਕੰਮ ਨੂੰ ਲਿਆਂਦਾ ਜਾਂਦਾ ਹੈ ਉਸ ਦੇ ਕੰਮਾਂ ਦਾ ਸਮਾਜ ਤੇ ਜੋ ਵੀ ਅਸਰ ਪੈਂਦਾ ਹੈ ਉਸ ਤੋਂ ਸਾਨੂੰ ਭੁੱਲਰ ਨੇ ਜਾਣੂ ਕਰਾਇਆ ਹੈ।

## ਕਹਾਣੀਆਂ ਵਿੱਚ ਪੇਸ਼ ਪਾਤਰਾਂ ਦੀ ਸਮਾਜਕ ਸਥਿਤੀ

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਉਸਨੇ ਪਾਤਰਾਂ ਦੀ ਸਮਾਜਕ ਸਥਿਤੀ ਨੂੰ ਪੇਸ਼ ਕੀਤਾ ਹੈ। ਪਾਤਰਾਂ ਦੇ ਮੂੰਹੋਂ ਹੀ ਹੈ ਉਸਨੇ ਅਜਿਹੀ ਵਾਰਤਾਲਾਪ ਕਰਵਾਈ ਹੈ ਜੋ ਸਾਨੂੰ ਸਮਾਜ ਦੀ ਅਸਲੀਅਤ ਬਾਰੇ ਦੱਸਦੀ ਹੈ। ਉਸਦੀ ਇੱਕ ਕਹਾਣੀ 'ਜਿਸ ਮਰਨੇ ਤੇ ਜਗ ਡਰੈ' ਦਾ ਰਾਮ ਸਿੰਘ ਸਾਰੇ ਸਮਾਜ ਵਿੱਚ ਇਸ ਗੱਲ ਨੂੰ ਦੁਹਰਾਉਂਦਾ ਫਿਰਦਾ ਹੈ ਕਿ ਇੱਕ ਦਿਨ ਸਭ ਦੀ ਮੌਤ ਹੋਣੀ ਹੀ ਹੈ ਸੋ ਸਾਨੂੰ ਅਡੋਲ ਅਵਸਥਾ ਦੇ ਧਾਰਨੀ ਬਣਨਾ ਚਾਹੀਦਾ ਹੈ, ਇਸ ਸੱਚ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਰਾਮ ਸਿੰਘ ਦੇ ਇਸ ਬਿਆਨ ਨਾਲ ਕਈ ਲੋਕਾਂ ਨੂੰ ਹੌਂਸਲਾ ਮਿਲਦਾ ਹੈ ਸਾਰੇ ਉਸ ਦੀ ਬਹੁਤ ਤਾਰੀਫ ਕਰਦੇ ਹਨ ਕਿ ਰਾਮ ਸਿੰਘ ਬਾਣੀ ਪੜ ਕੇ ਅਡੋਲ ਰਹਿਣ ਵਾਲਾ ਬੰਦਾ ਹੈ।

> "ਜਿਸ ਮਰਨੇ ਤੇ ਜਗ ਡਰੈ ਮੇਰੇ ਮਨੁ ਆਨੰਦ
> ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ।"[4]

ਪ੍ਰੰਤੂ ਭੁੱਲਰ ਨੇ ਸਾਨੂੰ ਆਪਣੀ ਕਹਾਣੀ ਵਿੱਚ ਰਾਮ ਸਿੰਘ ਦੇ ਅਸਲ ਰੂਪ ਬਾਰੇ ਦੱਸਿਆ ਹੈ ਕਿ ਕਿਵੇਂ ਉਸਦੀ ਆਪਣੀ ਪਤਨੀ ਦੀ ਮੌਤ ਹੋਣ ਤੋਂ ਬਾਅਦ ਉਸ ਦੁਆਰਾ ਕੀਤਾ ਪ੍ਰਚਾਰ ਇੱਕ ਪਲ ਵਿੱਚ ਲੋਕਾਂ ਦੇ ਸਾਹਮਣੇ ਝੂਠਾ ਪੈ ਜਾਂਦਾ ਹੈ ਜਿਸ ਵਕਤ ਉਸ ਨੂੰ ਆਪਣੀ ਪਤਨੀ ਦੇ ਸਿਵੇ ਦੇ ਕੋਲ ਮਰਿਆ ਪਾਇਆ ਜਾਂਦਾ ਹੈ। ਇਹ ਰਾਮ ਸਿੰਘ ਪਾਤਰ ਦਾ ਇਕ ਅਜਿਹਾ ਸੱਚ ਸਾਡੇ ਸਾਹਮਣੇ ਭੁੱਲਰ ਨੇ ਲਿਆਂਦਾ ਹੈ ਜੋ ਕਿ ਸਾਡੀਆਂ ਅੱਖਾਂ ਖੋਲ ਦਿੰਦਾ ਹੈ।

> "ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰ ਚਲੀਐ
> ਧ੍ਰਿਗ ਜੀਵਨ ਸੰਸਾਰ ਤਾ ਕੈ ਪਾਛੈ ਜੀਵਨਾ।"[5]

ਭੁੱਲਰ ਨੇ ਅਜਿਹੀਆਂ ਕਹਾਣੀਆਂ ਚੁਣ-ਚੁਣ ਕੇ ਪੇਸ਼ ਕੀਤੀਆਂ ਹਨ ਜੋ ਸਮਾਜਕ ਸਥਿਤੀ ਨੂੰ ਪੇਸ਼ ਕਰਦੀਆਂ ਹਨ। ਮਨੁੱਖ ਅਤੇ ਜਾਨਵਰਾਂ ਦੀਆਂ ਉਦਾਹਰਣਾਂ ਦੇ ਕੇ ਮਨੁੱਖ ਨਾਲੋਂ ਜਾਨਵਰ ਨੂੰ ਵਡਿਆਇਆ ਹੈ। ਅੱਜ ਦਾ ਮਤਲਬੀ ਮਨੁੱਖ ਕਿਸੇ ਜੀਉਂਦੇ ਦੀ ਮੱਦਦ ਕਰਨ ਦੀ ਗੱਲ ਤਾਂ ਦੂਰ ਰਹੀ ਮਰੇ ਹੋਏ ਇਨਸਾਨ ਨੂੰ ਵੀ ਠੁੱਡ ਮਾਰ ਕੇ ਲੰਘਣ ਵਾਲਾ ਸੁਭਾਅ ਪਾਲ਼ ਰਿਹਾ ਹੈ। ਇਸ ਪ੍ਰਕਾਰ ਦਾ ਸੁਭਾਅ ਤਾਂ ਸੱਭਿਅਕ ਸਮਾਜ ਦਾ ਨਹੀਂ ਹੋ

ਸਕਦਾ। ਅਜਿਹਾ ਸਮਾਜ ਤਾਂ ਫਿਰ ਸਮਾਜ ਵਿੱਚ ਰਹਿੰਦੇ ਲੋਕਾਂ ਲਈ ਵਰਦਾਨ ਦੀ ਬਜਾਇ ਸਰਾਪ ਹੀ ਸਿੱਧ ਹੁੰਦਾ ਹੈ। ਕਿਉਂਕਿ ਸਮਾਜ ਦੇ ਅੰਦਰ ਰਹਿੰਦੇ ਹੋਏ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਇੱਕ ਦੂਜੇ ਦੀ ਮੱਦਦ ਕਰੀਏ। ਭੁੱਲਰ ਨੇ 'ਕੁੱਤਾ ਤੇ ਮਨੁੱਖ' ਕਹਾਣੀ ਵਿੱਚ ਮਨੁੱਖ ਨੂੰ ਆਪਣੇ ਫਰਜ਼ਾਂ ਤੋਂ ਦੂਰ ਹੁੰਦੇ ਦਿਖਾਇਆ ਹੈ ਅਤੇ ਇੱਕ ਕੁੱਤੇ ਨੂੰ ਆਪਣੇ ਮਰੇ ਸਾਥੀ ਦੇ ਕੋਲ ਖੜੇ ਹੋ ਕੇ ਦੁੱਖ ਪ੍ਰਗਟ ਕਰਦੇ ਹੋਏ ਪੇਸ਼ ਕੀਤਾ ਹੈ। ਇਸ ਕਹਾਣੀ ਵਿੱਚ ਤਿੰਨ ਦੋਸਤ ਜੋ ਆਪਣੇ ਇੱਕ ਪਾਲਤੂ ਜਾਨਵਰ ਨਾਲ ਰੋਜ਼ਾਨਾ ਸੈਰ ਨੂੰ ਜਾਂਦੇ ਹਨ, ਇੱਕ ਦਿਨ ਉਨਾਂ ਨੂੰ ਨਦੀ ਦੇ ਕੰਡੇ ਚਾਲੀ ਕੁ ਸਾਲ ਦੇ ਮਨੁੱਖ ਦੀ ਲਾਸ਼ ਨਜ਼ਰ ਆਉਂਦੀ ਹੈ ਉਹ ਉਸ ਨੂੰ ਦੇਖ ਕੇ ਹਾਸਾ ਮਜ਼ਾਕ ਕਰ ਕੇ ਨਦੀ ਵਿੱਚ ਹੀ ਠੁੱਡ ਮਾਰ ਕੇ ਧੱਕ ਦਿੰਦੇ ਹਨ ਅਤੇ ਹੱਸਦੇ-ਹੱਸਦੇ ਉੱਥੋਂ ਚਲੇ ਜਾਂਦੇ ਹਨ। ਉਨ੍ਹਾਂ ਦੀ ਇਸ ਪ੍ਰਕਾਰ ਦੀ ਕਿਰਿਆ ਨੂੰ ਉਨ੍ਹਾਂ ਦਾ ਪਾਲਤੂ ਜਾਨਵਰ ਵੀ ਦੇਖ ਲੈਂਦਾ ਹੈ ਅਤੇ ਗੁੱਸੇ ਵਾਲਾ ਮੂੰਹ ਕਰ ਕੇ ਉੱਥੋਂ ਚਲਾ ਜਾਂਦਾ ਹੈ ਕੁਝ ਦੂਰੀ ਤੇ ਜਾ ਕੇ ਉਸਨੂੰ ਆਪਣੇ ਇੱਕ ਸਾਥੀ ਦੀ ਲਾਸ਼ ਨਜ਼ਰ ਆਉਂਦੀ ਹੈ ਤਾਂ ਉਸ ਦੇ ਚਿਹਰੇ ਤੇ ਉਦਾਸੀ ਛਾ ਜਾਂਦੀ ਹੈ ਉਹ ਆਪਣੇ ਪੈਰਾਂ ਨਾਲ ਮਿੱਟੀ ਪਾ ਕੇ ਉਸ ਲਾਸ਼ ਨੂੰ ਦਫਨ ਕਰਦਾ ਹੈ।

"ਮਰੇ ਨੇ ਤਾਂ ਕਿੱਥੋਂ ਤਰਨਾ ਸੀ, ਢਾਈ ਤਾਂ ਹੱਡੀਆਂ ਨੇ। ਜਿਉਂਦਾ ਕੀ ਇਹ ਮਿਲਖੇ ਵਾਂਗ ਦੌੜਾਂ ਲਾਉਂਦਾ ਹੋਊ!" ਦੂਜੇ ਨੇ ਕਿਹਾ ਅਤੇ ਸਾਰੇ ਹੱਸ ਪਏ! ਅਸਤਰ ਵੇਖਦਾ ਰਿਹਾ।"[6]

ਭੁੱਲਰ ਨੇ ਇਸ ਸਮਾਜਕ ਸਥਿਤੀ ਨੂੰ ਲਿਆ ਕੇ ਸਾਡੀਆਂ ਅੱਖਾਂ ਤੋਂ ਪੱਟੀ ਲਾਹੀ ਹੈ ਅਤੇ ਇਹ ਸੁਨੇਹਾ ਦਿੱਤਾ ਹੈ ਕਿ ਸਾਨੂੰ ਆਪਣੇ ਫਰਜ਼ਾਂ ਤੋਂ ਕਦੀ ਵੀ ਮੁੱਕਰਨਾ ਨਹੀਂ ਚਾਹੀਦਾ।

"ਨਹੀਂ ਆਉਂਦਾ?" ਉਹਦੇ ਮਾਲਕ ਨੇ ਰੋੜਾ ਵਿਖਾ ਕੇ ਲਲਕਾਰਾ ਮਾਰਿਆ। ਉਹ ਤੁਰਨ ਲਈ ਮਜਬੂਰ ਹੋ ਗਿਆ। ਪਰ ਉਹਨੇ ਵੇਖਿਆ, ਕੁੱਤੇ ਦੀ ਲਾਸ਼ ਨੰਗੀ ਪਈ ਸੀ। ਉਸ ਵੱਲ ਉਸਨੇ ਪਿੱਠ ਕੀਤੀ ਅਤੇ ਪਿਛਲੇ ਦੋਵਾਂ ਪੈਰਾਂ ਦੀਆਂ ਨਹੁੰਦਰਾਂ ਨਾਲ ਉਹਦੇ ਉੱਤੇ ਮਿੱਟੀ ਪਾਉਣ ਲੱਗ ਪਿਆ।"[7]

ਗੁਰਬਚਨ ਸਿੰਘ ਭੁੱਲਰ ਬਾਰੇ ਕੁਲਵੰਤ ਸਿੰਘ ਵਿਰਕ ਨੇ ਆਪਣੇ ਬਿਆਨ ਦਿੱਤੇ ਹਨ ਕਿ ਸੱਚ ਝੂਠ ਅਤੇ ਭਲੇ ਬੁਰੇ ਬਾਰੇ ਪਛਾਣ ਕਰਨ ਦੀ ਸੂਝ ਨੂੰ ਭੁੱਲਰ ਨੇ ਓਪਰਾ ਮਰਦ ਸੰਗ੍ਰਹਿ ਵਿੱਚ ਬੜੀ ਸਿਆਣਪ ਨਾਲ ਵਰਤਿਆ ਹੈ। ਉਹਨੂੰ ਕਹਾਣੀ ਕਹਿਣ ਦੀ ਜਾਂਚ ਵੀ ਚੋਖੀ ਹੈ। ਉਸਦੇ ਕਹਾਣੀ-ਸੰਗ੍ਰਹਿ ਵਿੱਚ ਸਮਾਜ ਦੇ ਹਰ ਪੱਖ ਦੀ ਗੱਲ ਨਿੱਕਲ ਕੇ ਸਾਹਮਣੇ ਆਉਂਦੀ ਹੈ। ਉਸਦੀਆਂ ਕਹਾਣੀਆਂ ਦੇ ਪਾਤਰ ਕਿਸੇ ਦੂਸਰੀ ਦੁਨੀਆਂ ਵਿਚੋਂ ਨਹੀਂ ਆਏ ਬਲਕਿ ਇਸੇ ਸਮਾਜ ਵਿਚੋਂ ਉਪਜੇ ਹਨ। ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਨੂੰ ਕੋਈ ਨਾ ਕੋਈ ਸੁਨੇਹਾ ਦੇਣ ਦੀ ਤਾਂਘ ਜਰੂਰ ਹੁੰਦੀ ਹੈ। ਉਸਦੀ ਕਹਾਣੀ 'ਓਪਰਾ ਮਰਦ' ਵਿੱਚ ਦੀਪੋ ਦੀ ਮਾਨਸਿਕ ਸਥਿਤੀ ਇਹੋ ਜਿਹੀ ਬਣ ਜਾਂਦੀ ਹੈ ਕਿ ਉਸਨੂੰ ਆਪਣਾ ਹੀ ਪਤੀ ਓਪਰਾ ਮਰਦ ਦਿਖਾਈ ਦੇਣਾ ਸ਼ੁਰੂ ਹੋ ਜਾਂਦਾ ਹੈ। ਉਸਦੀ ਅਜਿਹੀ ਸਥਿਤੀ ਨੂੰ ਅੰਜਾਮ ਦੇਣ ਪਿੱਛੇ ਸਮਾਜ ਹੀ ਜ਼ਿੰਮੇਵਾਰ ਨਜ਼ਰ ਆਉਂਦਾ ਹੈ।

"ਦੀਪੋ ਹਰ ਸ਼ਾਮ ਮੰਜੇ ਡਾਹੁੰਦੀ ਤਾਂ ਉਹਨੂੰ ਲਗਦਾ ਜਿਵੇਂ ਉਹ ਆਪਣੀ ਬਾਹੀ ਕਿਸੇ ਓਪਰੇ ਮਰਦ ਦੀ ਬਾਹੀ ਨਾਲ ਜੋੜ ਰਹੀ ਹੋਵੇ ਤੇ ਉਹਨੂੰ ਕਚਿਆਣ ਦੀ ਧੁੜਧੁੜੀ ਆ ਜਾਂਦੀ।"[8]

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ-ਸ਼ਾਸਤਰ ਦੀ ਹਰ ਝਲਕ ਦਾ ਲਿਸ਼ਕਾਰਾ ਪੈਂਦਾ ਹੈ। ਸਮਾਜ ਦੇ ਲੋਕਾਂ ਦਾ ਆਪਸੀ ਤਾਲਮੇਲ ਬਣਾ ਕੇ ਰੱਖਣਾ, ਸਮਾਜ ਦੇ ਕਾਇਦੇ ਕਾਨੂੰਨਾਂ ਦੀ ਰੂਪ ਰੇਖਾ, ਸਮਾਜਕ ਸੰਸਥਾਵਾਂ ਦੀ ਕਾਰਗੁਜ਼ਾਰੀ, ਰਾਜਨੀਤਕ ਗਤੀਵਿਧੀਆਂ ਬਾਰੇ ਸਭ ਕੁਝ ਉਸ ਦੀਆਂ ਕਹਾਣੀਆਂ ਆਪਣੇ ਮੂੰਹੋਂ ਖੁਦ

ਬਿਆਨਬਾਜ਼ੀ ਕਰਦੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੇ ਜੀਵਨ ਦੇ ਪਹਿਲੇ ਤੀਹ ਸਾਲ ਪੰਜਾਬ ਦੇ, ਉਹ ਵੀ ਮਾਲਵੇ ਦੇ ਪਿੰਡਾਂ ਵਿੱਚ ਬਿਤਾਏ, ਜਿੱਥੇ ਪ੍ਰੰਪਰਾ ਦਾ ਬੋਲਬਾਲਾ ਸੀ। ਉਸ ਤੋਂ ਬਾਅਦ ਭੁੱਲਰ ਦਿੱਲੀ ਚਲੇ ਗਏ। ਪਿੰਡਾਂ ਤੋਂ ਨਿੱਕਲ ਕੇ ਸ਼ਹਿਰੀ ਜੀਵਨ ਬਤੀਤ ਕਰਨ ਨਾਲ ਉਨ੍ਹਾਂ ਨੂੰ ਦੋਵਾਂ ਵਿੱਚ ਜੋ ਵੀ ਤਬਦੀਲੀ ਮਹਿਸੂਸ ਹੋਈ ਉਸ ਨੂੰ ਉਨ੍ਹਾਂ ਨੇ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ। ਪਿੰਡਾਂ ਦੇ ਸਮਾਜਕ ਸਬੰਧਾਂ, ਮਨੁੱਖੀ ਰਿਸ਼ਤਿਆਂ ਵਿੱਚ ਆਈਆਂ ਦਿਨੋ-ਦਿਨ ਤਰੇੜਾਂ ਨੂੰ ਭੁੱਲਰ ਸਾਹਿਬ ਨੇ ਬੜੀ ਸੁਹਜਤਾ ਨਾਲ ਪੇਸ਼ ਕੀਤਾ ਹੈ। ਪਿੰਡਾਂ ਵਿੱਚੋਂ ਜਾ ਕੇ ਜਦੋਂ ਸ਼ਹਿਰਾਂ ਵਿੱਚ ਲੋਕ ਕੰਮ ਕਰਨ ਲੱਗੇ ਤਾਂ ਇਸ ਨਾਲ ਉਨ੍ਹਾਂ ਦਾ ਜੀਵਨ ਸੁਖਾਲਾ ਬੀਤਣਾ ਸ਼ੁਰੂ ਹੋ ਗਿਆ ਉਨ੍ਹਾਂ ਦੇ ਰਿਸ਼ਤੇਦਾਰਾਂ ਵਲੋਂ ਉਨਾਂ ਉੱਪਰ ਮਾਣ ਮਹਿਸੂਸ ਕਰਨਾ ਵੀ ਸਹਿਜ ਹੀ ਸੀ। ਪ੍ਰੰਤੂ ਇਸ ਸਭ ਦੇ ਨਾਲ ਹੀ ਕਿਤੇ ਨਾ ਕਿਤੇ ਦਰਾੜਾਂ ਦਾ ਆਉਣਾ ਵੀ ਸੁਭਾਵਿਕ ਸੀ। ਗੁਰਬਚਨ ਸਿੰਘ ਭੁੱਲਰ ਦੀ ਇੱਕ ਕਹਾਣੀ 'ਨਿੱਕੀ ਬੂਟੀ ਦਾ ਸੂਟ' ਇਸੇ ਆਧਾਰ ਉੱਤੇ ਹੀ ਲਿਖੀ ਗਈ ਹੈ। ਇਸ ਦਾ ਇੱਕ ਪਾਤਰ ਆਪਣੀ ਭੂਆ ਕੋਲ ਪਰਿਵਾਰ ਸਮੇਤ ਸ਼ਹਿਰੋ ਛੁੱਟੀਆਂ ਬਤੀਤ ਕਰਨ ਲਈ ਆਉਂਦਾ ਹੈ ਅਤੇ ਆਪਣੀ ਭੂਆ ਲਈ ਪਿਆਰ ਦੇ ਤੌਰ ਤੇ ਇੱਕ ਬਹੁਤ ਸੁੰਦਰ ਨਿੱਕੀ ਬੂਟੀ ਵਾਲਾ ਸੂਟ ਲੈ ਕੇ ਆਉਂਦਾ ਹੈ। ਕੁਝ ਦਿਨ ਉੱਥੇ ਰਹਿਣ ਤੋਂ ਬਾਅਦ ਜਦੋਂ ਜਾਣ ਦੀ ਤਿਆਰੀ ਕਰਦਾ ਹੈ ਤਾਂ ਭੂਆ ਵਲੋਂ ਉਸ ਨੂੰ ਕੁਝ ਪੈਸਿਆਂ ਦੀ ਮੱਦਦ ਦੀ ਬੇਨਤੀ ਸੁਣ ਕੇ ਉਸ ਦਾ ਮਨ ਖ਼ਰਾਬ ਹੋ ਜਾਂਦਾ ਹੈ ਅਤੇ ਭੂਆ ਨੂੰ ਦੇਣ ਲਈ ਲਿਆਦਾ ਸੂਟ ਵੀ ਉਸ ਦੀ ਦੇਣ ਨੂੰ ਹਿੰਮਤ ਨਹੀਂ ਪੈਂਦੀ। ਇਸ ਪ੍ਰਕਾਰ ਭੁੱਲਰ ਨੇ ਬੜੀ ਸਾਧਾਰਨਤਾ ਦੇ ਨਾਲ ਪਿੰਡਾਂ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਵਿਚਕਾਰ ਅੰਤਰ ਨੂੰ ਬਿਆਨ ਕੀਤਾ ਹੈ ਅਤੇ ਇਸ ਅੰਤਰ ਦੇ ਕਾਰਨ ਜੋ ਵੀ ਰਿਸ਼ਤਿਆਂ ਵਿਚਕਾਰ ਦਰਾੜ ਬਣਦੀ ਹੈ ਉਸ ਨੂੰ ਸਾਡੇ ਸਾਹਮਣੇ ਲਿਆਂਦਾ ਹੈ।

"ਕਿੰਨੇ ਚਿਰ ਮਗਰੋਂ ਉਹਨੇ ਭੂਆ ਨੂੰ ਮਿਲਣਾ ਸੀ ਅਤੇ ਕਿੰਨੇ ਪਿਆਰ ਨਾਲ ਉਹਨੇ ਬੁਲਾਇਆ ਸੀ। ਉਹਦਾ ਦਿਲ ਕੀਤਾ, ਭੂਆ ਲਈ ਕੁਝ ਲੈ ਕੇ ਜਾਵੇ। ਉਹਦੇ ਨਿਰਛਲ ਮੋਹ ਦਾ ਕੋਈ ਨਿਮਾਣਾ ਜਿਹਾ ਹੁੰਗਾਰਾ। ਉਹਦੇ ਲਈ ਆਪਣੇ ਆਦਰ ਦੀ ਕੋਈ ਤੁੱਛ ਜਿਹੀ ਨਿਸ਼ਾਨੀ। ਉਹ ਕਈ ਦਿਨ ਸੋਚਦਾ ਰਿਹਾ। ਆਖਰ ਉਹਨੇ ਪਿੰਡਾਂ ਦੇ ਪੁਰਾਣੇ ਜਿਹੇ ਰਿਵਾਜ਼ ਅਨੁਸਾਰ ਕਈ ਦੁਕਾਨਾਂ ਫਿਰ ਕੇ ਮਿੱਠੇ-ਮਿੱਠੇ ਰੰਗਾਂ ਦੀਆਂ ਨਿੱਕੀਆਂ-ਨਿੱਕੀਆਂ ਬੂਟੀਆਂ ਵਾਲਾ ਇੱਕ ਬੜਾ ਸੋਹਣਾ ਸੂਟ ਖਰੀਦ ਲਿਆ।"[9]

"ਜਦੋਂ ਉਹ ਤਹਿ ਕੀਤੇ ਕੱਪੜੇ ਅਟੈਚੀ ਵਿੱਚ ਪਾਉਣ ਲੱਗਿਆ ਤਾਂ ਪਤਨੀ ਨੇ ਹੇਠੋਂ ਬੂਟੀਆਂ ਵਾਲਾ ਸੂਟ ਕੱਢ ਲਿਆ, ਜਿਹਨੂੰ ਉਹ ਭੁੱਲ ਗਿਆ ਲਗਦਾ ਸੀ।

"ਪਿਆ ਰਹਿਣ ਦੇ ਵਿਚੇ...", ਉਹ ਨੀਰਸ ਜਿਹੀ ਆਵਾਜ਼ ਵਿੱਚ ਬੋਲਿਆ। ਅਬੋਲ ਪਤਨੀ ਦੀਆਂ ਅੱਖਾਂ ਵਿਚ ਲਟਕਦੇ ਸਵਾਲ ਦੇ ਜਵਾਬ ਵਿੱਚ ਉਸਨੇ ਕਿਹਾ, "ਰੱਖ ਦੇ ਇਹਨੂੰ ਵਿਚੇ ਹੀ... ਦੇਖੀ ਜਾਊ ਫੇਰ ਕਦੇ!"

ਉਹ ਕਾਹਲੀ ਕਾਹਲੀ ਕੱਪੜੇ ਅਟੈਚੀ ਵਿੱਚ ਪਾ ਰਿਹਾ ਸੀ ਅਤੇ ਨਿੱਕੀ ਬੂਟੀ ਦਾ ਸੂਟ ਉਹਦੀ ਪਤਨੀ ਦੇ ਹੱਥਾਂ ਵਿੱਚ ਕੰਬ ਰਿਹਾ ਸੀ "।[10]

ਇਸ ਪ੍ਰਕਾਰ ਭੁੱਲਰ ਦੀਆਂ ਕਹਾਣੀਆਂ ਵਿਚ ਸਮਾਜਕ ਸਥਿਤੀ ਦੀ ਝਲਕ ਨਜ਼ਰੀ ਪੈਂਦੀ ਹੈ। ਭੁੱਲਰ ਸਮਾਜ ਸ਼ਾਸਤਰ ਦੇ ਰਾਹੀਂ ਸਾਨੂੰ ਸਮਾਜ ਵਿੱਚ ਚੇਤੰਨ ਹੋ ਕੇ ਰਹਿਣਾ ਸਿਖਾਉਂਦਾ ਹੈ। ਉਸ ਦੀਆਂ ਕਹਾਣੀਆਂ ਦੇ ਜ਼ਰੀਏ ਸਮਾਜ ਸ਼ਾਸਤਰ ਦੇ ਕਾਨੂੰਨ ਸਾਨੂੰ ਸਮਝ ਵਿੱਚ ਲਿਆਉਣ ਲਈ ਭੁੱਲਰ ਦਾ ਬਹੁਤ ਵੱਡਾ ਯੋਗਦਾਨ ਹੈ। ਭੁੱਲਰ ਦੀ

ਇਸੇ ਚੇਤਨਾ ਨੂੰ ਅਸੀਂ ਸਮਝ ਤੇ ਸਮਝਾਉਣ ਦਾ ਯਤਨ ਕਰਾਂਗੇ। ਭੁੱਲਰ ਦੇ ਪਾਤਰਾਂ ਦੀ ਨਜ਼ਰ ਬਾਜ ਦੀ ਨਜ਼ਰ ਨਾਲੋਂ ਘੱਟ ਨਹੀਂ ਜੋ ਕਿ ਸਮਾਜ ਦੇ ਸੱਚ ਨੂੰ ਬਾਹਰ ਕੱਢੇ ਬਿਨਾਂ ਨਹੀਂ ਰਹਿ ਸਕਦੀ।

ਗੁਰਬਚਨ ਸਿੰਘ ਭੁੱਲਰ ਨੂੰ ਪਤਾ ਹੈ ਕਿ ਕਿਵੇਂ ਸੱਚ ਨੂੰ ਪੇਸ਼ ਕਰਨਾ ਹੈ। ਇਸ ਲਈ ਉਹ ਇਸ ਪ੍ਰਕਾਰ ਨਾਲ ਪਾਤਰਾਂ ਦੀ ਵਾਰਤਾਲਾਪ ਕਰਾਉਂਦਾ ਹੈ ਕਿ ਪਾਤਰ ਸਮਾਜ ਦੇ ਸੱਚ ਨੂੰ ਕੱਢ ਕੇ ਦੁਬਾਰਾ ਸਮਾਜ ਅੱਗੇ ਪੇਸ਼ ਕਰਦੇ ਹਨ। ਹਰ ਸਾਹਿਤਕਾਰ ਦਾ ਇਹ ਪਰਮ ਕਰਤੱਵ ਹੁੰਦਾ ਹੈ ਕਿ ਉਸ ਦੁਆਰਾ ਰਚੀ ਗਈ ਰਚਨਾ ਦਾ ਸਮਾਜ ਦੇ ਦਿਲੋ ਦਿਮਾਗ ਉੱਪਰ ਅਸਰ ਹੋਵੇ ਅਸਰ ਕੁਝ ਇਸ ਪ੍ਰਕਾਰ ਦਾ ਹੋਵੇ ਕਿ ਸਮਾਜ ਸਿੱਧਾ ਵਿਕਾਸ ਦੇ ਰਾਹ ਤੇ ਤੁਰੇ ਅਤੇ ਆਪਣੀ ਅਜਿਹੀ ਸੋਚ ਬਣਾਵੇ ਜਿਸ ਨਾਲ ਸਮਾਜ ਵਿਚਲੇ ਰਹਿ ਰਹੇ ਲੋਕਾਂ ਦਾ ਕਲਿਆਣ ਹੋਵੇ। ਅਜਿਹੀ ਸੋਚ ਦਾ ਧਾਰਨੀ ਸਾਡਾ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਹੈ ਜਿਸ ਦੀਆਂ ਕਹਾਣੀਆਂ ਅਜਿਹੀ ਸੋਚ ਨੂੰ ਬੜਾਵਾ ਦਿੰਦੀਆਂ ਹਨ। ਸੋ ਇਸ ਪ੍ਰਕਾਰ ਨਾਲ ਗੁਰਬਚਨ ਸਿੰਘ ਭੁੱਲਰ ਇੱਕ ਸਫ਼ਲ ਕਹਾਣੀਕਾਰ ਦੇ ਤੌਰ ਤੇ ਸਾਡੇ ਸਾਹਮਣੇ ਆਪਣੀ ਵੱਖਰੀ ਪਛਾਣ ਬਣਾ ਰਿਹਾ ਹੈ। ਉਸ ਦੀਆਂ ਕਹਾਣੀਆਂ ਪਿੰਡਾਂ ਤੇ ਸ਼ਹਿਰੀ ਜੀਵਨ ਨਾਲ ਭਰੀਆਂ ਪਈਆਂ ਹਨ। ਸਮਾਜ-ਸ਼ਾਸਤਰ ਦੇ ਸਾਰੇ ਪੱਖਾਂ ਨੂੰ ਬਾਰੋ-ਬਾਰੀ ਅਸੀਂ ਭੁੱਲਰ ਦੀਆਂ ਕਹਾਣੀਆਂ ਵਿੱਚ ਦੇਖਦੇ ਹਾਂ। ਉਸ ਨੇ ਹੁਣ ਤੱਕ ਜਿੰਨੀਆਂ ਵੀ ਕਹਾਣੀਆਂ ਲਿਖੀਆਂ ਹਨ ਉਨ੍ਹਾਂ ਸਾਰੀਆਂ ਦਾ ਸਮਾਜ ਦੇ ਸੱਚ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੈ। ਉਸ ਦੀਆਂ ਕਹਾਣੀਆਂ ਵਿੱਚ ਔਰਤਾਂ ਦਾ ਵੀ ਬੜਾ ਵੱਡਾ ਰੋਲ ਸਾਹਮਣੇ ਆਉਂਦਾ ਹੈ ਉਸ ਦੀਆਂ ਕਹਾਣੀਆਂ ਵਿੱਚ ਔਰਤ ਪਾਤਰ ਨੂੰ ਵਿਚਾਰੀ ਜਿਹੀ ਬਣਾ ਕੇ ਸਮਾਜ ਦੇ ਅੱਗੇ ਪੇਸ਼ ਨਹੀਂ ਕੀਤਾ ਸਗੋਂ ਉਸ ਨੂੰ ਦ੍ਰਿੜ ਇਰਾਦੇ ਵਾਲੀ ਬਣਾ ਕੇ ਪੇਸ਼ ਕੀਤਾ ਹੈ ਤਾਂ ਕਿ ਸਮਾਜ ਦੇ ਵਿੱਚ ਉਸ ਦੀ ਜੋ ਸਥਿਤੀ ਗਿਰਾਉਣ ਵਾਲੇ ਤੱਤ ਹਨ ਉਨ੍ਹਾਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਸਕੇ।

ਸਮਾਜ ਵਿੱਚ ਇੱਕ ਔਰਤ ਦੇ ਪਤੀ ਦੀ ਮੌਤ ਹੋਣ ਤੋਂ ਬਾਅਦ ਉਹੀ ਸਮਾਜ ਜੋ ਉਸ ਦੇ ਪਤੀ ਦੇ ਹੁੰਦਿਆ ਉਸ ਨੂੰ ਇੱਜ਼ਤ ਦੀ ਨਜ਼ਰ ਨਾਲ ਦੇਖਦਾ ਹੈ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਸ ਦਾ ਜੀਣਾ ਮੁਸ਼ਕਿਲ ਕਰ ਦਿੰਦਾ ਹੈ। ਅਜਿਹੀ ਸਥਿਤੀ ਵਾਲੀ ਔਰਤ ਦੇ ਦੁੱਖ ਨੂੰ ਦੂਰ ਕਰਨ ਲਈ ਆਸੋ ਨਾਂ ਦੀ ਪਾਤਰ ਸਾਡੇ ਸਾਹਮਣੇ ਇੱਕ ਮਿਸਾਲ ਬਣ ਕੇ ਪੇਸ਼ ਹੁੰਦੀ ਹੈ। ਉਸ ਦੇ ਪਤੀ ਦੀ ਮੌਤ ਹੋਣ ਤੋਂ ਬਾਅਦ ਆਪਣਾ ਸਾਰਾ ਧਿਆਨ ਕੰਮ ਤੇ ਲਗਾਉਣਾ ਸ਼ੁਰੂ ਕਰ ਦਿੰਦੀ ਹੈ। ਬੰਦਿਆਂ ਵਾਂਗ ਖੇਤਾਂ ਦਾ ਕੰਮ ਕਰਨਾ, ਫਸਲਾਂ ਦੀ ਬਿਜਾਈ ਤੋਂ ਲੈ ਕੇ ਕਟਾਈ ਤੱਕ ਦਾ ਸਾਰਾ ਕੰਮ ਕਰਨਾ ਆਸੋ ਸ਼ੁਰੂ ਕਰ ਦਿੰਦੀ ਹੈ। ਮਨ ਵਿੱਚ ਇਹ ਧਾਰਨ ਕਰ ਲੈਂਦੀ ਹੈ ਕਿ ਭਾਵੇਂ ਉਸ ਦਾ ਪਤੀ ਉਸ ਨੂੰ ਉਸ ਦੇ ਪੁੱਤਰ ਸਮੇਤ ਕੱਲਿਆ ਛੱਡ ਕੇ ਤੁਰ ਗਿਆ ਹੈ ਪ੍ਰੰਤੂ ਉਹ ਉਸ ਦੀ ਨਿਸ਼ਾਨੀ ਉੱਪਰ ਕਿਸੇ ਵੀ ਪ੍ਰਕਾਰ ਦੀ ਬਿਪਤਾ ਨੂੰ ਭਾਰੀ ਨਹੀਂ ਹੋਣ ਦੇਵੇਗੀ।

ਆਸੋ ਆਪਣੇ ਪੁੱਤਰ ਗੁਰਦੇਵ ਨੂੰ ਆਪਣੇ ਪਤੀ ਨਾਲੋਂ ਵੀ ਜ਼ਿਆਦਾ ਪਿਆਰ ਤੇ ਦੁਲਾਰ ਨਾਲ ਪਾਲਦੀ ਹੈ। ਇਸ ਪ੍ਰਕਾਰ ਉਹ ਆਪਣੇ ਪਿੰਡ ਵਿੱਚ ਇੱਕ ਵੱਖਰੀ ਮਿਸਾਲ ਪੈਦਾ ਕਰਦੀ ਹੈ। ਪਿੰਡ ਦਾ ਬੱਚਾ ਬੱਚਾ ਆਸੋ ਦੀਆਂ ਸਿਫਤਾਂ ਕਰਦਾ ਹੈ।

"ਉਹ ਦਿਨ, ਸੋ ਉਹ ਦਿਨ। ਆਸੋ ਹਲ ਵਾਹੁੰਦੀ ਸੀ, ਗੋਡੀਆਂ ਕਰਦੀ ਸੀ, ਪਾਣੀ ਲਾਉਂਦੀ ਸੀ, ਫ਼ਸਲਾਂ ਵੱਢਦੀ ਸੀ, ਪਿੜ ਕੱਢਦੀ ਸੀ। ਉਹ ਲੱਕ ਨੂੰ ਚੁੰਨੀ ਬੰਨ ਲੈਂਦੀ ਅਤੇ ਕੰਮ ਉੱਤੇ ਟੁੱਟ ਕੇ ਪੈ ਜਾਂਦੀ। ਗੁਰਦੇਵ ਉਹਦੇ ਨਾਲ ਨਿੱਕੇ-ਨਿੱਕੇ ਹੱਥ ਸਾਂਝੇ ਕਰਦਾ ਰਹਿੰਦਾ। ਉਹ ਪਾਣੀ ਲਾਉਂਦੀ, ਗੁਰਦੇਵ ਦੱਸਦਾ ਕਿ ਕਿਆਰਾ ਸਿਰੇ ਲੱਗ ਗਿਆ ਸੀ

ਜਾਂ ਨਹੀਂ। ਬੀ ਪਾਉਂਦੀ ਦੀ ਉਹਦੀ ਝੋਲੀ ਊਣੀ ਹੋ ਜਾਂਦੀ, ਗੁਰਦੇਵ ਟਾਹਲੀ ਹੇਠ ਪਈ ਬੋਰੀ ਵਿੱਚੋਂ ਸਮੋਸੇ ਦੇ ਲੜ ਵਿੱਚ ਪਾ ਕੇ ਬੀ ਲਿਆ ਦਿੰਦਾ। ਉਹ ਗੋਡੀ ਕਰਦੀ, ਗੁਰਦੇਵ ਘਾਹ-ਫੂਸ ਚੁਗ-ਚੁਗ ਕੇ ਢੇਰ ਲਾਉਂਦਾ ਰਹਿੰਦਾ। ਉਹ ਫਸਲ ਵੱਢਦੀ, ਗੁਰਦੇਵ ਰੁੱਗ ਚੁੱਕ-ਚੁੱਕ ਕੇ ਥੱਬੇ ਬਣਾ ਦਿੰਦਾ।"[11]

"ਸਾਰੇ ਪਿੰਡ ਵਿੱਚ ਕੀ, ਆਲੇ-ਦੁਆਲੇ ਦੇ ਪਿੰਡਾਂ ਵਿੱਚ ਵੀ ਗੱਲਾਂ ਹੋਣ ਲੱਗ ਪਈਆਂ ਸਨ। ਲੋਕੀ ਸੱਥਾਂ ਵਿੱਚ ਬੈਠ ਬੈਠ ਕੇ ਆਸੋ ਦੀ ਕਮਾਈ ਨੂੰ ਧੰਨ-ਧੰਨ ਆਖਦੇ, ਉਹਦੇ ਜਿਗਰੇ ਦੀਆਂ, ਉਹਦੀ ਹਿੰਮਤ ਦੀਆਂ, ਉਹਦੇ ਸਬਰ ਦੀਆਂ ਕਹਾਣੀਆਂ ਪਾਉਂਦੇ। ਆਸੋ ਕਦੀ ਕਿਸੇ ਨੂੰ ਕੋਈ ਕੰਮ ਆਖਦੀ, ਉਹਦਾ ਆਖਿਆ ਕੋਈ ਨਾ ਮੋੜਦਾ। ਆਸੋ ਤੀਵੀਂ ਤੋਂ ਬੰਦਾ ਬਣ ਗਈ ਸੀ। ਆਸੋ ਗੁਰਦੇਵ ਦਾ ਪਿਉ ਬਣ ਗਈ ਸੀ। ਆਸੋ ਆਪਣਾ ਘਰ ਵਾਲਾ ਬਣ ਗਈ ਸੀ।"[12]

ਸੋ ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿਚਲੇ ਪਾਤਰਾਂ ਦੀ ਮੱਦਦ ਨਾਲ ਉਨ੍ਹਾਂ ਦਾ ਸੱਚ ਸਮਾਜ ਅੱਗੇ ਪੇਸ਼ ਕੀਤਾ ਹੈ। ਭੁੱਲਰ ਨੇ ਕਹਾਣੀਆਂ ਦੇ ਜ਼ਰੀਏ ਸਮਾਜ ਦੇ ਮਰਦਾਂ ਤੇ ਔਰਤਾਂ ਦੀ ਮਾਨਸਿਕ ਸਥਿਤੀ ਨੂੰ ਵੀ ਸਾਡੇ ਸਾਹਮਣੇ ਬਿਆਨ ਕੀਤਾ ਹੈ। ਮਨੁੱਖ ਸੋਚਦਾ ਕੁਝ ਹੋਰ ਹੈ ਅਤੇ ਉਹ ਕਰਦਾ ਕੁਝ ਹੋਰ ਹੈ। ਸਮਾਜ ਦੀਆਂ ਰੀਤਾਂ-ਰਸਮਾਂ ਜੋ ਕਿ ਮਨੁੱਖ ਦੇ ਕਲਿਆਣ ਲਈ ਬਣਾਈਆਂ ਗਈਆਂ ਹਨ ਜਦੋਂ ਮਨੁੱਖ ਉਨ੍ਹਾਂ ਦਾ ਗਲਤ ਪ੍ਰਯੋਗ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਉਸ ਦੇ ਮਾੜੇ ਨਤੀਜਿਆਂ ਦਾ ਅਸਰ ਉਸ ਉੱਪਰ ਤਾਂ ਹੋਣਾ ਲਾਜ਼ਮੀ ਹੀ ਹੈ ਪ੍ਰੰਤੂ ਉਸ ਦੇ ਗਲਤ ਕੰਮਾਂ ਨਾਲ ਸਮਾਜ ਨੂੰ ਵੀ ਮੁਸ਼ਕਿਲ ਉਠਾਉਣੀ ਪੈਂਦੀ ਹੈ। ਭੁੱਲਰ ਨੇ ਅਜਿਹੀਆਂ ਕਹਾਣੀਆਂ ਹੋਂਦ ਵਿੱਚ ਲਿਆਂਦੀਆਂ ਹਨ ਜੋ ਕਿ ਸਾਨੂੰ ਅਜਿਹੇ ਕੰਮਾਂ ਤੋਂ ਵਰਜਾ ਕੇ ਰੱਖਦੀਆਂ ਹਨ। ਭੁੱਲਰ ਨੇ ਆਪਣੀ ਜ਼ਿੰਦਗੀ ਦੇ ਅਨੁਭਵਾਂ ਤੋਂ ਪ੍ਰੇਰਿਤ ਹੋ ਕੇ ਸਮਾਜ ਲਈ ਕਹਾਣੀਆਂ ਦੇ ਰੂਪ ਵਿੱਚ ਇਹ ਖਜ਼ਾਨਾ ਲਿਆਂਦਾ ਹੈ। ਹਰ ਸਾਹਿਤਕਾਰ ਦਾ ਇਹ ਪਰਮ ਕਰਤੱਵ ਹੁੰਦਾ ਹੈ ਕਿ ਸਮਾਜ ਵਿਚਲੀਆਂ ਘਟ ਰਹੀਆਂ ਘਟਨਾਵਾਂ ਤੋਂ ਸਾਰੇ ਸਮਾਜ ਨੂੰ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਵੇ। ਇਸ ਪਾਸੇ ਤੋਂ ਗੁਰਬਚਨ ਸਿੰਘ ਭੁੱਲਰ ਮੋਹਰੀ ਸਾਬਿਤ ਹੁੰਦਾ ਹੈ। ਉਸ ਨੇ ਕਹਾਣੀਆਂ ਲਿਖਣ ਤੋਂ ਇਲਾਵਾ ਦੂਸਰੇ ਖੇਤਰਾਂ ਵਿੱਚ ਵੀ ਕੰਮ ਕੀਤਾ ਹੈ। ਭੁੱਲਰ ਦੀਆਂ ਕਹਾਣੀਆਂ ਦੇ ਪਾਤਰ ਜੀਉਂਦੇ-ਜਾਗਦੇ ਸਮਾਜ ਦੀ ਤਸਵੀਰ ਨੂੰ ਪੇਸ਼ ਕਰਦੇ ਹਨ। ਉਸ ਦੀਆਂ ਕਹਾਣੀਆਂ ਵਿੱਚ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਕੋਈ ਨਾ ਕੋਈ ਸਾਨੂੰ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ। ਆਦਿ ਤੋਂ ਲੈ ਕੇ ਅੰਤ ਤੱਕ ਕਹਾਣੀਆਂ ਧੀਮੀ ਗਤੀ ਵਿੱਚ ਚਲਦੀਆਂ ਹਨ ਅਤੇ ਪਾਠਕ ਨੂੰ ਜ਼ਰਾ ਜਿੰਨਾ ਵੀ ਬੋਰ ਨਹੀਂ ਹੋਣ ਦਿੰਦੀਆਂ।

ਭੁੱਲਰ ਨੇ ਜੇਕਰ ਆਪਣੀਆਂ ਕਹਾਣੀਆਂ ਵਿੱਚ ਔਰਤ ਪਾਤਰ ਨੂੰ ਬਿਆਨ ਕਰਨਾ ਹੈ ਤਾਂ ਸਮਾਜ ਦੀ ਦ੍ਰਿੜ ਨਿਸਚੇ ਵਾਲੀ ਔਰਤ ਦਾ ਚਰਿੱਤਰ ਹੀ ਬਿਆਨ ਕੀਤਾ ਹੈ ਔਰਤ ਦੇ ਚਰਿੱਤਰ ਨੂੰ ਗਿਰਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਜਿਵੇਂ ਕਿ ਬਾਕੀ ਸਾਹਿਤਕਾਰ ਹੁਣ ਤੱਕ ਕਰਦੇ ਆਏ ਹਨ। ਉਸ ਦੇ ਅਜਿਹਾ ਕਰਨ ਪਿੱਛੇ ਉਸ ਦਾ ਮੁੱਖ ਮਕਸਦ ਸਾਡੀ ਆਉਣ ਵਾਲੀ ਨਵੀਂ ਔਰਤ ਦੇ ਮਨ ਵਿੱਚੋਂ ਕਿਸੇ ਵੀ ਪ੍ਰਕਾਰ ਦੇ ਡਰ ਨੂੰ ਬਾਹਰ ਕੱਢਣਾ ਹੈ। ਭੁੱਲਰ ਚੰਗੀ ਤਰ੍ਹਾਂ ਨਾਲ ਜਾਣਦਾ ਹੈ ਕਿ ਸਮਾਜ ਵਿੱਚ ਜੇਕਰ ਸਹੀ ਰਸਤੇ ਨੂੰ ਤੁਸੀਂ ਲੋਕਾਂ ਤੱਕ ਪਹੁਚਾਉਣਾ ਚਾਹੁੰਦੇ ਹੋ ਤਾਂ ਸਹੀ ਲੋਕਾਂ ਦੀਆਂ ਉਦਾਹਰਣਾ ਦਾ ਹੋਣਾ ਬਹੁਤ ਜ਼ਰੂਰੀ ਹੈ। ਪਾਠਕਾਂ ਨੂੰ ਕੇਵਲ ਮਨੋਰੰਜਨ ਨਾਲ ਹੀ ਮਤਲਬ ਨਹੀਂ ਹੁੰਦਾ ਬਲਕਿ ਉਹ ਆਪਣੇ ਜੀਵਨ ਨੂੰ ਇਨ੍ਹਾਂ ਸਾਹਿਤਕਾਰਾਂ ਦੀ ਮੱਦਦ ਨਾਲ ਹੀ ਅੱਗੇ ਤੋਰਦੇ ਹਨ। ਸੋ ਭੁੱਲਰ ਦੀ ਇਹੀ ਕੋਸ਼ਿਸ ਹੈ ਕਿ ਸਮਾਜ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾਇਆ ਜਾਏ। ਸੋ ਭੁੱਲਰ ਆਪਣੇ ਇਸ ਕੰਮ ਵਿੱਚ ਕਾਫੀ ਸਫਲ ਵੀ ਹੋਇਆ

ਹੈ। ਗੁਰਬਚਨ ਸਿੰਘ ਭੁੱਲਰ ਨੇ ਔਰਤ ਦੇ ਰੂਪਾਂ ਨੂੰ ਆਪਣੀ ਇੱਕ ਕਹਾਣੀ 'ਤਿੰਨ ਮੂਰਤੀਆਂ ਵਾਲਾ ਮੰਦਰ' ਵਿੱਚ ਪੇਸ਼ ਕੀਤਾ ਹੈ। ਇਸ ਕਹਾਣੀ ਵਿੱਚ ਇੱਕ ਕੁਆਰੀ ਕੁੜੀ ਉਸ ਤੋਂ ਬਾਅਦ ਇੱਕ ਵਿਆਹੀ ਕੁੜੀ ਦੇ ਰੂਪ ਨੂੰ ਅਤੇ ਫਿਰ ਇੱਕ ਮਾਂ ਦੇ ਰੂਪ ਵਿੱਚ ਜੋ ਔਰਤ ਸਮਾਜ ਅੱਗੇ ਨਿੱਕਲ ਕੇ ਸਾਹਮਣੇ ਆਉਂਦੀ ਹੈ ਉਸ ਨੂੰ ਪੇਸ਼ ਕੀਤਾ ਹੈ। ਔਰਤ ਦਾ ਜੋ ਰੁਤਬਾ ਸਮਾਜ ਵਿੱਚ ਹੋਣਾ ਚਾਹੀਦਾ ਹੈ ਉਸ ਦੀ ਮੰਗ ਇਸ ਕਹਾਣੀ ਵਿੱਚ ਪੇਸ਼ ਕੀਤੀ ਗਈ ਹੈ। ਔਰਤ ਕੋਈ ਵਸਤੂ ਨਹੀਂ ਜਿਸ ਨਾਲ ਖੇਡ ਕੇ ਉਸ ਨੂੰ ਪਰਾ ਸੁੱਟ ਦਿੱਤਾ ਜਾਵੇ ਬਲਕਿ ਔਰਤ ਸਮਾਜ ਦੀ ਇੱਕ ਅਜਿਹੀ ਸ਼ਕਤੀ ਹੈ ਜੋ ਸਾਰੇ ਸਮਾਜ ਨੂੰ ਇੱਕ ਸੰਗਲੀ ਵਿੱਚ ਪਰੋ ਕੇ ਰੱਖਣ ਦੀ ਸਮਰੱਥਾ ਰੱਖਦੀ ਹੈ। ਸੋ ਪ੍ਰਕਾਰ ਭੁੱਲਰ ਨੇ ਆਪਣੀ ਇਸ ਕਹਾਣੀ ਦੇ ਰਾਹੀਂ ਸਮਾਜ ਵਿਚਲੀ ਔਰਤ ਦੇ ਰੁਤਬੇ ਨੂੰ ਉਘਾੜਨ ਦੀ ਸਫਲ ਕੋਸ਼ਿਸ ਕੀਤੀ ਹੈ।

ਗੁਰਬਚਨ ਸਿੰਘ ਭੁੱਲਰ ਆਪਣੀ ਇੱਕ ਕਿਤਾਬ ਵਿੱਚ ਆਪਣੇ ਬਾਰੇ ਕੁਝ ਸ਼ਬਦ ਲਿਖਦੇ ਹਨ

"ਆਪਣੀ ਲਿਖਣ ਕਿਰਿਆ ਮੈਨੂੰ ਕਾਲੇ ਇਲਮ ਵਾਂਗ ਜਾਪਦੀ ਹੈ। ਕਹਿੰਦੇ ਹਨ ਕਿ ਕਾਲੇ ਇਲਮ ਦਾ ਗਿਆਤਾ ਜਦੋਂ ਰੂਹਾਂ ਜਗਾਉਂਦਾ ਹੈ, ਉਹ ਉਹਦੇ ਸਾਹਮਣੇ ਸਾਕਾਰ ਹੋ ਜਾਂਦੀਆਂ ਹਨ। ਜਦੋਂ ਲਿਖਣ ਬੈਠਦਾ ਹਾਂ, ਮੇਰੀ ਇਕਾਂਤ ਵਿੱਚ ਪਾਤਰ ਸੱਚਮੁੱਚ ਇਸੇ ਪ੍ਰਕਾਰ ਪ੍ਰਗਟ ਆ ਹੁੰਦੇ ਹਨ। ਮੈਂ ਤਾਂ ਬਸ ਲਾਂਭੇ ਬੈਠਾ ਉਨ੍ਹਾਂ ਦੀਆਂ ਕਹਿਣੀਆਂ, ਕਰਨੀਆਂ ਅਤੇ ਸੋਚਾਂ ਕਾਗਜ਼ ਉੱਤੇ ਉਤਾਰਦਾ ਜਾਂਦਾ ਹਾਂ। ਉਹਨਾਂ ਦੇ ਸਹਿਜ-ਵਿਕਾਸ ਅਤੇ ਕਹਾਣੀ ਦੇ ਕਰਮ ਵਿਕਾਸ ਵਿੱਚ ਮੈਂ ਗੁਰਬਚਨ ਸਿੰਘ ਭੁੱਲਰ ਨਾਂ ਦੇ ਆਦਮੀ ਨੂੰ ਦਖਲ ਦੇਣ ਦੀ ਖੁੱਲ ਨਹੀਂ ਦਿੰਦਾ। ਇਨ੍ਹਾਂ ਪਲਾਂ ਵਿੱਚ ਮੈਂ ਸੱਚਮੁੱਚ ਇੱਕ ਵੱਖਰੀ ਜ਼ਿੰਦਗੀ ਜਿਉਂ ਰਿਹਾ ਹੁੰਦਾ ਹਾਂ। ਜਦੋਂ ਆਪਣੀ ਹੀ ਕੋਈ ਰਚਨਾ ਕਾਫੀ ਸਮਾਂ ਪੈ ਜਾਣ ਮਗਰੋਂ ਪੜ੍ਹਦਾ ਹਾਂ ਤਾਂ ਬੜਾ ਹੀ ਆਨੰਦ ਵੀ ਆਉਂਦਾ ਹੈ ਅਤੇ ਬੜੀ ਹੀ ਹੈਰਾਨੀ ਵੀ ਹੁੰਦੀ ਹੈ ਕਿ ਇਸ ਘਟਨਾ, ਇਸ ਵਾਰਤਾਲਾਪ ਅਤੇ ਇਸ ਪਾਤਰ ਦਾ ਸਿਰਜਨ ਮੈਂ ਹੀ ਕੀਤਾ ਸੀ!"[13]

## ਪਿੰਡ ਤੇ ਸ਼ਹਿਰੀ ਸਮਾਜ ਵਿਚਕਾਰ ਆਉਣ ਵਾਲੇ ਅੰਤਰ

ਲੇਖਕ ਦੀਆਂ ਰਚਨਾਵਾਂ ਵਿੱਚ ਪਿੰਡਾਂ ਤੇ ਸ਼ਹਿਰੀ ਸਮਾਜ ਦੀ ਝਲਕ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਇਨਾਂ ਦੋਹਾਂ ਵਿੱਚ ਲੋਕਾਂ ਦੇ ਰਹਿਣ-ਸਹਿਣ ਦੇ ਅੰਤਰ ਦੀ ਤਸਵੀਰ ਨੂੰ ਪੇਸ਼ ਕੀਤਾ ਗਿਆ ਹੈ। ਕਿਵੇਂ ਪਿੰਡਾਂ ਵਿੱਚ ਰਿਸ਼ਤਿਆਂ ਨੂੰ ਬਾਕੀ ਸਾਰਿਆ ਕੰਮਾਂ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਇਸ ਬਾਰੇ ਸਾਰੀ ਜਾਣਕਾਰੀ ਸਾਨੂੰ ਭੁੱਲਰ ਦੀਆਂ ਕਹਾਣੀਆਂ ਵਿੱਚ ਮਿਲਦੀ ਹੈ। ਅੱਜ ਦੇ ਪੂੰਜੀਵਾਦੀ ਯੁੱਗ ਦੇ ਆਉਣ ਨਾਲ ਵੀ ਪਿੰਡਾਂ ਦੇ ਲੋਕਾਂ ਦੇ ਜੀਵਨ ਵਿੱਚ ਉਨੀ ਹੀ ਇਨਸਾਨੀਅਤ, ਮਾਸੂਮੀਅਤ ਬਚੀ ਹੋਈ ਹੈ ਜਿੰਨੀ ਕਿ ਪੂੰਜੀਵਾਦੀ ਸਮਾਜ ਦੇ ਆਉਣ ਤੋਂ ਪਹਿਲਾਂ ਮੌਜੂਦ ਸੀ। ਸ਼ਹਿਰਾਂ ਵਿੱਚ ਅੱਜ ਜੇਕਰ ਕਿਸੇ ਦੇ ਘਰ ਕੋਈ ਮੌਤ ਹੋ ਜਾਂਦੀ ਹੈ ਤਾਂ ਮੌਤ ਨਾਲ ਸੰਬੰਧਿਤ ਸਾਰੇ ਕਾਰ-ਵਿਹਾਰਾਂ ਨੂੰ ਫਜ਼ੂਲ ਸਮਝਿਆ ਜਾਂਦਾ ਹੈ ਅਤੇ ਮੁਰਦੇ ਨੂੰ ਦਫਨਾ ਕੇ ਆਪਣੇ-ਆਪਣੇ ਕੰਮਾਂ ਵਿੱਚ ਲੋਕ ਰੁੱਝ ਜਾਂਦੇ ਹਨ। ਉੱਥੇ ਹੀ ਦੂਸਰੇ ਪਾਸੇ ਪਿੰਡਾਂ ਦੇ ਵਿੱਚ ਇੱਕ ਦੋ ਦਿਨ ਤਾਂ ਮੌਤ ਵਾਲੇ ਘਰ ਆਢ-ਗੁਆਢ ਦੇ ਲੋਕ ਆਪਣੇ ਘਰਾਂ ਦੇ ਕੰਮਾਂ ਤੱਕ ਨੂੰ ਛੱਡ ਕੇ ਰਾਤ ਵੀ ਉਸੇ ਘਰ ਵਿੱਚ ਬਤੀਤ ਕਰਦੇ ਹਨ। ਘਰ ਵਾਲਿਆਂ ਨਾਲ ਪੂਰੀ ਹਮਦਰਦੀ ਕੀਤੀ ਜਾਂਦੀ ਸੀ। ਉਨ੍ਹਾਂ ਨਾਲ ਹੌਸਲਾਂ ਅਫਜਾਈ ਕੀਤੀ ਜਾਂਦੀ ਸੀ।

ਕਈ-ਕਈ ਦਿਨ ਤਾਂ ਪਿੰਡਾਂ ਵਿੱਚ ਮਰਕ ਵਾਲੇ ਘਰ ਲੋਕੀ ਆਉਂਦੇ ਜਾਂਦੇ ਸਨ। ਸ਼ਹਿਰਾਂ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਸਗੋਂ ਸ਼ਹਿਰਾਂ ਦੇ ਲੋਕ ਤਾਂ ਮਰਕ ਵਾਲੇ ਘਰ ਵਿੱਚ ਅਜਿਹੇ ਕਾਰਾਂ-ਵਿਹਾਰਾਂ ਨੂੰ ਸਮੇਂ ਦੀ ਬਰਬਾਦੀ ਸਮਝਦੇ

ਹਨ। ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਇੱਕੀਵੀਂ ਸਦੀ' ਅਜਿਹੇ ਹੀ ਦ੍ਰਿਸ਼ ਦਾ ਵਰਣਨ ਕਰਦੀ ਹੈ। ਇਸ ਕਹਾਣੀ ਦੇ ਜ਼ਰੀਏ ਭੁੱਲਰ ਨੇ ਪਿੰਡਾਂ ਤੇ ਸ਼ਹਿਰੀ ਸਮਾਜ ਦੇ ਰਹਿਣ-ਸਹਿਣ ਅਤੇ ਵਰਤੋਂ-ਵਿਵਹਾਰ ਵਿਚਕਾਰ ਆਉਣ ਵਾਲੇ ਅੰਤਰਾਂ ਨੂੰ ਪ੍ਰਗਟ ਕੀਤਾ ਹੈ। ਲੇਖਕ ਨੇ ਇਸ ਕਹਾਣੀ ਵਿੱਚ ਪਿੰਡ ਦੀ ਇੱਕ ਬਜ਼ੁਰਗ ਔਰਤ ਦੀ ਮੌਤ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਹੈ ਕਿ ਕਿਵੇ ਜਦੋਂ ਨਾਲ ਵਾਲੇ ਘਰ ਨੂੰ ਮੌਤ ਦਾ ਪਤਾ ਲੱਗਦਾ ਹੈ ਤਾਂ ਕਿਵੇਂ ਸਾਰੇ ਉੱਠ ਖਲੋਂਦੇ ਹਨ।

"ਤੇ ਸਾਨੂੰ ਸਾਰਿਆਂ ਨੂੰ ਸੁੱਤਿਆਂ ਪਤਾ ਨੀ ਕਿੰਨਾ ਕੁ ਚਿਰ ਹੋਇਆ ਹੋਵੇਗਾ, ਜਦੋਂ ਮੇਰੀ ਮਾਂ ਮੇਰੇ ਬਾਪੂ ਨੂੰ ਝੰਜੋੜਦੀ ਹੋਈ ਬੋਲੀ, "ਮੈਂ ਕਿਹਾ ਜੀ ਉੱਠੋ। ਲਗਦਾ ਐ, ਅੰਬੋ ਬਿਸ਼ਨੀ ਪੂਰੀ ਹੋ ਗਈ। ਵੈਣ ਤਾਂ ਭੈਣ ਸ਼ਾਮਕੁਰ ਦੇ ਲਗਦੇ ਨੇ।" ਮੇਰੀ ਅੱਖ ਵੀ ਨਾਲ ਹੀ ਖੁੱਲ ਗਈ।

"ਵਾਹਿਗੁਰੂ, ਵਾਹਿਗੁਰੂ", ਕਹਿੰਦਾ ਮੇਰਾ ਬਾਪੂ ਉੱਠ ਖਲੋਤਾ। ਉਹਨੇ ਲਾਲਟੈਣ ਬਾਲ ਦਿੱਤੀ ਅਤੇ ਬੋਲਿਆ, "ਹਾਂ, ਬੋਲ ਤਾਂ ਭਾਬੀ ਸ਼ਾਮਕੁਰ ਦਾ ਹੀ ਐ।"

ਮੈਂ ਰਜਾਈ ਵਿੱਚੋਂ ਨਿੱਕਲ ਕੇ ਜੁੱਤੇ ਪਾਉਣ ਲੱਗ ਪਿਆ। "ਲੈ ਇਹਨੂੰ ਦੇਖੋ", ਮਾਂ ਬੋਲੀ, ਵੇ ਤੂੰ ਕਿੱਧਰ ਤੁਰ ਪਿਆ ?" "ਮੈਂ ਵੀ ਚੱਲੂੰਗਾ", ਮੈਂ ਓਦਰੇ ਜਿਹੇ ਨੇ ਜਵਾਬ ਦਿੱਤਾ। ਮੇਰਾ ਤਾਂ ਰੋਣ ਨਿੱਕਲਣ ਵਾਲਾ ਹੋਇਆ ਪਿਆ ਸੀ। "ਕਾਕਾ, ਤੂੰ ਕਿੱਧਰ ਚੱਲਣਾ ਐ, ਬਾਪੂ ਬੋਲਿਆ, "ਘਰੇ ਰਹਿ। ਬੇਬੇ ਨਾਲ ਪੈ ਜਾ।" ਮੈਂ ਆਪਣੀ ਦਾਦੀ ਨੂੰ ਬਾਪੂ ਦੀ ਰੀਸ ਨਾਲ ਬੇਬੇ ਹੀ ਆਖਦਾ ਸੀ।"ਮੁੰਡਿਓ, ਮੇਰੀ ਸੋਟੀ ਕਿੱਤੇ ਐ", ਬੇਬੇ ਦਾ ਤਾਂ ਗਲ ਭਰਿਆ ਪਿਆ ਸੀ। "ਗਈ ਭੈਣ ਬਿਸ਼ਨੋ! ਮੇਰੀ ਬਾਂਹ ਫੜ ਕੇ ਲੈ ਚੱਲੋ ਭਾਈ, ਔਖੇ-ਸੌਖੇ। ਮੈਥੋਂ ਨਹੀਂ ਹੁਣ ਪਿਆ ਜਾਂਦਾ। ਹੁਣ ਪੈਣਾ ਕਿੱਥੇ!"[14]

ਇਸ ਕਹਾਣੀ ਦੀ ਅਜਿਹੀ ਵਾਰਤਾਲਾਪ ਤੋਂ ਸਾਨੂੰ ਇੱਕ ਪਿੰਡ ਦੇ ਲੋਕਾਂ ਦੇ ਆਪਸੀ ਨਿੱਘੀ ਪਿਆਰ ਦੀ ਝਲਕ ਦਿਖਾਈ ਦਿੰਦੀ ਹੈ। ਉੱਥੇ ਦੂਸਰੇ ਪਾਸੇ ਸ਼ਹਿਰੀ ਲੋਕਾਂ ਦੀ ਵੀ ਅਜਿਹੀ ਵਾਰਤਾਲਾਪ ਭੁੱਲਰ ਨੇ ਆਪਣੀ ਕਹਾਣੀ ਵਿੱਚ ਕੀਤੀ ਹੈ। ਕਿਵੇਂ ਸ਼ਹਿਰ ਦੇ ਕਿਸੇ ਇਕ ਘਰ ਵਿੱਚ ਸਿਆਣੀ ਔਰਤ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਕਾਰ-ਵਿਹਾਰ ਕਿਵੇਂ ਕੀਤੇ ਜਾਂਦੇ ਹਨ।

"ਅੰਤਿਮ ਅਸ਼ਨਾਨ ਤਾਂ ਵਾਧੂ ਦੀ ਰਸਮ ਐ, ਭਾਈ ਸਾਹਿਬ, ਮਿੱਟੀ ਨੂੰ ਨੁਆ੍ਉ ਜਾਂ ਨਾ ਨੁਆ੍ਉ, ਕੀ ਫਰਕ ਪੈਂਦਾ ਹੈ? ਨਾ ਮਿੱਟੀ ਨੂੰ ਫਰਕ, ਨਾ ਕਿਸੇ ਹੋਰ ਨੂੰ ਤੇ ਅਰਥੀ ਲਈ ਫ਼ੈਕਟਰੀ ਤੋਂ ਮਜ਼ਦੂਰ ਟੈਂਪੂ ਲੈ ਆਏ ਸੀ। ਮਾਤਾ ਦੀ ਦੇਹ ਨੂੰ ਲੱਦ ਕੇ ਸ਼ਮਸ਼ਾਨ-ਘਾਟ ਲੈ ਗਏ।" ਛਾਬੜੇ ਨੇ ਸਾਰਾ ਕੁਝ ਏਨੀ ਸਹਿਜਤਾ ਨਾਲ ਹੋਇਆ ਦੱਸਿਆ ਜਿੰਨੀ ਸਹਿਜਤਾ ਨਾਲ ਮੇਰੀ ਪਤਨੀ ਕੁਝ ਸਮਾਂ ਪਹਿਲਾਂ ਚੂਹੀ ਨੂੰ ਪਿੰਜਰੇ ਵਿਚੋਂ ਬਾਹਰ ਛੱਡ ਕੇ ਆਈ ਸੀ।"[15]

ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚ ਸਮਾਜ ਸ਼ਾਸਤਰ ਦੇ ਅੰਦਰ ਆਉਂਦੇ ਸਾਰੇ ਰੂਪਾਂ ਦੀ ਪੇਸ਼ਕਾਰੀ ਹੋਈ ਹੈ। ਸਮਾਜ ਦੇ ਲੋਕਾਂ ਦਾ ਰਹਿਣ-ਸਹਿਣ ਵਰਤੋਂ ਵਿਹਾਰ ਸਾਰਾ ਕੁਝ ਇਸਦੇ ਅੰਦਰ ਆਉਂਦਾ ਹੈ।

ਗੁਰਬਚਨ ਸਿੰਘ ਭੁੱਲਰ ਦੇ ਅਨੁਸਾਰ ਜੀਵਨ ਵਿੱਚ ਕਹਾਣੀ ਦਾ ਯਥਾਰਥਕ ਹੋਣਾ ਜਰੂਰੀ ਗੁਣ ਹੈ। ਯਥਾਰਥਕ ਹੋਣ ਤੋਂ ਭਾਵ ਜੀਵਨ ਦੀ ਸੱਚਾਈ, ਡੂੰਘਾਈ ਅਤੇ ਮਨੁੱਖੀ ਜੀਵਨ ਪ੍ਰਤੀ ਉਚਿਤ ਕੀਮਤ ਪ੍ਰਬੰਧ ਦੀ ਹੋਂਦ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਦੀ ਸਿਰਜਣਾ ਆਮ ਮਨੁੱਖ ਦੇ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ, ਸੰਕਟਾਂ ਤੇ ਮਾਨਸਿਕ ਗੁੰਝਲਾਂ ਦੇ ਆਧਾਰ ਤੇ ਕੀਤੀ ਹੈ। ਭੁੱਲਰ ਨੂੰ ਪੇਂਡੂ ਤੇ ਸ਼ਹਿਰੀ ਜੀਵਨ ਦਾ ਚੋਖਾ ਅਨੁਭਵ ਹੈ। ਇਸ ਲਈ ਉਸਦੇ ਕਥਾ-ਜਗਤ ਵਿੱਚ ਪੇਂਡੂ ਪਾਤਰ ਵੀ ਹਨ ਤੇ ਸ਼ਹਿਰੀ ਪਾਤਰ ਵੀ। ਅਨਪੜ੍ਹ ਕਿਸਾਨ, ਚਲਾਕ ਪੰਚੇਤੀਏ, ਸ਼ਰਾਬੀ,

ਨਿੱਤਨੇਮੀਏ ਇਸਤਰੀਆਂ ਆਦਿ ਉਸਦੇ ਪਾਤਰ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਪਿਛਲਝਾਤ ਨੂੰ ਇੱਕ ਮਹੱਤਵਪੂਰਨ ਰੂਪਕ ਵਜੋਂ ਪੇਸ਼ ਕੀਤਾ ਹੈ। ਅਜੋਕੀ ਕਹਾਣੀ ਵਿੱਚ ਨਿੱਜੀ ਜ਼ਿੰਦਗੀ ਨੂੰ ਪਿਹਲ ਦਿੱਤੀ ਜਾਂਦੀ ਹੈ। ਲੇਖਕ ਦੀ ਨਿੱਜੀ ਜ਼ਿੰਦਗੀ ਦਾ ਯਥਾਰਥ ਹੀ ਕਹਾਣੀ ਦਾ ਵਿਸ਼ਾ ਵਸਤੂ ਬਣਦਾ ਹੈ।

ਕਿਸੇ ਵੀ ਸਾਹਿਤਕ ਰਚਨਾ ਨੂੰ ਪੇਸ਼ ਕਰਨ ਦਾ ਮਾਧਿਅਮ ਭਾਸ਼ਾ ਹੈ ਜਿੱਥੋ ਤੱਕ ਭੁੱਲਰ ਦੀ ਭਾਸ਼ਾ ਦਾ ਸਵਾਲ ਹੈ ਉਸਨੇ ਮੁੱਖ ਰੂਪ ਵਿੱਚ ਕੇਂਦਰੀ ਭਾਸ਼ਾ ਦੀ ਹੀ ਵਰਤੋਂ ਕੀਤੀ ਹੈ। ਪਰ ਉਸਨੇ ਪੇਂਡੂ ਸਥਾਨ ਰੰਗਣ ਪੇਸ਼ ਕਰਨ ਲਈ ਮਲਵਈ ਉਪਭਾਸ਼ਾ ਦੀ ਵਰਤੋਂ ਕੀਤੀ ਹੈ। ਭੁੱਲਰ ਦੀਆਂ ਕਹਾਣੀਆਂ ਦੀ ਇੱਕ ਵਰਣਨਯੋਗ ਗੱਲ ਇਹ ਹੈ ਕਿ ਉਸਨੇ ਉਪਭਾਸ਼ਾਈ ਢੰਗ ਨੂੰ ਨਿਰੰਤਰ ਘਟਾ ਕੇ ਕੇਂਦਰੀ ਬੋਲੀ ਦੇ ਨੇੜੇ ਹੋਣ ਦਾ ਸੁਚੇਤ ਯਤਨ ਕੀਤਾ ਹੈ। ਉਸ ਦੀਆਂ ਕਹਾਣੀਆਂ ਵਿੱਚ ਪੇਂਡੂ ਸ਼ਹਿਰੀ ਜੀਵਨ ਵਿਚਕਾਰ ਕਾਫੀ ਅੰਤਰ ਦੇਖਣ ਨੂੰ ਮਿਲਦਾ ਹੈ। ਉਸ ਦੀਆਂ ਕਹਾਣੀਆਂ ਨੂੰ ਪੜ੍ਹ ਕੇ ਇੰਨੀ ਗੱਲ ਦਾ ਤਾਂ ਸਾਨੂੰ ਪੂਰਾ ਵਿਸ਼ਵਾਸ ਹੋ ਜਾਂਦਾ ਹੈ ਕਿ ਉਸ ਨੂੰ ਸ਼ਹਿਰੀ ਜੀਵਨ ਦੇ ਰਿਸ਼ਤਿਆਂ ਨਾਲੋਂ ਪਿੰਡਾਂ ਦੇ ਰਿਸ਼ਤਿਆਂ ਵਿੱਚ ਵਧੇਰੇ ਨਿੱਘ ਦੀ ਖੁਸ਼ਬੋ ਆਉਂਦੀ ਹੈ। ਜਗਦੀਸ਼ ਕੌਸ਼ਲ ਨਾਲ ਹੋਈ ਉਨ੍ਹਾਂ ਦੀ ਇੱਕ ਇੰਟਰਵਿਉ ਵਿੱਚ ਉਨਾਂ ਦਾ ਇੱਕ ਬਿਆਨ ਹੈ।

"ਮੇਰਾ ਵਿਸ਼ਵਾਸ ਹੀ ਨਹੀਂ ਜੀਵਨ ਦਾ ਸੱਚ ਹੀ ਇਹੋ ਹੈ। ਮੈਂ ਦਿੱਲੀ ਵਿੱਚ ਵਸਦਾ ਹਾਂ। ਵਸਦਾ ਕਾਹਨੂੰ, ਰਹਿੰਦਾ ਹਾਂ। ਤੁਸੀਂ ਵੀ ਇੱਥੇ ਹੀ ਵਸਦੇ ਜਾਂ ਰਹਿੰਦੇ ਹੋ ਤੁਸੀਂ ਹੀ ਦੱਸੋ ਇਸ ਭਾਸ਼ਾਹੀਣ, ਸੱਭਿਆਚਾਰ-ਹੀਣ, ਸਗੋਂ ਮੈਂ ਤਾਂ ਕਹਾਂਗਾ ਸਭਿਅਤਾ-ਹੀਣ ਸ਼ਹਿਰ ਵਿਚੋਂ ਮੈਂ 'ਥਕੇਵਾਂ' ਦੀ ਆਸੋ, 'ਖੂਨ' ਦਾ ਕਰਤਾਰਾ ਜਾਂ 'ਦੀਵੇ ਵਾਂਗ ਬਲਦੀ ਅੱਖ' ਦੀ ਮਹਿੰਦਰੋ ਕਿੱਥੋਂ ਅਤੇ ਕਿਵੇਂ ਸਿਰਜਾ? ਮੈਂਨੂੰ ਪਤਾ ਹੈ ਪਿੰਡ ਵੀ ਹੁਣ ਉਹ ਨਹੀਂ ਜੋ ਮੇਰੇ ਬਾਲਪਨ ਜਾਂ ਚੜਦੀ ਜਵਾਨੀ ਵਿੱਚ ਸਨ। ਸ਼ਹਿਰ ਦੇ ਤੇ ਸ਼ਹਿਰ ਦੀ ਅਸੱਭਿਅਤਾ ਦੇ ਹਮਲੇ ਨੇ ਪਿੰਡਾਂ ਨੂੰ ਬਹੁਤ ਕਰੂਪ ਕਰ ਦਿੱਤਾ ਹੈ। ਮਾਨਵੀਂ ਭਾਵਨਾਵਾਂ ਉੱਥੇ ਵੀ ਗੰਧਲੀਆਂ ਜਾ ਰਹੀਆਂ ਹਨ। ਫੇਰ ਵੀ ਮਨੁੱਖੀ ਸੁਭਾਅ ਦੇ ਬਦਲਣ ਲਈ ਲੰਮੇਰਾ ਸਮਾਂ ਲਗਦਾ ਹੈ ਜਿਵੇਂ ਆਪਣੀ ਕਹਾਵਤ ਹੈ- ਥਿੰਧੇ ਭਾਂਡਿਆਂ ਦੀਆਂ ਥੰਧਿਆਈਆਂ ਕਾਹਨੂੰ ਜਾਂਦੀਆਂ ਨੇ! ਇਸੇ ਕਰਕੇ ਸ਼ਹਿਰੀ ਵਿਸ਼ਿਆਂ ਨਾਲੋਂ ਪੇਂਡੂ ਵਿਸ਼ੇ ਮੈਨੂੰ ਵਧੇਰੇ ਪ੍ਰੇਰਦੇ ਹਨ ਤੇ ਲੰਮੇ ਸਮੇਂ ਤੋਂ ਸ਼ਹਿਰ ਵਿੱਚ ਵਸਣ ਦੇ ਬਾਵਜੂਦ ਮੇਰੀਆਂ ਬਹੁਤੀਆਂ ਕਹਾਣੀਆਂ ਪਿੰਡਾਂ ਬਾਰੇ ਹਨ।"[16]

ਉਸ ਦੀਆਂ ਕਹਾਣੀਆਂ ਵਿੱਚ ਜਿੱਥੇ ਸਾਨੂੰ ਪਿੰਡਾਂ ਤੇ ਸ਼ਹਿਰਾਂ ਦੇ ਰਹਿਣ-ਸਹਿਣ ਦੇ ਢੰਗ ਬਾਰੇ ਪਤਾ ਲੱਗਦਾ ਹੈ ਉੱਥੇ ਦੋਵਾਂ ਵਰਗਾਂ ਵਿਚਲੇ ਰਿਸ਼ਤਿਆਂ ਵਿੱਚ ਵੀ ਕਾਫੀ ਭਿੰਨਤਾ ਦੇਖਣ ਨੂੰ ਮਿਲਦੀ ਹੈ। ਆਰਥਕ ਪੱਖੋਂ ਤੰਗ ਹੋ ਜਾਣ 'ਤੇ ਭਾਵੇਂ ਪਿੰਡਾਂ ਵਿਚਲੇ ਪਾਤਰਾਂ ਨੂੰ ਵੀ ਭੁੱਲਰ ਨੇ ਲਾਲਚ ਵਿੱਚ ਗਿਰਦੇ ਦਿਖਾਇਆ ਹੈ ਪ੍ਰੰਤੂ ਇਸ ਦੇ ਮੁਕਾਬਲੇ ਸ਼ਹਿਰਾਂ ਵਿੱਚ ਇਹ ਲਾਲਚ ਕਾਫੀ ਵਧਿਆ ਹੋਇਆ ਦਿਸਦਾ ਹੈ। ਸ਼ਹਿਰੀ ਪਾਤਰ ਤਾਂ ਕੁਝ ਕੁ ਪੈਸਿਆਂ ਦੀ ਖ਼ਾਤਿਰ ਆਪਣੇ ਰਿਸ਼ਤਿਆਂ ਨੂੰ ਹੀ ਠੋਕਰ ਮਾਰ ਕੇ ਤੁਰ ਜਾਂਦੇ ਹਨ। ਭੁੱਲਰ ਦੀਆਂ ਕਹਾਣੀਆਂ ਸਾਨੂੰ ਇਹ ਸੰਦੇਸ਼ ਦਿੰਦੀਆਂ ਹਨ ਕਿ ਅੱਜ ਵੀ ਪਿੰਡਾਂ ਦੇ ਲੋਕਾਂ ਕੋਲ ਭਾਵੇਂ ਪੈਸੇ ਦੀ ਘਾਟ ਹੈ ਪ੍ਰੰਤੂ ਉਹ ਰਿਸ਼ਤਿਆਂ ਨੂੰ ਨਿਭਾਉਣਾ ਚੰਗੀ ਤਰਾਂ ਜਾਣਦੇ ਹਨ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਛੋਹਾਂ ਵੀ ਸਾਨੂੰ ਦੇਖਣ ਨੂੰ ਮਿਲਦੀਆਂ ਹਨ। ਹਰ ਸਾਹਿਤਕਾਰ ਸਾਹਿਤ ਰਚਨਾ ਲਈ ਸਮੱਗਰੀ ਆਪਣੇ ਚੌਗਿਰਦੇ ਵਿਚੋਂ ਲੈਂਦਾ ਹੈ। ਭੁੱਲਰ ਨੇ ਵੀ ਆਪਣੀਆਂ ਕਹਾਣੀਆਂ ਲਈ ਅਜਿਹੇ ਵਾਤਾਵਰਣ ਵਿਚੋਂ ਹੀ ਸਮੱਗਰੀ ਇਕੱਠੀ ਕੀਤੀ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਪੰਜਾਬੀ ਸੱਭਿਆਚਾਰ ਦੇ ਮਲਵਈ ਸੱਭਿਆਚਾਰ ਨੂੰ ਪੇਸ਼ ਕਰਦੀਆਂ ਹਨ। ਭੁੱਲਰ ਇੱਕ ਸੁਚੇਤ

ਕਲਾਕਾਰ ਹੈ। ਉਸਦੀਆਂ ਕਹਾਣੀਆਂ ਵਿੱਚ ਜਿੱਥੇ ਉਸਦੇ ਬਚਪਨ ਜਾਂ ਜਵਾਨੀ ਪਹਿਰ ਦੀਆਂ ਯਾਦਾਂ ਕਿਸੇ ਨਾ ਕਿਸੇ ਰੂਪ ਵਿੱਚ ਸਾਕਾਰ ਹੋ ਉੱਠਦੀਆਂ ਹਨ ਉੱਥੇ ਦਿੱਲੀ ਵਰਗੇ ਮਹਾਂਨਗਰ ਵਿੱਚ ਰਹਿੰਦਿਆ ਗ੍ਰਹਿਣ ਕੀਤੇ ਅਨੁਭਵ ਵੀ ਉਸਦੀਆਂ ਕਹਾਣੀਆਂ ਦਾ ਆਧਾਰ ਬਣਦੇ ਹਨ। ਇਸੇ ਕਰਕੇ ਪੰਜਾਬੀ ਸੱਭਿਆਚਾਰ ਦੇ ਸ਼ੀਸ਼ੇ ਵਿਚੋਂ ਦੀ ਸਮੁੱਚੀ ਭਾਰਤੀ ਸੱਭਿਅਚਾਰ ਦੇ ਦਰਸ਼ਨ ਕਰਾਉਂਦਿਆਂ ਉਹ ਆਪਣੀ ਨਿਵੇਕਲੀ ਪਛਾਣ ਬਣਾਈ ਰੱਖਦਾ ਹੈ। ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਹਰ ਪੱਖ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਉਸ ਦੀਆਂ ਕਹਾਣੀਆਂ ਦੇ ਪੇਂਡੂ ਪਾਤਰਾਂ ਵਿੱਚ ਉਹੋ ਜਿਹੀ ਸਾਦਗੀ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਹੋ ਜਿਹੇ ਸਾਡੇ ਪਿੰਡਾਂ ਦੇ ਲੋਕ ਹੁੰਦੇ ਹਨ। ਭੁੱਲਰ ਨੇ ਪਾਤਰਾਂ ਦੀ ਵਾਰਤਾਲਾਪ ਵੀ ਅਜਿਹੇ ਢੰਗ ਨਾਲ ਕਰਵਾਈ ਹੈ ਕਿ ਸਾਨੂੰ ਉਨ੍ਹਾਂ ਦੀ ਵਾਰਤਾਲਾਪ ਵਿਚੋਂ ਆਪਣੇਪਨ ਦੀ ਖੁਸ਼ਬੋ ਨਜ਼ਰ ਆਉਂਦੀ ਹੈ। ਹਰ ਪਾਤਰ ਦਾ ਕਿਰਦਾਰ ਆਪਣੇ ਆਪ ਵਿੱਚ ਪੂਰਨ ਹੈ। “ਪੇਂਡੂ ਧਰਾਤਲ ਵਾਲੀਆਂ ਕਹਾਣੀਆਂ ਦੇ ਵਿਸ਼ੇ-ਵਸਤੂ ਉੱਤੇ ਭੁੱਲਰ ਦੀ ਪਕੜ ਸ਼ਹਿਰੀ ਧਰਾਤਲ ਵਾਲੀਆਂ ਕਹਾਣੀਆਂ ਦੇ ਮੁਕਾਬਲੇ ਵਧੇਰੇ ਹੈ। ‘ਦੀਵੇ ਵਾਂਗ ਬਲਦੀ ਅੱਖ’ ਪੁਸਤਕ ਦੀਆਂ ਜਿਹੜੀਆਂ ਕਹਾਣੀਆਂ ‘ਓਪਰਾ ਮਰਦ’ ਸੰਗ੍ਰਹਿ ਵਿੱਚ ਸ਼ਾਮਿਲ ਹਨ ਅਤੇ ਜਿਹੜੀਆਂ ਕਹਾਣੀਆਂ ‘ਵਖ਼ਤਾਂ ਮਾਰੇ’ ਸੰਗ੍ਰਹਿ ਵਿੱਚ ਸ਼ਾਮਿਲ ਹਨ ਉਨ੍ਹਾਂ ਵਿੱਚ ਇਕੋ ਭੁੱਲਰ ਜ਼ਰਾ ਵੱਖਰਾ-ਵੱਖਰਾ ਦਿਖਾਈ ਦਿੰਦਾ ਹੈ। ‘ਓਪਰਾ ਮਰਦ’ ਵਿੱਚ ਬਠਿੰਡਾ ਜ਼ਿਲੇ ਦੇ ਪਿੰਡ ਪਿੱਥੋ ਵਾਲਾ ਭੁੱਲਰ ਲੱਭਦਾ ਹੈ, ਜਦੋਂ ਕਿ ‘ਵਖ਼ਤਾਂ ਮਾਰੇ’ ਵਿੱਚ ਮਹਾਂਨਗਰ ਦਿੱਲੀ ਦਾ ਵਸੇਂਦਾ ਭੁੱਲਰ। ਸ਼ਹਿਰੀ ਜੀਵਨ ਨੂੰ ਭਾਵੇਂ ਉਸਨੇ ਏਨਾ ਨੇੜਿਓ ਤੱਕਿਆ, ਹੰਢਾਇਆ ਅਤੇ ਲੇਖਣੀ ਵਿੱਚ ਲਿਆਂਦਾ ਹੈ ਫਿਰ ਵੀ ਉਸਦੀ ਵਧੇਰੇ ਮਜ਼ਬੂਤ ਪਕੜ ਪੇਂਡੂ ਧਰਾਤਲ ਵਾਲੀਆਂ ਕਹਾਣੀਆਂ ਉੱਤੇ ਬਣੀ ਰਹੀ ਹੈ। ਸ਼ਹਿਰੀ ਧਾਰਤਲ ਵਾਲੀਆਂ ਉਹੋ ਕਹਾਣੀਆਂ ਵੱਧ ਚਮਕੀਆਂ ਹਨ ਜਿਨ੍ਹਾਂ ਨੂੰ ਪਿੰਡ ਦੀ ਜ਼ਿੰਦਗੀ ਦੇ ਪ੍ਰਸੰਗ ਵਿੱਚ ਉਸਾਰਿਆ ਗਿਆ ਹੈ। ‘ਰੋਹੀ ਬੀਆਬਾਨ’ ਅਤੇ ‘ਇੱਕੀਵੀਂ’ ਸਦੀ ਇਸ ਦੀਆਂ ਮਿਸਾਲਾਂ ਹਨ। ਇਸਦਾ ਇਹ ਭਾਵ ਹਰਗਿਜ਼ ਨਹੀਂ ਕਿ ਸ਼ਹਿਰੀ ਜੀਵਨ ਮਾੜਾ ਹੈ। ਸ਼ਹਿਰੀ ਜੀਵਨ ਨੂੰ ਖ਼ੂਬਸੂਰਤੀ ਨਾਲ ਚਿਤਰਨ ਵਾਲੇ ਕਰਤਾਰ ਸਿੰਘ ਦੁੱਗਲ ਅਤੇ ਪ੍ਰੇਮ ਪ੍ਰਕਾਸ਼ ਵਾਲੇ ਲੇਖਕ ਵੀ ਮੌਜੂਦ ਹਨ। ਇਹ ਗੱਲ ਤਾਂ ਕੇਵਲ ਭੁੱਲਰ ਦੀਆਂ ਕਹਾਣੀਆਂ ਦੇ ਪ੍ਰਸੰਗ ਵਿੱਚ ਹੀ ਆਪਣੀ ਥਾਂ ਰੱਖਦੀ ਹੈ।”[16]

“ਪੇਂਡੂ ਲੋਕਾਂ ਦੇ ਬਾਹਰਲੇ ਖ਼ਰਵੇਂਪਨ ਦੇ ਹੇਠਾਂ ਨਿੱਘੇ ਮਨੁੱਖੀ ਜ਼ਜ਼ਬਿਆਂ ਦੀ ਕਲਕਲ ਵਗਦੀ ਵਿਸ਼ਾਲ ਧਾਰਾ ਵਿੱਚ ਲੇਖਕ ਨੇ ਆਪ ਹੀ ਅਸ਼ਨਾਨ ਨਹੀਂ ਕੀਤਾ ਹੋਇਆ, ਉਹ ਪਾਠਕ ਨੂੰ ਵੀ ਆਪਣੀ ਕਰਾਮਾਤੀ ਕਲਮ ਨਾਲ ਇਸੇ ਧਾਰਾ ਵਿੱਚ ਖਿੱਚ ਲੈਂਦਾ ਹੈ। ‘ਰੋਹੀ-ਬੀਆਬਾਨ’ ਵਿੱਚ ਨਾਇਕ ਨੂੰ ਕੁਝ ਸਾਲ ਪਹਿਲਾਂ ਆਪਣੇ ਬਾਲ ਭਰਾ ਦੇ ਅਚਾਨਕ ਰੋ-ਰੋ ਬੇਹਾਲ ਹੋ ਜਾਣ ਦੀ ਘਟਨਾ ਯਾਦ ਆਉਂਦੀ ਹੈ ਤਾਂ ਲੇਖਕ ਨੇ ਪਿੰਡ ਵਾਲੇ ਘਰ ਦੀ ਛੱਤ ਉੱਤੇ ਜਾਗਦੇ-ਸੁੱਤੇ ਲੋਕਾਂ ਦਾ ਜੋ ਦ੍ਰਿਸ਼ ਸਾਕਾਰ ਕੀਤਾ ਹੈ, ਉਹ ਦੇਖਣ ਵਾਲਾ ਹੈ। ਮਾਂ, ਤਾਈ ਸ਼ਾਮੋ, ਅੰਬੋ ਰਤਨੀ, ਮਾਸੀ, ਮਰ੍ਹਾਜੋ, ਤਾਈ ਲਹਿਰੋ ਜਿਉਂਦੀਆਂ ਜਾਗਦੀਆਂ ਪਾਠਕ ਦੇ ਸਾਹਮਣੇ ਵਿਚਰਨ ਲੱਗਦੀਆਂ ਹਨ। ‘ਥਕੇਵਾਂ’ ਦੀ ਆਸੋ ਵਿਧਵਾ ਹੋ ਜਾਣ ਉੱਤੇ ਲੋਕ ਕਿਸ ਪ੍ਰਕਾਰ ਉਸ ਦੀ ਸਹਾਇਤਾ ਲਈ ਬਹੁੜਦੇ ਹਨ: ਆਸੋ ਦੀ ਜ਼ਮੀਨ ਇਨ੍ਹਾਂ ਕਹਿਰ ਭਰੇ ਦਿਨਾਂ ਵਿੱਚ ਗਲੀ-ਗੁਆਢ ਦੇ ਲੋਕਾਂ ਨੇ ਪਾਣੀ ਲਾ ਕੇ ਬੀਜ ਦਿੱਤੀ ਸੀ। ਉਹਦੀ ਹਾੜੀ ਦੀ ਫਸਲ ਜਿਸ ਨੂੰ ਸੁੱਚਾ ਸਿੰਘ ਹੱਥੀ ਬੀਜ ਗਿਆ ਸੀ, ਪਰ ਵੱਢਣ ਤੋਂ ਪਹਿਲਾਂ ਤੁਰ ਗਿਆ ਸੀ। ਲੋਕਾਂ ਨੇ ਕੱਢ ਕੇ ਉਸਦੇ ਘਰ ਢੇਰੀ ਕਰ ਦਿੱਤੀ ਸੀ ।”[17]

ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਪਿੰਡਾਂ ਵਿਚ ਵਸਦੇ ਲੋਕਾਂ ਦੇ ਜਜ਼ਬਾਤਾਂ ਨੂੰ ਆਪਣੀਆਂ ਕਹਾਣੀਆਂ ਵਿਚ ਜਿਉਂ ਦੀ ਤਿਉਂ ਹੀ ਪੇਸ਼ ਕੀਤਾ ਹੈ। ਪਿੰਡਾਂ ਵਿੱਚ ਵਸਦੇ ਲੋਕਾਂ ਦੀ ਇੱਕ ਖ਼ਾਸੀਅਤ ਹੈ ਕਿ ਇਹ ਖ਼ੁਸ਼ੀ ਦੇ ਮੌਕੇ ਤੇ ਭਾਵੇਂ ਸਾਥ ਨਾ ਖੜਨ ਪ੍ਰੰਤੂ ਗ਼ਮੀ ਦੇ ਮੌਕੇ ਤੇ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਸਾਥ ਨਿਭਾਉਣ ਲਈ ਤਿਆਰ ਹੋ ਜਾਂਦੇ ਹਨ। ਸੋ ਇਸ ਪ੍ਰਕਾਰ ਸ਼ਹਿਰਾਂ ਦੇ ਮੁਕਾਬਲੇ ਅੱਜ ਵੀ ਪਿੰਡਾਂ ਵਿੱਚ ਅਜਿਹਾ ਸਭ ਕੁਝ ਕਾਇਮ ਹੈ। ਸ਼ਹਿਰਾਂ ਵਿੱਚ ਲੋਕ ਬਸ ਦਿਖਾਵਾ ਜ਼ਿਆਦਾ ਕਰਦੇ ਹਨ। ਰਿਸ਼ਤਿਆਂ ਦੀ ਡੋਰ ਨੂੰ ਕਿਵੇਂ ਟੁੱਟਣ ਤੋਂ ਬਚਾਉਣਾ ਹੈ ਪਿੰਡਾਂ ਦੇ ਲੋਕਾਂ ਨੂੰ ਚੰਗੀ ਤਰਾਂ ਨਾਲ ਆਉਂਦਾ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਹਰ ਰਿਸ਼ਤੇ ਨੂੰ ਪੇਸ਼ ਕੀਤਾ ਹੈ। ਸਮਾਜ ਸ਼ਾਸਤਰ ਦੇ ਸਾਰੇ ਤੱਤ ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਹੋਏ ਹਨ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਪਾਤਰ ਕਿਸੇ ਕੋਲੋ ਡਰਦੇ ਨਹੀਂ ਨਾ ਹੀ ਕਮਜ਼ੋਰ ਹਨ ਉਹ ਤਰਸਯੋਗ ਵੀ ਨਹੀਂ ਸਗੋਂ ਸ਼ੂਰਬੀਰ ਯੋਧੇ ਹਨ। ਸਾਹਸ ਵਾਲੇ ਲੋਕ ਜਿਹੜੇ ਜ਼ਿੰਦਗੀ ਦਾ ਵਹਿਣ ਬਦਲ ਦਿੰਦੇ ਹਨ। ਜ਼ਰੂਰੀ ਨਹੀਂ ਕਿ ਇਹ ਪਾਤਰ ਸਮਰੱਥ ਹਨ, ਬਸ ਉਨ੍ਹਾਂ ਅੰਦਰ ਇੱਕ ਧੜਕਦਾ ਜੀਵਨ ਹੈ, ਜੇਰਾ ਹੈ ਹੌਂਸਲਾ ਹੈ ਜਿਹੜਾ ਉਨ੍ਹਾਂ ਨੂੰ ਢਹਿੰਦੀ ਕਲਾ ਵੱਲ ਜਾਣ ਹੀ ਨਹੀਂ ਦਿੰਦਾ। ਭਾਵੇਂ ਸੁੱਚਾ ਸਿੰਘ ਆਸੋ ਦੀ ਬਾਂਹ ਛੱਡ ਕੇ ਤੁਰ ਗਿਆ ਅਤੇ ਉਸਦਾ ਪੁੱਤਰ ਅਜੇ ਸੱਤ ਅੱਠ ਸਾਲ ਦਾ ਬੱਚਾ ਹੀ ਸੀ, ਪਰ ਜੱਟੀ ਨੇ ਲੱਕ ਬੰਨ ਕੇ ਮਿਹਨਤ ਕੀਤੀ ਅਤੇ ਮਰਦ ਬਣ ਕੇ ਦਿਖਾਇਆ (ਥਕੇਵਾਂ)। ਮੋਦਨ ਸਿੰਘ ਦੇ ਮੁਕਾਬਲੇ ਸੰਗੂ ਦੀ ਹੈਸੀਅਤ ਹੀ ਕੀ ਹੈ? ਪਰ ਉਸਦੇ ਅੰਦਰ ਬਲਦੀ ਉਸ ਨਾਲ ਕੀਤੇ ਜਾਂਦੇ ਵਿਤਕਰੇ ਸੰਬੰਧੀ ਅੱਗ ਨੇ ਉਸਨੂੰ ਗਰਮਾਈ ਰੱਖਿਆ ਅਤੇ ਉਸਨੇ ਭਰੀ ਸਭਾ ਵਿੱਚ ਮੋਦਨ ਸਿੰਘ ਨੂੰ ਪਾਣੀਉਂ ਪਤਲਾ ਕਰ ਦਿੱਤਾ (ਰੇਸ਼ਮ ਦੀ ਛੋਹ ਅਤੇ ਬੋਰੇ ਦਾ ਘਾਸਾ)।

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਬਾਰੇ ਅਸੀਂ ਸਮੁੱਚੇ ਤੌਰ ਉੱਤੇ ਇਹ ਕਹਿ ਸਕਦੇ ਹਾਂ ਕਿ ਪਿੰਡ ਅਤੇ ਸ਼ਹਿਰ ਦੋਹਾਂ ਦਾ ਨਿਵਾਸੀ ਰਿਹਾ ਹੋਣ ਕਰਕੇ ਉਹ ਦੋਵਾਂ ਥਾਵਾਂ ਦੇ ਜੀਵਨ ਨੂੰ ਆਪਣੀਆਂ ਕਹਾਣੀਆਂ ਦੇ ਵਿਸ਼ੇ ਵਜੋਂ ਅਪਣਾਉਂਦਾ ਹੈ। ਭਾਵੇਂ ਸ਼ਹਿਰੀ ਜੀਵਨ ਨਾਲ ਸੰਬੰਧਿਤ ਉਸਦੀਆਂ ਕਹਾਣੀਆਂ ਵੀ ਬਹੁਤ ਪ੍ਰਸਿੱਧ ਹੋਈਆਂ ਹਨ ਪ੍ਰੰਤੂ ਉਹ ਉਹਨਾਂ ਨਾਲੋਂ ਪੇਂਡੂ ਜੀਵਨ ਦੀਆਂ ਕਹਾਣੀਆਂ ਵਿੱਚ ਵਧੇਰੇ ਜਾਨ ਪਾ ਸਕਿਆ ਹੈ।

"ਭੁੱਲਰ ਇੱਕ ਸਫ਼ਲ ਸ਼ੈਲੀਕਾਰ ਹੈ। ਉਸ ਨੇ ਬਿਆਨੀਆ, ਵਾਰਤਾਲਾਪੀ ਅਤੇ ਉੱਤਮ ਪੁਰਖੀ ਸ਼ੈਲੀਆਂ ਦਾ ਰਲਵਾਂ-ਮਿਲਵਾਂ ਅਤਿ ਸਫਲ ਪ੍ਰਯੋਗ ਕੀਤਾ ਹੈ। ਉਹ ਦ੍ਰਿਸ਼-ਚਿਤਰਨ, ਪਾਤਰਾਂ ਦਾ ਸ਼ਬਦ-ਚਿਤ੍ਰ, ਚਿਤ੍ਰਨ ਅਤੇ ਸੁੰਦਰ ਵਾਰਤਾਲਾਪ ਰਚਣ ਦੀ ਕਲਾ ਦਾ ਉਸਤਾਦ ਹੈ। ਉਹ ਗੁੰਝਲਦਾਰ ਵਾਕਾਂ ਤੋਂ ਬਚਦਾ ਹੈ। ਦਸ-ਦਸ, ਬਾਰਾਂ-ਬਾਰਾਂ ਸ਼ਬਦਾਂ ਦੇ ਇੱਥੋਂ ਤੱਕ ਕਿ ਦੋ ਚਾਰ ਸ਼ਬਦਾਂ ਦੇ ਸਾਧਾਰਣ ਲੰਮਾਈ ਅਤੇ ਨਿੱਕੇ-ਨਿੱਕੇ ਆਕਾਰ ਵਾਲੇ ਵਾਕ ਉਸਦੀ ਕਲਮ ਸਫਲਤਾ ਨਾਲ ਸਿਰਜਦੀ ਹੈ। ਉਸਦੇ ਬਿਆਨ ਵਿੱਚ, ਵਾਰਤਾਲਾਪ ਵਿੱਚ ਲੋਹੜੇ ਦੀ ਸਾਦਗੀ ਹੈ, ਕਵਿਤਾ ਵਰਗਾ ਸੁਆਦ ਹੈ ਅਤੇ ਮਾਖਿਓਂ ਵਰਗੀ ਮਿਠਾਸ ਹੈ।"[18]

ਗੁਰਬਚਨ ਸਿੰਘ ਭੁੱਲਰ ਆਪਣੀਆਂ ਕਹਾਣੀਆਂ ਵਿੱਚ ਪਿੰਡਾਂ ਤੇ ਸ਼ਹਿਰਾਂ ਦੇ ਜੀਵਨ ਦੇ ਕੌੜੇ ਸੱਚ ਨੂੰ ਚਿਤਰਦਾ ਹੈ। ਵਿਅੰਗਮਈ ਸਥਿਤੀ ਪੈਦਾ ਕਰਕੇ ਸਮਾਜ ਦੀਆਂ ਨਵੀਆਂ ਅਤੇ ਪੁਰਾਣੀਆਂ ਕਦਰਾਂ ਦੇ ਟਕਰਾਅ ਵਿੱਚੋਂ ਜੀਵਨ ਦੀ ਦਵੰਦਮਈ ਤਸਵੀਰ ਪੇਸ਼ ਕਰਦਾ ਹੈ ਅਤੇ ਇਵੇਂ ਪਾਠਕ ਨੂੰ ਜੀਵਨ ਉੱਤੇ ਝਾਤ ਪਾਉਣ ਲਈ ਵਿਸ਼ੇਸ਼ ਦ੍ਰਿਸ਼ਟੀਕੋਣ ਦਿੰਦਾ ਹੈ। ਭੁੱਲਰ ਇੱਕ ਪ੍ਰਬੀਨ ਕਲਾਕਾਰ ਹੈ। ਉਹਦੇ ਪਾਤਰ ਆਪਣੀ-ਆਪਣੀ ਜਮਾਤ ਦੀ ਪ੍ਰਤੀਨਿਧਤਾ ਕਰਦੇ ਹਨ। ਵਿਅਕਤੀਗਤ ਯਤਨਾਂ ਅਤੇ ਬਗ਼ਾਵਤਾਂ ਵਿੱਚ ਰੁੱਝੇ ਹੋਏ ਵੀ ਉਹ ਇੱਕ ਸਰਬ-ਸਾਂਝਾ ਸੁਨੇਹਾ ਦੇ ਜਾਂਦੇ

ਹਨ। ਸਮੁੱਚੇ ਰੂਪ ਵਿੱਚ ਉਹਦੇ ਪਾਤਰ ਪੰਜਾਬੀ ਸੱਭਿਆਚਾਰ ਦੇ ਪ੍ਰਤੀਕ ਹਨ। ਉਹਨਾਂ ਵਿੱਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ। ਪੰਜਾਬੀਆਂ ਵਾਲੀ ਅਣਖ, ਦਲੇਰੀ, ਟੈਂ, ਬਾਹਰਲੇ ਖ਼ਰਵੇਂਪਣ ਅਤੇ ਅੰਦਰਲੀ ਕੋਮਲਤਾ, ਵੈਰ ਅਤੇ ਹਮਦਰਦੀ ਦੇ ਉਹ ਸਾਕਾਰ ਰੂਪ ਹਨ। ਉੱਚੀ ਇਨਸਾਨੀਅਤ ਦਾ ਪ੍ਰਗਟਾਵਾ ਕਰਨ ਵਾਲੇ ਉਹਦੇ ਪਾਤਰ ਜੇ ਕਿਤੇ ਡੋਲ ਵੀ ਜਾਂਦੇ ਹਨ ਤਾਂ ਇੱਕੋ ਹੀ ਝਟਕੇ ਨਾਲ ਫੇਰ ਪੱਕੇ ਪੈਰੀ ਹੋ ਜਾਂਦੇ ਹਨ। ਇਨਸਾਨੀਅਤ ਦਾ ਸਾਕਾਰ ਰੂਪ ਹੈ ਕਹਾਣੀ 'ਖ਼ੂਨ' ਦਾ ਕਰਤਾਰਾ। ਉਹ ਜ਼ਮੀਨ ਦੇ ਲਾਲਚ ਵਿੱਚ ਵਕਤੀ ਤੌਰ ਉੱਤੇ ਡੋਲ ਜਾਂਦਾ ਹੈ ਅਤੇ ਆਪਣੇ ਪੁੱਤਾਂ ਵਰਗੇ ਭਤੀਜੇ ਨੂੰ ਕਤਲ ਕਰਨ ਤੁਰ ਪੈਂਦਾ ਹੈ, ਪਰ ਉਹਦੇ ਭਤੀਜੇ ਦਾ ਇੱਕੋ ਬੋਲ ਉਹਨੂੰ ਇਕਦਮ ਠੀਕ ਰਾਹ ਉੱਤੇ ਮੋੜ ਲਿਆਉਂਦਾ ਹੈ ਅਤੇ ਉਹਦੀ ਸੋਨੇ ਵਰਗੀ ਇਨਸਾਨੀਅਤ ਡਲਕਾਂ ਮਾਰਨ ਲੱਗਦੀ ਹੈ। ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚ ਭੁੱਲਰ ਨੇ ਅਜਿਹੇ ਸਮਾਜ ਦੀ ਝਲਕ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ ਜਿਸ ਵਿੱਚ ਪਿੰਡਾਂ ਤੇ ਸ਼ਹਿਰੀ ਸਮਾਜ ਦੇ ਵਿਚਕਾਰ ਆਉਣ ਵਾਲੇ ਅੰਤਰਾਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਭੁੱਲਰ ਨੇ ਅਜਿਹੇ ਪਾਤਰ ਆਪਣੀਆਂ ਕਹਾਣੀਆਂ ਵਿੱਚ ਦਿੱਤੇ ਹਨ ਜੋ ਇਨ੍ਹਾਂ ਦੋਵਾਂ ਸਮਾਜਾਂ ਵਿੱਚ ਵਸਦੇ ਲੋਕਾਂ ਦੇ ਰਿਸ਼ਤਿਆਂ ਦੀ ਆਪਸੀ ਰਹਿਣੀ-ਬਹਿਣੀ ਬਾਰੇ ਦੱਸਦੇ ਹਨ। ਉਸਨੇ ਕਿਤੇ ਵੀ ਅਜਿਹਾ ਕੁਝ ਨਹੀਂ ਪੇਸ਼ ਕੀਤਾ ਜੋ ਕਹਾਣੀਆਂ ਵਿੱਚ ਕੋਈ ਓਪਰੀ ਗੱਲ ਬਣ ਕੇ ਦਿਸੇ ਬਲਕਿ ਉਸਦੇ ਪਾਤਰ ਸਾਡੇ ਸਮਾਜ ਦੇ ਜਿਉਂਦੇ-ਜਾਗਦੇ ਪਾਤਰ ਪ੍ਰਤੀਤ ਹੁੰਦੇ ਹਨ। ਪਿੰਡਾਂ ਦੇ ਪਾਤਰਾਂ ਨੂੰ ਬਹੁਤ ਵਧਾ-ਚੜਾ ਕੇ ਨਹੀਂ ਪੇਸ਼ ਕੀਤਾ ਜਿਹੋ ਜਿਹੇ ਪੇਂਡੂ ਸਮਾਜ ਵਿੱਚ ਉਹ ਰਹਿੰਦੇ ਹਨ ਉਵੇਂ ਦੀ ਝਲਕ ਹੀ ਸਾਨੂੰ ਦਿਖਾਈ ਦਿੰਦੀ ਹੈ। ਫਿਰ ਵੀ ਸਾਡੇ ਸਮਾਜ ਦੇ ਅਸਲ ਸੱਚ ਦੀ ਤਸਵੀਰ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਦੇਖਣ ਨੂੰ ਮਿਲਦੀ ਹੈ। ਸ਼ਹਿਰੀ ਵਾਤਾਵਰਣ ਵਿੱਚ ਪਲੇ ਬੱਚਿਆਂ ਦੇ ਜੀਵਨ ਦੀ ਕਿਵੇਂ ਪਰਵਰਿਸ਼ ਕਿਸ ਪ੍ਰਕਾਰ ਦੇ ਵਾਤਾਵਰਣ ਵਿੱਚ ਹੁੰਦੀ ਹੈ ਅਜਿਹੀ ਹੀ ਸਾਰੀ ਸਥਿਤੀ ਦੀ ਜਾਣਕਾਰੀ ਭੁੱਲਰ ਦੀਆਂ ਕਹਾਣੀਆਂ ਵਿੱਚ ਦੇਖਣ ਨੂੰ ਮਿਲਦੀ ਹੈ। ਉਸਨੇ ਸਾਨੂੰ ਅਜੋਕੇ ਪੂੰਜੀਵਾਦੀ ਸਮਾਜ ਦੀ ਝਲਕ ਵੀ ਆਪਣੀਆਂ ਕਹਾਣੀਆਂ ਵਿੱਚ ਲਿਆ ਕੇ ਦਿਖਾਈ ਹੈ।

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਵਿਸ਼ੇ ਪੇਂਡੂ ਅਤੇ ਸ਼ਹਿਰੀ ਲੋਕਾਂ ਦੇ ਜੀਵਨ ਦੇ ਸੱਚ ਨੂੰ ਪੇਸ਼ ਕਰਦੇ ਹਨ। ਭੁੱਲਰ ਦੀਆਂ ਕਹਾਣੀਆਂ ਵਿੱਚ ਘੱਟ ਰਹੀਆਂ ਦਿਨੋ-ਦਿਨ ਕਦਰਾਂ-ਕੀਮਤਾਂ ਅਤੇ ਵੱਧ ਰਹੇ ਲਾਲਚ ਪੈਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਮੇਂ ਦੇ ਬਦਲਣ ਨਾਲ ਨਾ ਕੇਵਲ ਇਮਾਰਤਾਂ ਹੀ ਪੱਕੀਆਂ ਬਣੀਆਂ ਹਨ ਸਗੋਂ ਲੋਕਾਂ ਦੇ ਦਿਲ ਵੀ ਪੱਥਰਾਂ ਵਰਗੇ ਹੋ ਗਏ ਹਨ। ਆਧੁਨਿਕ ਜੀਵਨ ਸ਼ੈਲੀ ਨੂੰ ਅਪਨਾਉਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਰਿਸ਼ਤਿਆਂ ਨੂੰ ਘਰ ਵਿਚਲੇ ਵਾਧੂ ਸਮਾਨ ਕਰਾਰ ਦੇਣਾ ਬਹੁਤ ਹੀ ਨੀਚ ਕਰਮ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਆਧੁਨਿਕ ਮਨੁੱਖਾਂ ਦੀ ਉਦਾਹਰਣ ਪੇਸ਼ ਕੀਤੀ ਹੈ। ਜੋ ਪੈਸੇ ਅਤੇ ਝੂਠੀ ਸ਼ਾਨੋ ਸ਼ੋਹਰਤ ਦੇ ਨਸ਼ੇ ਵਿੱਚ ਆਪਣੇ ਬਜ਼ੁਰਗਾਂ ਦੇ ਬੁਢਾਪੇ ਭਾਈਚਾਰਕ ਰਿਸ਼ਤਿਆਂ ਅਤੇ ਆਪਸੀ ਸਾਂਝ ਦੀ ਬਲੀ ਚਾੜ ਦਿੰਦੇ ਹਨ। ਗੁਰਬਚਨ ਸਿੰਘ ਭੁੱਲਰ ਆਪਣੀ ਨਿੱਜੀ ਜ਼ਿੰਦਗੀ ਵਿੱਚ ਵੀ ਭਾਈਚਾਰਕ ਸਾਂਝ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਕਦਰ ਕਰਨ ਵਾਲਾ ਇਨਸਾਨ ਹੈ। ਭੁੱਲਰ ਪੰਜਾਬੀ ਸਾਹਿਤ ਦਾ ਇੱਕ ਨਾਮਵਾਰ ਅਤੇ ਬਹੁ-ਪੱਖੀ ਸਾਹਿਤਕਾਰ ਹੈ। ਗੁਰਬਚਨ ਸਿੰਘ ਭੁੱਲਰ ਮਾਲਵੇ ਦੇ ਇਲਾਕੇ ਵਿੱਚ ਜਮਿਆ ਪਲਿਆ। ਆਪਣੀ ਜ਼ਿੰਦਗੀ ਵਿੱਚ ਉਨਾਂ ਨੂੰ ਰੁਜ਼ਗਾਰ ਖ਼ਾਤਿਰ ਮਾਲਵੇ ਦਾ ਪੇਂਡੂ ਇਲਾਕਾ ਛੱਡ ਕੇ ਮਹਾਂਨਗਰ ਦਿੱਲੀ ਨੂੰ ਆਪਣਾ ਵਸੇਬਾ ਬਣਾਉਣਾ ਪਿਆ। ਸੋ ਇਹੋ ਕਾਰਨ ਹੈ ਕਿ ਉਹਨਾਂ ਕੋਲ ਮਾਲਵੇ ਦੇ ਪੇਂਡੂ ਕਿਸਾਨਾਂ ਅਤੇ ਮਹਾਂਨਗਰਾਂ ਦੇ ਸ਼ਹਿਰੀ ਜਨ-ਜੀਵਨ ਦੇ ਆਰਥਕ ਰਾਜਨੀਤਕ ਪੱਖਾਂ ਬਾਰੇ ਵਿਸ਼ਾਲ

ਅਨੁਭਵ ਪ੍ਰਾਪਤ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਇਨਾਂ ਦੋਵਾਂ ਸਮਾਜਾਂ ਦੇ ਵਾਤਾਵਰਣ ਦੀ ਤਸਵੀਰ ਨੂੰ ਦਿਖਾਉਣ ਵਿੱਚ ਸਮਰੱਥ ਸਾਬਿਤ ਹੋਏ ਹਨ। ਗੁਰਬਚਨ ਸਿੰਘ ਭੁੱਲਰ ਨੇ ਭਾਵੇਂ ਪੇਂਡੂ ਸਮਾਜ ਦੀ ਗੱਲ ਕੀਤੀ ਹੈ ਭਾਵੇਂ ਸ਼ਹਿਰੀ ਸਮਾਜ ਦੀ ਉਸਨੇ ਇਸਤਰੀ ਪਾਤਰ ਨੂੰ ਵਿਚਾਰੀ ਜਿਹੀ ਬਣਾ ਕੇ ਨਹੀਂ ਦਿਖਾਇਆਂ ਬਲਕਿ ਇੱਕ ਦ੍ਰਿੜ ਇਰਾਦੇ ਵਾਲੀ ਹੋਂਸਲੇ ਵਾਲੀ ਇਸਤਰੀ ਬਣਾ ਕੇ ਸਾਡੇ ਸਾਹਮਣੇ ਲਿਆਂਦਾ ਹੈ।

ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਅਜਿਹੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ ਜਿਸ ਵਿਚ ਪਿੰਡਾਂ ਵਿੱਚ ਬੋਲੀ ਜਾਂਦੀ ਬੋਲੀ ਦੀ ਸਾਦਗੀ ਦੀ ਝਲਕ ਨਜ਼ਰ ਆਉਂਦੀ ਹੈ। ਪਿੰਡਾਂ ਦੀ ਬੋਲੀ ਵਿੱਚ ਕਹਾਣੀਆਂ ਨੂੰ ਪੜ ਕੇ ਪਤਾ ਲੱਗਦਾ ਹੈ ਕਿਵੇਂ ਅਪਣੱਤ ਦਿਖਾਈ ਦਿੰਦੀ ਹੈ। ਇਵੇਂ ਹੀ ਸ਼ਹਿਰਾਂ ਵਿਚਲੀ ਭਾਸ਼ਾ ਤੋਂ ਹੀ ਉੱਥੇ ਵਸਣ ਵਾਲੇ ਲੋਕਾਂ ਦੇ ਰਹਿਣ-ਸਹਿਣ ਦੇ ਢੰਗਾਂ ਬਾਰੇ ਵੀ ਸਾਨੂੰ ਜਾਣਕਾਰੀ ਮਿਲਦੀ ਹੈ। ਪਿੰਡਾਂ ਦੇ ਲੋਕਾਂ ਦੀ ਬੋਲੀ ਵਿਚਲੀ ਜੋ ਸਾਦਗੀ ਸਾਡੇ ਅੱਜ ਦੇ ਸਮਾਜ ਵਿੱਚ ਨਜ਼ਰ ਆਉਂਦੀ ਹੈ ਉਹੋ ਜਿਹੀ ਸਾਦਗੀ ਹੀ ਭੁੱਲਰ ਦੀਆਂ ਕਹਾਣੀਆਂ ਵਿੱਚ ਦਿਸਦੀ ਹੈ। ਭੁੱਲਰ ਨੇ ਆਪਣੇ ਪਾਤਰਾਂ ਕੋਲੋਂ ਹੀ ਅਜਿਹੀ ਵਾਰਤਾਲਾਪ ਕਰਵਾਈ ਹੈ ਜੋ ਕਿ ਸਾਡੇ ਸਮਾਜ ਦੀ ਸੱਚ ਦੀ ਤਸਵੀਰ ਨੂੰ ਪੇਸ਼ ਕਰਦੀ ਹੈ।

ਕਹਾਣੀ ਨੂੰ ਪੜਦੇ ਸਾਰ ਹੀ ਸਾਰਾ ਵਾਤਾਵਰਣ ਸਾਡੀਆਂ ਅੱਖਾਂ ਦੇ ਸਾਹਮਣੇ ਆ ਜਾਂਦਾ ਹੈ। ਸੋ ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਗੁਰਬਚਨ ਸਿੰਘ ਭੁੱਲਰ ਨੇ ਸਾਨੂੰ ਪੇਂਡੂ ਤੇ ਸ਼ਹਿਰੀ ਸਮਾਜ ਦੇ ਵਿਚਕਾਰ ਆਉਣ ਵਾਲੇ ਅਨੇਕਾਂ ਹੀ ਅੰਤਰਾਂ ਤੋਂ ਰੂ-ਬ-ਰੂ ਕਰਵਾਇਆ ਹੈ। ਇਨ੍ਹਾਂ ਦੋਵਾਂ ਸਮਾਜਾਂ ਵਿਚਕਾਰ ਰਿਸ਼ਤਿਆਂ ਵਿਚਲੀਆਂ ਆਉਣ ਵਾਲੀਆਂ ਤਰੇੜ੍ਹਾਂ ਦੇ ਕਾਰਨਾਂ ਬਾਰੇ ਵੀ ਸਾਨੂੰ ਅਨੇਕ ਪ੍ਰਕਾਰ ਦੀ ਜਾਣਕਾਰੀ ਦਿੱਤੀ ਹੈ।

ਸੋ ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਪੇਂਡੂ ਤੇ ਸ਼ਹਿਰੀ ਸਮਾਜ ਦੀ ਝਲਕ ਨੂੰ ਸਾਡੇ ਸਾਹਮਣੇ ਲਿਆਂਦਾ ਹੈ। ਭੁੱਲਰ ਨੂੰ ਪੇਂਡੂ ਤੇ ਸ਼ਹਿਰੀ ਸਮਾਜ ਦੋਵਾਂ ਦਾ ਪੂਰਾ ਅਨੁਭਵ ਹੈ ਇਸ ਲਈ ਉਨ੍ਹਾਂ ਨੇ ਇਨ੍ਹਾਂ ਦੋਵਾਂ ਸਮਾਜਾਂ ਉੱਪਰ ਨਿੱਠ ਕੇ ਚਰਚਾ ਕੀਤੀ ਹੈ।

## ਤਿੜਕਦੇ ਸਮਾਜਕ ਆਦਰਸ਼

ਸਮਾਜ ਵਿੱਚ ਵਸਦੇ ਹਰ ਸਾਹਿਤਕਾਰ ਨੇ ਸਮਾਜ ਦੇ ਅਸਲ ਰੂਪ ਨੂੰ ਆਪਣੀ ਜ਼ਿੰਦਗੀ ਵਿੱਚ ਹੰਢਾਇਆ ਹੁੰਦਾ ਹੈ ਉਸ ਤੋਂ ਹੀ ਪ੍ਰਭਾਵਿਤ ਹੋ ਕੇ ਉਹ ਆਪਣੀ ਕਲਮ ਨਾਲ ਕੁਝ ਨਾ ਕੁਝ ਕਾਪੀ ਉੱਪਰ ਉਤਾਰਦਾ ਰਹਿੰਦਾ ਹੈ, ਉਸ ਵਿੱਚ ਜ਼ਿੰਦਗੀ ਦੀ ਸੱਚਾਈ ਵੀ ਹੁੰਦੀ ਹੈ ਅਤੇ ਕੁਝ ਕੁ ਹਿੱਸਾ ਉਸ ਨੇ ਕਲਪਨਾ ਦਾ ਪਾਇਆ ਹੁੰਦਾ ਹੈ ਤਾਂ ਕਿ ਪਾਠਕ ਉਸ ਦੀ ਰਚਨਾ ਨੂੰ ਦਿਲੋ ਪੜਨ ਅਤੇ ਉਸ ਨੂੰ ਚੰਗੀ ਤਰਾਂ ਨਾਲ ਸਮਝ ਸਕਣ। ਉਸ ਦੀ ਦਿਲੋ ਕਾਮਨਾ ਹੁੰਦੀ ਹੈ ਕਿ ਪਾਠਕ ਆਪਣੇ ਜੀਵਨ ਵਿਚਲੀਆਂ ਚੱਲਦੀਆਂ ਮੁਸ਼ਕਿਲਾਂ ਤੋਂ ਤੇ ਉਨ੍ਹਾਂ ਮੁਸ਼ਕਿਲਾਂ ਤੋਂ ਨਿਜ਼ਾਤ ਪਾਉਣ ਲਈ ਉਸ ਦੀਆਂ ਰਚਨਾਵਾਂ ਨੂੰ ਪੜੇ ਤੇ ਆਪਣੇ ਜੀਵਨ ਉੱਪਰ ਉਸ ਨੂੰ ਲਾਗੂ ਕਰੇ। ਅਜਿਹੀ ਉਮੀਦ ਹੀ ਭੁੱਲਰ ਸਾਹਿਬ ਨੂੰ ਆਪਣੇ ਪਾਠਕਾਂ ਤੋਂ ਵੀ ਹੈ। ਇਸ ਲਈ ਉਨ੍ਹਾਂ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜ ਦੇ ਹਰ ਰੰਗ ਨੂੰ ਪਾਉਣ ਦੀ ਸਫਲ ਕੋਸ਼ਿਸ ਕੀਤੀ ਹੈ। ਸਾਡੇ ਸਮਾਜ ਦੇ ਜੋ ਰਿਸ਼ਤੇ ਅੱਜ ਚੂਰ-ਚੂਰ ਹੋ ਰਹੇ ਹਨ ਉਨ੍ਹਾਂ ਉੱਪਰ ਹੀ ਕਮਾਨ ਕੱਸਣ ਲਈ ਅਜਿਹੀਆਂ ਕਹਾਣੀਆਂ ਦੀ ਆਮਦ ਭੁੱਲਰ ਨੇ ਕੀਤੀ ਹੈ। ਅੱਜ ਜੋ ਭੱਖਦਾ ਮਸਲਾ ਸਾਡੇ ਰਿਸ਼ਤਿਆਂ ਵਿੱਚ ਤਰੇੜਾਂ ਲਿਆਉਣ ਵਿੱਚ ਜਿੰਮੇਵਾਰ ਹੈ ਉਹ ਹੈ ਪੂੰਜੀਵਾਦੀ ਤੇ ਮਸ਼ੀਨੀ ਯੁੱਗ ਦਾ ਆਉਣਾ ਹੈ ਜਿਸ ਨਾਲ ਕਿ ਸਾਰਾ ਸਮਾਜ ਬਸ ਮਸ਼ੀਨਾਂ ਵਿੱਚ ਰੁੱਝ ਕੇ ਇਕ ਮਸ਼ੀਨ ਦੀ ਤਰਾਂ ਹੀ ਵਿਵਹਾਰ ਕਰਨ ਲੱਗ ਪਿਆ ਹੈ ਜਿਵੇ ਮਸ਼ੀਨ ਨੂੰ

ਕੋਈ ਕਮਾਂਡ ਦੇ ਦਿਉਗੇ ਤਾਂ ਉਹ ਉਸ ਦਾ ਜਵਾਬ ਦੇਵੇਗੀ ਉਵੇਂ ਹੀ ਇਨਸਾਨਾਂ ਦੀ ਵੀ ਹਾਲਤ ਹੋ ਗਈ ਹੈ ਕਿਸੇ ਨੂੰ ਉਸ ਦਾ ਹਾਲ-ਚਾਲ ਪੁੱਛ ਲਵੋ ਤਾਂ ਠੀਕ ਹੈ ਵਰਨਾ ਬਸ ਆਪਣੇ ਕੰਮ ਨਾਲ ਹੀ ਸਾਰੇ ਮਤਲਬ ਰੱਖਦੇ ਹਨ। ਸਮਾਜ ਇੰਨਾ ਜ਼ਿਆਦਾ ਖ਼ੁਦਗਰਜ਼ ਹੋ ਗਿਆ ਹੈ ਕਿ ਉਸ ਕੋਲ ਆਪਣੇ ਵੱਡੇ-ਬਜ਼ੁਰਗਾਂ ਦੀ ਦੇਖਭਾਲ ਕਰਨ ਦਾ ਵੀ ਸਮਾਂ ਨਹੀਂ ਹੈ ਅਤੇ ਉਪਰੋਂ ਉਨਾਂ ਨਾਲ ਬੈਠ ਕੇ ਉਨ੍ਹਾਂ ਦਾ ਦੁੱਖ-ਸੁੱਖ ਸੁਣਨ ਦਾ ਵੀ ਸਮਾਂ ਨਹੀਂ ਹੈ। ਭੁੱਲਰ ਆਪਣੀਆਂ ਕਹਾਣੀਆਂ ਰਾਹੀਂ ਉਨ੍ਹਾਂ ਸਾਰੇ ਲੋਕਾਂ ਨੂੰ ਇੱਕ ਫਿਟਕਾਰ ਲਗਾਉਂਦਾ ਹੈ ਅਤੇ ਆਪਣੀਆਂ ਕਹਾਣੀਆਂ ਰਾਹੀਂ ਸਮਝਾਉਂਦਾ ਹੈ ਕਿ ਜੇਕਰ ਅੱਜ ਪੈਸੇ ਪਿੱਛੇ ਤੁਸੀਂ ਆਪਣੇ ਰਿਸ਼ਤਿਆਂ ਨੂੰ ਲੱਤ ਮਾਰ ਕੇ ਜਾਣਾ ਚਾਹੁੰਦੇ ਹੋ ਉਹੀ ਪੈਸਾ ਇੱਕ ਦਿਨ ਤੁਹਾਨੂੰ ਚੈਨ ਨਾਲ ਬੈਠਣਾ ਭਾਰੀ ਕਰ ਦੇਵੇਗਾ। ਕਿਉਂਕਿ ਪੈਸੇ ਨਾਲ ਅਸੀਂ ਦੁਨੀਆਂ ਦੀ ਸਭ ਤੋਂ ਅਮੀਰ ਵਸਤੂ ਖਰੀਦ ਸਕਦੇ ਹਾਂ ਪ੍ਰੰਤੂ ਪੈਸੇ ਨਾਲ ਕਦੀ ਵੀ ਜਾਨ ਤੋਂ ਪਿਆਰੇ ਰਿਸ਼ਤੇ ਨਹੀਂ ਖ਼ਰੀਦ ਸਕਦੇ। ਅੱਜ ਇੱਕੀਵੀਂ ਸਦੀ ਦਾ ਸਮਾਂ ਬਸ ਪੈਸੇ ਨਾਲ ਆਪਣਾ ਸਮਾਂ ਬਿਤਾ ਕੇ ਖ਼ੁਸ਼ੀ ਮਹਿਸੂਸ ਕਰਨੀ ਚਾਹੁੰਦਾ ਹੈ ਪ੍ਰੰਤੂ ਸਮਾਂ ਚੰਗਾ, ਚੰਗੇ ਰਿਸ਼ਤਿਆਂ ਨਾਲ ਹੀ ਬਿਤਾਇਆ ਜਾਂਦਾ ਹੈ। ਜੇਕਰ ਅਸੀਂ ਇਸ ਗੱਲ ਨੂੰ ਮੰਨ ਲਈਏ ਕਿ ਜਿਵੇਂ ਇੱਕ ਪਿਆਸੇ ਲਈ ਪਾਣੀ ਵਰਦਾਨ ਸਾਬਿਤ ਹੁੰਦਾ ਹੈ, ਜੀਉਂਦੇ ਰਹਿਣ ਲਈ ਸਾਹਾਂ ਦਾ ਆਉਣਾ ਜ਼ਰੂਰੀ ਹੈ ਠੀਕ ਇਸੇ ਤਰਾਂ ਹੀ ਸਾਡੀ ਜ਼ਿੰਦਗੀ ਵਿੱਚ ਮਿਠਾਸ ਘੋਲਣ ਲਈ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸਾਡੀ ਜ਼ਿੰਦਗੀ ਵਿੱਚ ਹਰ ਰਿਸ਼ਤੇ ਲਈ ਇੱਕ ਕਦਰ ਹੋਣੀ ਚਾਹੀਦੀ ਹੈ ਜਿਸ ਦਿਨ ਅਸੀਂ ਉਸ ਪਿਆਰੇ ਰਿਸ਼ਤੇ ਦੀ ਕਦਰ ਕਰਨਾ ਭੁੱਲ ਜਾਵਾਂਗੇ ਤਾਂ ਉਹੀ ਦਿਨ ਸਾਨੂੰ ਉਸ ਰਿਸ਼ਤੇ ਤੋਂ ਦੂਰ ਲਿਜਾਣ ਵਿੱਚ ਸਫਲ ਹੋ ਜਾਂਦਾ ਹੈ।

ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਹਨ ਜੋ ਸਾਡੇ ਪਿਆਰੇ ਰਿਸ਼ਤਿਆਂ ਵਿੱਚ ਤਰੇੜਾਂ ਬਣ ਜਾਂਦੀਆਂ ਹਨ ਅਤੇ ਇੱਕ ਖ਼ੂਬਸੂਰਤ ਰਿਸ਼ਤੇ ਨੂੰ ਤੋੜ ਕੇ ਰੱਖ ਦਿੰਦੀਆਂ ਹਨ। ਅਜਿਹੀਆਂ ਹੀ ਸਮਾਜਕ ਸਮੱਸਿਆਵਾਂ ਨਾਲ ਭਰਪੂਰ ਹਨ ਭੁੱਲਰ ਦੀਆਂ ਕਹਾਣੀਆਂ।

"ਗੁਰਬਚਨ ਸਿੰਘ ਭੁੱਲਰ ਪੰਜਾਬੀ ਕਥਾ-ਸੰਸਾਰ ਦਾ ਇੱਕ ਕੱਦਵਾਰ ਅਤੇ ਜਾਣਿਆ-ਪਹਿਚਾਣਿਆ ਹਸਤਾਖ਼ਰ ਹੈ। 'ਦੀਵੇਂ ਵਾਂਗ ਬਲਦੀ ਅੱਖ' ਉਸਦੀਆਂ ਚੋਣਵੀਆਂ ਪੱਚੀ ਕਹਾਣੀਆਂ ਦਾ ਸੰਗ੍ਰਹਿ ਹੈ। ਚੋਣਵੀਆਂ ਹੋਣ ਕਰਕੇ ਕਈ ਪੱਖਾਂ ਤੋਂ ਇਹ ਬਹੁ-ਦਿਸ਼ਾਵੀ ਅਤੇ ਬਹੁ-ਪਾਸਾਰੀ ਕਥਾ-ਸੰਗ੍ਰਹਿ ਵਜੋਂ ਉਜਾਗਰ ਹੁੰਦਾ ਹੈ। ਸਮੁੱਚੀਆਂ ਕਹਾਣੀਆਂ ਇੱਕ ਪਾਸੇ ਲੇਖਕ ਦੀ ਵਿਕਾਸ ਦਿਸ਼ਾ ਦੀਆਂ ਸੂਚਕ ਹਨ, ਦੂਜੇ ਪਾਸੇ ਪੇਂਡੂ ਸੰਸਾਰ ਦੀਆਂ ਸਮੱਸਿਆਵਾਂ ਦੇ ਰੂ-ਬ-ਰੂ ਚੇਤਨ ਅਹਿਸਾਸ ਦੀਆਂ ਪ੍ਰਤੀਕ ਹਨ। ਜਿਵੇਂ ਹੀ ਅਸੀਂ ਇਨ੍ਹਾਂ ਕਹਾਣੀਆਂ ਨੂੰ ਇੱਕ ਪਾਠ ਜਾਂ ਪ੍ਰਵਚਨ ਦੇ ਤੌਰ ਤੇ ਗ੍ਰਹਿਣ ਕਰਦੇ ਹਾਂ, ਵਿਸ਼ੇ ਪੱਖ ਤੋਂ ਕੁਝ ਨੁਕਤੇ ਉੱਘੜ ਕੇ ਸਾਹਮਣੇ ਆਉਂਦੇ ਹਨ।"[19]

ਗੁਰਬਚਨ ਸਿੰਘ ਭੁੱਲਰ ਦੀ 'ਖ਼ੂਨ' ਕਹਾਣੀ ਵਿੱਚ ਜ਼ਮੀਨ ਨੂੰ ਲੈ ਕੇ ਹੋਏ ਮਾਮੂਲੀ ਜਿਹੇ ਝਗੜੇ ਨਾਲ ਦੋ ਪਰਿਵਾਰਾਂ ਵਿੱਚ ਅਣਬਣ ਹੋ ਜਾਂਦੀ ਹੈ। ਇਸ ਕਹਾਣੀ ਦੇ ਦੁਆਰਾ ਭੁੱਲਰ ਨੇ ਸਮਾਜ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਭਾਵੇਂ ਜਿੰਨਾ ਮਰਜ਼ੀ ਸਾਡੇ ਸਮਾਜ ਦੇ ਲੋਕਾਂ ਦੇ ਮਨਾਂ ਵਿਚ ਲਾਲਚ ਆ ਕੇ ਆਪਣਾ ਘਰ ਕਰ ਲੈਂਦਾ ਹੈ ਅੰਤ ਨੂੰ ਜਦੋਂ ਸਾਡੇ ਦੁਆਰਾ ਬਣਾਏ ਰਿਸ਼ਤੇ ਆਪਣਾ ਰੰਗ ਦਿਖਾਉਂਦੇ ਹਨ ਤਾਂ ਸਾਡੀ ਜ਼ਮੀਰ ਮਰਨੋ ਬਚ ਜਾਂਦੀ ਹੈ ਅਤੇ ਉਸ ਲਾਲਚ ਨੂੰ ਭਜਾ ਦਿੰਦੀ ਹੈ। ਇਸ ਕਹਾਣੀ ਦਾ ਪਾਤਰ ਕਰਤਾਰਾ ਆਪਣੇ ਭਰਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਜ਼ਮੀਨ ਤੇ ਆਪਣਾ ਕਬਜਾ ਕਰਨਾ ਚਾਹੁੰਦਾ ਹੈ ਅਤੇ ਦੂਸਰੇ ਪਿੰਡ ਵਿੱਚ ਵੱਸਦੇ ਆਪਣੇ ਭਰਾ ਦੇ ਪੁੱਤਰ ਨੂੰ ਮਾਰਨ ਦੀਆਂ ਸਕੀਮਾਂ ਲਗਾਉਣ ਲੱਗ ਪੈਂਦਾ ਹੈ। ਕਰਤਾਰਾ ਕਹਾਣੀ ਵਿੱਚ ਆਪਣੇ ਭਤੀਜੇ ਨੂੰ ਆਪਣਾ ਭਵਿੱਖ ਦਾ ਵੈਰੀ ਸਮਝਣ

ਲੱਗ ਪੈਂਦਾ ਹੈ ਜੋ ਪੰਦਰਾਂ ਘੁੰਮਾਂ ਦਾ ਮਾਲਕ ਹੈ ਉਸ ਨੂੰ ਕਤਲ ਕਰਨ ਲਈ ਘਰੋਂ ਚੱਲਦਾ ਹੈ। ਉਹ ਆਪਣੇ ਭਤੀਜੇ ਨੂੰ ਕਿਉਂ ਕਤਲ ਕਰਨਾ ਚਾਹੁੰਦਾ ਹੈ ਇਸ ਗੱਲ ਨੂੰ ਦੇਖਣਾ ਸਾਡਾ ਅਧਿਐਨ ਹੈ। ਇਹੀ ਲਾਲਚ ਹੈ ਜੋ ਕਿ ਸਾਡੇ ਸਮਾਜ ਦੇ ਸਭ ਤੋਂ ਪਿਆਰੇ ਰਿਸ਼ਤਿਆਂ ਵਿੱਚ ਤਰੇੜ ਦਾ ਕਾਰਨ ਬਣਦਾ ਹੈ। ਕਰਤਾਰੇ ਦੇ ਭਰਾ ਜੱਗਰ ਦਾ ਕਤਲ ਵੀ ਜ਼ਮੀਨ ਦੇ ਝਗੜੇ ਨੂੰ ਲੈ ਕੇ ਹੀ ਹੋਇਆ ਹੈ, ਭੁੱਲਰ ਨੇ ਜ਼ਮੀਨ ਨੂੰ ਆਧਾਰ ਬਣਾ ਕੇ ਪਿੰਡ ਦੇ ਉਸ ਸੱਭਿਆਚਾਰ ਨੂੰ ਵਰਣਨ ਕੀਤਾ ਹੈ ਜਿਸ ਵਿੱਚ ਬਹੁਤੇ ਝਗੜਿਆ ਦਾ ਕਾਰਨ ਜ਼ਮੀਨ ਹੀ ਹੈ। ਇਸੇ ਜ਼ਮੀਨ ਦੇ ਕਾਰਣ ਅੱਜ ਵੀ ਸਮਾਜ ਵਿੱਚ ਅੰਨੇਵਾਹ ਲੜਾਈਆਂ, ਕਤਲ ਕੀਤੇ ਜਾਂਦੇ ਹਨ। ਕਰਤਾਰਾ ਵੀ ਲਾਲਚ ਵਿੱਚ ਆ ਕੇ ਜ਼ਮੀਨ ਨੂੰ ਹਥਿਆਉਣ ਲਈ ਆਪਣੇ ਹੀ ਭਰਾ ਦੇ ਪੁੱਤਰ ਨੂੰ ਮਾਰਨਾ ਚਾਹੁੰਦਾ ਹੈ। ਇਸ ਕਹਾਣੀ ਵਿੱਚ ਭੁੱਲਰ ਅਜਿਹੀ ਵਾਰਤਾਲਾਪ ਕਰਾਉਂਦਾ ਹੈ ਜਿਸ ਨਾਲ ਸਮਾਜ ਦੇ ਰਿਸ਼ਤਿਆਂ ਨੂੰ ਅਸੀਂ ਚੂਰ-ਚੂਰ ਹੁੰਦਾ ਵੇਖ ਸਕਦੇ ਹਾਂ।

"ਕਰਤਾਰਿਆ ਤੂੰ ਮੇਰੇ ਨਾਲ ਇਹੋ ਜਿਹੀ ਗੱਲ ਕਰਨ ਦਾ ਜੇਰਾ ਕਿਵੇਂ ਕੀਤਾ? ਅਜੇ ਤਾਂ ਮਰਨ ਵਾਲੇ ਦਾ ਉਵੀਂ ਸਿਵਾ ਠੰਡਾ ਨਹੀਂ ਹੋਇਆ, ਪਰ ਮੇਰੇ ਵਾਸਤੇ ਤਾਂ ਇਹ ਸਾਰੀ ਉਮਰ ਨਹੀਂ ਠਰਨਾ।"[20]

ਕੁਲਵੰਤੋਂ ਦੇ ਇਸ ਵਿਵਹਾਰ ਨਾਲ ਸਾਨੂੰ ਇਹ ਪਤਾ ਲੱਗਦਾ ਹੈ ਕਿ ਸਮਾਜ ਵਿੱਚ ਕਿਵੇਂ ਰਿਸ਼ਤੇ ਮੌਤ ਤੋਂ ਬਾਅਦ ਵੀ ਆਪਣੀ ਛਾਪ ਬਣਾਈ ਰੱਖਦੇ ਹਨ। ਕੁਲਵੰਤੋ ਆਪਣੇ ਪਤੀ ਨੂੰ ਬਹੁਤ ਪਿਆਰ ਕਰਦੀ ਸੀ। ਇਸ ਲਈ ਉਸ ਲਈ ਦੂਜਾ ਵਿਆਹ ਪਾਪ ਕਰਨ ਦੇ ਸਮਾਨ ਹੈ। ਸ਼ਾਇਦ ਉਸ ਦੇ ਇਸ ਗੱਲ ਦੇ ਮਨਾ ਕਰਨ ਪਿੱਛੇ ਉਸ ਦਾ ਪੁੱਤਰ ਵੀ ਹੋ ਸਕਦਾ ਹੈ। ਜਿਸ ਦੀ ਖ਼ਾਤਿਰ ਉਹ ਸਾਰੇ ਦੁੱਖ ਭੋਗਣ ਨੂੰ ਵੀ ਤਿਆਰ ਹੈ। ਕੁਲਵੰਤੋਂ ਆਪਣੇ ਨਾਲ ਹੋਏ ਇਸ ਸਭ ਭਾਣੇ ਪਿੱਛੇ ਕੁਦਰਤ ਵਲੋਂ ਹੋਈ ਹੋਣੀ ਮੰਨਦੀ ਹੈ।

"ਨਹੀਂ ਕਰਤਾਰਿਆ, ਤੂੰ ਆਬਦੇ ਘਰ ਵਸ-ਰਸ, ਮੈਨੂੰ ਆਬਦੇ ਦੁੱਖ ਭੋਗਣ ਦੇ। ਜੋ ਹੋਣਾ ਸੀ ਹੋ ਗਿਆ। ਮੈਂਨੂੰ ਜੁਆਕ ਪਾਲਣ ਦੇ, ਰਾਮ ਰਾਮ ਕਰ ਕੇ। ਮੈਂ ਇਹਦੇ ਉੱਤੇ ਇਨ੍ਹਾਂ ਗੱਲਾਂ ਦਾ ਪਰਛਾਵਾਂ ਨਹੀਂ ਪੈਣ ਦੇਣਾ। ਸੌ ਗਊਆਂ ਵਰਗੇ ਜੱਗਰ ਦਾ ਪਾਪ ਸੱਤ ਕੁਲਾਂ ਮੇਟ ਦਿਊ, ਜਿਹਨੇ ਵੀ ਇਹ ਕੁਕਰਮ ਕੀਤਾ ਹੈ।"[21]

ਜਦੋਂ ਕਰਤਾਰਾ ਆਪਣੇ ਭਤੀਜੇ ਦਾ ਕਤਲ ਕਰਨ ਲਈ ਘਰੋਂ ਤੁਰਦਾ ਹੈ ਤਾਂ ਉਸ ਦੀ ਮੁਲਾਕਾਤ ਇੱਕ ਛੋਟੇ ਜਿਹੇ ਬੱਚੇ ਨਾਲ ਹੁੰਦੀ ਹੈ ਜਿਸ ਦੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਉਹ ਉਸ ਦਾ ਭਤੀਜਾ ਹੈ ਜਿਸ ਦਾ ਕਤਲ ਕਰਨ ਲਈ ਉਹ ਘਰੋਂ ਚੱਲਦਾ ਹੈ। ਪ੍ਰੰਤੂ ਉਸ ਦੇ ਕਹੇ ਇਹ ਸ਼ਬਦ ਉਸ ਦੀ ਸੰਵੇਦਨਾ ਨੂੰ ਬਦਲ ਦਿੰਦੇ ਹਨ।

"ਡਰ ਕਾਹਦਾ ਮੁੰਡੇ ਨੇ ਬਿਨਾਂ ਝਿਜਕ ਉੱਤਰ ਦਿੱਤਾ। "ਸਾਡੇ ਪਿੰਡ ਤਾਂ ਚੋਰ ਤੇਰੇ ਜਿੱਡੇ ਮੁੰਡਿਆਂ ਨੂੰ ਫੜ ਕੇ ਲੈ ਜਾਂਦੇ ਐ", ਕਰਤਾਰੇ ਨੇ ਹੱਸ ਕੇ ਕਿਹਾ।"ਮੈਨੂੰ ਕੌਣ ਹੱਥ ਲਾਊ। ਮਾਲਵੇ ਵਿੱਚ ਮੇਰਾ ਸ਼ੇਰ ਵਰਗਾ ਚਾਚਾ ਐ, ਕਰਤਾਰਾ। ਡੱਕਰੇ ਕਰ ਦੇਊ", ਮੁੰਡੇ ਨੇ ਸੁਭਾਵਿਕ ਹੀ ਨਜ਼ਰ ਪਰ੍ਹੇ ਖੂਹ ਦੇ ਮਣ ਉੱਤੇ ਪਈ ਤਲਵਾਰ ਵੱਲ ਕਰ ਕੇ ਕਿਹਾ।"[22]

ਇਸ ਪ੍ਰਕਾਰ ਇੱਕ ਛੋਟੇ ਜਿਹੇ ਬੱਚੇ ਦੇ ਬੋਲਾਂ ਨੇ ਕਰਤਾਰੇ ਦੀਆਂ ਅੱਖਾਂ ਖੋਲ ਦਿੱਤੀਆਂ। ਇਸ ਕਹਾਣੀ ਰਾਹੀਂ ਭੁੱਲਰ ਨੇ ਕੇਵਲ ਸਮਾਜ ਵਿਚਲੇ ਇੱਕ ਮਾਂ ਦੇ ਰਿਸ਼ਤੇ ਨੂੰ ਹੀ ਨਹੀਂ ਪੇਸ਼ ਕੀਤਾ ਬਲਕਿ ਇੱਕ ਭਾਬੀ ਦੇ ਪਿਆਰੇ ਰਿਸ਼ਤੇ ਨੂੰ ਵੀ ਕਾਇਮ ਰੱਖਿਆ ਹੈ। ਕੁਲਵੰਤੋਂ ਨੇ ਕਦੀ ਵੀ ਆਪਣੇ ਪੁੱਤਰ ਨੂੰ ਉਸ ਦੇ ਚਾਚੇ ਦੇ ਵਿਰੁੱਧ ਨਹੀਂ ਕੀਤਾ। ਬਲਕਿ ਆਪਣੇ ਪੁੱਤਰ ਦਾ ਉਸ ਦੇ ਚਾਚੇ ਨਾਲ ਮੋਹ ਭਰਿਆ ਰਿਸ਼ਤਾ ਬਣਿਆ ਰਹੇ ਅਜਿਹਾ ਸੰਦੇਸ਼ ਆਪਣੀ ਕਹਾਣੀ ਵਿੱਚ ਦਿੱਤਾ ਹੈ। ਇਸ ਤੋਂ ਇਲਾਵਾ ਭੁੱਲਰ ਨੇ ਪਿੰਡ ਦੇ ਉਸ ਸਮਾਜ ਦਾ ਚਿਤਰਨ ਕੀਤਾ ਹੈ ਜਿਸ ਵਿੱਚ ਬਹੁਤੇ ਝਗੜੇ ਜ਼ਰ,

ਜ਼ੋਰੂ, ਜ਼ਮੀਨ ਦੇ ਕਾਰਨ ਹੁੰਦੇ ਹਨ। ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਆਦਰਸ਼ਾਂ ਦੀ ਕੀਮਤਾਂ ਨੂੰ ਸਭ ਤੋਂ ਉੱਤਮ ਮੰਨਿਆ ਹੈ ਜਿਨਾਂ ਦੇ ਜ਼ਰੀਏ ਹੀ ਸਮਾਜ ਆਪਣੇ ਵਿਕਾਸ ਦੇ ਰਾਹ ਤੇ ਤੁਰਦਾ ਹੈ। ਅੱਜ ਦੇ ਪੂੰਜੀਵਾਦੀ ਸਮਾਜ ਵਿੱਚ ਅਜਿਹੀਆਂ ਰਚਨਾਵਾਂ ਦੀ ਸਖ਼ਤ ਲੋੜ ਹੈ ਜਿਨਾਂ ਦੇ ਜ਼ਰੀਏ ਅਸੀਂ ਆਪਣੇ ਰਿਸ਼ਤਿਆਂ ਨੂੰ ਚੰਗੀ ਤਰਾਂ ਨਾਲ ਸਮਝਣ ਵਿੱਚ ਸਫ਼ਲ ਹੁੰਦੇ ਹਾਂ। ਭੁੱਲਰ ਦੀ ਇੱਕ ਕਹਾਣੀ ‘ਤੋਰੀ ਦੀ ਵੇਲ’ ਹੈ ਜਿਸ ਵਿੱਚ ਸਾਡੇ ਪੇਂਡੂ ਸੱਭਿਆਚਾਰ ਦੀ ਝਲਕ ਨਜ਼ਰੀ ਪੈਂਦੀ ਹੈ। ਇਹ ਕਹਾਣੀ ਪੇਂਡੂ ਸੱਭਿਆਚਾਰ ਦੀ ਪ੍ਰਤੀਨਿੱਧਤਾ ਕਰਨ ਦੇ ਨਾਲ- ਨਾਲ ਇਨਸਾਨ ਦੇ ਮਨੋਭਾਵਾਂ ਨੂੰ ਵੀ ਪ੍ਰਗਟ ਕਰਦੀ ਹੈ। ਜੋ ਇਨਸਾਨ ਸ਼ਰਾਬ ਪੀਣ ਤੋਂ ਬਾਅਦ ਹੀ ਪ੍ਰਗਟ ਕਰ ਸਕਦਾ ਹੈ। ਜਿਨ੍ਹਾਂ ਨੂੰ ਉਹ ਆਪਣੀ ਅਸਲ ਜ਼ਿੰਦਗੀ ਵਿੱਚ ਸ਼ਾਇਦ ਹੀ ਕਿਸੇ ਨਾਲ ਸਾਂਝੇ ਕਰ ਸਕਦਾ ਸੀ। ਕੈਲੋ ਜਿਸ ਨੂੰ ਪਿੰਡ ਦੀ ਹੀਰ ਮੰਨਿਆ ਜਾਂਦਾ ਸੀ। ਉਸ ਦੇ ਵਿਆਹ ਦੇ ਦੁਆਲੇ ਹੀ ਸਾਰੀ ਕਹਾਣੀ ਘੁੰਮਦੀ ਹੈ। ਇਸ ਤਰਾਂ ਸ਼ਰਾਬ ਪੀਣ ਦੀ ਘਟਨਾ ਇੱਕ ਜੁਗਤ ਬਣ ਗਈ ਸੀ। ਜਿਸ ਨੂੰ ਕੈਲੋਂ ਸੰਬੰਧੀ ਵਿਚਾਰ ਪ੍ਰਗਟ ਕਰਨ ਲਈ ਵਰਤਿਆ ਗਿਆ ਹੈ।

ਕੈਲੋਂ ਦੇ ਵਿਆਹ ਵਿੱਚ ਜਿਹੜੇ ਰੂਪਕ ਵਰਤੇ ਗਏ ਹਨ ਉਹ ਪੰਜਾਬ ਵਿੱਚ ਪ੍ਰਚਲਿਤ ਹੀਰ ਰਾਂਝੇ ਦੀ ਕਥਾ ਵਿਚੋਂ ਲਏ ਗਏ ਹਨ। ਇਸ ਕਹਾਣੀ ਵਿੱਚ ਕੈਲੋਂ ਜਿਸ ਨੂੰ ਸਾਰੇ ਹੀਰ ਆਖ ਕੇ ਬੁਲਾਉਂਦੇ ਹਨ ਦਾ ਵਿਆਹ ਕਿਸੇ ਹੋਰ ਨਾਲ ਕਰ ਦਿੱਤਾ ਜਾਂਦਾ ਹੈ ਉਸ ਨੂੰ ਪਸੰਦ ਕੋਈ ਹੋਰ ਕਰਦਾ ਹੈ। ਕੈਲੋਂ ਦਾ ਧਰਮੇ ਨਾਲ ਇਸ ਲਈ ਵੀ ਵਿਆਹ ਨਹੀਂ ਕੀਤਾ ਜਾਂਦਾ ਕਿਉਂਕਿ ਸਮਾਜ ਵਿੱਚ ਉਸ ਦਾ ਚੰਗਾ ਸਟੇਟਸ ਨਹੀਂ ਸੀ। ਸਮਾਜ ਵਿੱਚ ਵਿਆਹ ਕਰਨ ਵੇਲੇ ਲੋਕ ਅਕਸਰ ਹੀ ਆਪਣੇ ਨਾਲ ਮੇਚ ਕਰਦੇ ਰਿਸ਼ਤੇ ਲੱਭਦੇ ਹਨ। ਸੋ ਅਜਿਹਾ ਕੁਝ ਹੀ ਧਰਮੇ ਨਾਲ ਵੀ ਹੁੰਦਾ ਹੈ।

“ਖ਼ੈਰ ਕਾਹਦੀ ਭਰਾਵਾ, ਅੱਜ ਝੰਗ ਸਿਆਲ ਸੁੰਨੇ ਹੋ ਗਏ। ਸੈਦਾ ਹੀਰ ਲੈ ਗਿਆ”, ਧਰਮੇ ਨੇ ਹਉਕਾ ਲਿਆ।

“ਉਇ ਫੇਰੇ ਦੇਣਿਆਂ, ਪਿੰਡ ਦੀ ਕੁੜੀ ਐ, ਇਉਂ ਨ੍ਹੀਂ ਕਹੀਦਾ ਹੁੰਦਾ”, ਪ੍ਰੀਤੂ ਨੇ ਮੱਤ ਦਿੱਤੀ।”[23]

ਧਰਮਾ ਜੋ ਕੈਲੋ ਦਾ ਆਸ਼ਿਕ ਹੈ ਦੇ ਇਸ ਕਥਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਦਾ ਉਸ ਨੂੰ ਸੋਹਣਾ ਨਾ ਮੰਨਣ ਦਾ ਕਾਰਨ ਉਸ ਦੀ ਈਰਖਾ ਵੀ ਹੋ ਸਕਦੀ ਹੈ। ਜੇ ਕੋਈ ਹੋਰ ਰਾਝਾਂ ਵੀ ਲੈ ਜਾਂਦਾ ਤਾਂ ਭੋਰਾ ਦੁੱਖ ਨੀ ਸੀ ਹੋਣਾ। ਇਸ ਗੱਲ ਦੀ ਪੁਸ਼ਟੀ ਕਰਦੇ ਸਨ ਕਿ ਸੱਚਮੁੱਚ ਉਹ ਉਸਦੇ ਯੋਗ ਨਹੀਂ ਸੀ। ਕੈਲੋ ਦੇ ਘਰ ਵਾਲਿਆ ਨੇ ਪੈਸੇ ਵਾਲਾ ਘਰ ਉਸ ਲਈ ਲੱਭਿਆ ਹੈ ਅਤੇ ਉਸਦੇ ਵਰ ਦੀ ਉਮਰ ਵੀ ਬਹੁਤ ਜ਼ਿਆਦਾ ਹੈ। ਦੇਖਣ ਵਿੱਚ ਵੀ ਬਹੁਤ ਜ਼ਿਆਦਾ ਹੀ ਕਰੂਪ ਨਜ਼ਰ ਆਉਂਦਾ ਹੈ।

“ਸਾਲਾ ਬੂਝੜ ਜੱਟ। ਜ਼ਮੀਨ ਦੇ ਚਾਰ ਬਿੱਘਿਆਂ ਉੱਤੇ ਡਿੱਗ ਪਿਆ”, ਧਰਮੇ ਨੇ ਆਪੇ ਹੀ ਆਪਣੇ ਸਵਾਲ ਦਾ ਜਵਾਬ ਦੇ ਦਿੱਤਾ। ਉਹਨੂੰ ਰਹਿ-ਰਹਿ ਕੇ ਕੈਲੋ ਦੇ ਪਿਉ ਤੇ ਕ੍ਰੋਧ ਚੜ ਰਿਹਾ ਸੀ।”[24]

ਇਸ ਪ੍ਰਕਾਰ ਅੱਜ ਪੂੰਜੀਵਾਦੀ ਸਮਾਜ ਵਿੱਚ ਪੈਸਾ ਹੀ ਹਰ ਪਾਸੇ ਆਪਣੇ ਪੈਰ ਪਸਾਰ ਰਿਹਾ ਹੈ। ਜਿਸ ਨਾਲ ਅਨੇਕ ਰਿਸ਼ਤੇ ਬਲੀ ਚੜ ਰਹੇ ਹਨ। ਕੈਲੋ ਵੀ ਆਪਣੇ ਪਿਤਾ ਵੱਲੋਂ ਚੁੱਕੇ ਕਦਮ ਦਾ ਪੂਰਾ ਮਾਣ ਰੱਖਦੀ ਹੈ। ਭਾਵੇਂ ਉਸ ਦੇ ਲਾੜੇ ਦੀ ਉਮਰ ਉਸ ਨਾਲੋਂ ਥੋੜੀ ਜ਼ਿਆਦਾ ਹੈ ਉਹ ਕੈਲੋ ਨੂੰ ਖੁਸ਼ ਰੱਖਣ ਵਿੱਚ ਸਮਰੱਥ ਹੈ। ਧਰਮੇ ਦਾ ਬੁੱਟਰ ਨੂੰ ਮਾਰਨ ਬਾਰੇ ਕਹਿਣਾ ਅਖ਼ੀਰ ਵਿੱਚ ਉਸਦਾ ਰੋਣਾ ਅਤੇ ਇਹ ਕਹਿਣਾ ‘ਜੱਟ ਨੇ ਤੋਰੀ ਦੀ ਵੇਲ ਜੰਡ ਉੱਤੇ ਚਾੜ ਦਿੱਤੀ’ ਉਸ ਦੀਆਂ ਉਨ੍ਹਾਂ ਮਨੋਭਾਵਾਂ ਨੂੰ ਪ੍ਰਗਟ ਕਰਦੇ ਹਨ ਜੋ ਸਮਾਜ ਵਿੱਚ ਉਨ੍ਹਾਂ ਕੁੜੀਆਂ ਨਾਲ ਹੁੰਦੇ ਅਨਿਆਂ ਨੂੰ ਵਰਣਨ ਕਰਦੀਆਂ ਹਨ ਜਿਨ੍ਹਾਂ ਦੇ ਮਾਤਾ-ਪਿਤਾ ਪੈਸੇ ਨੂੰ ਪਹਿਲ ਦੇ ਕੇ ਨਾ ਤਾਂ ਭਾਵਨਾਵਾਂ ਨੂੰ ਦੇਖਦੇ ਹਨ ਅਤੇ ਨਾ ਹੀ ਯੋਗ ਵਰ। ਗੁਰਬਚਨ ਸਿੰਘ ਭੁੱਲਰ ਦੀ ਜਗਦੀਸ਼ ਕੌਸ਼ਲ ਨਾਲ ਹੋਈ ਮੁਲਾਕਾਤ ਵਿੱਚ ਉਹ ਦੱਸਦੇ ਹਨ।

"ਕੌਸ਼ਲ: ਤੁਹਾਡੇ ਪਾਤਰਾਂ ਦੇ ਏਨੇ ਸ਼ਕਤੀਸ਼ਾਲੀ ਹੋਣ ਦਾ ਕੀ ਕਾਰਨ ਜਾਂ ਆਧਾਰ ਹੈ? ਕੀ ਤੁਸੀਂ ਆਪਣੇ ਪਾਤਰ ਸਿੱਧੇ ਜੀਵਨ ਵਿਚੋਂ ਲੈਂਦੇ ਹੋ?

ਭੁੱਲਰ: ਮੇਰੇ ਕਿਸੇ ਪਾਤਰ ਦੇ ਘੱਟ ਜਾਂ ਵੱਧ ਸ਼ਕਤੀਸ਼ਾਲੀ ਹੋਣ ਦਾ ਨਿਰਣਾ ਤਾਂ ਮੈਂ ਨਹੀਂ, ਮੇਰੇ ਪਾਠਕਾਂ ਜਾਂ ਆਲੋਚਕਾਂ ਨੇ ਹੀ ਕਰਨਾ ਹੈ। ਤੁਹਾਡੇ ਸਵਾਲ ਦੇ ਦੂਜੇ ਹਿੱਸੇ ਦਾ ਜਵਾਬ ਹਾਂ ਵੀ ਹੈ ਨਹੀਂ ਵੀ। ਹਾਂ ਇਸ ਲਈ ਕਿ ਕੋਈ ਚੀਜ਼ ਸੁੰਨ ਵਿਚੋਂ ਤਾਂ ਪੈਦਾ ਨਹੀਂ ਹੁੰਦੀ। ਪਾਤਰ ਤਾਂ ਮੈਂ ਜੀਵਨ ਵਿਚੋਂ ਹੀ ਲੈਂਦਾ ਹਾਂ। ਨਹੀਂ ਇਸ ਲਈ ਕਿ ਸਾਰੇ ਪਾਤਰ ਹੀ ਜੀਵਨ ਵਿਚੋਂ ਜਿਉਂ ਦੀ ਤਿਉਂ ਹੀ ਨਹੀਂ ਮਿਲਦੇ। 'ਥਕੇਵਾਂ ਦੀ ਆਸੋ ਦਾ ਪਾਤਰ ਸਿਰਜਣ ਵੇਲੇ ਮੈਂ ਆਪਣੀ ਮਾਂ ਦਾ ਬਹੁਤ ਕੁਝ ਉਸ ਵਿੱਚ ਰਲਾਇਆ। 'ਖ਼ੂਨ' ਦੇ ਕਰਤਾਰੇ, ਅਤੇ 'ਦੀਵੇਂ ਵਾਂਗ ਬਲਦੀ ਅੱਖ' ਦੀ ਮਹਿੰਦਰੋਂ ਵਿੱਚ ਮੈਂ ਪੰਜਾਬੀ ਗੱਭਰੂ ਅਤੇ ਮੁਟਿਆਰ ਦੇ ਕਲਾਸਕੀ ਲੱਛਣ ਸਮੋ ਦਿੱਤੇ।"[25]

ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਸਾਰੇ ਰਿਸ਼ਤਿਆਂ ਨੂੰ ਬੜੀ ਬਾਰੀਕੀ ਨਾਲ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਉਸ ਨੇ ਸਮਾਜ ਦੇ ਸਾਰੇ ਰਿਸ਼ਤਿਆਂ ਦਾ ਆਪਣੀ-ਆਪਣੀ ਜਗਾ ਤੇ ਸਤਿਕਾਰ ਕੀਤਾ ਹੈ। ਸਮਾਜ ਵਿਚਲੀ ਔਰਤ ਦੇ ਮਨ ਦੀ ਅੰਦਰਲੀ ਸੰਵੇਦਨਾ ਨੂੰ ਪ੍ਰਗਟ ਕਰਨ ਵੇਲੇ ਵੀ ਉਸਨੇ ਔਰਤ ਦੇ ਚਰਿੱਤਰ ਨੂੰ ਹਰ ਹਾਲ ਵਿੱਚ ਡਿੱਗਣ ਨਹੀਂ ਦਿੱਤਾ। ਬਲਕਿ ਉਸਦੀ ਸੰਵੇਦਨਾ ਨੂੰ ਸਮਾਜ ਅੱਗੇ ਰੱਖਿਆ ਹੈ ਅਤੇ ਸਮਾਜ ਦਾ ਬਣਦਾ ਹੱਕ ਵੀ ਉਸਨੂੰ ਦਵਾਇਆ ਹੈ। ਉਸਦੀਆਂ ਇਸਤਰੀ ਪਾਤਰ ਵਿਚਾਰੀਆਂ, ਨਿਮਾਣੀਆਂ ਵੀ ਨਹੀਂ ਹਨ ਆਪਣਾ ਹੱਕ ਸਮਾਜ ਕੋਲੋਂ ਲੈ ਕੇ ਹੀ ਦਮ ਲੈਂਦੀਆਂ ਹਨ। 'ਥਕੇਵਾਂ', 'ਤੋਰੀ ਦੀ ਵੇਲ', 'ਰਾਤਾਂ ਕਾਲੀਆਂ', 'ਓਪਰਾ ਮਰਦ', 'ਚਗਲ', 'ਦੀਵੇ ਵਾਂਗ ਬਲਦੀ ਅੱਖ', 'ਗੁਆਚੀ ਪੈੜ', 'ਮੈਂ ਗਜ਼ਨਵੀਂ ਨਹੀਂ', ਕਹਾਣੀਆਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਇਸਤਰੀ ਸੰਵੇਦਨਾ ਨਾਲ ਸੰਬੰਧਿਤ ਹਨ। ਇਨ੍ਹਾਂ ਕਹਾਣੀਆਂ ਦੇ ਇਸਤਰੀ ਪਾਤਰ ਮਾਨਸਿਕ ਤੌਰ ਤੇ ਹੱਕਾਂ ਲਈ ਚੇਤੰਨ ਹਨ ਪਰ ਭੁੱਲਰ ਉਨ੍ਹਾਂ ਕੋਲੋਂ ਬਗ਼ਾਵਤ ਨਹੀਂ ਕਰਵਾਉਂਦਾ। ਉਸਦੀਆਂ ਕਹਾਣੀਆਂ ਵਿਚਲੀਆਂ ਔਰਤਾਂ ਆਪਣੇ ਹੱਕਾਂ ਪ੍ਰਤੀ ਚੇਤੰਨ ਤਾਂ ਹਨ ਇਸ ਲਈ ਉਹ ਪਹਿਲ ਕਦਮੀ ਵੀ ਕਰਦੀਆਂ ਹਨ। ਪਰ ਮਰਦ ਵਰਤਾਰੇ ਦੁਆਰਾ ਖਿੱਚੀ ਗਈ ਲਛਮਣ ਰੇਖਾ ਨੂੰ ਪਾਰ ਨਹੀਂ ਕਰਦੀਆਂ। ਇਸ ਪ੍ਰਕਾਰ ਭੁੱਲਰ ਦੀਆਂ ਕਹਾਣੀਆਂ ਦੀ ਇਸਤਰੀ ਪਾਤਰ ਆਪਣੇ ਰਿਸ਼ਤਿਆਂ ਨੂੰ ਕਿਵੇਂ ਸਾਂਭ ਕੇ ਰੱਖਣਾ ਹੈ ਸਾਨੂੰ ਸਮਝਾਉਂਦੀ ਹੈ।

ਭੁੱਲਰ ਦੀ ਇੱਕ ਕਹਾਣੀ 'ਗੁਆਚੀ ਪੈੜ' ਹੈ ਜਿਸ ਵਿੱਚ ਉਸਨੇ ਇੱਕ ਔਰਤ ਦੇ ਆਪਣੀ ਤੋਂ ਵੱਧ ਉਮਰ ਨਾਲ ਹੋਏ ਵਿਆਹ ਬਾਰੇ ਦੱਸਿਆ ਹੈ। ਇਸ ਕਹਾਣੀ ਵਿੱਚ ਮੈਂ ਪਾਤਰ ਜੋ ਕਿ ਪੱਚੀ ਕੁ ਸਾਲ ਦਾ ਮੁੰਡਾ ਹੈ ਆਪਣੀ ਦਾਦੀ ਦੇ ਨਾਨਕੇ ਜਾ ਕੇ ਆਪਣੇ ਪੇਪਰ ਦਿੰਦਾ ਹੈ ਜਿੱਥੇ ਉਸ ਦੀ ਮੁਲਾਕਾਤ ਕੁਲਵਿੰਦਰ ਨਾਲ ਹੁੰਦੀ ਹੈ। ਜਿਸ ਦੇ ਪਤੀ ਦੀ ਉਮਰ ਉਸ ਨਾਲੋਂ ਕਾਫੀ ਜ਼ਿਆਦਾ ਹੈ। ਕੁਲਵਿੰਦਰੋ ਆਪਣਾ ਪਤੀ ਧਰਮ ਨਿਭਾਉਂਦੀ ਹੋਈ ਆਪਣੇ ਆਪ ਨੂੰ ਕਾਫੀ ਵਿਅਸਤ ਰੱਖਦੀ ਹੈ ਅਤੇ ਕਦੀ-ਕਦੀ ਮੈਂ ਪਾਤਰ ਨਾਲ ਗੱਲਬਾਤ ਕਰਨ ਲਈ ਆ ਜਾਂਦੀ ਹੈ। ਕਈ ਵਾਰ ਗਲੀ ਦੇ ਬੱਚਿਆ ਨਾਲ ਖੇਡ ਕੇ ਆਪਣਾ ਸਮਾਂ ਬਤੀਤ ਕਰਦੀ ਹੈ। ਮੈਂ ਪਾਤਰ ਦੀ ਉਮਰ ਕੁਲਵਿੰਦਰ ਦੀ ਉਮਰ ਨਾਲ ਮੇਲ ਖਾਂਦੀ ਹੈ ਸ਼ਾਇਦ ਇਸੇ ਲਈ ਉਸ ਨੂੰ ਉਸ ਨਾਲ ਗੱਲਬਾਤ ਕਰਨਾ ਵਧੀਆ ਲੱਗਦਾ ਹੈ। ਭੁੱਲਰ ਨੇ ਇੱਥੇ 'ਰਾਸਲੀਲਾ' ਵਾਂਗ ਔਰਤ ਦੇ ਰੂਪ ਨੂੰ ਬਿਆਨ ਕੀਤਾ ਹੈ।

"ਕੁਲਵਿੰਦਰ ਦਾ ਪਤੀ ਮੁਲਾਜ਼ਮ ਸੀ। ਉਹਨੂੰ ਤੋਰ ਕੇ ਉਹ ਛੇਤੀ ਹੀ ਘਰ ਦਾ ਕੰਮ ਮੁਕਾ ਲੈਂਦੀ ਅਤੇ ਵਿਹਲੀ ਹੋ ਜਾਂਦੀ। ਉਹ ਕੋਈ ਕੱਪੜਾ ਕੱਢਣ ਲੱਗਦੀ ਜਾਂ ਕਰੋਸ਼ੀਏ ਨਾਲ ਕੁਝ ਬੁਣਨ ਲੱਗਦੀ। ਉਹ ਹੇਠਲੇ ਗੁਆਢੀਆਂ ਦੇ ਬੱਚੇ

ਨੂੰ ਆਵਾਜ਼ ਮਾਰ ਲੈਂਦੀ। ਰਬੜ ਦੇ ਬਾਵੇ ਵਰਗਾ ਗੋਭਲਾ ਜਿਹਾ ਮੁੰਡਾ ਉਹਦੇ ਕੋਲ ਆਉਂਦਾ ਤਾਂ ਉਹ ਕਿੰਨਾ ਕਿੰਨਾ ਚਿਰ ਉਸ ਨਾਲ ਖੇਡਦੀ ਰਹਿੰਦੀ। ਉਹਨੂੰ ਪੈਰਾ ਉੱਤੇ ਬਿਠਾ ਕੇ ਝੂਟੇ ਮਾਟੇ ਕਰਦੀ। ਉਹਦਾ ਮੂੰਹ ਚੁੰਮਦੀ ਚੱਟਦੀ।"[26]

ਇਸ ਪ੍ਰਕਾਰ ਭੁੱਲਰ ਦੀ ਇਸਤਰੀ ਪਾਤਰ ਸਮਾਜ ਵਿੱਚ ਕਿਵੇਂ ਆਪਣੇ ਸਾਰੇ ਰਿਸ਼ਤਿਆਂ ਨੂੰ ਜੋੜ ਕੇ ਰੱਖਣਾ ਹੈ ਚੰਗੀ ਤਰਾਂ ਨਾਲ ਜਾਣਦੀ ਹੈ। ਉਹ ਆਪਣੇ ਪਤੀ ਦੀ ਮਹਿਜ਼ ਉਮਰ ਵੱਡੀ ਹੋਣ ਕਰਕੇ ਉਸ ਦਾ ਵਿਰੋਧ ਨਹੀਂ ਕਰਦੀ ਕਿਉਂਕਿ ਉਹ ਜਾਣਦੀ ਹੈ ਕਿ ਉਸ ਦਾ ਪਤੀ ਉਸਨੂੰ ਉਸ ਦੇ ਬਣਦੇ ਸਾਰੇ ਹੱਕ ਦਿੰਦਾ ਹੈ। ਸੋ ਉਸ ਦੇ ਕੰਮ ਤੇ ਜਾਣ ਤੋਂ ਬਾਅਦ ਭਾਵੇਂ ਉਹ ਮੈਂ ਪਾਤਰ ਨਾਲ ਗੱਲਵਾਤ ਕਰਦੀ ਹੈ ਪ੍ਰੰਤੂ ਆਪਣੇ ਪਤੀ ਜਾਂ ਸਮਾਜ ਦੀ ਨਿਗਾ ਵਿੱਚ ਆਪਣੇ ਚਰਿੱਤਰ ਨੂੰ ਹਰਗਿਜ਼ ਨਹੀਂ ਡਿੱਗਣ ਦੇਣਾ ਚਾਹੁੰਦੀ। ਮੈਂ ਪਾਤਰ ਦੇ ਚਲੇ ਜਾਣ ਤੋਂ ਬਾਅਦ ਉਸ ਦੇ ਪਤੀ ਦੀ ਬਦਲੀ ਕਿਸੇ ਦੂਰ ਸ਼ਹਿਰ ਵਿੱਚ ਹੋ ਜਾਂਦੀ ਹੈ ਤੇ ਉਹ ਜਾਣ ਲੱਗੀ ਕਿਸੇ ਵੀ ਪ੍ਰਕਾਰ ਦਾ ਸੁਨੇਹਾ ਮੈਂ ਪਾਤਰ ਲਈ ਛੱਡ ਕੇ ਨਹੀਂ ਜਾਂਦੀ। ਮੈਂ ਪਾਤਰ ਵੀ ਕਾਫੀ ਸਮੇਂ ਬਾਅਦ ਉਸ ਦੀ ਸੰਵੇਦਨਾ ਨੂੰ ਸਮਝਦਾ ਹੈ ਜਦੋਂ ਉਸ ਉਸ ਨੂੰ ਮਿਲਣ ਆਉਂਦਾ ਹੈ ਤਾਂ ਉਹ ਜਾ ਚੁੱਕੀ ਹੁੰਦੀ ਹੈ। ਮੈਂ ਪਾਤਰ ਲਈ ਹੁਣ ਉਹ ਇੱਕ ਗੁਆਚੀ ਪੈੜ ਬਣ ਕੇ ਰਹਿ ਜਾਂਦੀ ਹੈ ਜਿਸ ਨੂੰ ਜਿੰਨਾ ਮਰਜ਼ੀ ਲੱਭ ਲਿਆ ਜਾਵੇ ਹੱਥ ਨਹੀਂ ਆਉਂਦੀ। ਇਸ ਪ੍ਰਕਾਰ ਭੁੱਲਰ ਨੇ ਸਮਾਜ ਦੀ ਇਸਤਰੀ ਦੇ ਇਸ ਰੂਪ ਨੂੰ ਪ੍ਰਗਟ ਕਰ ਕੇ ਸਾਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸਤਰੀ ਆਪਣੇ ਰਿਸ਼ਤਿਆਂ ਨੂੰ ਬਾਖੂਬੀ ਨਿਭਾਉਣਾ ਜਾਣਦੀ ਹੈ।

"ਦਿਲ ਕੀਤਾ, ਪੌੜੀਆ ਜਾ ਚੜਾ। ਪਰ ਅੰਬੋ ਤੋਂ ਸੰਗ ਗਿਆ। ਫੇਰ ਭੁੱਲੀ ਹੋਈ ਗੱਲ ਅਚਾਨਕ ਚੇਤੇ ਆਉਣ ਵਾਂਗ ਪੁੱਛਿਆ, "ਸੱਚ, ਅੰਬੋ, ਉਤਲਿਆ ਦਾ ਕੀ ਹਾਲ ਐ? ਕੁਲਵਿੰਦਰ ਤੇ ਉਹਦੇ ਘਰ ਵਾਲੇ ਦਾ?"

"ਕੁਲਵਿੰਦਰ?" ਅੰਬੋ ਇੱਕ ਪਲ ਤਾਂ ਉਲਝ ਜਿਹੀ ਗਈ, "ਅੱਛਾ ਉਹੋ! ਉਹ ਤਾਂ ਭਾਈ ਤੇਰੇ ਇਮਤਿਹਾਨ ਤੋਂ ਮਹੀਨਾ ਕੁ ਮਗਰੋਂ ਹੀ ਚਲੇ ਗਏ ਸੀ। ਬਦਲੀ ਹੋ ਗਈ ਸੀ ਕਿਤੇ ਦੀ।"

"ਕਿੱਥੋ ਦੀ ਹੋ ਗਈ ਸੀ ਬਦਲੀ?" ਮੈਂ ਕਾਹਲੀ ਨਾਲ ਪੁੱਛਿਆ।..........

"ਪਤਾ ਨਹੀਂ ਪੁੱਤ। ਆਪਾ ਤਾਂ ਕਿਰਾਏਦਾਰਾਂ ਨੂੰ ਪੁੱਛੀਆਂ ਨੀ ਕਦੇ ਬਹੁਤੀਆਂ ਗੱਲਾਂ। ਕੀ ਲੋੜ ਆਪਾ ਨੂੰ। ਸਵੇਰੇ ਚਲਿਆ ਜਾਂਦਾ ਸੀ ਸ਼ਾਮੀ ਆਉਂਦਾ ਸੀ। ਪਤਾ ਨਹੀਂ ਕਿੱਥੇ ਕੰਮ ਕਰਦਾ ਸੀ।" ਅੰਬੋ ਦੀਆਂ ਗੱਲਾਂ ਨੇਰੀ ਵਾਂਗ ਕੁਲਵਿੰਦਰ ਦੀਆਂ ਪੈੜਾਂ ਨੂੰ ਮੇਟਦੀਆਂ ਜਾ ਰਹੀਆਂ ਸਨ।"[27]

ਭੁੱਲਰ ਦੀ ਇਸ ਕਹਾਣੀ ਵਿੱਚ ਦੋਵੇ ਪਾਤਰ ਤਣਾਓ ਨੂੰ ਹੰਢਾਉਂਦੇ ਹਨ ਪਹਿਲਾਂ ਕੁਲਵਿੰਦਰ ਹੰਢਾਉਂਦੀ ਹੈ ਬਾਅਦ 'ਚ ਮੈਂ ਪਾਤਰ। ਪ੍ਰੰਤੂ ਦੋਵੇਂ ਆਪਣੀ ਸੰਵੇਦਨਾ ਨੂੰ ਇੱਕ ਪਾਸੇ ਰੱਖ ਕੇ ਸਮਾਜ ਦੀਆਂ ਨਜ਼ਰਾਂ ਵਿੱਚ ਵੀ ਨਹੀਂ ਡਿੱਗਣਾ ਚਾਹੁੰਦੇ। ਮੈਂ ਪਾਤਰ ਬਸ ਇੱਕ ਵਾਰ ਕੁਲਵਿੰਦਰ ਨੂੰ ਮਿਲਣਾ ਚਾਹੁੰਦਾ ਹੈ। ਨਾ ਉਸ ਦੀ ਸੋਚ ਵਿੱਚ ਕੋਈ ਗਿਰਾਵਟ ਹੈ ਨਾ ਕੁਲਵਿੰਦਰ ਦੀ। ਦੋਵੇਂ ਸਮਾਜ ਵਿੱਚ ਆਪਣੇ-ਆਪਣੇ ਕਿਰਦਾਰ ਦੀ ਭੂਮਿਕਾ ਨੂੰ ਵਧੀਆ ਨਿਭਾਉਂਦੇ ਹਨ। ਸਮਾਜ ਵਿੱਚ ਦੋਵਾਂ ਦੇ ਰਿਸ਼ਤੇ ਨੂੰ ਲੈ ਕੇ ਕਿਸੇ ਵੀ ਪ੍ਰਕਾਰ ਦੀ ਕੋਈ ਤਰੇੜ ਨਾ ਬਣੇ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਹੈ ਭੁੱਲਰ ਨੇ। ਸੋ ਇਸ ਪ੍ਰਕਾਰ ਭੁੱਲਰ ਦੀਆਂ ਕਹਾਣੀਆਂ ਵਿਚ ਚਾਹੇ ਕਿਸੇ ਵੀ ਰਿਸ਼ਤੇ ਦੀ ਗੱਲ ਲੈ ਲਵੋ ਉਸ ਨੂੰ ਕਿਵੇਂ ਸਮਾਜ ਵਿੱਚ ਅਸੀਂ ਸਾਂਭ ਕੇ ਰੱਖਣਾ ਹੈ ਸਾਨੂੰ ਇਸ ਬਾਰੇ ਪਤਾ ਲੱਗਦਾ ਹੈ। ਇਸ ਤਰਾਂ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਤਿੜਕਦੇ ਸਮਾਜਕ ਆਦਰਸ਼ਾ ਨੂੰ ਬਿਆਨ ਕੀਤਾ ਹੈ। ਸਮਾਜਕ ਆਦਰਸ਼ ਵੀ ਸਮਾਜ

ਨੇ ਆਪਣੇ ਸਮਾਜ ਦੀ ਚਾਲ ਨੂੰ ਧੀਮੀ ਗਤੀ ਵਿੱਚ ਚੱਲਦੇ ਰਹਿਣ ਲਈ ਹੀ ਬਣਾਇਆ ਹੈ। ਇਹ ਅਜਿਹੇ ਆਦਰਸ਼ ਹਨ ਜੋ ਸਾਨੂੰ ਆਪਣੇ ਜੀਵਨ ਨੂੰ ਸਮਝਣ ਵਿੱਚ ਸਹਾਈ ਹੁੰਦੇ ਹਨ। ਸਾਡੇ ਜੀਵਨ ਵਿੱਚ ਸਾਨੂੰ ਸਹੀ ਗਲਤ ਰਸਤੇ ਦਾ ਅਹਿਸਾਸ ਕਰਵਾਉਂਦੇ ਹਨ। ਇਨ੍ਹਾਂ ਕਹਾਣੀਆਂ ਵਿੱਚ ਇਨ੍ਹਾਂ ਆਦਰਸ਼ਾਂ ਨੂੰ ਪਹਿਲਾਂ ਬਿਆਨ ਕੀਤਾ ਗਿਆ ਹੈ ਬਾਅਦ 'ਚ ਇਨ੍ਹਾਂ ਦੇ ਟੁੱਟਣ ਨਾਲ ਹੋਣ ਵਾਲੇ ਨੁਕਸਾਨ ਨਾਲ ਵੀ ਸਾਨੂੰ ਰੂਬਰੂ ਕਰਵਾਇਆ ਗਿਆ ਹੈ। ਇਸ ਪ੍ਰਕਾਰ ਭੁੱਲਰ ਨੇ ਸਮਾਜ ਵਿੱਚ ਵੱਸਦੇ ਮਨੁੱਖ ਦੀਆਂ ਅੰਦਰੂਨੀ ਤਹਿਆ ਫਰੋਲਣ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਹੈ। ਮਨੁੱਖ ਨੂੰ ਉਸਦੇ ਆਦਰਸ਼ਾਂ ਨਾਲ ਜੋੜਨ ਵਿੱਚ ਉਸ ਨੇ ਵਧੀਆ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਪਾਤਰਾਂ ਦੇ ਮੂੰਹੋਂ ਵਧੀਆ ਵਾਰਤਾਲਾਪ ਕਰਵਾਈ ਹੈ। ਹਰ ਰਿਸ਼ਤੇ ਵਿੱਚ ਆਉਂਦੀ ਤਰੇੜ ਨੂੰ ਸਾਡੀਆਂ ਅੱਖਾਂ ਮੂਹਰੇ ਲਿਆਂਦਾ ਹੈ।

"ਕੌਸ਼ਲ: ਤੁਹਾਡੀਆਂ ਕਹਾਣੀਆਂ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਉਹਨਾਂ ਵਿੱਚ ਪਾਤਰਾਂ ਦੀ ਚੜਤ ਹੈ। ਨਰਿੰਦਰ ਭੁੱਲਰ ਲਿਖਦਾ ਹੈ: "ਇਹ ਅਤਿਕਥਨੀ ਨਹੀਂ ਹੋਵੇਗੀ ਕਿ ਉਹਦੀਆਂ ਕਹਾਣੀਆਂ ਦੀ ਅੱਡਰੀ ਪਛਾਣ ਦਾ ਸਿਹਰਾ ਵੱਡੀ ਹੱਦ ਤੱਕ ਉਹਦੇ ਪਾਤਰਾਂ ਨੂੰ ਜਾਂਦਾ ਹੈ।" ਤੇ ਇਸੇ ਪ੍ਰਕਾਰ ਹਰਿੰਦਰਜੀਤ ਸਿੰਘ ਨੇ ਲਿਖਿਆ ਹੈ: "ਭੁੱਲਰ ਦੇ ਪਾਤਰ ਉੱਭਰ ਕੇ ਸਾਹਮਣੇ ਆਉਂਦੇ ਹਨ, ਪ੍ਰਸਥਿਤੀਆਂ ਪਿਛੋਕੜ ਵਿੱਚ ਰਹਿੰਦੀਆਂ ਹਨ।" ਤੁਹਾਡੀ ਟਿੱਪਣੀ ?

ਭੁੱਲਰ: ਮਨੁੱਖ ਹੀ ਸੰਸਾਰ ਦਾ, ਸਮਾਜ ਦਾ ਕੇਂਦਰੀ ਬਿੰਦੂ ਹੈ, ਸੋ ਕਹਾਣੀ ਵਿੱਚ ਗੱਲ ਤਾਂ ਆਖ਼ਰ ਮਨੁੱਖ ਦੀ ਹੀ ਹੋਵੇਗੀ। ਜਦੋਂ ਕਹਾਣੀ ਵਿੱਚ 'ਕੋਈ ਇੱਕ ਛਿਣ' ਫੜਨ ਦੀ ਗੱਲ ਕੀਤੀ ਜਾਂਦੀ ਹੈ। ਉਹ ਛਿਣ ਵੀ ਮਨੁੱਖ ਦੇ ਆਮ ਕਰਕੇ ਕਿਸੇ ਮਨੁੱਖ ਦੇ ਜੀਵਨ ਦਾ ਹੀ ਹੁੰਦਾ ਹੈ। ਜਦੋਂ ਕਹਾਣੀ ਵਿੱਚ ਮਨ ਦੀਆਂ ਪਰਤਾਂ ਫਰੋਲਣ ਦੀ ਗੱਲ ਆਉਂਦੀ ਹੈ, ਮਨ ਵੀ ਕਿਸੇ ਮਨੁੱਖ ਦਾ ਹੀ ਹੁੰਦਾ ਹੈ।"ਪਰਸਥਿਤੀਆਂ" ਵੀ ਮਨੁੱਖ ਦੇ ਆਲੇ-ਦੁਆਲੇ ਤਾਣਾ-ਬਾਣਾ ਬੁਣ ਕੇ ਹੀ ਆਪਣੀ ਹੋਂਦ ਬਣਾਉਂਦੀਆਂ ਹਨ। ਸੋ ਲੇਖਕ ਲਈ ਤਾਂ ਗੱਲ ਪਾਤਰ ਉੱਤੇ ਆ ਕੇ ਹੀ ਨਿਬੜਦੀ ਹੈ- ਰਚਨਾ ਵਿੱਚ ਚਾਹੇ ਉਹ ਉਸਦਾ ਅੰਦਰਲਾ ਫਰੋਲ ਲਵੇ, ਚਾਹੇ ਬਾਹਰਲਾ। "[28]

ਭੁੱਲਰ ਆਪਣੇ ਪਾਤਰਾਂ ਦੀ ਬਾਹਰੀ ਵਿਵਹਾਰ ਦੀ ਤਸਵੀਰ ਹੀ ਨਹੀਂ ਪੇਸ਼ ਕਰਦਾ ਬਲਕਿ ਉਹ ਉਨ੍ਹਾਂ ਦੇ ਅੰਦਰਲੇ ਮਨ ਵਿੱਚ ਵੀ ਝਾਤੀ ਮਾਰਨ ਵਿੱਚ ਸਮਰੱਥਾ ਰੱਖਦਾ ਹੈ। ਆਪਣੇ ਪਾਠਕਾਂ ਦੀਆਂ ਸੋਚਾਂ ਨੂੰ ਬਾਹਰ ਲਿਆ ਕੇ ਪ੍ਰਗਟ ਕਰਨ ਸਮੇਂ ਉਹ ਜਾਣਦਾ ਹੈ ਕਿ ਕਿਸ ਪਾਤਰ ਦੇ ਮੂੰਹੋਂ ਕਿਸ ਸਮੇਂ ਕਿਹੋ ਜਿਹੇ ਸ਼ਬਦ ਬੁਲਾਉਣੇ ਹਨ। ਇਹ ਭਾਸ਼ਾ ਕਹਾਣੀ ਵਿੱਚ ਆਏ ਪਾਤਰਾਂ ਦੇ ਪੱਧਰ, ਉਹਨਾਂ ਦੀ ਯੋਗਤਾ, ਉਹਨਾਂ ਦੇ ਗਿਆਨ ਤੇ ਉਹਨਾਂ ਦੀ ਮਾਨਸਿਕ ਹਾਲਤ ਤੋਂ ਵੱਖਰੀ ਨਹੀਂ ਹੁੰਦੀ ਅਤੇ ਇਲਾਕਾਈ ਰੰਗ ਨੂੰ ਹੋਰ ਗੂੜਾ ਕਰਕੇ ਪਾਠਕਾਂ ਨੂੰ ਇੱਕ ਵੱਖਰਾ ਸੁਆਦ ਦਿੰਦੀ ਹੈ। ਇਸਤਰੀ ਪੁਰਸ਼ ਸੰਬੰਧ ਇੱਕ ਅਜਿਹਾ ਵਿਸ਼ਾ ਹੈ ਜਿਸ ਨੂੰ ਲਗਭਗ ਹਰ ਲੇਖਕ ਹੀ ਆਪਣੀ ਕਲਮ ਨਾਲ ਛੂੰਹਦਾ ਹੈ। ਪੰਜਾਬੀ ਸਾਹਿਤ ਰਚਣ ਵਾਲੇ ਅਨੇਕਾਂ ਲੇਖਕਾਂ ਦਾ ਇਹ ਮਨ ਭਾਉਂਦਾ ਵਿਸ਼ਾ ਹੈ। ਭੁੱਲਰ ਨੇ ਆਪਣੀਆਂ ਕੁਝ ਕਹਾਣੀਆਂ ਵਿੱਚ ਇਹ ਵਿਸ਼ਾ ਆਪਣੇ ਹੀ ਅੰਦਾਜ਼ ਵਿਚ, ਆਪਣੇ ਹੀ ਨਜ਼ਰੀਏ ਨਾਲ ਨਿਭਾਇਆ ਹੈ। ਭੁੱਲਰ ਸਮਾਜ ਵਿਚਲੀਆਂ ਸਮੱਸਿਆਵਾਂ ਤੋਂ ਬੜੀ ਸੂਝ ਨਾਲ ਪਰਦਾ ਇਸ ਤਰਾਂ ਚੁੱਕਦਾ ਹੈ ਕਿ ਪਾਠਕ ਸੁੱਤੇ ਸਿੱਧ ਹੀ ਸਮਾਜ ਵਿੱਚ ਪ੍ਰਚਲਿਤ ਇਹਨਾਂ ਕਦਰਾਂ-ਕੀਮਤਾਂ ਨੂੰ ਵੇਖਣ ਪਰਖਣ ਲਈ ਮਜ਼ਬੂਰ ਹੋ ਜਾਂਦਾ ਹੈ। ਉਹਦੀ ਇਹੀ ਨੀਤੀ ਉਹਦੀ ਰਚਨਾ ਨੂੰ ਚਿਰ ਸਥਾਈ ਪ੍ਰਭਾਵ ਬਖ਼ਸ਼ਦੀ ਹੈ। ਪੰਜਾਬਣ ਇਸਤਰੀ ਦੀ ਪੰਜਾਬੀ ਸੱਭਿਆਚਾਰ ਦੇ ਵਿਕਾਸ ਵਿੱਚ ਵਿਸ਼ੇਸ ਭੂਮਿਕਾ ਰਹੀ ਹੈ। ਪੁਰਸ਼ ਪ੍ਰਧਾਨ ਸਮਾਜ ਵਿੱਚ ਵੀ ਉਸਨੇ ਆਪਣੀ ਸ਼ਕਤੀ ਅਤੇ ਸਮਰੱਥਾ ਭਲੀ ਭਾਂਤ ਪ੍ਰਗਟ ਕੀਤੀ ਹੈ। ਗੁਰਬਚਨ ਸਿੰਘ ਭੁੱਲਰ ਮਹਾਂਨਗਰਾਂ ਦਾ ਵਾਸੀ ਰਿਹਾ ਹੋਣ ਕਰਕੇ ਵੀ ਉਸ ਨੂੰ ਸ਼ਹਿਰਾਂ ਦੇ ਸੱਭਿਆਚਾਰਾਂ

ਦਾ ਵੀ ਖਾਸਾ ਗਿਆਨ ਹੈ। ਪਿੰਡਾਂ ਵਿੱਚ ਜੇਕਰ ਕੋਈ ਰਿਸ਼ਤਾ ਟੁੱਟਦਾ ਹੈ ਤਾਂ ਉਸ ਨੂੰ ਕਿਸ ਤਰਾਂ ਨਾਲ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸ਼ਹਿਰਾਂ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਸਭ ਆਪਣੇ ਕੰਮ ਅਤੇ ਸਟੇਟਸ ਨੂੰ ਹੀ ਪਹਿਲ ਦਿੰਦੇ ਹਨ। ਸਮਾਜਕ ਆਦਰਸ਼ ਚਾਹੇ ਪਿੰਡ ਹੋਣ ਚਾਹੇ ਸ਼ਹਿਰ ਮਨੁੱਖ ਨੂੰ ਮਨੁੱਖ ਬਣ ਕੇ ਰਹਿਣ ਲਈ ਪ੍ਰੇਰਦੇ ਹਨ। ਆਪਣੇ ਨਾਲ ਦਿਆਂ ਰਿਸ਼ਤਿਆਂ ਨੂੰ ਸਾਂਭ ਕੇ ਰੱਖਣ ਵਿੱਚ ਮੱਦਦ ਕਰਦੇ ਹਨ। ਸਮਾਜ ਸ਼ਾਸਤਰ ਸਾਨੂੰ ਇਨ੍ਹਾਂ ਆਦਰਸ਼ਾ ਦੇ ਅੰਦਰ ਰਹਿ ਕੇ ਜੀਵਨ ਜਿਉਣ ਵਿੱਚ ਸਾਡੀ ਮੱਦਦ ਕਰਦਾ ਹੈ। ਸਮਾਜ ਦੇ ਹਰ ਵਰਤਾਰੇ ਨੂੰ ਸਮਾਜ-ਸ਼ਾਸਤਰ ਬਾਖ਼ੂਬੀ ਪੇਸ਼ ਕਰਦਾ ਹੈ। ਸਮਾਜ ਦਾ ਹਰ ਰਿਸ਼ਤਾ ਜਿਸ ਵਿੱਚ ਮਾਂ, ਬਾਪ, ਭੈਣ, ਭਰਾ, ਪਤੀ ਪਤਨੀ ਆਦਿ ਆ ਜਾਂਦੇ ਹਨ ਭੁੱਲਰ ਨੇ ਇਨ੍ਹਾਂ ਦੀ ਆਪਣੀ-ਆਪਣੀ ਭੂਮਿਕਾ ਸਾਡੇ ਸਾਹਮਣੇ ਲਿਆਂਦੀ ਹੈ ਜਿਸ ਵਿੱਚ ਇਹ ਇੱਕ ਆਦਰਸ਼ ਭਰਪੂਰ ਜੀਵਨ ਜੀਊਂਦੇ ਹਨ। ਮਨੁੱਖ ਆਪਣੀਆਂ ਕਦਰਾਂ-ਕੀਮਤਾਂ ਤੋਂ ਟੁੱਟ ਕੇ ਕਦੀ ਵੀ ਖ਼ੁਸ਼ਹਾਲ ਜੀਵਨ ਨਹੀਂ ਜਿਉ ਸਕਦਾ।

ਭੁੱਲਰ ਦੀਆਂ ਕਹਾਣੀਆਂ ਵਿੱਚ ਦਿਖਾਇਆ ਗਿਆ ਹੈ ਕਿ ਇਨਾਂ ਸਮਾਜਕ ਆਦਰਸ਼ਾ ਦੇ ਤਿੜਕਣ ਪਿੱਛੇ ਅਨੇਕਾਂ ਕਾਰਨ ਨਿੱਕਲ ਕੇ ਸਾਹਮਣੇ ਆਉਂਦੇ ਹਨ। ਲਾਲਚ, ਝੂਠੀ ਸ਼ਾਨੋ-ਸ਼ੌਕਤ, ਤਿਲਕਦੀ ਮਾਨਸਿਕ ਸੰਵੇਦਨਾ, ਪੈਸੇ ਦੀ ਦੌੜ ਆਦਿ ਦੇ ਕਾਰਣ ਹੀ ਸਾਡੇ ਰਿਸ਼ਤੇ ਦਿਨੋ-ਦਿਨ ਟੁੱਟਦੇ ਜਾ ਰਹੇ ਹਨ। ਹਰ ਕੋਈ ਪੈਸੇ ਦੀ ਦੌੜ ਵਿੱਚ ਲੱਗਾ ਹੋਇਆ ਹੈ। ਮੰਨਿਆ ਕਿ ਸਾਡੇ ਜੀਵਨ ਦੇ ਨਿਰਬਾਹ ਵਿੱਚ ਪੈਸੇ ਦੀ ਆਪਣੀ ਮਹੱਤਵਪੂਰਨ ਜਗਾ ਹੈ ਪ੍ਰੰਤੂ ਸਾਡਾ ਇਹ ਵੀ ਫਰਜ਼ ਬਣਦਾ ਹੈ ਕਿ ਅਸੀਂ ਪੈਸੇ ਕਮਾਉਣ ਦੇ ਨਾਲ-ਨਾਲ ਆਪਣੇ ਰਿਸ਼ਤਿਆਂ ਨੂੰ ਵੀ ਇੱਕ ਬਣਦੀ ਜਗਾ ਦੇਈਏ। ਅੱਜ ਦਾ ਪੂੰਜੀਵਾਦੀ ਮਨੁੱਖ ਪੈਸੇ ਦੀ ਦੌੜ ਵਿੱਚ ਅੰਨਾ ਹੋਇਆ ਫਿਰਦਾ ਹੈ ਉਹ ਪਤਾ ਨਹੀਂ ਇਹ ਕਿਉਂ ਭੁੱਲ ਜਾਂਦਾ ਹੈ ਕਿ ਜਿੰਨਾ ਮਰਜ਼ੀ ਪੈਸਾ ਕਮਾ ਲਵੇ ਖਾਣੀ ਤਾਂ ਉਸਨੇ ਦੋ ਵਕਤ ਰੋਟੀ ਹੀ ਹੁੰਦੀ ਹੈ ਨਾ ਕਿ ਸਾਬਤ ਪੈਸਿਆਂ ਨਾਲ ਆਪਣਾ ਪੇਟ ਭਰਨਾ ਹੁੰਦਾ। ਸੋ ਭੁੱਲਰ ਨੇ ਬਹੁਤ ਸਾਰੀਆਂ ਥਾਵਾਂ ਤੇ ਅਜਿਹੀ ਵਾਰਤਾਲਾਪ ਕਰਵਾਈ ਹੈ ਜਿਸ ਤੋਂ ਸਾਡਾ ਰਿਸ਼ਤਿਆਂ ਨਾਲ ਮੋਹ ਪੈਂਦਾ ਹੈ।

ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਤਿੜਕਦੇ ਸਮਾਜਕ ਆਦਰਸ਼ਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਬਿਆਨ ਕੀਤਾ ਹੈ। ਉਸਦੀਆਂ ਕਹਾਣੀਆਂ ਸੱਚ ਦੀਆਂ ਪਰਤਾਂ ਨੂੰ ਖੋਲ ਕੇ ਸਾਡੇ ਸਾਹਮਣੇ ਲਿਆਉਂਦੀਆਂ ਹਨ। ਸਮਾਜ ਨੇ ਸਾਡੇ ਲਈ ਜੋ ਵੀ ਕਦਰਾਂ-ਕੀਮਤਾਂ ਬਣਾਈਆਂ ਹਨ ਉਨ੍ਹਾਂ ਨਾਲ ਅਸੀਂ ਜੀਵਨ-ਜਾਂਚ ਨੂੰ ਚੰਗੀ ਤਰਾਂ ਨਾਲ ਸਮਝ ਪਾਉਂਦੇ ਹਾਂ। ਹਰ ਸਾਹਿਤਕਾਰ ਆਪਣੀ ਰਚਨਾ ਰਚਣ ਲਈ ਕੱਚੇ ਮਸਾਲੇ ਦੇ ਰੂਪ ਵਿੱਚ ਸਮੱਗਰੀ ਸਮਾਜ ਤੋਂ ਪ੍ਰਾਪਤ ਕਰਦਾ ਹੈ ਅਤੇ ਉਸ ਵਿੱਚ ਕਲਪਨਾ ਪਾ ਕੇ ਸਾਡੇ ਅੱਗੇ ਲਿਆਉਂਦਾ ਹੈ। ਭੁੱਲਰ ਨੇ ਸਮਾਜ ਵਿਚੋਂ ਹੀ ਅਜਿਹੀਆਂ ਸੱਚ ਨੂੰ ਪੇਸ਼ ਕਰਨ ਵਾਲੀਆਂ ਘਟਨਾਵਾਂ ਸਾਡੇ ਸਾਹਮਣੇ ਲਿਆਦੀਆਂ ਹਨ, ਜਿਨ੍ਹਾਂ ਨੂੰ ਪੜ ਕੇ ਸਾਨੂੰ ਕਹਾਣੀ ਵਿਚਲੇ ਪਾਤਰ ਸਾਡੇ ਜੀਵਨ ਵਿਚੋਂ ਹੀ ਲਏ ਲੱਗਦੇ ਹਨ। ਭੁੱਲਰ ਦੀਆਂ ਕਹਾਣੀਆਂ ਵਿੱਚ ਕਿਸੇ ਵੀ ਪ੍ਰਕਾਰ ਦੀ ਓਪਰੀ ਗੱਲ ਨਹੀਂ ਲੱਗਦੀ ਕਿਉਂਕਿ ਜੇਕਰ ਉਸ ਨੇ ਕਲਪਨਾ ਦਾ ਤੱਤ ਪਾਇਆ ਹੈ ਤਾਂ ਉਹ ਸੱਚ ਦੇ ਪਿੱਛੇ ਛੁਪਿਆ ਯਥਾਰਥ ਬਣ ਗਿਆ ਹੈ। ਹਰ ਸਮਾਜ ਵਿੱਚ ਕੁਝ ਕੁ ਵਿਕਾਰ ਹੁੰਦੇ ਹਨ ਜੋ ਸਮਾਜ ਨੂੰ ਗੰਦਲਾ ਕਰਨ ਦੀ ਨਾਕਾਮ ਕੋਸ਼ਿਸ਼ ਕਰਦੇ ਹਨ। ਸਮਾਜਕ ਕਦਰਾਂ-ਕੀਮਤਾਂ ਦੀਆਂ ਧੱਜੀਆਂ ਉਡਾਉਣ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਨੂੰ ਅਸੀਂ ਭੁੱਲਰ ਦੀਆਂ ਕਹਾਣੀਆਂ ਵਿੱਚ ਦੇਖ ਸਕਦੇ ਹਾਂ। ਸਮਾਜ ਦੇ ਸਭ ਤੋਂ ਖ਼ੂਬਸੂਰਤ ਰਿਸ਼ਤਿਆਂ ਵਿਚੋਂ ਖ਼ੂਬਸੂਰਤ ਰਿਸ਼ਤਾ ਹੁੰਦਾ ਹੈ ਪਿਉ ਤੇ ਧੀ ਦਾ। ਭੁੱਲਰ ਨੇ ਇਸ ਪਿਆਰੇ ਰਿਸ਼ਤੇ ਨੂੰ ਆਪਣੀ ਇੱਕ ਕਹਾਣੀ 'ਠੱਗੀ' ਰਾਹੀਂ ਪੇਸ਼ ਕੀਤਾ ਹੈ। ਜਿਸ ਵਿੱਚ

ਇੱਕ ਬਾਪ ਵਲੋਂ ਧੀ ਲਈ ਵਧੀਆ ਰਿਸ਼ਤਾ ਲੱਭਿਆ ਜਾਂਦਾ ਹੈ ਬਹੁਤ ਸਾਰੀਆਂ ਕੋਸ਼ਿਸ਼ਾਂ ਦੇ ਬਾਅਦ ਇੱਕ ਰਿਸ਼ਤਾ ਲੱਭਦਾ ਹੈ, ਉਸ ਰਿਸ਼ਤੇ ਦੇ ਹੋ ਜਾਣ ਤੋਂ ਬਾਅਦ ਪਿਉ ਨੂੰ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦੁਆਰਾ ਲੱਭਿਆ ਇਹ ਰਿਸ਼ਤਾ, ਰਿਸ਼ਤਾ ਨਹੀਂ ਅਸਲ ਵਿੱਚ ਉਨ੍ਹਾਂ ਨਾਲ ਠੱਗੀ ਵੱਜੀ ਹੈ। ਸਮਾਜ ਵਿੱਚ ਵੱਸਦੇ ਉਸਦੇ ਆਪਣੇ ਹੀ ਦੋਸਤ ਵਲੋਂ ਉਸ ਦੀ ਧੀ ਲਈ ਅਜਿਹਾ ਰਿਸ਼ਤਾ ਲੱਭਣ ਤੇ ਉਸ ਦੇ ਮਨ ਦੀਆਂ ਸਾਰੀਆਂ ਤੰਦਾਂ ਟੁੱਟ ਜਾਂਦੀਆਂ ਹਨ। ਵੈਸੇ ਤਾਂ ਸਮਾਜ ਵਿੱਚ ਹਰ ਬਾਪ ਲਈ ਆਪਣੀ ਧੀ ਸਿਰ ਦਾ ਤਾਜ ਹੁੰਦੀ ਹੈ। ਇਸ ਕਹਾਣੀ ਦੀਆਂ ਸਤਰਾਂ ਪੜਨ ਤੇ ਪਤਾ ਲੱਗਦਾ ਹੈ ਕਿ ਇਸ ਕਹਾਣੀ ਵਿਚਲਾ ਬਾਪ ਆਪਣੀ ਧੀ ਲਈ ਕਿਵੇਂ ਦਿਨ ਰਾਤ ਯੋਗ ਵਰ ਲੱਭਣ ਦੀ ਕੋਸ਼ਿਸ਼ ਕਰਦਾ ਹੈ।

ਇਸ ਕਹਾਣੀ ਵਿੱਚ ਸਰਦਾਰ ਲੱਖਾ ਸਿੰਘ ਨਾਲ ਉਸਦੇ ਦੋਸਤ ਨੇ ਯਾਰ ਮਾਰ ਕੀਤੀ ਹੈ। ਜਿਸ ਉੱਪਰ ਉਸ ਨੂੰ ਬਹੁਤ ਜ਼ਿਆਦਾ ਮਾਣ ਸੀ। ਉਸਦੇ ਦੋਸਤ ਵਲੋਂ ਜਦੋਂ ਉਸ ਦੀ ਧੀ ਦਾ ਰਿਸ਼ਤਾ ਕਰਨ ਦੀ ਗੱਲ ਤੋਰੀ ਗਈ ਤਾਂ ਸਰਦਾਰ ਲੱਖਾ ਸਿੰਘ ਨੂੰ ਆਪਣੇ ਦੋਸਤ ਉੱਪਰ ਜ਼ਰਾ ਵੀ ਸ਼ੱਕ ਨਾ ਹੋਇਆ। ਇਸ ਕਹਾਣੀ ਵਿੱਚ ਦੋਸਤੀ ਵਿੱਚ ਬਣੀ ਤਰੇੜ ਨੂੰ ਬਿਆਨ ਕੀਤਾ ਗਿਆ ਹੈ। ਸਰਦਾਰ ਲੱਖਾ ਸਿੰਘ ਨੂੰ ਜਦੋਂ ਸਾਰੀ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਉਸ ਨੂੰ ਆਪਣੇ ਦੋਸਤ ਦੀ ਯਾਰੀ ਫਿੱਕੀ ਪੈ ਗਈ ਲੱਗਦੀ ਹੈ। ਇਸ ਕਹਾਣੀ ਦੇ ਜ਼ਰੀਏ ਭੁੱਲਰ ਨੇ ਸਾਨੂੰ ਤਿੜਕਦੇ ਸਮਾਜਕ ਆਦਰਸ਼ਾ ਬਾਰੇ ਦੱਸਿਆ ਹੈ।

“ਸਰਦਾਰ ਲੱਖਾ ਸਿੰਘ ਬੀਬਾ ਨੂੰ ਬਹੁਤ ਪਿਆਰ ਕਰਦੇ ਸਨ। ਏਨਾ ਪਿਆਰ ਕਿ ਉਸਦੀ ਕੋਈ ਸੀਮਾ ਨਹੀਂ ਸੀ। ਮਾਪਿਆ ਨੂੰ ਸਭ ਬੱਚੇ ਇੱਕੋ ਜਿੰਨੇ ਪਿਆਰੇ ਹੋਣ ਦੀ ਕਹਾਵਤ ਉਹ ਝੂਠੀ ਪਾ ਦਿੰਦੇ। ਖੋਟ ਉਨਾਂ ਦੇ ਕਿਸੇ ਧੀ ਪੁੱਤਰ ਵਿੱਚ ਨਹੀਂ ਸੀ, ਪਰ ਬੀਬਾ ਉਹਨਾਂ ਨੂੰ ਸਭ ਤੋਂ ਵੱਖਰੀ ਲੱਗਦੀ। ਉਹਨੂੰ ਦੇਖਦੇ ਤਾਂ ਸਰਦਾਰ ਲੱਖਾ ਸਿੰਘ ਦੀਆਂ ਅੱਖਾਂ ਝੁਕ ਜਾਂਦੀਆਂ। ਕੌਣ ਬਾਪ ਕਦੇ ਧੀ ਦੀ ਜਵਾਨੀ ਵੱਲ ਸਿੱਧਾ ਦੇਖ ਸਕਿਆ ਹੈ। ਉਹ ਜਿਵੇਂ ਚੰਨਣ ਦੀ ਗੇਲੀ ਵਿੱਚੋਂ ਤਰਾਸ਼ੀ ਗਈ ਹੋਵੇ। ਉਹਦਾ ਸਾਊ ਸੁਭਾਅ ਵੀ ਚੰਨਣ ਵਾਂਗ ਹੀ ਸੁਗੰਧੀਆਂ ਛੱਡਦਾ। ਇੱਕ ਪਲ ਉਹ ਚਾਹੁੰਦੇ, ਅਜਿਹੀ ਧੀ ਨੂੰ ਉਹ ਆਪਣੇ ਘਰ ਦੀ ਸਿੱਪੀ ਵਿੱਚ ਸਾਂਭ ਰੱਖਣ, ਪਰ ਦੂਜੇ ਪਲ ਹੀ ਆਪਣੇ ਆਪ ਉੱਤੇ ਹੱਸ ਪੈਂਦੇ। ਬੀਬਾ ਨੇ ਬੀ.ਏ. ਕਰ ਲਈ ਸੀ। ਚੱਜ ਆਚਾਰ ਸਿੱਖਣ ਲਈ ਏਨਾ ਕਾਫੀ ਸੀ। ਉਹਨਾਂ ਦੀ ਧੀ ਨੇ ਕਿਹੜਾ ਆਮ ਘਰਾਂ ਦੀਆਂ ਕੁੜੀਆਂ ਵਾਂਗ ਨੌਕਰੀ ਕਰਨੀ ਸੀ। ਰਾਜੇ ਘਰ ਦੀ ਜਾਈ, ਇਹਨੇ ਕਿਸੇ ਰਾਜੇ ਘਰ ਦੇ ਵਿਹੜੇ ਦਾ ਹੀ ਸੁਭਾਗ ਬਣਨਾ ਸੀ। ਹੁਣ ਇਹ ਮੋਤੀ ਘਰ ਦੀ ਸਿੱਪੀ ਵਿੱਚ ਸਾਂਭਿਆ ਨਹੀਂ ਸੀ ਸੋਭਦਾ।”[29]

ਇਸ ਪ੍ਰਕਾਰ ਬੀਬਾ ਨੇ ਸਾਰੇ ਘਰ ਨੂੰ ਮਣਕਿਆ ਵਿੱਚ ਪਰੋ ਕੇ ਰੱਖਿਆ ਹੋਇਆ ਸੀ। ਸਮਾਜ ਵਿੱਚ ਜੇਕਰ ਕਿਸੇ ਵੀ ਪ੍ਰਕਾਰ ਦੀ ਕੋਈ ਮੁਸੀਬਤ ਆਉਂਦੀ ਹੈ ਤਾਂ ਨਾਰੀ ਸਭ ਤੋਂ ਅੱਗੇ ਆਉਂਦੀ ਹੈ। ਬੀਬਾ ਇਸ ਗੱਲ ਦੀ ਵਧੀਆ ਉਦਾਹਰਣ ਸਾਬਿਤ ਹੁੰਦੀ ਹੈ। ਸਮਾਜ ਦੇ ਰਿਸ਼ਤੇ ਟੁੱਟਣ ਪਿੱਛੇ ਬਹੁਤ ਸਾਰੇ ਕਾਰਨਾਂ ਪਿੱਛੇ ਇੱਕ ਇਹ ਵੀ ਕਾਰਨ ਹੈ ਜਦੋਂ ਅਸੀਂ ਕਿਸੇ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਸਾਨੂੰ ਕਦੀ ਵੀ ਕਿਸੇ ਦਾ ਵਿਸ਼ਵਾਸ ਨਹੀਂ ਤੋੜਨਾ ਚਾਹੀਦਾ। ਰਿਸ਼ਤਿਆਂ ਨੂੰ ਜੇਕਰ ਮਜ਼ਬੂਤ ਕਰਨਾ ਹੈ ਤਾਂ ਸਾਨੂੰ ਵਿਸ਼ਵਾਸ ਨਾਂ ਦੀ ਜੋ ਕੰਧ ਬਣ ਜਾਂਦੀ ਹੈ ਉਸ ਨੂੰ ਸੱਚ ਦੀ ਪਰਤ ਨਾਲ ਹਰ ਮੌਸਮ ਵਿੱਚ ਬਚਾ ਕੇ ਰੱਖਣਾ ਚਾਹੀਦਾ ਹੈ। ਸਰਦਾਰ ਲੱਖਾ ਸਿੰਘ ਅਤੇ ਉਨ੍ਹਾਂ ਦੀ ਦੋਸਤੀ ਦੇ ਵਿਚਕਾਰ ਵੀ ਧੋਖੇ ਦੀ ਦੀਵਾਰ ਬਣਨ ਨਾਲ ਸਰਦਾਰ ਦੇ ਪਰਿਵਾਰ ਦੇ ਸਾਰੇ ਸੁਫਨੇ ਚੂਰ-ਚੂਰ ਹੋ ਜਾਂਦੇ ਹਨ।

ਰਿਸ਼ਤੇ ਭਾਵੇਂ ਸਾਡੀ ਜ਼ਿੰਦਗੀ ਵਿੱਚ ਘੱਟ ਹੀ ਹੋਣ ਪ੍ਰੰਤੂ ਉਨ੍ਹਾਂ ਦੇ ਮਜ਼ਬੂਤ ਰਹਿਣ ਵਿੱਚ ਇਮਾਨਦਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਵਿਸ਼ਵਾਸ ਇੱਕ ਵਾਰ ਟੁੱਟ ਜਾਵੇ ਤਾਂ ਦੁਬਾਰਾ ਨਹੀਂ ਜੁੜਦਾ। ਇਸ ਲਈ ਇਨ੍ਹਾਂ ਜ਼ਿੰਦਗੀ ਦੇ ਨਾਜ਼ੁਕ ਰਿਸ਼ਤਿਆਂ ਦੀ ਸੰਭਾਲ ਬੜੀ ਸੁਹਜਤਾ ਨਾਲ ਕਰਨੀ ਪੈਂਦੀ ਹੈ। ਗੁਰਬਚਨ ਸਿੰਘ ਭੁੱਲਰ ਨੇ ਸਮਾਜ ਨੂੰ ਇਹੀ ਸੁਨੇਹਾ ਆਪਣੀਆਂ ਕਹਾਣੀਆਂ ਦੇ ਰਾਹੀਂ ਦਿੱਤਾ ਹੈ ਕਿ ਹਰ ਮਨੁੱਖ ਦਾ ਇਹ ਪਰਮ ਕਰਤੱਵ ਬਣਦਾ ਹੈ ਕਿ ਇੱਕ ਇਨਸਾਨੀਅਤ ਹੋਣ ਦੇ ਨਾਤੇ ਸਾਨੂੰ ਇੱਕ ਦੂਜੇ ਦਾ ਦਿਲ ਨਹੀਂ ਦੁਖਾਉਣਾ ਚਾਹੀਦਾ। ਰਿਸ਼ਤਿਆਂ ਦੀ ਡੋਰ ਦਾ ਕੱਚੀ ਜਾਂ ਪੱਕੀ ਹੋਣਾ ਸਾਡੇ ਵਿਵਹਾਰ ਤੇ ਨਿਰਭਰ ਕਰਦਾ ਹੈ। ਅਸੀਂ ਜਿਹੋ ਜਿਹਾ ਵਿਵਹਾਰ ਇੱਕ ਦੂਜੇ ਨਾਲ ਕਰਾਂਗੇ ਵਾਪਿਸ ਸਾਨੂੰ ਉਹੋ ਜਿਹੀ ਹੀ ਆਸ ਰੱਖਣੀ ਚਾਹੀਦੀ ਹੈ।

"ਅੱਜ ਸੋਨ-ਕਟੋਰੇ ਦੀ ਹੀ ਦੱਸ ਪਾਉਣ ਆਇਆ ਹਾਂ, ਸਰਦਾਰ ਜੀ", ਪੰਡਿਤ ਜੀ ਨੇ ਥੋੜ੍ਹਾ ਹੋਰ ਅੱਗੇ ਨੂੰ ਹੋ ਕੇ ਆਪਣੇ ਆਉਣ ਦਾ ਮਨੋਰਥ ਦੱਸ ਦਿੱਤਾ। "ਏਸ ਬ੍ਰਹਮਣ ਪੁੱਤਰ ਲਈ ਸਾਰੀ ਉਮਰ ਮਿੱਠੇ ਬੋਲਿਆ ਕਰੋਂਗੇ ਤੇ ਕੰਨਿਆ ਦੇ ਭਾਗ ਦੇਖ ਕੇ ਧਰਤੀ ਨਮਸਕਾਰਿਆ ਕਰੋਂਗੇ।"[30]

ਇਸ ਪ੍ਰਕਾਰ ਸਰਦਾਰ ਲੱਖਾ ਸਿੰਘ ਨੂੰ ਆਪਣੇ ਦੋਸਤ ਦੀਆਂ ਗੱਲਾਂ ਦਾ ਯਕੀਨ ਹੋ ਜਾਂਦਾ ਹੈ ਤੇ ਆਪਣੀ ਧੀ ਦਾ ਰਿਸ਼ਤਾ ਤੈਅ ਕਰ ਦਿੰਦਾ ਹੈ। ਉਸ ਦਾ ਵਿਸ਼ਵਾਸ ਕੁਝ ਹੀ ਦਿਨਾਂ ਵਿੱਚ ਟੁੱਟ ਜਾਂਦਾ ਹੈ। ਜਦੋਂ ਉਸਦਾ ਦਾਮਾਦ ਉਸ ਦੀਆਂ ਤਿੰਨਾਂ ਪੀੜੀਆਂ ਵਲੋਂ ਬਣਾਈ ਇੱਜ਼ਤ ਤੇ ਹਾਸਾ ਮਖੌਲ ਕਰਨ ਲੱਗ ਪੈਂਦਾ ਹੈ।

"ਪੌੜੀਆਂ ਉਤਰਦੇ ਹੋਏ ਉਹ ਸੋਚ ਰਹੇ ਸਨ ਕਿ ਪੰਡਿਤ ਹਰੀ ਕਿਸ਼ਨ ਦੀਆਂ ਦੱਸੀਆਂ ਸਭ ਗੱਲਾਂ ਤਾਂ ਸੋਲਾਂ ਆਨੇ ਸੱਚੀਆਂ ਨਿਕਲੀਆਂ ਹਨ। ਅਜਿਹਾ ਜੁਆਈ ਦੀਵਾ ਫੜਿਆਂ ਨਹੀਂ ਲੱਭਦਾ। ਘਰ ਪਰਿਵਾਰ ਤੇ ਜ਼ਮੀਨ ਜਾਇਦਾਦ ਵਿੱਚ ਵੀ ਕੋਈ ਕਸਰ ਨਹੀਂ ਤੇ ਬੀਬਾ ਨੂੰ ਵੀ ਹੱਥੀਂ ਛਾਵਾਂ ਹੁੰਦੀਆਂ ਹਨ। ਫੇਰ ਵੀ ਉਹਨਾਂ ਨਾਲ ਕਿਤੇ ਨਾ ਕਿਤੇ ਠੱਗੀ ਵੱਜ ਹੀ ਗਈ ਸੀ।"[31]

ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਇਸ ਕਹਾਣੀ ਰਾਹੀਂ ਸਾਨੂੰ ਸਮਾਜ ਦੇ ਤਿੜਕ ਰਹੇ ਰਿਸ਼ਤਿਆਂ ਦੀ ਝਾਕੀ ਦਿਖਾਈ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਬਣ ਰਹੀਆਂ ਦਰਾੜਾਂ ਪਿਛਲੇ ਕਾਰਨਾਂ ਤੋਂ ਵੀ ਸਾਨੂੰ ਰੂਬਰੂ ਕਰਵਾਇਆ ਹੈ। ਉਸ ਨੇ ਆਪਣੀਆਂ ਕਹਾਣੀਆਂ ਦੇ ਪਾਤਰਾਂ ਕੋਲੋਂ ਅਜਿਹੀ ਵਾਰਤਾਲਾਪ ਕਰਵਾਈ ਹੈ ਜੋ ਕਿ ਇੱਕ-ਇੱਕ ਰਿਸ਼ਤੇ ਦੀ ਤਹਿ ਨੂੰ ਸਾਡੇ ਸਾਹਮਣੇ ਡੂੰਘਾਈ ਤੱਕ ਫਰੋਲਣ ਵਿੱਚ ਸਫ਼ਲ ਹੋਏ ਹਨ। ਗੁਰਬਚਨ ਸਿੰਘ ਭੁੱਲਰ ਦੀ ਨਿਵੇਕਲੀ ਪਛਾਣ ਉਸ ਦੁਆਰਾ ਚੁਣੇ ਗਏ ਵਿਸ਼ੇ ਹੀ ਨਹੀਂ ਬਣੇ ਸਗੋਂ ਉਸ ਦੀ ਰੂਪ-ਦ੍ਰਿਸ਼ਟੀ ਅਤੇ ਜੀਵਨ ਦ੍ਰਿਸ਼ਟੀ ਨੇ ਵੀ ਉਸਦੇ ਕਹਾਣੀਕਾਰ ਨਿਵੇਕਲੇ ਨਕਸ਼ ਸਿਰਜਣ ਵਿੱਚ ਆਪਣਾ ਕਿਰਦਾਰ ਅਦਾ ਕੀਤਾ ਹੈ। ਪੇਂਡੂ ਜੀਵਨ ਅਤੇ ਖ਼ਾਸਕਾਰ ਮਾਲਵਾ ਖੇਤਰ ਦੇ ਕਿਰਸਾਣੀ ਸਮਾਜ-ਸਭਿਆਚਾਰ ਅਤੇ ਜੀਵਨ ਦੀਆਂ ਦਿਸਦੀਆਂ ਅਣਦਿਸਦੀਆਂ ਪਰਤਾਂ ਉੱਪਰ ਉਸ ਦੀ ਪਕੜ ਬਹੁਤ ਮਜ਼ਬੂਤ ਹੈ। ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਹਰ ਰੰਗ ਦੀ ਪੇਸ਼ਕਾਰੀ ਦੇ ਨਾਲ-ਨਾਲ ਸਮਾਜ ਦੀਆਂ ਚੱਲ ਰਹੀਆਂ ਸਮੱਸਿਆਵਾਂ ਨਾਲ ਵੀ ਸਾਨੂੰ ਰੂਬਰੂ ਕਰਵਾਇਆ ਹੈ।

ਸਮਾਜ ਦੇ ਰਿਸ਼ਤਿਆਂ ਦੇ ਟੁੱਟਣ ਦੇ ਕਾਰਨਾਂ ਦੇ ਨਾਲ-ਨਾਲ ਉਨ੍ਹਾਂ ਤੋਂ ਨਿਜ਼ਾਤ ਪਾਉਣ ਦੇ ਤਰੀਕੇ ਵੀ ਸਾਨੂੰ ਉਸ ਦੀਆਂ ਕਹਾਣੀਆਂ ਵਿਚੋਂ ਆਸਾਨੀ ਨਾਲ ਮਿਲ ਜਾਂਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਗੁਰਬਚਨ ਸਿੰਘ ਭੁੱਲਰ, ਅਗਨੀ ਕਲਸ, ਪੰਨਾ-9

2. ਉਹੀ ਪੰਨਾ-95
3. ਉਹੀ ਪੰਨਾ-122
4. ਗੁਰਬਚਨ ਸਿੰਘ ਭੁੱਲਰ, ਓਪਰਾ ਮਰਦ, ਪੰਨਾ-27
5. ਉਹੀ ਪੰਨਾ-27
6. ਉਹੀ ਪੰਨਾ-84
7. ਉਹੀ ਪੰਨਾ-86
8. ਉਹੀ ਪੰਨਾ-49
9. ਗੁਰਬਚਨ ਸਿੰਘ ਭੁੱਲਰ, ਮੈਂ ਗਜ਼ਨਵੀ ਨਹੀਂ, ਪੰਨਾ-39
10. ਉਹੀ ਪੰਨਾ-44
11. ਗੁਰਬਚਨ ਸਿੰਘ ਭੁੱਲਰ, ਓਪਰਾ ਮਰਦ, ਪੰਨਾ-12
12. ਉਹੀ ਪੰਨਾ-12
13. ਗੁਰਬਚਨ ਸਿੰਘ ਭੁੱਲਰ, ਮੈਂ ਗਜ਼ਨਵੀ ਨਹੀਂ, ਪੰਨਾ-127
14. ਗੁਰਬਚਨ ਸਿੰਘ ਭੁੱਲਰ, ਅਗਨੀ-ਕਲਸ, ਪੰਨਾ-10
15. ਉਹੀ ਪੰਨਾ-15
16. ਜਗਦੀਸ਼ ਕੌਸਲ, ਦੀਵੇ ਵਾਂਗ ਬਲਦੀ ਅੱਖ, ਇੱਕ ਬਹੁ-ਪੱਖੀ ਅਧਿਐਨ, ਪੰਨਾ-154
17. ਉਹੀ ਪੰਨਾ-123
18. ਉਹੀ ਪੰਨਾ 47
19. ਗੁਰਬਚਨ ਸਿੰਘ ਭੁੱਲਰ ਦੀਵੇ ਵਾਂਗ ਬਲਦੀ ਅੱਖ,
20. ਗੁਰਬਚਨ ਸਿੰਘ ਭੁੱਲਰ, ਜਨਣੀ ਜਣੈ ਤਾਂ, ਪੰਨਾ 34
21. ਉਹੀ ਪੰਨਾ 35
22. ਉਹੀ ਪੰਨਾ 38
23. ਉਹੀ ਪੰਨਾ 12
24. ਉਹੀ ਪੰਨਾ 14
25. ਜਗਦੀਸ਼ ਕੌਸਲ, ਦੀਵੇ ਵਾਂਗ ਬਲਦੀ ਅੱਖ, ਇੱਕ ਬਹੁ-ਪੱਖੀ ਅਧਿਐਨ, ਪੰਨਾ 141
26. ਗੁਰਬਚਨ ਸਿੰਘ ਭੁੱਲਰ, ਦੀਵੇ ਵਾਂਗ ਬਲਦੀ ਅੱਖ, ਪੰਨਾ 139
27. ਉਹੀ ਪੰਨਾ 142
28. ਜਗਦੀਸ਼ ਕੌਸ਼ਲ, ਦੀਵੇ ਵਾਂਗ ਬਲਦੀ ਅੱਖ, ਇੱਕ ਬਹੁ-ਪੱਖੀ ਅਧਿਐਨ, ਪੰਨਾ 139
29. ਗੁਰਬਚਨ ਸਿੰਘ ਭੁੱਲਰ, ਜਨਣੀ ਜਣੈ ਤਾਂ, ਪੰਨਾ 100
30. ਉਹੀ ਪੰਨਾ 102
31. ਉਹੀ ਪੰਨਾ 108

# ਅਧਿਆਇ ਤੀਜਾ

## ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਆਰਥਕ ਪਰਿਪੇਖ

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਉਸਨੇ ਸਮਾਜ ਦੇ ਆਰਥਕ ਪੱਖ ਦੀ ਝਲਕ ਨੂੰ ਵੀ ਬਿਆਨਿਆ ਹੈ। ਸਮਾਜ-ਸ਼ਾਸਤਰ ਦੇ ਕਿਸੇ ਵੀ ਪੱਖ ਨੂੰ ਉਸਨੇ ਆਪਣੀਆਂ ਅੱਖਾਂ ਤੋਂ ਓਝਲ ਨਹੀਂ ਕੀਤਾ। ਆਰਥਕ ਪੱਖ ਸਮਾਜ ਦਾ ਅਹਿਮ ਪੱਖ ਹੁੰਦਾ ਹੈ ਜਿਸ ਦੇ ਸਿਰ ਤੇ ਸਮਾਜ ਦੀ ਸਾਰੀ ਅਰਥ-ਵਿਵਸਥਾ ਟਿਕੀ ਹੁੰਦੀ ਹੈ। ਭੁੱਲਰ ਨੇ ਇਸ ਪੱਖ ਰਾਹੀਂ ਸਮਾਜ ਦੀ ਵਿਵਸਥਾ ਦਾ ਵੀ ਵਰਣਨ ਕੀਤਾ ਹੈ। ਸਮੇਂ ਦੇ ਬਦਲਣ ਨਾਲ ਇਸ ਉੱਪਰ ਕੀ ਪ੍ਰਭਾਵ ਪੈਂਦਾ ਹੈ ਉਸ ਬਾਰੇ ਵੀ ਉਸ ਦੀਆਂ ਕਹਾਣੀਆਂ ਵਿਚ ਸਾਨੂੰ ਕਾਫੀ ਕੁਝ ਦੇਖਣ ਅਤੇ ਸਿੱਖਣ ਨੂੰ ਮਿਲਦਾ ਹੈ। ਜੇਕਰ ਸਮਾਜ ਦੇ ਇਸ ਮਹੱਤਵਪੂਰਨ ਪਹਿਲੂ ਵਿੱਚ ਕਿਸੇ ਤਰਾਂ ਦੀ ਗਿਰਾਵਟ ਆ ਜਾਂਦੀ ਹੈ ਤਾਂ ਸਾਰਾ ਸਮਾਜ ਡੋਲ ਜਾਂਦਾ ਹੈ। ਸਮਾਜਕ ਵਰਤਾਰਾ ਹਿੱਲ ਜਾਂਦਾ ਹੈ। ਹਰ ਸਾਹਿਤਕਾਰ ਨੇ ਇਸ ਪੱਖ ਨੂੰ ਵੱਧ ਤੋਂ ਵੱਧ ਆਪਣੀਆਂ ਰਚਨਾਵਾਂ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਸਮਾਜ ਦਾ ਆਰਥਕ ਪੱਖ ਮਜ਼ਬੂਤ ਨਾ ਹੋਵੇ ਤਾਂ ਸਮਾਜ ਦੇ ਰਿਸ਼ਤਿਆਂ ਵਿੱਚ ਵੀ ਕੜਵਾਹਟ ਪੈਦਾ ਹੋਣ ਲੱਗ ਪੈਂਦੀ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਹਨ ਜਿਨਾਂ ਨਾਲ ਸਾਨੂੰ ਇਸ ਪ੍ਰਕਾਰ ਦੀਆਂ ਮੁਸ਼ਕਿਲਾਂ ਵਿਚੋਂ ਨਿਕਲਣ ਵਿੱਚ ਮੱਦਦ ਮਿਲਦੀ ਹੈ। ਗੁਰਬਚਨ ਸਿੰਘ ਭੁੱਲਰ ਕਹਾਣੀ ਜਗਤ ਦਾ ਬਹੁ-ਚਰਚਿਤ ਲੇਖਕ ਹੈ। ਉਸ ਨੇ ਸਭ ਤੋਂ ਪਹਿਲਾਂ ਇੱਕ ਕਵੀ ਦੇ ਤੌਰ ਤੇ ਪੰਜਾਬੀ ਸਾਹਿਤ ਜਗਤ ਵਿੱਚ ਪ੍ਰਵੇਸ਼ ਕੀਤਾ। ਇਸ ਤੋਂ ਬਾਅਦ ਉਹ ਇੱਕ ਕਹਾਣੀਕਾਰ ਦੇ ਤੌਰ ਤੇ ਸਥਾਪਿਤ ਹੋਇਆ। ਭੁੱਲਰ ਨੇ ਆਪਣੀਆਂ ਕਹਾਣੀਆਂ ਦੇ ਵਿਸ਼ੇ ਆਮ ਕਰਕੇ ਪੰਜਾਬ ਦੀ ਸਮਾਜਕ, ਆਰਥਕ, ਰਾਜਨੀਤਕ ਅਤੇ ਸਭਿਆਚਾਰ ਵਿਚੋਂ ਲਏ ਹਨ। ਕੁਝ ਕਹਾਣੀਆਂ ਰਾਹੀਂ ਉਹ ਪੇਂਡੂ ਕਿਸਾਨੀ ਜੀਵਨ, ਕਿਸਾਨਾਂ ਦੀਆਂ ਮੁਸ਼ਕਿਲਾਂ, ਜ਼ਮੀਨ ਦੀ ਪ੍ਰਾਪਤੀ ਲਈ ਕੀਤੇ ਚੰਗੇ ਮਾੜੇ ਯਤਨਾਂ ਅਤੇ ਲਾਲਸਾ ਵੱਸ ਕੀਤੇ ਕੁਕਰਮਾਂ ਨੂੰ ਚਿਤਰਦਾ ਹੈ। ਪੀੜ੍ਹੀ-ਦਰ-ਪੀੜ੍ਹੀ ਘੱਟ ਹੁੰਦੀ ਜਾ ਰਹੀ ਜ਼ਮੀਨ ਦੇ ਸਨਮੁਖ ਇੱਕ ਭਰਾ ਦੇ ਛੜਾ ਰਹਿ ਜਾਣ ਵਾਲੀ ਕਲਾਸਕੀ ਸਮੱਸਿਆ ਨੂੰ ਛੋਂਹਦੀ ਕਹਾਣੀ 'ਦੀਵੇ ਵਾਂਗ ਬਲਦੀ ਅੱਖ' ਬੜੇ ਹੀ ਸਜੀਵ ਢੰਗ ਨਾਲ ਪੇਂਡੂ ਜੀਵਨ ਦੇ ਮਰਮ ਤੱਕ ਪੁੱਜਦੀ ਹੈ।

ਜ਼ਮੀਨ ਵਾਲੇ ਲੋਕਾਂ ਕੋਲ ਆਪਣੇ ਜੀਵਨ ਦਾ ਨਿਰਬਾਹ ਕਰਨ ਲਈ ਬਸ ਜ਼ਮੀਨ ਦਾ ਥੋੜਾ ਕੁ ਹਿੱਸਾ ਹੁੰਦਾ ਹੈ। ਜਿਸ ਦੇ ਸਿਰ ਤੇ ਉਨ੍ਹਾਂ ਨੇ ਆਪਣੇ ਜੀਵਨ ਦੇ ਸਾਰੇ ਕਾਰ-ਵਿਹਾਰ ਕਰਨੇ ਹੁੰਦੇ ਹਨ। ਉਹ ਕਿਸਾਨ ਉਸੇ ਜ਼ਮੀਨ ਵਿੱਚ ਆਪਣਾ ਖ਼ੂਨ ਪਸੀਨਾ ਵਹਾਉਂਦਾ ਹੈ। ਆਪਣੀ ਮਿਹਨਤ ਨਾਲ ਦਿਨ ਰਾਤ ਇੱਕ ਕਰ ਦਿੰਦਾ ਹੈ। ਇਸ ਪ੍ਰਕਾਰ ਉਹ ਕਿਸਾਨ ਬਹੁਤ ਹੀ ਮੁਸ਼ਕਿਲਾਂ ਭਰਿਆ ਜੀਵਨ ਜੀਉਂਦਾ ਹੈ।

"ਯਥਾਰਥਵਾਦੀ ਪ੍ਰਵਿਰਤੀ ਨੇ ਲੇਖਕਾਂ ਨੂੰ ਇਹ ਸੋਝੀ ਦਿੱਤੀ ਹੈ ਕਿ ਪਿੰਡ ਅਤੇ ਸ਼ਹਿਰ ਵਿੱਚ ਨਜ਼ਰ ਆਉਂਦਾ ਹਰ ਵਿਅਕਤੀ ਪਾਤਰ ਹੈ। ਉਸ ਦੇ ਨਿੱਤ ਦੇ ਜੀਵਨ ਵਿੱਚ ਜੋ ਕੁਝ ਵਾਪਰਦਾ ਹੈ, ਉਸ ਵਿਚੋਂ ਬਹੁਤ ਕੁਝ ਨਾਵਲ ਅਤੇ ਕਹਾਣੀ ਦੀ ਵਸਤੂ-ਸਮੱਗਰੀ ਬਣਨ ਦੇ ਯੋਗ ਹੈ। ਲੋੜ ਸਿਰਫ ਤਿੰਨ ਗੱਲਾਂ ਦੀ ਹੈ। ਪਹਿਲੀ ਲੇਖਕ ਕੋਲ ਸਾਹਿਤ ਵਿੱਚ ਪੇਸ਼ ਕਰਨ ਦੇ ਯੋਗ ਘਟਨਾ ਦੇਖ ਲੈਣ ਵਾਲੀ ਅੱਖ ਹੋਵੇ। ਦੂਜੀ, ਲੇਖਕ ਬੁੱਧੀਮਾਨ ਹੋਵੇ-ਖ਼ਾਸ ਤੌਰ ਤੇ ਕਹਾਣੀਕਾਰ। ਮੰਦ ਬੁੱਧ ਵਿਅਕਤੀ ਚੰਗਾ ਕਹਾਣੀਕਾਰ ਨਹੀਂ ਬਣ ਸਕਦਾ। ਤੀਜੇ, ਲੇਖਕ ਘਟਨਾ ਨੂੰ ਕਹਾਣੀ ਵਿੱਚ ਢਾਲਣ ਵਾਲੀ ਮੁਨਾਸਿਬ ਵਿਧੀ ਜਾਣਦਾ ਹੋਵੇ।"[1]

ਇਸ ਪ੍ਰਕਾਰ ਭੁੱਲਰ ਨੇ ਆਪਣੀਆਂ ਕਹਾਣੀਆਂ ਵਿਚੋਂ ਜਿੰਨੇ ਵੀ ਪਾਤਰ ਲਏ ਹਨ ਉਨਾਂ ਦਾ ਸਾਡੇ ਸਮਾਜ ਨਾਲ ਕਿਤੇ ਨਾ ਕਿਤੇ ਨਾਤਾ ਜਰੂਰ ਜੁੜਿਆ ਹੋਇਆ ਹੈ। ਉਹ ਸਭ ਤੋਂ ਸਫ਼ਲ ਉਨ੍ਹਾਂ ਕਹਾਣੀਆਂ ਵਿੱਚ ਹੋਇਆ ਹੈ ਜਿੱਥੇ ਉਹ ਸੱਚ ਨੂੰ ਪਾਤਰ ਦੀ ਸਧਾਰਨਤਾ ਦੇ ਓਹਲੇ ਛੁਪੀ ਅਸਧਾਰਨਤਾ ਵਿੱਚੋਂ ਲੱਭ ਲੈਂਦਾ ਹੈ। ਗੁਰਬਚਨ ਸਿੰਘ ਭੁੱਲਰ ਅੱਜ ਦੇ ਸਮੇਂ ਦਾ ਇੱਕ ਸਿਰਕੱਢ ਕਹਾਣੀਕਾਰ ਹੋ ਨਿਬੜਦਾ ਹੈ।

"ਕਰਤਾਰ ਸਿੰਘ ਦੁੱਗਲ ਨੇ 'ਦਿ ਸੰਡੇ ਟ੍ਰਿਬਿਊਨ' ਵਿੱਚ 'ਪੰਜਾਬੀ ਕਹਾਣੀ ਦੇ ਨਵੇਂ ਹਸਤਾਖ਼ਰ' ਸਿਰਲੇਖ ਹੇਠ ਲਿਖਿਆ, "ਸਾਡਾ ਯੁੱਗ ਕਹਾਣੀ ਦਾ ਯੁੱਗ ਹੈ।... ਇਹ ਕਹਾਣੀ ਹੀ ਹੈ ਜੋ ਆਧੁਨਿਕ ਮਨੁੱਖ ਦੇ ਪਾਸਾਰੇ ਨੂੰ ਸਰਬੋਤਮ ਰੂਪ ਵਿੱਚ ਚਿਤਰਦੀ ਹੈ। ਇਹ ਕਵਿਤਾ ਜਿੰਨੀ ਕਾਵਿਕ ਅਤੇ ਨਾਟਕੀ ਜਿੰਨੀ ਨਾਟਕੀ ਹੋ ਸਕਦੀ ਹੈ, ਪਰ ਤਾਂ ਵੀ ਜੀਵਨ ਨੂੰ ਬਿਰਤਾਂਤਕ ਢੰਗ ਨਾਲ ਪੇਸ਼ ਕਰ ਸਕਦੀ ਹੈ।... ਆਧੁਨਿਕ ਮਨੁੱਖ ਅਧੀਰ ਹੈ ਤੇ ਕਹਾਣੀ ਭੈ ਦੀ ਸੀਮਾ ਤੱਕ ਭੱਜ ਦੌੜ ਵਾਲੇ ਜੀਵਨ, ਜੋ ਆਧੁਨਿਕ ਰਹਿਤਲ ਕਾਰਨ ਹਰ ਲੰਘਦੇ ਦਿਨ ਨਾਲ ਮਨੁੱਖ ਨੂੰ ਵਧੇਰੇ ਹੀ ਵਧੇਰੇ ਭੋਗਣਾ ਪੈ ਰਿਹਾ ਹੈ, ਤੋਂ ਸੁੱਖ ਦਾ ਸਾਹ ਦੁਆਉਂਦੀ ਹੈ।.. ਇਹ ਜੀਵਨ ਦਾ ਦਰਪਨ ਹੈ ਅਤੇ ਆਧੁਨਿਕ ਜੀਵਨ ਦੀਆਂ ਪੇਚਦਗੀਆਂ ਅਤੇ ਪਰਤਾਂ ਨੂੰ ਭਲੀਭਾਂਤ ਉਜਾਗਰ ਕਰਦੀ ਹੈ। .. ਪੰਜਾਬੀ ਸਾਹਿਤ ਵਿੱਚ ਕਹਾਣੀ ਸਭ ਤੋਂ ਛੋਟੀ ਉਮਰ ਦੀ ਵਿਧਾ ਹੈ ਪਰ ਸ਼ਾਇਦ ਸਭ ਤੋਂ ਵੱਧ ਵਿਕਸਿਤ ਹੈ। ਇਹ ਪਾਠਕਾਂ ਅਤੇ ਰਚਨਾਤਮਿਕ ਲੇਖਕਾਂ, ਦੋਵਾਂ ਲਈ ਸਭ ਤੋਂ ਪਿਆਰਾ ਸਾਹਿਤ ਰੂਪ ਹੈ। ਨਿੱਗਰ ਸੰਭਾਵਨਾਵਾਂ ਵਾਲੇ ਕਈ ਨਵੇਂ ਲੇਖਕ ਅਜਿਹੇ ਹਨ ਜੋ ਕੇਵਲ ਕਹਾਣੀ ਰਚਨਾ ਪ੍ਰਤਿ ਹੀ ਸਮਰਪਿਤ ਹਨ।"[2]

ਗੁਰਬਚਨ ਸਿੰਘ ਭੁੱਲਰ ਨੂੰ ਇਸ ਗੱਲ ਦੀ ਸੋਝੀ ਚੰਗੀ ਤਰਾਂ ਨਾਲ ਹੈ ਕਿ ਸਮਾਜ ਦੇ ਵਿਕਾਸ ਵਿੱਚਲੀ ਡੋਰੀ ਦਾ ਨਾਮ ਅਰਥ-ਵਿਵਸਥਾ ਹੈ। ਸਮਾਜ ਸਭਿਆਚਾਰ ਜੀਵਨ ਦੀ ਤੋਰ ਆਰਥਕ ਪੱਖ ਤੋਂ ਹੀ ਪ੍ਰਭਾਵਿਤ ਹੁੰਦੀ ਹੈ। ਕਿਸੇ ਵੀ ਸਮਾਜ ਦੀ ਅਰਥ-ਵਿਵਸਥਾ ਸਮਾਜ ਵਿਸ਼ੇਸ਼ ਦੀਆਂ ਸਮਾਜਕ, ਰਾਜਨੀਤਕ, ਧਾਰਮਕ ਸੰਸਥਾਵਾਂ ਦੀ ਹੋਂਦ ਤੇ ਟਿਕੀ ਹੁੰਦੀ ਹੈ। ਸਾਹਿਤਕਾਰ ਭਾਵੇਂ ਆਪਣੀਆਂ ਰਚਨਾਵਾਂ ਵਿੱਚ ਅਰਥ-ਵਿਵਸਥਾ ਦੀ ਗੱਲ ਨੂੰ ਸਮਾਜ ਵਿੱਚ ਨਾਅਰੇਬਾਜੀ ਦਾ ਸਰੋਤ ਨਹੀਂ ਬਣਾਉਂਦਾ ਪਰ ਫਿਰ ਵੀ ਉਹ ਆਪਣੀ ਦ੍ਰਿਸ਼ਟੀ ਰਾਹੀਂ ਸੁਚੇਤ ਜਾਂ ਅਚੇਤ ਆਰਥਕ ਸਰੋਕਾਰ ਦੇ ਨਿਸ਼ਾਨ ਆਪਣੀ ਸਾਹਿਤਕ ਕਿਰਤ ਵਿੱਚ ਜਰੂਰ ਛੱਡ ਜਾਂਦਾ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਦੀ ਆਰਥਕਤਾ ਨਾਲ ਸੰਬੰਧਿਤ ਵਿਸ਼ਿਆਂ ਦੀ ਪੇਸ਼ਕਾਰੀ ਸਾਡਾ ਵਿਸ਼ੇਸ਼ ਧਿਆਨ ਖਿੱਚਦੀ ਹੈ।

ਸਮਾਜ ਵਿੱਚ ਰਹਿੰਦਿਆ ਮਨੁੱਖ ਆਪਣੇ ਜੀਵਨ ਦਾ ਨਿਰਬਾਹ ਇਕੱਲਾ ਨਹੀਂ ਕਰ ਸਕਦਾ। ਉਸ ਦੇ ਹਰ ਛੋਟੇ ਤੋਂ ਛੋਟੇ ਕਾਰਜ ਨੂੰ ਕਰਨ ਲਈ ਉਸਨੂੰ ਦੂਸਰੇ ਮਨੁੱਖ ਦੀ ਲੋੜ ਪੈਂਦੀ ਹੈ। ਇਸ ਲਈ ਮਨੁੱਖ ਦਾ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਿਸੇ ਦੂਸਰੇ ਤੇ ਨਿਰਭਰ ਕਰਨਾ ਇੱਕ ਆਮ ਜਿਹਾ ਵਰਤਾਰਾ ਹੈ। ਜਿਵੇਂ ਸਮਾਜ ਵਿੱਚ ਮਨੁੱਖ ਇਕ ਦੂਸਰੇ ਤੋਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ ਠੀਕ ਉਸੇ ਤਰਾਂ ਹੀ ਦੇਸ਼ ਦੀਆਂ ਸਰਕਾਰਾਂ ਆਪਣੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਹਿੱਤ ਦੂਸਰੇ ਰਾਜਾਂ ਦੇਸ਼ਾਂ ਨਾਲ ਵਪਾਰ ਕਰਦੀਆਂ ਹਨ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਪਾਤਰ ਬਹੁਤ ਮਿਹਨਤੀ ਹਨ ਅਤੇ ਸ਼ਹਿਰਾਂ ਵਿੱਚ ਜਾ ਕੇ ਆਪਣੇ ਜੀਵਨ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਦਿਨ ਰਾਤ ਇੱਕ ਕਰ ਦਿੰਦੇ ਹਨ।

ਪਿੰਡਾਂ ਵਿੱਚ ਰਹਿਣ ਵਾਲੇ ਕਿਸਾਨ ਆਪਣੀਆਂ ਫਸਲਾਂ ਦੇ ਸਿਰ ਤੇ ਹੀ ਆਪਣੀ ਸਾਰੀ ਜ਼ਿੰਦਗੀ ਲੰਘਾਂ ਦਿੰਦੇ ਹਨ। ਇਸ ਪ੍ਰਕਾਰ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਅਜਿਹੇ ਪਾਤਰ ਲਿਆਂਦੇ ਹਨ ਜੋ ਆਪਣੀ ਆਰਥਕਤਾ

ਨੂੰ ਮਜ਼ਬੂਤ ਬਣਾਉਣ ਦੇ ਚੱਕਰ ਵਿੱਚ ਕਈ ਵਾਰ ਬਹੁਤ ਸਾਰਾ ਆਪਣਾ ਹੀ ਨੁਕਸਾਨ ਕਰਵਾ ਬੈਠਦੇ ਹਨ। ਅਸੁਰੱਖਿਅਤ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਇੱਛਾ ਦੌਲਤ ਦੇ ਇਕੱਤਰੀਕਰਨ ਦੀ ਭਾਵਨਾ ਨੂੰ ਜਨਮ ਦਿੰਦੀ ਹੈ। ਮਨੁੱਖ ਵਿੱਚ ਇਹ ਪ੍ਰਵਿਰਤੀ ਅਸੁਰੱਖਿਅਤ ਭਵਿੱਖ ਦੇ ਡਰ ਅਤੇ ਲਾਲਚ ਵਿਚੋਂ ਉਪਜਦੀ ਹੈ। ਇਸ ਪ੍ਰਕਾਰ ਕਈ ਵਾਰ ਸਮਾਜ ਵਿੱਚ ਜ਼ਮੀਨ ਨੂੰ ਲੈ ਕੇ ਅਜਿਹੀ ਜੰਗ ਛਿੜ ਜਾਂਦੀ ਹੈ ਜਿਸ ਦੇ ਬਹੁਤ ਸਾਰੇ ਨੁਕਸਾਨ ਨਿੱਕਲ ਕੇ ਸਾਹਮਣੇ ਆਉਂਦੇ ਹਨ। ਅੱਜ ਦਾ ਪੂੰਜੀਵਾਦ ਸਮਾਜ ਤਾਂ ਇਸ ਲਾਲਚ ਵਿੱਚ ਇੰਨਾ ਕੁ ਫਸ ਚੁੱਕਿਆ ਹੈ ਕਿ ਆਪਣੇ ਤੇ ਪਰਾਏ ਦੇ ਫਰਕ ਨੂੰ ਵੀ ਭੁੱਲ ਗਿਆ ਹੈ। ਹਰ ਕੋਈ ਬਸ ਵਾਧੂ ਪੈਸੇ ਕਮਾ ਕੇ ਆਪਣਾ ਘਰ ਭਰਨਾ ਚਾਹੁੰਦਾ ਹੈ ਭਾਵੇਂ ਅਜਿਹਾ ਕਰਨ ਲਈ ਉਸਨੂੰ ਦੂਸਰਿਆਂ ਦੇ ਘਰ ਹੀ ਕਿਉਂ ਨਾ ਖਾਲੀ ਕਰਨੇ ਪੈਣ।

ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਬਹੁਤ ਸਾਰੇ ਲੋਕਾਂ ਦੀਆਂ ਅਜਿਹੀਆਂ ਸੱਚਾਈਆਂ ਤੋਂ ਪਰਦਾ ਫਾਸ਼ ਕੀਤਾ ਹੈ ਜੋ ਅੰਨਾ ਪੈਸਾ ਕਮਾਉਣ ਦੇ ਚੱਕਰ ਵਿੱਚ ਆਪਣੇ ਰਿਸ਼ਤੇ ਤੱਕ ਦੀ ਬਲੀ ਚਾੜਨ ਵਿੱਚ ਗ਼ੁਰੇਜ਼ ਨਹੀਂ ਕਰਦੇ। ਮੰਨਿਆ ਕਿ ਸਮਾਜ ਦੇ ਵਰਤੋਂ-ਵਿਹਾਰ ਲਈ ਸਾਨੂੰ ਸਾਡੀ ਆਰਥਕ ਹਾਲਤ ਮਜ਼ਬੂਤ ਬਣਾਉਣੀ ਪੈਂਦੀ ਹੈ ਪ੍ਰੰਤੂ ਸਾਡਾ ਸਮਾਜ ਵਿੱਚ ਰਹਿੰਦਿਆਂ ਇਹ ਵੀ ਫਰਜ਼ ਬਣਦਾ ਹੈ ਕਿ ਸਾਡੇ ਤਰੱਕੀ ਕਰਨ ਨਾਲ ਸਮਾਜ ਦੇ ਕਿਸੇ ਦੂਸਰੇ ਮਨੁੱਖ ਨੂੰ ਕਿਸੇ ਵੀ ਪ੍ਰਕਾਰ ਦੇ ਦੁੱਖ-ਤਕਲੀਫ ਨਾ ਹੋਵੇ। ਸਮਾਜ ਭਾਵੇਂ ਕਿਸੇ ਵੀ ਯੁੱਗ ਦਾ ਹੋਵੇ ਉਸ ਦੀ ਰੂਪ-ਰੇਖਾ ਉਘਾੜਨ ਵਿੱਚ ਆਰਥਕਤਾ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਭੁੱਲਰ ਦੀਆਂ ਕਹਾਣੀਆਂ ਬਾਰੇ ਜਸਵੰਤ ਸਿੰਘ ਕੰਵਲ ਨੇ ਲੋਕਾਂ ਦੇ ਹਵਾਲੇ ਨਾਲ ਆਖਿਆ-

"ਦਸਾਂ ਨਹੁੰਆਂ ਦੀ ਕਿਰਤ ਕਰਨ ਦੇ ਬਾਵਜੂਦ ਜੇ ਲੋਕ ਵਕ਼ਤਾਂ ਦੀ ਮਾਰ ਤੋਂ ਨਾ ਬਚਣ ਸਕਣ, ਤਦ ਛੁਟਕਾਰੇ ਦਾ ਰਾਹ, ਇਨਕਲਾਬ, ਉਹਨਾਂ ਲਈ ਇੱਕ ਵੰਗਾਰ ਹੋ ਜਾਂਦਾ ਹੈ। ਹੋਰ ਦੁਖਾਂਤ ਇਹ ਕਿ ਮੁਕਤੀ ਦਾ ਰਾਹ ਹਰ ਕਿਰਤੀ ਨਹੀਂ ਜਾਣਦਾ। ਪਰ ਕੰਮ ਦਾ ਸਿਰੜ ਇੱਕ ਦਿਨ ਚਾਨਣ ਲੱਭ ਲੈਂਦਾ ਹੈ। ਜਿਵੇਂ ਕੋਲੇ ਦੀ ਖਾਣ ਵਿਚੋਂ ਹੀਰਾ। ਇਉਂ ਭੁੱਲਰ ਦੀ ਸਾਹਿਤਕ ਇਮਾਨਦਾਰੀ ਆਪਣੇ ਪਾਤਰਾਂ ਵਿੱਚ ਲੋਅ ਕਰਦੀ ਹੈ।"[3]

ਇਸ ਪ੍ਰਕਾਰ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਇਹ ਗੱਲ ਕੀਤੀ ਹੈ ਕਿ ਸਮਾਜ ਵਿੱਚ ਜੇਕਰ ਕਿਰਤੀ ਕਿਸਾਨਾਂ ਅਤੇ ਮਿਹਨਤ ਕਰਨ ਵਾਲੇ ਲੋਕਾਂ ਨੂੰ ਜੇਕਰ ਟਿਕ ਕੇ ਕੰਮ ਨਾ ਕਰਨ ਦਿੱਤਾ ਜਾਵੇ ਤਾਂ ਸਮਾਜ ਵਿੱਚ ਇੱਕ ਨਵੀਂ ਲਹਿਰ ਦਾ ਜਨਮ ਹੁੰਦਾ ਹੈ। ਇਹ ਲਹਿਰ ਆਪਣੇ ਨਾਲ ਹੁੰਦੇ ਜ਼ੁਲਮ ਦਾ ਬਦਲਾ ਲੈਣ ਲਈ ਹੀ ਹੋਂਦ ਵਿੱਚ ਆਉਂਦੀ ਹੈ। ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜ ਦੇ ਆਰਥਕ ਪੱਖ ਦੀਆਂ ਵਧੀਆਂ ਉਦਾਹਰਣਾਂ ਦੇ ਕੇ ਸਥਿਤੀ ਬਾਰੇ ਸਾਨੂੰ ਜਾਣੂ ਕਰਵਾਇਆ ਹੈ। ਸਮਾਜਕ ਵਿਕਾਸ ਵਿੱਚ ਪੈਦਾਵਾਰੀ ਸਾਧਨਾਂ ਦਾ ਵਿਸ਼ੇਸ਼ ਹੱਥ ਹੁੰਦਾ ਹੈ। ਪੈਦਾਵਾਰੀ ਸਾਧਨ ਸਮਾਜਕ-ਆਰਥਕ ਰਿਸ਼ਤਿਆਂ ਨੂੰ ਕੇਵਲ ਪ੍ਰਭਾਵਿਤ ਹੀ ਨਹੀਂ ਕਰਦੇ ਸਗੋਂ ਉਨ੍ਹਾਂ ਤੋਂ ਪ੍ਰਭਾਵਿਤ ਵੀ ਹੁੰਦੇ ਹਨ। ਸਮਾਜ ਦੀ ਆਰਥਕਤਾ ਦਾ ਸਿੱਧਾ ਅਧਿਐਨ ਅਰਥ-ਵਿਗਿਆਨੀ ਦਾ ਖੇਤਰ ਹੈ। ਉਸ ਦਾ ਸੰਬੰਧ ਤੱਥਾਂ ਨਾਲ ਹੁੰਦਾ ਹੈ ਪਰ ਸਾਹਿਤਕਾਰ ਦਾ ਸੰਬੰਧ ਤੱਥਾਂ ਪ੍ਰਤੀ ਮਨੁੱਖੀ ਕੀਮਤਾਂ ਨਾਲ ਹੁੰਦਾ ਹੈ। ਇਸ ਤਰਾਂ ਅਸੀਂ ਦੇਖਦੇ ਹਾਂ ਕਿ ਸਮਾਜ ਦੇ ਸਾਰੇ ਤੱਥਾਂ ਦੀ ਤਰਾਂ ਹੀ ਆਰਥਕ ਪੱਖ ਦੀ ਆਪਣੀ ਨਿਵੇਕਲੀ ਪਹਿਚਾਣ ਹੈ।

ਭੁੱਲਰ ਦੀ ਕਹਾਣੀ 'ਰਾਤਾਂ ਕਾਲੀਆਂ' ਸਮਾਜ ਦੇ ਸੱਚ ਨੂੰ ਬਿਆਨ ਕਰਨ ਵਾਲੀ ਹੈ। ਇਸ ਕਹਾਣੀ ਵਿੱਚ ਆਰਥਕ ਪੱਖ ਨੂੰ ਮਜ਼ਬੂਤ ਬਣਾਉਣ ਲਈ ਘਰ ਦੇ ਮੁਖੀ ਨੂੰ ਘਰ ਤੋਂ ਦੂਰ ਰਹਿ ਕੇ ਫੌਜ ਦੀ ਨੌਕਰੀ ਕਰਨੀ ਪੈਂਦੀ ਹੈ। ਪਤੀ ਤੋਂ

ਪਿੱਛੋਂ ਉਸਦੀ ਪਤਨੀ ਉਸ ਦੇ ਸਾਰੇ ਘਰ-ਬਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਆਰਥਕਤਾ ਦੀ ਜੁਗਤ ਵਰਤੀ ਹੈ। ਕਿਉਂਕਿ ਗੁਰਨਾਮ ਆਪਣੀ ਆਰਥਕਤਾ ਨੂੰ ਸੁਧਾਰਨ ਲਈ ਫੌਜ ਵਿੱਚ ਭਰਤੀ ਹੋਇਆ ਹੈ। ਉਸ ਦਾ ਪਿਤਾ ਵੀ ਫੌਜ ਵਿੱਚ ਨੌਕਰੀ ਕਰਦਾ ਸੀ। ਉਸਦੀ ਮਾਂ ਨੇ ਉਸ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਉਸ ਦਾ ਪਾਲਣ-ਪੋਸ਼ਣ ਕੀਤਾ ਹੈ। ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਗੁਰਨਾਮ ਦਾ ਪਿਤਾ ਆਪਣੀ ਖੁਸ਼ੀ ਲਈ ਫੌਜ ਦੀ ਨੌਕਰੀ ਵਿੱਚ ਭਰਤੀ ਨਹੀਂ ਸੀ ਹੋਇਆ। ਸਗੋਂ ਆਪਣੀ ਆਰਥਕ ਮੰਦਹਾਲੀ ਤੋਂ ਮਜ਼ਬੂਰ ਹੋ ਕੇ ਹੋਇਆ ਸੀ। ਸਾਡੇ ਸਮਾਜ ਵਿੱਚ ਆਰਥਕ ਮੰਦਹਾਲੀ ਦਾ ਮੁੱਖ ਕਾਰਨ ਖਾਸ ਤੌਰ ਤੇ ਪਿੰਡਾਂ ਵਿਚ ਜ਼ਮੀਨ ਦਾ ਥੋੜਾ ਹੋਣਾ ਸੀ।

ਇਸ ਕਹਾਣੀ ਦੀ ਖ਼ਾਸੀਅਤ ਇਹ ਵੀ ਹੈ ਕਿ ਫੌਜੀਆਂ ਦੇ ਜੀਵਨ ਉੱਪਰ ਗੱਲ ਕਰਕੇ ਭੁੱਲਰ ਨੇ ਉਨ੍ਹਾਂ ਦੇ ਘਰ ਵਿਚਲੀ ਸਥਿਤੀ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਕਿਵੇਂ ਇੱਕ ਫੌਜੀ ਨੂੰ ਆਪਣੇ ਘਰ-ਪਰਿਵਾਰ ਤੋਂ ਸਾਰੀ ਉਮਰ ਦੂਰ ਰਹਿਣਾ ਪੈਂਦਾ ਹੈ ਅਤੇ ਉਨ੍ਹਾਂ ਤੋਂ ਪਿੱਛੋਂ ਕਿਵੇਂ ਸਮਾਜ ਵਿੱਚ ਉਸਦੇ ਘਰ ਵਾਲੇ ਆਪਣੇ ਘਰ-ਬਾਰ ਨੂੰ ਸੰਭਾਲਦੇ ਹਨ। ਗੁਰਨਾਮੇ ਦੇ ਪਿਉ ਨੇ ਵੀ ਫੌਜ ਦੀ ਨੌਕਰੀ ਕੀਤੀ ਸੀ ਤੇ ਹੁਣ ਉਹ ਚਾਹੁੰਦਾ ਸੀ ਕਿ ਘਰ ਦੇ ਚੱਲਦੇ ਰਹਿਣ ਲਈ ਉਸਦੇ ਪੁੱਤਰ ਵਲੋਂ ਇਹ ਨੌਕਰੀ ਕੀਤੀ ਜਾਵੇ। ਇਸ ਲਈ ਉਹ ਆਪਣੀ ਪਤਨੀ ਨਾਲ ਇਸ ਵਿਸ਼ੇ ਤੇ ਵਿਚਾਰ ਚਰਚਾ ਕਰਦਾ ਹੈ।

"ਜੀ, ਫੌਜ ਦੀ ਨੌਕਰੀ ਕਾਹਦੀ", ਜਵਾਨੀ ਯਾਦ ਕਰਕੇ ਪ੍ਰੇਮ ਕੌਰ ਦਾ ਬੇਮਲੂਮਾ ਜਿਹਾ ਹਉਂਕਾ ਨਿੱਕਲ ਗਿਆ। ਪਰ ਉਹਨੇ ਗੱਲ ਬਦਲ ਲਈ, "ਵਰਦੀਆਂ ਗੋਲੀਆਂ!" ਤੇ ਉਹਨੇ ਪਤੀ ਦੀ ਖੱਬੀ ਲੱਤ ਵੱਲ ਤੱਕਿਆ, ਜਿਹਦੇ ਮਾਸ ਨੂੰ ਇੱਕ ਗੋਲੀ ਚੱਟ ਕੇ ਲੰਘ ਗਈ ਸੀ। ਜੇ ਰਤਾ ਹੱਡੀ ਨੂੰ ਛੋਹ ਜਾਂਦੀ, ਲਗਰ ਵਰਗੇ ਸਰੀਰ ਦੀ ਜਾਂਹ ਜਾਂਦੀ ਹੋ ਜਾਣੀ ਸੀ।"[4]

ਇਸ ਪ੍ਰਕਾਰ ਇਸ ਕਹਾਣੀ ਵਿੱਚ ਆਰਥਕ ਪੱਖ ਨੂੰ ਮਜ਼ਬੂਤ ਕਰਨ ਲਈ ਅਨੇਕਾਂ ਪ੍ਰਕਾਰ ਦੀਆਂ ਮਜ਼ਬੂਰੀਆਂ ਨਾਲ ਲੜਦੇ ਇੱਕ ਪਰਿਵਾਰ ਦੀ ਕਹਾਣੀ ਨੂੰ ਭੁੱਲਰ ਨੇ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਘਰ ਦੀਆਂ ਪਤਨੀਆਂ ਆਪਣੇ ਘਰ ਦੀ ਜ਼ਿੰਮੇਵਾਰੀ ਆਪ ਹੀ ਨਿਭਾਉਂਦੀਆਂ ਹਨ। ਆਪਣੀ ਇਸ ਇਕੱਲਤਾ ਦਾ ਪ੍ਰਗਟਾਵਾ ਉਹ ਚਰਖੇ ਦੀ ਘੂਕ ਦੀ ਲੈਅ ਤੇ ਲੋਕ ਗੀਤਾਂ ਨੂੰ ਗਾ ਕੇ ਪ੍ਰਗਟ ਕਰਦੀਆਂ ਹਨ।

"ਰਾਤਾਂ ਕਾਲੀਆਂ 'ਕੱਲੀ ਨੂੰ ਡਰ ਆਵੇ
ਛੁੱਟੀ ਲੈ ਕੇ ਆ ਜਾ ਨੌਕਰਾ..."[5]

ਪਹਿਲਾਂ ਤਾਂ ਗੁਰਨਾਮ ਦਾ ਪਿਤਾ ਫੌਜ ਦੀ ਨੌਕਰੀ ਕਰਦਾ ਹੈ ਬਾਅਦ 'ਚ ਉਸਨੂੰ ਵੀ ਆਪਣੇ ਘਰ ਦੀ ਹਾਲਤ ਨੂੰ ਸੁਧਾਰਨ ਲਈ ਘਰ ਤੋਂ ਦੂਰ ਜਾਣਾ ਪੈਂਦਾ ਹੈ। ਕਿਉਂਕਿ ਉਸਦੇ ਪਿਤਾ ਨੇ ਤਾਂ ਰਿਟਾਇਰ ਹੋ ਕੇ ਆ ਜਾਣਾ ਸੀ । ਇਸ ਲਈ ਉਹ ਹੀ ਘਰ ਦਾ ਦੂਸਰਾ ਮਰਦ ਸੀ ਜਿਸ ਦੇ ਸਿਰ ਤੇ ਸਾਰਾ ਘਰ ਬਾਰ ਚੱਲਣਾ ਸੀ। ਇਸ ਤਰਾਂ ਗੁਰਨਾਮ ਵੀ ਆਰਥਿਕ ਮੰਦਹਾਲੀ ਨੂੰ ਸੁਧਾਰਨ ਲਈ ਫੌਜ 'ਚ ਕਲਰਕ ਭਰਤੀ ਹੋ ਜਾਂਦਾ ਹੈ। ਜਦੋਂ ਉਹ ਫੌਜ ਦੀ ਨੌਕਰੀ ਤੋਂ ਛੁੱਟੀ ਲੈ ਕੇ ਆਪਣੇ ਘਰ ਹੋਏ ਆਪਣੇ ਪੁੱਤਰ ਨੂੰ ਦੇਖਣ ਲਈ ਆਉਂਦਾ ਹੈ ਤਾਂ ਉਸਦੀ ਪਤਨੀ ਵੀ ਉਹੋ ਗੀਤ ਗਾਉਂਦੀ ਹੈ ਜੋ ਉਸ ਦੀ ਕਦੇ ਮਾਂ ਗਾਇਆ ਕਰਦੀ ਸੀ। ਇਸ ਪ੍ਰਕਾਰ ਭੁੱਲਰ ਨੇ ਇਸ ਕਹਾਣੀ ਰਾਹੀਂ ਸਾਨੂੰ ਦੋ ਪੀੜੀਆਂ ਦੀ ਵਾਰਤਾਲਾਪ ਕਰਵਾ ਕੇ ਆਰਥਕ ਪੱਖੋਂ ਹੋਏ ਕਮਜ਼ੋਰ ਪਰਿਵਾਰ ਬਾਰੇ ਚਾਨਣਾ ਪਾਇਆ ਹੈ। ਅੱਜ

ਵੀ ਸਾਡੇ ਸਮਾਜ ਵਿੱਚ ਗੁਰਨਾਮ ਤੇ ਉਸਦੇ ਪਿਤਾ ਵਰਗੇ ਲੋਕ ਹਨ ਜੋ ਦਿਨ-ਰਾਤ ਆਪਣੇ ਘਰਾਂ ਤੋਂ ਬਾਹਰ ਰਹਿ ਕੇ ਆਪਣੇ ਘਰ ਦੀ ਹਾਲਤ ਨੂੰ ਸੁਧਾਰਨ ਵਿੱਚ ਲੱਗੇ ਹੋਏ ਹਨ। ਆਰਥਕਤਾ ਮਨੁੱਖ ਦੀ ਬੁਨਿਆਦੀ ਲੋੜ ਹੈ। ਸਮਾਜ ਦੇ ਉਥਾਨ ਤੋਂ ਲੈ ਕੇ ਹੁਣ ਤੱਕ ਇਹ ਸਮੁੱਚੇ ਪਾਸਾਰ ਵਿੱਚ ਮਹੱਤਵਪੂਰਨ ਨੁਕਤਾ ਰਹੀ ਹੈ। ਸਾਹਿਤ ਇਸ ਪਾਸਾਰ ਦੀ ਹੀ ਇੱਕ ਇਕਾਈ ਹੈ। ਸਮਾਜਕ ਪਰਿਵਰਤਨਾਂ ਦੇ ਪ੍ਰਸੰਗ ਵਿੱਚ ਵੱਡੇ ਪਰਿਵਾਰਾਂ ਦੇ ਟੁੱਟਣ ਦੇ ਅਮਲ ਨੇ, ਨਿੱਜੀ ਜਾਇਦਾਦ ਨਾਲ ਜੁੜੇ ਮੋਹ ਨੇ ਅਤੇ ਵਿਸ਼ੇਸ਼ ਕਰਕੇ ਜ਼ਮੀਨ ਨਾਲ ਜੁੜੇ ਮੋਹ ਨੇ ਪੰਜਾਬੀ ਕਥਾ-ਜਗਤ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਗੁਰਬਚਨ ਸਿੰਘ ਭੁੱਲਰ ਦੀਆਂ ਬਹੁਤੀਆਂ ਕਹਾਣੀਆਂ ਪੇਂਡੂ ਜੀਵਨ ਨਾਲ ਸੰਬੰਧਿਤ ਹਨ। ਸਾਡਾ ਅਰਥਚਾਰਾ ਕੁਝ ਇਸ ਤਰਾਂ ਦਾ ਹੈ ਜਿੱਥੇ ਵਿਅਕਤੀ ਦੀ ਹੋਂਦ ਪੈਸੇ ਅੱਗੇ ਨਿਗੂਣੀ ਹੋ ਕੇ ਰਹਿ ਗਈ ਹੈ। ਆਰਥਕ ਪੱਖੋਂ ਥੁੜੇ ਵਿਅਕਤੀ ਦੀ ਹਾਲਤ ਪਸ਼ੂਆਂ ਵਰਗੀ ਹੈ।

ਪੂੰਜੀ ਦੀ ਅਸਾਵੀਂ ਵੰਡ ਜਿੱਥੇ ਪੇਂਡੂ ਜੀਵਨ ਦੇ ਸਮਾਜਕ, ਆਰਥਕ ਰਿਸ਼ਤਿਆਂ ਵਿੱਚ ਸੰਕਟ ਪੈਦਾ ਕਰਦੀ ਹੈ। ਉੱਥੇ ਸ਼ਹਿਰੀ ਜੀਵਨ ਵੀ ਇਸ ਤੋਂ ਨਹੀਂ ਬਚਦਾ, ਕਿਉਂਕਿ ਪ੍ਰਬੰਧ ਤਾਂ ਉਹੀ ਹੈ। ਸ਼ਹਿਰੀਆਂ ਦੀਆਂ ਸਮੱਸਿਆਵਾਂ ਕੁਝ ਆਪਣੀ ਕਿਸਮ ਦੀਆਂ ਹੋ ਸਕਦੀਆਂ ਹਨ। ਭੁੱਲਰ ਦੇ ਪਾਤਰ ਵੀ ਆਪਸ ਵਿੱਚ ਅਜਿਹੀ ਵਾਰਤਾਲਾਪ ਕਰਦੇ ਹਨ ਜੋ ਸਮਾਜ ਵਿੱਚ ਆਪਣੀ ਛਾਪ ਛੱਡ ਜਾਂਦੇ ਹਨ। ਸਮਾਜ ਦੀਆਂ ਬਹੁਤੀਆਂ ਸਮੱਸਿਆਵਾਂ ਦਾ ਕਾਰਨ ਹੀ ਆਰਥਕ ਪੱਖੋਂ ਕਮਜ਼ੋਰ ਹੋਣਾ ਹੈ। ਅਜਿਹੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ ਜਿਨਾਂ ਨੂੰ ਭੁੱਲਰ ਦੀਆਂ ਕਹਾਣੀਆਂ ਵਿੱਚ ਦੇਖਿਆ ਜਾ ਸਕਦਾ ਹੈ। ਭੁੱਲਰ ਨੇ ਸਮਾਜ ਵਿਚਲੇ ਘੱਟ ਗਿਣਤੀਆਂ ਵਾਲੇ ਲੋਕਾਂ ਨਾਲ ਜੋ ਲੋਕ ਮਾੜਾ ਵਿਵਹਾਰ ਕਰਦੇ ਹਨ ਉਨ੍ਹਾਂ ਉੱਪਰ ਆਪਣੇ ਪਾਤਰਾਂ ਕੋਲੋਂ ਵਿਅੰਗ ਕਸਾਇਆ ਹੈ। ਉਸ ਦੀ ਇੱਕ ਕਹਾਣੀ 'ਰੇਸ਼ਮ ਦੀ ਛੋਹ ਅਤੇ ਬੋਰੇ ਦਾ ਘਾਸਾ' ਹੈ। ਇਸ ਕਹਾਣੀ ਵਿੱਚ ਇੱਕ ਸੀਰੀ ਨਾਲ ਘਰ ਦੇ ਮੈਂਬਰ ਕਿਵੇਂ ਜਾਨਵਰਾਂ ਵਾਂਗ ਵਿਵਹਾਰ ਕਰਦੇ ਹਨ ਉਸ ਉੱਪਰ ਝਾਤ ਪਾਈ ਗਈ ਹੈ। ਉਸ ਨੂੰ ਸਾਰੇ ਪਰਿਵਾਰ ਨਾਲੋਂ ਅਲੱਗ ਕਰ ਕੇ ਗਿਆ ਗੁਜ਼ਰਿਆ ਖਾਣਾ ਦਿੱਤਾ ਜਾਂਦਾ ਹੈ।

"ਹਜ਼ਾਰ ਹੀਲੇ ਸੰਗੂ ਨੇ ਕੀਤੇ ਕਿ ਅੱਜ ਵੀ ਉਹਦਾ ਮਨ ਕਹਿ ਦੇਵੇ, "ਚੱਲ ਕੀ ਐ, ਸੱਤਨਾਮ ਆਖ ਕੇ ਛਕ ਲੈ"। ਪਰ ਉਹਦੇ ਅੰਦਰੋਂ ਇਹ ਹੁੰਗਾਰਾ ਨਾ ਆਇਆ। ਕਿੰਨੇ ਮਹੀਨੇ ਉਹਨੂੰ ਬਾਬਾ ਮੋਦਨ ਸਿੰਘ ਨਾਲ ਸੀਰੀ ਰਲਿਆਂ ਹੋ ਗਏ ਸਨ। ਪਹਿਲੇ ਦਿਨ ਤੋਂ ਹੀ ਉਹ ਵੇਖ ਰਿਹਾ ਸੀ ਕਿ ਰੋਟੀ ਉਹਨੂੰ ਸਾਰੇ ਟੱਬਰ ਤੋਂ ਵੱਖਰੀ ਦਿੱਤੀ ਜਾਂਦੀ ਸੀ। ਹਾੜ੍ਹਾਂ ਵਿੱਚ ਛੋਲੇ ਅਤੇ ਸਿਆਲਾਂ ਵਿਚ ਬਾਜਰਾ ਉਸ ਇਕੱਲੇ ਲਈ ਪਿਹਾਇਆ ਜਾਂਦਾ। ਘਰ ਦੇ ਸਾਰੇ ਜੀਆਂ ਲਈ ਬਾਰਾਂ ਮਹੀਨੇ ਕਣਕ ਦੇ ਫੁਲਕੇ ਪਕਦੇ ਸਨ। ਨਿੱਤ ਸੰਗੂ ਕਚੀਚੀ ਲੈਂਦਾ, ਨਿੱਤ ਹੀ ਉਹਦਾ ਅੰਦਰਲਾ "ਚੱਲ ਕੀ ਐ, ਸਤਨਾਮ ਆਖ ਕੇ ਛਕ ਲੈ" ਦੀ ਸਲਾਹ ਦੇ ਦਿੰਦਾ। ਉਹ ਬੇਵਸੀ ਨਾਲ ਨੀਵੀਂ ਪਾ ਕੇ ਸੁੱਕੀਆਂ ਬੁਰਕੀਆਂ ਸੰਘੋਂ ਹੇਠ ਧੱਕਣ ਲੱਗਦਾ।"[6]

ਭੁੱਲਰ ਨੇ ਸਮਾਜ ਵਿਚਲੀ ਆਰਥਕ ਪੱਖੋਂ ਕਮਜ਼ੋਰ ਸ਼੍ਰੇਣੀ ਨਾਲ ਦੂਸਰੇ ਲੋਕ ਕਿਹੋ ਜਿਹਾ ਵਿਵਹਾਰ ਕਰਦੇ ਹਨ ਉਨ੍ਹਾਂ ਉੱਪਰ ਆਪਣਾ ਚਾਨਣਾ ਇਸ ਕਹਾਣੀ ਰਾਹੀਂ ਪਵਾਇਆ ਹੈ। ਅੱਜ ਦੇ ਪੂੰਜੀਵਾਦੀ ਸਮਾਜ ਦੇ ਆਉਣ ਨਾਲ ਇਸ ਚੀਜ਼ ਉੱਪਰ ਭਾਵੇਂ ਕਾਫੀ ਅਸਰ ਪਿਆ ਹੈ ਪ੍ਰੰਤੂ ਫਿਰ ਵੀ ਕਿਤੇ-ਕਿਤੇ ਇਹ ਸਭ ਪੜੇ-ਲਿਖੇ ਨੌਜਵਾਨਾਂ ਦੇ ਦਿਲਾਂ ਵਿੱਚ ਅੱਜ ਵੀ ਵਸੀ ਹੋਈ ਹੈ। ਅੱਜ ਵੀ ਅਜਿਹੇ ਬਹੁਤ ਸਾਰੇ ਲੋਕ ਹਨ ਜੋ ਆਪਣੀ ਤਾਕਤ ਦੇ ਸਿਰ ਤੇ ਗਰੀਬ ਵਰਗ ਨੂੰ ਬਸ ਆਪਣੀਆਂ ਕਠਪੁਤਲੀਆਂ ਬਣਾ ਕੇ ਰੱਖਣਾ ਚਾਹੁੰਦੇ ਹਨ। ਸਮਾਜ ਸ਼ਾਸਤਰ ਦੇ ਨਿਯਮਾਂ ਅਨੁਸਾਰ ਹਰ

ਇੱਕ ਨੂੰ ਆਪਣੀ ਮਰਜ਼ੀ ਨਾਲ ਸਮਾਜ ਵਿੱਚ ਰਹਿਣ ਦਾ ਅਧਿਕਾਰ ਹੈ। ਪ੍ਰੰਤੂ ਕੁਝ ਸ਼ਰਾਰਤੀ ਅਨਸਰਾਂ ਵਲੋਂ ਜਾਣ ਬੁਝ ਕੇ ਸਮਾਜ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। 'ਰੇਸ਼ਮ ਦੀ ਛੋਹ ਤੇ ਬੋਰੇ ਦਾ ਘਾਸਾ' ਕਹਾਣੀ ਵਿੱਚ ਅਜਿਹੇ ਹੀ ਇੱਕ ਮਨੁੱਖ ਦੀ ਦਾਸਤਾਨ ਹੈ ਜਿਸ ਨੂੰ ਮਜ਼ਬੂਰਨ ਉਹ ਸਭ ਕੁਝ ਖਾਣਾ ਪੈਂਦਾ ਹੈ ਜੋ ਘਰ ਦੇ ਉਸ ਨੂੰ ਦਿੰਦੇ ਹਨ। ਉਸ ਨੂੰ ਘਰ ਦੇ ਸਾਰੇ ਕੰਮ ਕਰਾਉਣ ਤੋਂ ਬਾਅਦ ਵੀ ਪਸ਼ੂਆਂ ਦੇ ਬਰਾਬਰ ਦਰਜਾ ਦਿੱਤਾ ਜਾਂਦਾ ਹੈ। ਇਸ ਕਹਾਣੀ ਵਿਚਲਾ ਪਾਤਰ ਦੱਸਦਾ ਹੈ ਕਿ ਇਹ ਅਮੀਰ ਵਰਗ ਵਾਲੇ ਲੋਕਾਂ ਦੇ ਦਿਲ ਬਹੁਤ ਹੀ ਛੋਟੇ ਤੇ ਨਿਰਦਈ ਹੁੰਦੇ ਹਨ। ਇਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਭਾਵੇਂ ਕੋਈ ਬਿਮਾਰ ਹੀ ਕਿਉਂ ਨਾ ਹੋਵੇ ਇਨ੍ਹਾਂ ਨੂੰ ਬਸ ਆਪਣਾ ਕੰਮ ਪੂਰਾ ਹੋਣ ਨਾ ਹੀ ਮਤਲਬ ਹੈ। ਲੋਕੀ ਆਪਣੇ ਕੰਮਾਂ ਨਾਲ ਹੀ ਵਿਅਸਤ ਰਹਿੰਦੇ ਹਨ।

"ਇੱਕ ਸਾਲ ਦੇਬਾ ਮਜ਼ਹਬੀ ਉਹਦੇ ਨਾਲ ਸੀਰੀ ਸੀ। ਉਹਨੂੰ ਅੰਤਾਂ ਦਾ ਤਾਪ ਚੜਿਆ ਹੋਇਆ ਸੀ। ਮੋਦਨ ਸਿੰਘ ਨੇ ਉਹਨੂੰ ਹਲ ਜੋੜਨ ਲਈ ਆਖਿਆ ਤਾਂ ਉਹਨੇ ਅਜੇ ਪੂਰੀ ਨਾਂਹ ਵੀ ਨਹੀਂ ਸੀ ਕੀਤੀ, ਬਸ ਤਰਲੇ ਦੇ ਸ਼ਬਦ ਬੁੱਲਾਂ ਉੱਤੇ ਲਿਆਂਦੇ ਹੀ ਸਨ ਕਿ ਮੋਦਨ ਸਿੰਘ ਦੇ ਹੱਥ ਵਿੱਚ ਜਿਹੜੀ ਸੋਟੀ ਸੀ, ਉਹੋ ਹੀ ਠਾਹ ਕਰਦੀ ਦੇਬੇ ਉੱਤੇ ਵਰ੍ਹੀ ਅਤੇ ਉਹਦੀ ਹੱਡੀ ਤਿੜਕ ਗਈ। ਉਹ ਕਿੰਨੇ ਹੀ ਦਿਨ ਟੁੱਟੀ ਹੋਈ ਖੱਬੀ ਬਾਂਹ ਨਾਲ ਨਰਕ ਭੋਗਦਾ ਅਤੇ ਸੱਜੇ ਹੱਥ ਨਾਲ ਕੰਮ ਕਰਦਾ ਰਿਹਾ ਸੀ। ਮੁੜ ਕੇ ਉਹਨੇ ਕਦੇ ਵੀ ਕਿਸੇ ਵੀ ਹਾਲਤ ਵਿੱਚ ਕੰਮ ਤੋਂ ਇਨਕਾਰ ਦੀ ਹਿੰਮਤ ਨਹੀਂ ਸੀ ਕੀਤੀ।"[7]

ਇਸ ਪ੍ਰਕਾਰ ਭੁੱਲਰ ਨੇ ਸਮਾਜ ਵਿਚਲੇ ਆਰਥਕ ਪੱਖੋਂ ਕਮਜ਼ੋਰ ਲੋਕਾਂ ਦੀ ਹਾਲਤ ਨੂੰ ਇਸ ਕਹਾਣੀ ਵਿੱਚ ਪੇਸ਼ ਕੀਤਾ ਹੈ। ਪਾਤਰ ਦੇ ਚਰਿੱਤਰ ਨੂੰ ਉਘਾੜਨ ਵਿੱਚ ਗੁਰਬਚਨ ਸਿੰਘ ਭੁੱਲਰ ਨੇ ਕਿਸੇ ਵੀ ਪ੍ਰਕਾਰ ਦੀ ਕੋਈ ਕਮੀ ਨਹੀਂ ਛੱਡੀ ਹੈ। ਸੰਗੂ ਦੀ ਹਾਲਤ ਜਦੋਂ ਬੱਸੋ ਬਾਹਰ ਹੋ ਜਾਂਦੀ ਹੈ ਤਾਂ ਉਹ ਆਪਣੇ ਮਾਲਕ ਦਾ ਵਿਰੋਧ ਕਰਦਾ ਹੈ। ਭਰੀ ਪੰਚਾਇਤ ਵਿੱਚ ਜਾ ਕੇ ਸਭ ਸੱਚ-ਸੱਚ ਦੱਸ ਦਿੰਦਾ ਹੈ ਕਿ ਘਰ ਦੇ ਲੋਕ ਉਸ ਨਾਲ ਕਿਹੋ ਜਿਹਾ ਵਿਵਹਾਰ ਕਰਦੇ ਹਨ। ਉਸਦਾ ਮਾਲਕ ਹੈਰਾਨ ਰਹਿ ਜਾਂਦਾ ਹੈ ਉਸ ਦੇ ਅਜਿਹਾ ਕਰਨ ਨਾਲ। ਉਹ ਸੋਚਦਾ ਹੈ ਕਿ ਅੱਜ ਤੱਕ ਕਿਸੇ ਨੇ ਵੀ ਇੰਨੀ ਹਿੰਮਤ ਨਹੀਂ ਦਿਖਾਈ। ਸੰਗੂ ਦੇ ਇਸ ਵਿਰੋਧ ਕਾਰਨ ਉਸ ਮਹਿਸੂਸ ਹੁੰਦਾ ਹੈ ਕਿ ਜਿਵੇਂ ਸੰਗੂ ਨੇ ਸਰਦਾਰੀ ਦਾ ਰੇਸ਼ਮ ਲਾਹ ਕੇ ਬੇਪਤੀ ਦੇ ਬੋਰੇ ਦਾ ਖੁਰਦਰਾ ਪੱਲੜਾ ਉਹਦੀ ਦੇਹ ਉੱਤੇ ਘਸਾ ਦਿੱਤਾ ਹੈ।

"ਸੱਥ ਵਿੱਚ ਤਖ਼ਤਪੋਸ਼ ਉੱਤੇ ਬੈਠੇ ਲੋਕ ਸ਼ਤਰੰਜ ਖੇਡ ਰਹੇ ਸਨ ਅਤੇ ਖੇਡਦਿਆਂ ਨੂੰ ਵੇਖ ਰਹੇ ਸਨ। ਉਹਨਾਂ ਦੇ ਵਿਚੋਂ ਹੀ ਬਾਬਾ ਮੋਦਨ ਸਿੰਘ ਸੀ। ਬਲਦ ਸੰਗੂ ਨੇ ਸੱਥ ਅੱਗੇ ਖੜੇ ਕਰ ਦਿੱਤੇ। ਉਹ ਅੰਦਰੋਂ ਸਾਰਿਆਂ ਨੂੰ ਬੁਲਾ ਲਿਆਇਆ ਅਤੇ ਬੋਲਿਆ, "ਵੇਖੋ ਬਈ ਪੰਚਾਇਤੇ, ਤੁਸੀ ਮੇਰੇ ਮਾਪੇ। ਫੇਰ ਸਾਰੇ ਕਹਿ ਦਿੰਦੇ ਐ। ਛੀ ਮਹੀਨੇ ਹੋ ਗਏ ਵੇਖਦੇ ਨੂੰ। ਸਾਰਾ ਟੱਬਰ ਖਾਂਦਾ ਐ ਆਹ ਫੁਲਕੇ ਤੇ ਸਬਜ਼ੀ, ਮੈਨੂੰ ਮਿਲਦੇ ਐ ਮਿਰਚਾਂ ਭੁੱਕੀਆਂ ਵਾਲੇ ਆਹ ਰੋਟ। ਵਹੀ ਉੱਤੇ ਬਰਾਬਰ ਦੇ ਰੋਟੀ ਟੁੱਕ ਦੀ ਲਿਖਤ ਹੋਈ ਐ ਕਿ ਨਹੀਂ? ਦੱਸੋ ਮੈਂਨੂੰ ਕਰੋ ਨਿਆਂ।"[8]

ਸੰਗੂ ਅਜਿਹਾ ਕੁਝ ਕਰੇਗਾ ਇਸ ਗੱਲ ਦੀ ਕਿਸੇ ਨੂੰ ਵੀ ਭੋਰਾ ਆਸ ਨਹੀਂ ਸੀ। ਭੁੱਲਰ ਨੇ ਆਪਣੇ ਪਾਤਰ ਸੰਗੂ ਕੋਲੋਂ ਅਜਿਹੀ ਵਾਰਤਾਲਾਪ ਕਰਵਾ ਕੇ ਸਮਾਜ ਦੀਆਂ ਅੱਖਾਂ ਤੋਂ ਇੱਕ ਤਾਂ ਪੱਟੀ ਖੋਲੀ ਹੈ ਦੂਜਾ ਉਸਨੇ ਸਮਾਜ ਨੂੰ ਅਜਿਹੀ ਸੋਝੀ ਪ੍ਰਦਾਨ ਕੀਤੀ ਹੈ ਜਿਸ ਨਾਲ ਸਮਾਜ ਜਾਣ ਸਕੇ ਕਿ ਸਾਨੂੰ ਅਜਿਹੇ ਸ਼ਰਮਨਾਕ ਕੰਮ ਤੋਂ ਕੋਹਾਂ ਦੂਰ ਰਹਿਣਾ ਚਾਹੀਦਾ ਹੈ। ਸਾਰੇ ਹੀ ਲੇਖਕਾਂ ਦਾ ਇਹ ਪਰਮ ਕਰਤੱਵ ਹੈ ਕਿ ਉਨ੍ਹਾਂ ਨੂੰ ਅਜਿਹੀਆਂ ਲਿਖਤਾਂ ਲੈ ਕੇ ਸਮਾਜ ਵਿੱਚ ਆਉਣਾ ਚਾਹੀਦਾ ਹੈ ਜਿਸ ਨਾਲ ਸਮਾਜ ਵਿਕਾਸ ਤਾਂ ਕਰੇ ਨਾਲ ਹੀ ਆਪਣੀ ਜ਼ਮੀਰ ਨੂੰ ਵੀ ਜ਼ਿੰਦਾ ਰੱਖੇ। ਅਜਿਹੇ

ਸਮਾਜ ਦਾ ਕੋਈ ਫਾਇਦਾ ਨਹੀਂ ਜਿੱਥੇ ਇੱਕ ਪਾਸੇ ਤਾਂ ਲੋਕ ਤਰੱਕੀ ਦੇ ਰਾਹ ਤੇ ਚੱਲਣ ਦੂਜੇ ਪਾਸੇ ਉਨ੍ਹਾਂ ਵਿੱਚ ਇਨਸਾਨੀਅਤ ਵੀ ਮਰਦੀ ਜਾ ਰਹੀ ਹੋਵੇ। ਸੋ ਭੁੱਲਰ ਦੀਆਂ ਕਹਾਣੀਆਂ ਅਜਿਹੇ ਸਮਾਜ ਦਾ ਵਿਕਾਸ ਕਰਨ ਵਿੱਚ ਸਾਡੀ ਬਹੁਤ ਮੱਦਦ ਕਰਦੀਆਂ ਹਨ। ਉਸ ਨੇ ਸਮਾਜ ਦੇ ਇਸ ਆਰਥਕ ਪੱਖ ਨੂੰ ਜਿਉਂ ਦਾ ਤਿਉਂ ਹੀ ਪੇਸ਼ ਕੀਤਾ ਹੈ। ਮਨੁੱਖ ਦੀਆਂ ਆਰਥਕ ਲੋੜਾਂ ਦੀ ਪੂਰਤੀ ਵੀ ਤਾਂ ਇਸੇ ਸਮਾਜ ਵਿਚੋਂ ਹੀ ਹੋਣੀ ਹੁੰਦੀ ਹੈ, ਫਿਰ ਵੀ ਮਨੁੱਖ ਆਪਣੇ ਹੀ ਸਮਾਜ ਦੇ ਲੋਕਾਂ ਨਾਲ ਅਜਿਹਾ ਬੁਰਾ ਵਿਵਹਾਰ ਕਰਦਾ ਹੈ ਆਪਣੇ ਲਾਲਚ ਨੂੰ ਪੂਰਾ ਕਰਨ ਲਈ। ਗੁਰਬਚਨ ਸਿੰਘ ਭੁੱਲਰ ਨੇ ਆਪਣੇ ਬਾਰੇ ਕੁਝ ਗੱਲਾਂ ਲਿਖੀਆਂ ਹਨ।

"ਤੇ ਜਦੋਂ ਮੈਂ ਪਾਠਕ ਬਣਦਾ ਹਾਂ, ਬੜੀਆਂ ਦਿਲਚਸਪ ਗੱਲਾਂ ਵਾਪਰਦੀਆਂ ਹਨ। ਪਾਠਕ ਦੇ ਕਰਤਾਰੀ ਰੂਪ ਦਾ ਇਹ ਤੱਥ ਇਕਾਗਰ ਰੂਪ ਵਿੱਚ ਉਸ ਸਮੇਂ ਮੇਰੇ ਸਾਹਮਣੇ ਆਇਆ ਜਦੋਂ ਮੈਂ ਕੁਝ ਮਾਣਯੋਗ ਪੰਜਾਬੀ ਕਹਾਣੀਕਾਰਾਂ ਦੀ ਇੱਕ-ਇੱਕ ਕਹਾਣੀ ਲੈ ਕੇ ਉਸ ਨੂੰ ਵਾਚਣਾ, ਵਿਚਾਰਨਾ ਅਤੇ ਵਿਸ਼ਲੇਸ਼ਣਾ ਸ਼ੁਰੂ ਕੀਤਾ। ਜਦੋਂ ਮੇਰੀ ਪਾਠਕੀ ਨਿਰਖ-ਪਰਖ ਪ੍ਰਕਾਸ਼ਿਤ ਹੋ ਕੇ ਇਹਨਾਂ ਕਲਾਵੰਤ ਕਹਾਣੀਕਾਰਾਂ ਕੋਲ ਪੁੱਜੀ, ਉਹਨਾਂ ਵਿਚੋਂ ਕਈਆਂ ਨੇ ਨਿਸੰਗ ਆਖਿਆ ਕਿ ਤੁਸੀਂ ਮੇਰੀ ਕਹਾਣੀ ਵਿਚੋਂ ਐਹ ਖ਼ੂਬਸੂਰਤ ਭਾਵ-ਅਰਥ ਕੱਢਿਆ ਹੈ। ਇਸ ਰਚਨਾ ਦੇ ਲੇਖਕ ਵਜੋਂ ਇਹ ਮੇਰੀ ਚੇਤਨਾ ਵਿੱਚ ਨਹੀਂ ਸੀ।"[9]

ਭੁੱਲਰ ਦੇ ਅਨੁਸਾਰ ਹਰ ਲੇਖਕ ਉਦੋਂ ਹੀ ਸਫ਼ਲ ਲੇਖਕ ਮੰਨਿਆ ਜਾਂਦਾ ਹੈ ਜਦੋਂ ਪਾਠਕਾਂ ਵਲੋਂ ਉਸ ਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ। ਜਰੂਰੀ ਨਹੀਂ ਸਾਹਿਤ ਕੇਵਲ ਅਨੰਦ ਦਾ ਹੀ ਮਾਧਿਅਮ ਬਣ ਕੇ ਸਾਹਮਣੇ ਆਵੇ, ਸਾਹਿਤ ਅਜਿਹਾ ਹੋਣਾ ਚਾਹੀਦਾ ਹੈ ਜੋ ਭਾਵੇਂ ਇਕਦਮ ਨਾ ਹੀ ਅਸਰ ਕਰੇ ਪ੍ਰੰਤੂ ਸਮਾਜ ਵਿੱਚ ਆਪਣੀ ਛਾਪ ਅਜਿਹੀ ਛੱਡ ਕੇ ਜਾਵੇ ਕਿ ਉਸਦਾ ਕੋਈ ਵੀ ਨਾਮੋ-ਨਿਸ਼ਾਨ ਤੱਕ ਨਾ ਮਿਟਾ ਸਕੇ। ਸਮਾਜ ਦੇ ਕਲਿਆਣ ਲਈ ਸਾਹਿਤ ਹੋਂਦ ਵਿੱਚ ਆਉਂਦਾ ਹੈ ਸੋ ਹਰ ਸਾਹਿਤਕਾਰ ਸਮਾਜ ਦੀਆਂ ਮੰਗਾਂ ਨੂੰ ਮੁੱਖ ਰੱਖ ਕੇ ਹੀ ਆਪਣੀਆਂ ਰਚਨਾਵਾਂ ਰਚਣ, ਅਜਿਹੇ ਵਿਸ਼ਵਾਸ ਦਾ ਧਾਰਨੀ ਗੁਰਬਚਨ ਸਿੰਘ ਭੁੱਲਰ ਹੋ ਨਿਬੜਦਾ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਸਮਾਜ ਦੀਆਂ ਲੱਗਭੱਗ ਸਾਰੀਆਂ ਹੀ ਸਮੱਸਿਆਵਾਂ ਨੂੰ ਪਰੋਣ ਦਾ ਯਤਨ ਕੀਤਾ ਹੈ। ਉਸ ਦੀਆਂ ਕਹਾਣੀਆਂ ਨੂੰ ਪੜ ਕੇ ਕਿਤੇ ਵੀ ਅਜਿਹਾ ਨਹੀਂ ਲੱਗਦਾ ਕਿ ਬਸ ਲੇਖਕ ਨੇ ਓਪਰੀਆਂ ਹੀ ਗੱਲਾਂ ਕਰ ਕੇ ਪਾਠਕਾਂ ਦਾ ਸਮਾਂ ਖਰਾਬ ਕੀਤਾ ਹੈ ਬਲਕਿ ਉਸ ਦੀਆਂ ਕਹਾਣੀਆਂ ਅਜਿਹੀਆਂ ਹਨ ਜਿਨਾਂ ਨੂੰ ਪੜ ਕੇ ਪਾਠਕ ਇੱਕ ਪਲ ਲਈ ਤਾਂ ਬਸ ਰੁਕੀ ਹੋਈ ਘੜੀ ਦੀ ਸੂਈ ਵਾਂਗ ਅੱਗੇ ਨਹੀਂ ਵੱਧਦੇ ਬਲਕਿ ਉੱਥੇ ਖੜੋ ਕੇ ਸੋਚਣ ਲਈ ਮਜਬੂਰ ਹੋ ਜਾਂਦੇ ਹਨ। ਭੁੱਲਰ ਦੀਆਂ ਕਹਾਣੀਆਂ ਸਮਾਜ ਨੂੰ ਸੇਧ ਵੀ ਦਿੰਦੀਆਂ ਹਨ ਅਤੇ ਸੁਨੇਹਾ ਵੀ। ਇਸ ਤੋਂ ਇਲਾਵਾ ਕਹਾਣੀਆਂ ਵਿਚ ਪਾਤਰ ਸਾਨੂੰ ਜਿਉਂਦੇ ਜਾਗਦੇ ਪ੍ਰਤੀਤ ਹੁੰਦੇ ਹਨ। ਆਧੁਨਿਕ ਸਮੇਂ ਵਿੱਚ ਗੁਰਬਚਨ ਸਿੰਘ ਭੁੱਲਰ ਆਪਣੀ ਵਧੀਆ ਪਹਿਚਾਣ ਬਣਾ ਸਕਿਆ ਹੈ। ਉਸ ਦੀਆਂ ਕਹਾਣੀਆਂ ਪਾਠਕਾਂ ਵਲੋਂ ਤਾਂ ਬਹੁਤ ਸਲਾਹੀਆਂ ਹੀ ਜਾ ਰਹੀਆਂ ਹਨ ਇਸ ਦੇ ਨਾਲ ਹੀ ਬਹੁਤ ਕਹਿੰਦੇ ਕਹਾਉਂਦੇ ਲੇਖਕ ਵੀ ਉਨ੍ਹਾਂ ਦੀਆਂ ਕਹਾਣੀਆਂ ਨੂੰ ਪੜ ਕੇ ਚਿੱਠੀਆਂ ਰਾਹੀਂ ਉਨ੍ਹਾਂ ਦੀਆਂ ਕਹਾਣੀਆਂ ਨੂੰ ਸਲਾਹੁੰਦੇ ਹਨ। ਭੁੱਲਰ ਨੇ ਆਪਣੀਆਂ ਕਹਾਣੀਆਂ ਦੀਆਂ ਇਸਤਰੀ ਪਾਤਰ ਨੂੰ ਸਮਾਜ ਵਿੱਚ ਜਿਵੇਂ ਪੇਸ਼ ਕੀਤਾ ਹੈ ਅਤੇ ਜਿਸ ਤਰਾਂ ਦਾ ਆਦਰ-ਸਤਿਕਾਰ ਦਿੱਤਾ ਹੈ ਉਵੇਂ ਦਾ ਹੋਰ ਕਿਸੇ ਲੇਖਕ ਵਲੋਂ ਕਦਮ ਨਹੀਂ ਚੁਕਿਆ ਗਿਆ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿਚਲੀ ਇਸਤਰੀ ਨੂੰ ਜੋ ਬਣਦਾ ਸਥਾਨ ਬਖਸ਼ਿਆ ਹੈ ਉਹ ਸਲਾਹੁਣਯੋਗ ਹੈ।

"ਤ੍ਰੈਮਾਸਕ 'ਪ੍ਰਤੀਕ' ਵਿੱਚ ਛਪੇ ਸਾਰੀਆਂ ਕਹਾਣੀਆਂ ਦੀ ਵਿਸਤ੍ਰਿਤ ਨਿਰਖ-ਪਰਖ ਕਰਦੇ ਇੱਕ ਲੰਮੇ ਲੇਖ 'ਭੁੱਲਰ ਦੀਆਂ ਕਹਾਣੀਆਂ' ਵਿੱਚ ਇੰਦਰ ਸਿੰਘ ਖ਼ਾਮੋਸ਼ ਆਰੰਭ ਵਿੱਚ ਲਿਖਦਾ ਹੈ, "ਪੁਸਤਕ 'ਓਪਰਾ ਮਰਦ' ਪੜ੍ਹਨ ਪਿੱਛੋਂ ਇਹ ਮਹਿਸੂਸ ਹੁੰਦਾ ਹੈ ਜਿਵੇਂ ਭੁੱਲਰ ਨੇ ਇਹਨਾਂ ਕਹਾਣੀਆਂ ਨੂੰ ਆਪ ਜਿਉਂ ਕੇ ਦੇਖਿਆ ਹੋਵੇ। ਇਸੇ ਲਈ ਇਹਨਾਂ ਕਹਾਣੀਆਂ ਵਿਚਲੇ ਪਾਤਰ ਬੜੇ ਸਪੱਸ਼ਟ, ਕੁਦਰਤੀ, ਸੱਚੀਮੁੱਚੀਂ, ਦਾ ਜੀਵਨ ਜੀਉਂਦੇ ਹੱਡ-ਮਾਸ ਦੇ ਬੰਦੇ ਹਨ। ਇਸਤਰੀ ਪਾਤਰਾਂ ਨੂੰ ਭੁੱਲਰ ਨੇ ਬੜੀ ਨੀਝ ਅਤੇ ਰੀਝ ਨਾਲ ਚਿਤਰਿਆ ਹੈ ਅਤੇ ਉਸਨੂੰ ਇਸਤਰੀ ਮਨ ਦੀ ਬੜੀ ਡੂੰਘੀ ਸੂਝ ਹੈ। ਕਹਾਣੀਆਂ ਵਿੱਚ ਵਰਤੀ ਗਈ ਵਾਰਤਾਲਾਪ ਆਪਣੀ ਨਾਟਕੀਅਤਾ, ਰੌਚਕਤਾ ਅਤੇ ਕੁਦਰਤੀਪੁਣੇ ਕਾਰਨ ਕਹਾਣੀਆਂ ਦੇ ਸੋਨੇ ਉੱਪਰ ਸੁਹਾਗੇ ਦਾ ਕੰਮ ਕਰਦੀ ਹੈ। ਜ਼ਿੰਦਗੀ ਵਿੱਚ ਛਲਕਦੀ ਵਾਰਤਾਲਾਪ ਦੇ ਚੁਸਤ, ਨੋਕੀਲੇ, ਹਾਜ਼ਰ-ਜਵਾਬੀ ਵਾਕ ਨਹਿਲੇ 'ਤੇ ਦਹਿਲੇ ਵਾਂਗ ਵਜਦੇ ਹਨ ਅਤੇ ਭੁੱਲਰ ਅੰਦਰ ਲੁਕੇ ਨਾਟਕਕਾਰ ਦੀ ਪ੍ਰਤੀਭਾ ਦੇ ਪ੍ਰਤੀਕ ਹਨ। ਕਹਾਣੀਆਂ ਦੇ ਵਿਸ਼ਿਆਂ ਤੇ ਨਿਗਾਹ ਮਾਰਨ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਕਹਾਣੀਆਂ ਕਿਸੇ ਹੰਢੇ-ਵਰਤੇ, ਜ਼ਿੰਦਗੀ ਨੂੰ ਸਿਹਤਮੰਦ ਅਤੇ ਉਸਾਰੂ ਕੀਮਤਾਂ ਪ੍ਰਦਾਨ ਕਰਨ ਦੇ ਇੱਛਕ, ਚੇਤੰਨ ਸਾਹਿਤਕਾਰ ਦੇ ਨਿਸਚਿਤ ਆਦਰਸ਼ ਵੱਲ ਵਧਣ ਦੇ ਯਤਨ ਹਨ।"[10]

**ਆਰਥਕ ਮੰਦਹਾਲੀ ਦੀ ਪੇਸ਼ਕਾਰੀ–** ਸਾਡੇ ਸਮਾਜ ਵਿੱਚ ਆਰਥਕ ਮੰਦਹਾਲੀ ਦੇ ਪਿੱਛੇ ਛੁਪਿਆ ਹੋਇਆ ਸੱਚ ਹੀ ਹੈ ਜੋ ਇਸ ਸਮਾਜ ਵਿਚਲੀ ਆਰਥਕਤਾ ਨੂੰ ਘੱਟ ਕਰਨ ਪਿੱਛੇ ਜ਼ਿੰਮੇਵਾਰ ਕਾਰਨ ਬਣਦਾ ਹੈ। ਸਮਾਜ ਵਿੱਚ ਜੇਕਰ ਕੋਈ ਮੁਸੀਬਤ ਆਉਂਦੀ ਹੈ ਤਾਂ ਉਸ ਦੇ ਆਉਣ ਦੇ ਮੁੱਖ ਕਾਰਨ ਕੀ ਹਨ ਇਸ ਬਾਰੇ ਸਾਨੂੰ ਲੇਖਕ ਹੀ ਜਾਣੂ ਕਰਵਾਉਂਦਾ ਹੈ। ਸਮਾਜ ਨੂੰ ਸਭ ਤੋਂ ਪਹਿਲਾਂ ਤਾਂ ਵਰਗਾਂ ਵਿੱਚ ਵੰਡ ਦੇਣ ਨਾਲ ਹੀ ਹਰ ਇੱਕ ਦੇ ਕੰਮਾਂ ਨੂੰ ਨਿਰਧਾਰਿਤ ਕਰ ਦਿੱਤਾ ਗਿਆ ਹੈ। ਇਸ ਨਾਲ ਸਮਾਜ ਦੇ ਲੋਕਾਂ ਦੇ ਮਨਾਂ ਵਿੱਚ ਇੱਕ ਦੂਜੇ ਦੇ ਪ੍ਰਤੀ ਗਲਤ ਭਾਵਨਾ ਨੇ ਜਨਮ ਲਿਆ ਹੈ। ਕਿਸਾਨਾਂ ਵਲੋਂ ਬਸ ਖੇਤੀ ਹੀ ਕਰਨੀ ਹੈ ਅਜਿਹੇ ਵਿਚਾਰ ਨਾਲ ਆੜਤੀਆਂ ਦੇ ਮਨਾਂ ਵਿੱਚ ਇਸ ਗੱਲ ਦਾ ਬੈਠ ਜਾਣਾ ਕਿ ਬਸ ਇਨ੍ਹਾਂ ਦੀ ਫਸਲ ਤੇ ਸਾਡਾ ਹੀ ਅਧਿਕਾਰ ਹੋਣਾ ਚਾਹੀਦਾ ਹੈ। ਇਸ ਨਾਲ ਉਹ ਰੱਜ ਕੇ ਕਿਸਾਨਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਇਲਾਵਾ ਆਪਣੇ ਲਈ ਰੋਜੀ ਦੀ ਭਾਲ ਕਰਦੇ ਘੱਟ ਗਿਣਤੀ ਵਾਲੇ ਲੋਕਾਂ ਵਲੋਂ ਜਦੋਂ ਦੂਸਰੇ ਵਰਗ ਦੇ ਘਰਾਂ ਵਿੱਚ ਜਾ ਕੇ ਕੰਮ ਕੀਤਾ ਜਾਂਦਾ ਹੈ ਤਾਂ ਇਸ ਨਾਲ ਉਸ ਵਰਗ ਦੇ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਬੈਠ ਜਾਂਦੀ ਹੈ ਕਿ ਸਮਾਜ ਦਾ ਇਹ ਨੀਵਾਂ ਵਰਗ ਕਿਸੇ ਵੀ ਪ੍ਰਕਾਰ ਨਾਲ ਬਸ ਉੱਠਣਾ ਨਹੀਂ ਚਾਹੀਦਾ। ਉਹ ਅਮੀਰ ਵਰਗ ਰੱਜ ਕੇ ਨੀਵੇਂ ਵਰਗ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਪ੍ਰਕਾਰ ਇਹ ਕੁਝ ਕੁ ਕਾਰਣ ਸਮਾਜ ਦੇ ਲੋਕਾਂ ਵਲੋਂ ਹੀ ਸਮਾਜ ਵਿੱਚ ਲਾਗੂ ਕਰ ਦਿੱਤੇ ਗਏ ਹਨ ਜੋ ਸਾਡੇ ਸਮਾਜ ਵਿਚਲੀ ਆਰਥਕ ਮੰਦਹਾਲੀ ਦਾ ਯਥਾਰਥ ਬਣ ਕੇ ਸਾਹਮਣੇ ਆਉਂਦੇ ਹਨ।

"ਸੋ ਭੁੱਲਰ ਦੇ ਪਾਤਰਾਂ ਸੰਬੰਧੀ ਬੇਝਿਜਕ ਹੋ ਕੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਉਹਨਾਂ ਨੂੰ ਜੀਵਨ ਦੇ ਵੰਨ-ਸੁਵੰਨੇ ਖੇਤਰਾਂ ਵਿਚੋਂ ਲੱਭ ਲੈਂਦਾ ਹੈ ਅਤੇ ਉਨ੍ਹਾਂ ਨੂੰ ਕਹਾਣੀਆਂ ਦੇ ਸੱਚ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਹੀ ਕਾਰਨ ਹੈ ਕਿ ਭੁੱਲਰ ਦੇ ਪਾਤਰ ਉੱਭਰ ਕੇ ਸਾਹਮਣੇ ਆਉਂਦੇ ਹਨ ਅਤੇ ਪ੍ਰਸਥਿਤੀਆਂ ਪਿਛੋਕੜ ਵਿੱਚ ਰਹਿੰਦੀਆਂ ਹਨ।"[11]

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਭੁੱਲਰ ਦੀਆਂ ਕਹਾਣੀਆਂ ਦਾ ਸੁਭਾਅ ਸਿੱਧਾ, ਸਪੱਸ਼ਟ, ਸਰਲ ਪਰ ਵਿਚਾਰ ਉਤੇਜਕ ਹੈ। ਉਸਦੇ ਸਿੱਧੇ-ਪੱਧਰੇ ਪਾਤਰਾਂ ਵਿਚੋਂ ਵਿਸ਼ੇਸ਼ ਮਹੱਤਵ ਝਲਕਦਾ ਹੈ ਜਿਨ੍ਹਾਂ ਦੇ ਨਾਲ-ਨਾਲ ਭੁੱਲਰ ਤੁਰਦਾ ਹੈ। ਭੁੱਲਰ ਸਮਾਜ ਵਿਚਲੀ ਲੋਕਾਂ ਦੀ ਕਹਿਣੀ ਤੇ ਕਰਨੀ ਨੂੰ ਤਿੱਖੀ ਸੂਝ ਅਤੇ ਨੀਝ ਨਾਲ ਸਮਝ ਕੇ ਉਹ

ਆਪਣੀ ਵਿਸ਼ਾਲ ਬੌਧਿਕ ਦ੍ਰਿਸ਼ਟੀ, ਯਥਾਰਥਕ ਪਕੜ, ਭਾਸ਼ਾ ਦੀ ਮੁਹਾਰਿਤ ਅਤੇ ਕਲਾ ਭਰਪੂਰ ਸ਼ੈਲੀ ਰਾਹੀਂ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਇਸੇ ਕਰਕੇ ਜਿਹੜੇ ਵੀ ਪਾਠਕ ਭੁੱਲਰ ਦੀਆਂ ਰਚਨਾਵਾਂ ਨੂੰ ਪੜਦੇ ਹਨ ਉਹ ਭੁੱਲਰ ਸਾਹਿਬ ਨੂੰ ਆਪਣੇ ਨੇੜੇ ਮਹਿਸੂਸ ਕਰਦੇ ਹਨ ਅਤੇ ਇਸੇ ਗੱਲ ਵਿੱਚ ਭੁੱਲਰ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਉਸਨੇ ਸਮਾਜ ਦੇ ਲੋਕਾਂ ਦੇ ਅਸਲ ਚਿਹਰਿਆਂ ਨੂੰ ਸਾਡੇ ਰੂਬਰੂ ਕਰਵਾਇਆ ਹੈ। ਉਸਦੀ ਇੱਕ ਕਹਾਣੀ 'ਨਿੱਕੀ ਬੂਟੀ ਦਾ ਸੂਟ' ਵਿੱਚ ਉਸਨੇ ਰਿਸ਼ਤਿਆਂ ਨੂੰ ਤੋੜਨ ਦੀ ਇੱਕ ਘਟਨਾ ਨੂੰ ਬਿਆਨ ਕੀਤਾ ਹੈ। ਇਸ ਕਹਾਣੀ ਵਿਚਲਾ ਪਾਤਰ ਦੱਸਦਾ ਹੈ ਕਿ ਉਸ ਦਾ ਉਸਦੀ ਭੂਆ ਨਾਲ ਕਾਫੀ ਪਿਆਰ ਸੀ। ਜਦੋਂ ਉਹ ਛੋਟਾ ਹੁੰਦਾ ਉਸ ਕੋਲ ਰਹਿ ਕੇ ਆਉਂਦਾ ਸੀ ਤਾਂ ਉਸਦੀ ਭੂਆ ਕਿੰਨ੍ਹਾ ਸਾਰਾ ਉਸਦਾ ਚਾਅ ਲਾਡ ਕਰਿਆ ਕਰਦੀ ਸੀ। ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਪਿਆਰ ਦੇ ਰਿਸ਼ਤੇ ਤੋਂ ਉੱਪਰ ਪੈਸਾ ਜ਼ਿਆਦਾ ਮਹੱਤਵ ਕਿਵੇਂ ਰੱਖਦਾ ਹੈ। ਅੱਜ ਦੇ ਸਮਾਜ ਵਿੱਚ ਇਸ ਕਹਾਣੀ ਦੀ ਵਿਸ਼ੇਸ਼ ਮਹੱਤਤਾ ਹੈ। ਪਿਆਰ ਦੀਆਂ ਟੁੱਟਦੀਆਂ ਤੰਦਾਂ ਨੂੰ ਇਸ ਵਿੱਚ ਬਿਆਨ ਕੀਤਾ ਗਿਆ ਹੈ। ਅੱਜ ਜੇਕਰ ਸਮਾਜ ਵਿੱਚ ਬਹੁਤ ਸਾਰੇ ਰਿਸ਼ਤੇ ਟੁੱਟ ਰਹੇ ਹਨ ਉਨ੍ਹਾਂ ਪਿੱਛਲਾ ਸੱਚ ਇਸ ਕਹਾਣੀ ਰਾਹੀਂ ਭੁੱਲਰ ਨੇ ਪੇਸ਼ ਕੀਤਾ ਹੈ।

"ਕਿੰਨੇ ਚਿਰ ਮਗਰੋਂ ਉਹਨੇ ਭੂਆ ਨੂੰ ਮਿਲਣਾ ਸੀ ਅਤੇ ਕਿੰਨੇ ਪਿਆਰ ਨਾਲ ਉਹਨੇ ਬੁਲਾਇਆ ਸੀ। ਉਹਦਾ ਦਿਲ ਕੀਤਾ, ਭੂਆ ਲਈ ਕੁਝ ਲੈ ਕੇ ਜਾਵੇ। ਉਹਦੇ ਨਿਰਛਲ ਮੋਹ ਦਾ ਕੋਈ ਨਿਮਾਣਾ ਜਿਹਾ ਹੁੰਗਾਰਾ। ਉਹਦੇ ਲਈ ਆਪਣੇ ਆਦਰ ਦੀ ਕੋਈ ਤੁੱਛ ਜਿਹੀ ਨਿਸ਼ਾਨੀ। ਉਹ ਕਈ ਦਿਨ ਸੋਚਦਾ ਰਿਹਾ। ਆਖ਼ਰ ਉਹਨੇ ਪਿੰਡਾਂ ਦੇ ਪੁਰਾਣੇ ਰਿਵਾਜ਼ ਅਨੁਸਾਰ ਕਈ ਦੁਕਾਨਾਂ ਫਿਰ ਕੇ ਮਿੱਠੇ ਮਿੱਠੇ ਰੰਗਾਂ ਦੀਆਂ ਨਿੱਕੀਆਂ ਨਿੱਕੀਆਂ ਬੂਟੀਆਂ ਵਾਲਾ ਇੱਕ ਬੜਾ ਸੋਹਣਾ ਸੂਟ ਖ਼ਰੀਦ ਲਿਆ।"[12]

ਇਸ ਕਹਾਣੀ ਰਾਹੀਂ ਭੁੱਲਰ ਨੇ ਸਮਾਜ ਦੇ ਸੱਚ ਨੂੰ ਸਾਡੇ ਸਾਹਮਣੇ ਲਿਆਂਦਾ ਹੈ। ਪੂੰਜੀਵਾਦੀ ਸਮਾਜ ਦੇ ਅੰਦਰ ਅੱਜ ਵੀ ਪੈਸੇ ਨੂੰ ਲੈ ਕੇ ਹਜ਼ਾਰਾਂ ਰਿਸ਼ਤੇ ਟੁੱਟਣ ਦੀ ਰਾਹ ਤੇ ਆ ਜਾਂਦੇ ਹਨ। ਭੁੱਲਰ ਨੇ ਹੋਰ ਵੀ ਅਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਰਚੀਆਂ ਹਨ ਜੋ ਅਜਿਹੀਆਂ ਸਮੱਸਿਆਵਾ ਨੂੰ ਸਾਡੇ ਸਾਹਮਣੇ ਲੈ ਕੇ ਆਉਂਦੀਆਂ ਹਨ। ਬਚਪਨ ਦੇ ਪਿਆਰ ਅਤੇ ਹੁਣ ਦੇ ਪਿਆਰ ਵਿੱਚ ਜੇਕਰ ਫਰਕ ਨਜ਼ਰ ਆਇਆ ਹੈ ਤਾਂ ਪੈਸਿਆਂ ਦੇ ਕਾਰਨ ਹੀ ਅਜਿਹਾ ਹੋਇਆ ਹੈ। ਲੇਖਕ ਜਦੋਂ ਛੋਟਾ ਹੁੰਦਾ ਸੀ ਤਾਂ ਉਹ ਆਪਣੇ ਅਤੇ ਆਪਣੀ ਭੂਆ ਬਾਰੇ ਇਸ ਪ੍ਰਕਾਰ ਸਾਨੂੰ ਦੱਸਦਾ ਹੈ। ਹੁਣ ਇਨੇ ਸਾਲਾਂ ਬਾਅਦ ਆਪਣੇ ਬੱਚਿਆਂ ਸਮੇਤ ਉਹ ਆਪਣੀ ਭੂਆ ਨੂੰ ਮਿਲਣ ਚੱਲਿਆ ਹੈ ਅਤੇ ਜਦੋਂ ਉੱਥੇ ਪਹੁੰਚ ਜਾਂਦਾ ਹੈ ਤਾਂ ਉਸਦੀ ਭੂਆ ਬਿਲਕੁਲ ਵੀ ਨਹੀਂ ਬਦਲੀ ਹੁੰਦੀ ਅਤੇ ਨਾ ਹੀ ਉਸ ਦੇ ਪਿਆਰ ਵਿੱਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਆਉਂਦਾ ਹੈ।

ਭੂਆ ਨੇ ਨੂੰਹ ਨੂੰ ਰੋਟੀ ਲਈ ਗੁੜ ਘੋਲਣ ਅਤੇ ਆਟੇ ਵਿੱਚ ਘਿਉ ਝੱਸਣ ਵਾਸਤੇ ਕਿਹਾ ਅਤੇ ਉਹਨਾਂ ਨੂੰ ਨ੍ਹਾਉਣ-ਧੋਣ ਲਾ ਕੇ ਆਪ ਉਹ ਠੰਡੇ-ਠੰਡੇ ਕੁਝ ਦਿਨ ਪਹਿਲਾਂ ਵੱਢੀ ਗਈ ਸਰ੍ਹੋਂ ਦੇ ਕਰਚਿਆਂ ਉੱਤੇ ਫੁੱਟੀਆਂ ਨਿੱਕੀਆਂ ਨਿੱਕੀਆਂ ਗੰਦਲਾਂ ਦਾ ਸਾਗ ਆਥਣ ਦੀ ਰੋਟੀ ਲਈ ਤੋੜਨ ਵਿੱਚ ਰੁੱਝ ਗਈ। ਮਿੱਠੀਆਂ ਰੋਟੀਆਂ ਦਾ ਉਹੋ ਭੂਆ ਵਾਲਾ ਸੁਆਦ! ਲੱਗਦਾ ਸੀ, ਉਹਨੇ ਆਪਣੀ ਕਲਾ ਨੂੰਹ ਨੂੰ ਸਿਖਾ ਦਿੱਤੀ ਸੀ।"[13]

ਸਮਾਜ ਇੱਕ ਅਜਿਹਾ ਵਰਤਾਰਾ ਹੈ ਜਿੱਥੇ ਮਨੁੱਖ ਇਕੱਲਾ ਰਹਿ ਕੇ ਆਪਣੇ ਜੀਵਨ ਦਾ ਨਿਰਬਾਹ ਨਹੀਂ ਕਰ ਸਕਦਾ। ਸਮਾਜ ਵਿੱਚ ਹਰ ਮਨੁੱਖ ਨੂੰ ਦੂਸਰੇ ਮਨੁੱਖ ਤੱਕ ਕੋਈ ਨਾ ਕੋਈ ਕੰਮ ਪਿਆ ਹੀ ਰਹਿੰਦਾ ਹੈ। ਜੇਕਰ ਕਿਸੇ

ਨੂੰ ਕਿਸੇ ਵੀ ਪ੍ਰਕਾਰ ਦੀ ਮੱਦਦ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਹ ਲੋੜ ਨੂੰ ਕੋਸ਼ਿਸ਼ ਕਰੀਏ ਕਿ ਪੂਰਾ ਕਰ ਸਕੀਏ। ਇਸ ਪਰਿਵਾਰ ਵਿੱਚ ਵੀ ਅਜਿਹੀ ਹੀ ਤਣਾਓ ਵਾਲੀ ਕੋਈ ਗੱਲ ਹੋ ਜਾਂਦੀ ਹੈ ਜੋ ਇਸ ਭੂਆ ਭਤੀਜੇ ਦੇ ਰਿਸ਼ਤੇ ਨੂੰ ਤਾਰ-ਤਾਰ ਕਰ ਕੇ ਰੱਖ ਦਿੰਦੀ ਹੈ। ਇਸ ਕਹਾਣੀ ਦਾ ਪਾਤਰ ਜਦੋਂ ਆਪਣੀ ਭੂਆ ਨੂੰ ਮਿਲ ਕੇ ਵਾਪਿਸ ਆਉਣ ਲੱਗਦਾ ਹੈ ਤਾਂ ਉਸਦੀ ਭੂਆ ਵਲੋਂ ਉਸ ਕੋਲੋਂ ਕੁਝ ਪੈਸਿਆਂ ਦੀ ਮੱਦਦ ਮੰਗੀ ਜਾਂਦੀ ਹੈ। ਇਸ ਪਰਿਵਾਰ ਦੇ ਰਿਸ਼ਤੇ ਦੇ ਟੁੱਟਣ ਪਿੱਛੇ ਜੋ ਯਥਾਰਥ ਨਿਕਲ ਕੇ ਸਾਹਮਣੇ ਆਉਂਦਾ ਹੈ ਉਹ ਹੈ ਪਾਤਰ ਦੇ ਮਨ ਵਿੱਚ ਇਸ ਗੱਲ ਦਾ ਬੈਠ ਜਾਣਾ ਕਿ ਭੂਆ ਹੁਣ ਪਹਿਲਾਂ ਵਾਲੀ ਭੂਆ ਨਹੀਂ ਰਹੀ ਹੁਣ ਉਹ ਸਾਡਾ ਸਿਰਫ ਇਸ ਲਈ ਜ਼ਿਆਦਾ ਕਰਦੀ ਹੈ ਤਾਂ ਕਿ ਸਾਡੇ ਕੋਲੋਂ ਪੈਸਿਆਂ ਨੂੰ ਪ੍ਰਾਪਤ ਕਰ ਸਕੇ। ਇਸ ਲਈ ਭੁੱਲਰ ਸਾਨੂੰ ਇਸ ਕਹਾਣੀ ਰਾਹੀਂ ਇਹ ਦੱਸਣਾ ਚਾਹੁੰਦਾ ਹੈ ਕਿ ਰਿਸ਼ਤੇ ਜਦੋਂ ਟੁੱਟਣ ਲੱਗਦੇ ਹਨ ਤਾਂ ਉਹਨਾਂ ਪਿੱਛੇ ਕੁਝ ਨਾ ਕੁਝ ਕਾਰਨ ਤਾਂ ਜ਼ਰੂਰ ਛੁਪੇ ਹੁੰਦੇ ਹਨ। ਸੋ ਸਾਨੂੰ ਇਸ ਕਹਾਣੀ ਵਿੱਚੋਂ ਇਹ ਸਿੱਟਾ ਨਿਕਲਿਆ ਹੋਇਆ ਦਿਖਾਈ ਦਿੰਦਾ ਹੈ ਕਿ ਪਾਤਰ ਦੀ ਆਪਣੀ ਭੂਆ ਨਾਲ ਇਸ ਲਈ ਅਣਬਣ ਹੋ ਜਾਂਦੀ ਹੈ ਕਿ ਉਸਦੀ ਭੂਆ ਨੇ ਉਸ ਕੋਲੋਂ ਪੈਸੇ ਕਿਉਂ ਮੰਗੇ। ਇਸ ਲਈ ਉਹ ਗੁੱਸੇ ਵਿੱਚ ਆ ਕੇ ਉਥੋਂ ਜਾਣ ਦੀ ਤਿਆਰੀ ਕਰਨ ਲੱਗਦਾ ਹੈ। ਉਹ ਆਪਣੀ ਭੂਆ ਲਈ ਇੰਨ੍ਹੇ ਚਾਵਾਂ ਨਾਲ ਲਿਆਇਆ ਸੂਟ ਵੀ ਵਾਪਸ ਮੋੜ ਕੇ ਲੈ ਜਾਂਦਾ ਹੈ। ਆਰਥਕ ਮੰਦਹਾਲੀ ਭੂਆ ਉੱਪਰ ਆਉਣ ਨਾਲ ਹੀ ਆਰਥਕ ਮੰਦਹਾਲੀ ਦਾ ਯਥਾਰਥ ਭਤੀਜੇ ਨੂੰ ਉਸ ਤੋਂ ਦੂਰ ਕਰ ਦਿੰਦਾ ਹੈ।

"ਜਦੋਂ ਉਹ ਤਹਿ ਕੀਤੇ ਕੱਪੜੇ ਅਟੈਚੀ ਵਿੱਚ ਪਾਉਣ ਲੱਗਿਆ ਤਾਂ ਪਤਨੀ ਨੇ ਹੇਠੋਂ ਬੂਟੀਆਂ ਵਾਲਾ ਸੂਟ ਕੱਢ ਲਿਆ, ਜੀਹਨੂੰ ਉਹ ਭੁੱਲ ਗਿਆ ਲੱਗਦਾ ਸੀ। "ਪਿਆ ਰਹਿਣ ਦੇ ਵਿਚੇ...", ਉਹ ਨੀਰਸ ਜਿਹੀ ਆਵਾਜ਼ ਵਿੱਚ ਬੋਲਿਆ। ਅਬੋਲ ਪਤਨੀ ਦੀਆਂ ਅੱਖਾਂ ਵਿੱਚ ਲਟਕਦੇ ਸਵਾਲ ਦੇ ਜਵਾਬ ਵਿੱਚ ਉਹਨੇ ਕਿਹਾ, "ਰੱਖ ਦੇ ਇਹਨੂੰ ਵਿਚੇ ਹੀ...ਦੇਖੀ ਜਾਊ ਫੇਰ ਕਦੇ!" ਉਹ ਕਾਹਲੀ ਕਾਹਲੀ ਕੱਪੜੇ ਅਟੈਚੀ ਵਿੱਚ ਪਾ ਰਿਹਾ ਸੀ ਅਤੇ ਨਿੱਕੀ ਬੂਟੀ ਦਾ ਸੂਟ ਉਹਦੀ ਪਤਨੀ ਦੇ ਹੱਥਾਂ ਵਿੱਚ ਕੰਬ ਰਿਹਾ ਸੀ।"[14]

ਗੁਰਬਚਨ ਸਿੰਘ ਭੁੱਲਰ ਨੂੰ ਆਰਥਕਤਾ ਉੱਪਰ ਆਧਾਰਿਤ ਸ਼੍ਰੇਣੀ ਵੰਡ ਦੀ ਪੂਰਨ ਸੋਝੀ ਹੈ। ਇਸ ਲਈ ਉਸਨੇ ਸਮਾਜ ਨੂੰ ਅਜਿਹੀਆਂ ਕਹਾਣੀਆਂ ਦੇ ਕੇ ਸਮਾਜ ਦੀਆਂ ਅੱਖਾਂ ਉੱਪਰ ਜੋ ਵੀ ਪੱਟੀ ਬੰਨੀ ਹੋਈ ਹੈ ਉਸ ਨੂੰ ਲਾਹੁਣ ਦੀ ਕੋਸ਼ਿਸ਼ ਕੀਤੀ ਹੈ। ਵਾਰ-ਵਾਰ ਅਜਿਹੀਆਂ ਨਸੀਹਤਾਂ ਭਰੀਆਂ ਕਹਾਣੀਆਂ ਦੀਆਂ ਉਦਾਹਰਣਾਂ ਦੇ ਕੇ ਸਮਾਜ ਵਿਚਲੀ ਹੋ ਰਹੀ ਕਾਣੀ ਵੰਡ ਨੂੰ ਵੀ ਖ਼ਤਮ ਕਰਨ ਦੇ ਭੁੱਲਰ ਯਤਨ ਕਰ ਰਿਹਾ ਹੈ। ਇਸੇ ਲਈ ਭੁੱਲਰ ਦੀਆਂ ਕਹਾਣੀਆਂ ਵਿੱਚ ਸਾਨੂੰ ਆਰਥਕ ਮੰਦਹਾਲੀ ਦੇ ਸੱਚ ਨਜ਼ਰ ਆਉਂਦੇ ਹਨ ਜੋ ਸਮਾਜ ਨੂੰ ਬਦਲਣ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਜਦੋਂ ਸਾਨੂੰ ਆਰਥਕ ਮੰਦਹਾਲੀ ਪਿਛਲੇ ਅਨੇਕਾਂ ਕਾਰਨ ਨਜ਼ਰ ਆ ਜਾਣਗੇ ਤਾਂ ਸਾਡਾ ਸਮਾਜ ਆਪਣਾ ਵਿਕਾਸ ਕਰ ਸਕੇਗਾ ਅਤੇ ਅਸੀਂ ਸਮਾਜ ਦੇ ਟੁੱਟਦੇ ਰਿਸ਼ਤਿਆਂ ਨੂੰ ਵੀ ਬਚਾ ਸਕਾਂਗੇ। ਆਰਥਕ ਲੁੱਟ-ਖਸੁੱਟ ਦੀ ਬੁਨਿਆਦ ਖ਼ੁਦਗਰਜ਼ੀ ਅਤੇ ਲਾਲਚ ਤੇ ਟਿਕੀ ਹੋਈ ਹੈ। ਅੱਜ ਦਾ ਪੂੰਜੀਵਾਦੀ ਸਮਾਜ ਜਾਇਦਾਦ, ਵਸਤਾਂ ਹਰ ਤਰੀਕੇ ਨਾਲ ਵਧੇਰੇ ਤੋਂ ਵਧੇਰੇ ਆਪਣੇ ਕਬਜ਼ੇ ਵਿੱਚ ਕਰਨ ਦੀ ਦੌੜ ਵਿੱਚ ਇੱਕ ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਵਿੱਚ ਵਿਅਸਤ ਹੈ। ਆਪਣੇ ਲਈ ਪੈਸਾ ਇੰਨਾ ਜ਼ਿਆਦਾ ਜੋੜਨਾ ਸ਼ੁਰੂ ਕਰ ਦਿੰਦਾ ਹੈ ਕਿ ਉਸਨੂੰ ਸਿਰਫ ਆਪਣੀ ਹੀ ਖ਼ੁਸ਼ੀ ਨਜ਼ਰ ਆਉਂਦੀ ਹੈ, ਜਦੋਂ ਉਹ ਦੂਸਰਿਆਂ ਦੀ ਖ਼ੁਸ਼ੀ ਨੂੰ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਗੁਰਬਚਨ ਸਿੰਘ ਭੁੱਲਰ

ਦੀਆਂ ਕਹਾਣੀਆਂ ਵੀ ਅਜਿਹੀਆਂ ਹੀ ਸਮੱਸਿਆਵਾਂ ਤੇ ਆਧਾਰਿਤ ਹਨ। ਉਸਦੀਆਂ ਕਹਾਣੀਆਂ ਵਿੱਚ ਆਰਥਕ ਮੰਦਹਾਲੀ ਸਾਨੂੰ ਨਜ਼ਰੀ ਪੈਂਦੀ ਹੈ। ਭੁੱਲਰ ਨੇ ਬੜੇ ਗੰਭੀਰ ਸਮਾਜੀ ਤੇ ਸਿਆਸੀ ਮਸਲਿਆਂ ਤੇ ਲਿਖਦੇ ਹੋਇਆ ਵੀ ਕੋਈ ਨਾਅਰੇਬਾਜ਼ੀ ਨਹੀਂ ਕੀਤੀ। ਆਪਣੀ ਗੱਲ ਬੜੇ ਕਲਾਤਮਕ ਅਤੇ ਸੁਝਾਊ ਢੰਗ ਨਾਲ ਆਖੀ ਹੈ। ਉਹ ਸੱਚਮੁੱਚ ਹੀ ਬੋਲੀ ਦਾ ਧਨੀ ਹੈ।

"ਇੰਦਰ ਸਿੰਘ ਖ਼ਾਮੋਸ਼ ਦਾ ਵਿਚਾਰ ਸੀ, "ਪੁਸਤਕ ਵਖ਼ਤਾਂ ਮਾਰੇ' ਦੀਆਂ ਕਹਾਣੀਆਂ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹਨ ਕਿ ਭੁੱਲਰ ਦੀ ਕਹਾਣੀ ਕਲਾ ਨੇ ਸੰਤੋਖਜਨਕ ਵਿਕਾਸ ਕੀਤਾ ਹੈ। 'ਓਪਰਾ ਮਰਦ' ਵਿੱਚ ਉਸ ਦੀਆਂ ਕਹਾਣੀਆਂ ਦਾ ਵਾਤਾਵਰਨ ਕੇਵਲ ਪੇਂਡੂ ਜੀਵਨ ਨਾਲ ਸੰਬੰਧਿਤ ਹੈ, 'ਪਰ ਵਖ਼ਤਾਂ ਮਾਰੇ' ਵਿਚ ਉਸਨੇ ਮਹਾਂਨਗਰੀ ਜੀਵਨ ਦਾ ਅਨੁਭਵ ਹੰਢਾਂ ਰਹੇ ਪਾਤਰਾਂ ਨੂੰ ਵੀ ਬੜੀ ਸਫ਼ਲਤਾ ਨਾਲ ਚਿਤਰਿਆ ਹੈ। ਇਸ ਸੰਗ੍ਰਹਿ ਵਿੱਚ ਉਸਦੀ ਕਹਾਣੀ ਕਲਾ ਦਾ ਜਿਹੜਾ ਵਿਸ਼ੇਸ਼ ਲੱਛਣ ਉਘੜਵੇਂ ਰੂਪ ਵਿੱਚ ਨਿੱਖਰ ਕੇ ਸਾਹਮਣੇ ਆਇਆ ਹੈ, ਉਹ ਇਹ ਹੈ ਕਿ ਭੁੱਲਰ ਸਾਧਾਰਨ ਜੀਵਨ ਨੂੰ ਪੇਸ਼ ਕਰਦਿਆਂ ਜਿੱਥੇ ਜੀਵਨ ਦਾ ਕੁੜੱਤਣ-ਭਰਪੂਰ ਯਥਾਰਥ ਚਿਤਰਦਾ ਹੈ, ਉੱਥੇ ਕਿਸੇ ਵਿਅੰਗਾਤਮਕ ਸਥਿਤੀ ਰਾਹੀਂ ਸਮਾਜ ਦੀਆਂ ਨਵੀਆਂ ਤੇ ਪੁਰਾਣੀਆਂ ਕੀਮਤਾਂ ਦੇ ਟਕਰਾਓ ਵਿਚੋਂ ਜੀਵਨ ਦੀ ਦੁਅੰਦਮਈ ਤਸਵੀਰ ਖਿੱਚ ਕੇ ਪਾਠਕ ਨੂੰ ਜੀਵਨ ਉੱਤੇ ਝਾਤ ਪਾਉਣ ਲਈ ਨਰੋਆ ਸੱਜਰਾ ਅਤੇ ਵਿਸ਼ੇਸ਼ ਦ੍ਰਿਸ਼ਟੀਕੋਣ ਵੀ ਪ੍ਰਾਪਤ ਕਰਦਾ ਹੈ।"[15]

ਭੁੱਲਰ ਨੇ ਸਮਾਜ ਦੀਆਂ ਅਨੇਕਾਂ ਸਮੱਸਿਆਵਾਂ ਪਿੱਛੇ ਬਣੇ ਕਾਰਨਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। 'ਅੱਖਾਂ ਦੀ ਲਿਸ਼ਕ' ਕਹਾਣੀ ਵਿੱਚ ਉਸਨੇ ਆਰਥਕਤਾ ਨੂੰ ਦੂਰ ਕਰਨ ਲਈ ਹੀ ਅਤੇ ਵੱਧ ਪੈਸੇ ਕਮਾਉਣ ਦੇ ਚੱਕਰ ਵਿੱਚ ਹੀ ਬਣੀ ਹੋਈ ਇੱਕ ਘਰ ਦੀ ਸਮੱਸਿਆ ਨੂੰ ਬਿਆਨ ਕੀਤਾ ਹੈ। ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਇੱਕ ਪਿੰਡ ਤੋਂ ਬਾਹਰ ਜਾ ਕੇ ਸ਼ਹਿਰ ਵਿੱਚ ਆਪਣਾ ਵਸੇਵਾ ਬਣਾਉਣਾ ਕਿੰਨਾ ਔਖਾ ਹੈ। ਪਾਤਰ ਦੀ ਪਤਨੀ ਨੂੰ ਜਦੋਂ ਸ਼ਹਿਰ ਆ ਕੇ ਪਿੰਡਾਂ ਨਾਲੋਂ ਵੀ ਜ਼ਿਆਦਾ ਤੰਗੀਆਂ ਵਾਲਾ ਜੀਵਨ ਬਤੀਤ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਦੇ ਜੀਵਨ ਵਿੱਚ ਆਈ ਇਸ ਆਰਥਕ ਮੰਦਹਾਲੀ ਪਿਛਲੇ ਕਾਰਨਾਂ ਨੂੰ ਲੇਖਕ ਬਿਆਨ ਕਰਦਾ ਹੈ। ਪਿੰਡ ਦੇ ਘਰ ਵਿੱਚ ਤਾਂ ਅਨਾਜ ਦੀਆਂ ਬੋਰੀਆਂ ਸਨ ਪਰ ਦਿੱਲੀ ਵਿੱਚ ਤਾਂ ਹਰ ਵਸਤ ਰਾਸ਼ਨ ਵਿੱਚ ਮਿਲਦੀ ਸੀ। ਘਰ ਵਿੱਚ ਹਰ ਰੋਜ਼ ਰਾਸ਼ਨ ਨੂੰ ਲੈ ਕੇ ਇੱਕ ਦੂਜੇ ਵਿੱਚ ਅਨਬਣ ਹੋ ਹੀ ਜਾਂਦੀ ਸੀ। ਬੱਚਿਆ ਦਾ ਰੋਲਾ ਹੁੰਦਾ ਸੀ ਕਿ ਅਸੀਂ ਟੀਵੀ ਦੇਖਣਾ ਹੈ। ਪਰ ਸ਼ਹਿਰਾਂ ਵਿੱਚ ਤਾਂ ਘਰਾਂ ਦੇ ਕਿਰਾਏ ਹੀ ਸਾਡੀ ਪੇਸ਼ ਨਹੀਂ ਜਾਣ ਦਿੰਦੇ।

ਭੁੱਲਰ ਨੇ ਇਸੇ ਲਈ ਇਸ ਕਹਾਣੀ ਵਿੱਚ ਦੱਸਿਆ ਹੈ ਕਿ ਇੱਕ ਥਾਂ ਤੋਂ ਦੂਜੀ ਥਾਂ ਤੇ ਜਾ ਕੇ ਵਸੇਵਾ ਬਣਾਉਣਾ ਕਿੰਨਾ ਕਠਿਨ ਹੁੰਦਾ ਹੈ। ਮਹੀਨੇ ਦੀ ਤਨਖਾਹ ਤਾਂ ਪਹਿਲਾਂ ਹੀ ਨਿਸ਼ਚਿਤ ਹੁੰਦੀ ਹੈ ਕਿ ਕਿੱਥੇ-ਕਿੱਥੇ ਖਰਚੀ ਜਾਣੀ ਹੈ ਤਾਂ ਫਿਰ ਘਰ ਦਾ ਹੋਰ ਸਮਾਨ ਕਿੱਥੋ ਲਿਆ ਜਾ ਸਕਦਾ ਹੈ? ਹਰ ਮਹੀਨੇ ਰਾਸ਼ਨ ਦੀਆਂ ਪੁੜੀਆਂ ਲਿਆਉਣ ਵਾਲੀ ਪਤਨੀ ਇੱਕ ਸ਼ਾਮ ਇੰਨੀ ਖ਼ੁਸ਼ ਹੈ ਕਿ ਪਤੀ ਸਮਝਦਾ ਹੈ ਕਿ ਸ਼ਾਇਦ ਲਾਟਰੀ ਦਾ ਇਨਾਮ ਨਿੱਕਲ ਆਇਆ ਹੈ। ਪਰ ਪਤਨੀ ਦੀ ਅਥਾਹ ਖ਼ੁਸ਼ੀ ਦਾ ਕਾਰਨ ਸਿਰਫ ਇਹ ਹੈ ਕਿ ਪੁੜੀ ਦੀ ਥਾਂ ਇੱਕ ਵਸਤ ਦਾ ਪੂਰਾ ਡੱਬਾ ਮਿਲ ਗਿਆ ਹੈ। ਪੁੜੀਆਂ ਲਿਆਉਂਦੀ ਅਤੇ ਹਰ ਵਾਰ ਕਲਪਦੀ ਪਤਨੀ ਲਈ ਇਹ ਲਾਟਰੀ ਵਰਗੀ ਹੀ ਖ਼ੁਸ਼ੀ ਹੈ। ਭੁੱਲਰ ਨੇ ਇਸ ਆਰਥਕ ਤੰਗੀ ਦੇ ਕਾਰਨ ਆਉਣ ਵਾਲੀ ਸਮੱਸਿਆ ਨੂੰ ਪੇਸ਼ ਕਰਨ ਦੇ ਨਾਲ-ਨਾਲ ਇਸ ਸਮੱਸਿਆ ਨੂੰ ਲਿਆਉਣ ਵਾਲੇ ਨੂੰ ਵੀ ਪੇਸ਼ ਕੀਤਾ ਹੈ। ਲੇਖਕ ਦੱਸਦਾ ਹੈ ਕਿ ਜਦੋਂ ਉਹ ਆਪਣੇ ਦਫ਼ਤਰੋਂ ਘਰ ਆਉਂਦਾ ਹੈ ਤਾਂ

ਉਹ ਆਪਣੀ ਪਤਨੀ ਦੇ ਚਿਹਰੇ ਤੇ ਇੱਕ ਅਨੋਖੀ ਹੀ ਲਿਸ਼ਕ ਦੇਖਦਾ ਹੈ। ਉਹ ਉਸ ਤੋਂ ਉਸ ਲਿਸ਼ਕ ਦਾ ਕਾਰਨ ਪੁੱਛਦਾ ਹੈ। ਪਤਨੀ ਵੀ ਚਾਹ ਬਣਾਉਣ ਦੇ ਨਾਲ ਨਾਲ ਆਪਣੇ ਪਤੀ ਨੂੰ ਗੱਲਾਂ ਵਿੱਚ ਉਲਝਾਈ ਰੱਖਦੀ ਹੈ।

"ਕੀ ਗੱਲ? ਬੜੀ ਚਹਿਕ ਰਹੀ ਹੈ ?" ਮੈਂ ਉਹਦੀਆਂ ਅੱਖਾਂ ਦੀ ਲਿਸ਼ਕ ਨਾਲ ਆਪਣੀਆਂ ਅੱਖਾਂ ਲਿਸ਼ਕਾਉਣ ਲਈ ਪੁੱਛਦਾ ਹਾਂ।"[16]

ਲੇਖਕ ਜਦੋਂ ਪਹਿਲਾਂ ਆਪਣੇ ਕੰਮ ਤੋਂ ਘਰ ਵਾਪਿਸ ਆਉਂਦਾ ਹੈ ਤਾਂ ਉਸਦੀ ਪਤਨੀ ਸੌ-ਸੌ ਘਰ ਦੇ ਕੰਮ ਖਰਚੇ ਗਿਣਾਉਣਾ ਸ਼ੁਰੂ ਕਰ ਦਿੰਦੀ ਹੈ ਅੱਜ ਤਾਂ ਘਰ ਦਾ ਮਾਹੌਲ ਹੀ ਬੜਾ ਖ਼ੁਸ਼ੀ ਵਾਲਾ ਬਣਿਆ ਹੋਇਆ ਹੈ। ਲੇਖਕ ਬੈਠਾ ਹੋਇਆ ਅੰਦਾਜ਼ੇ ਲਗਾ ਰਿਹਾ ਹੈ ਕਿ ਜ਼ਰੂਰ ਕਿਸੇ ਰਿਸ਼ਤੇਦਾਰ ਦੇ ਘਰੋਂ ਕੋਈ ਖ਼ੁਸ਼ੀ ਵਾਲੀ ਖ਼ਬਰ ਮਿਲੀ ਹੋਣੀ ਹੈ ਜਾਂ ਫਿਰ ਇਸਨੂੰ ਕੋਈ ਲਾਟਰੀ ਨਿਕਲੀ ਹੋਈ ਹੈ। ਭੁੱਲਰ ਨੇ ਲੇਖਕ ਦੀ ਪਤਨੀ ਦੇ ਮਾਨਸਿਕ ਯਥਾਰਥ ਨੂੰ ਇਸ ਕਹਾਣੀ ਵਿੱਚ ਪੇਸ਼ ਕੀਤਾ ਹੈ ਕਿ ਕਿਵੇਂ ਇੱਕ ਡੱਬਾ ਰਾਸ਼ਨ ਦਾ ਵਾਧੂ ਮਿਲ ਜਾਣ ਕਾਰਨ ਉਸਦੀ ਪਤਨੀ ਆਪਣੇ ਘਰ ਦੇ ਸਾਰੇ ਦੁੱਖਾਂ ਨੂੰ ਭੁੱਲ ਕੇ ਖ਼ੁਸ਼ੀ ਦੀ ਲਹਿਰ ਵਿੱਚ ਝੂਲ ਰਹੀ ਹੈ। ਅੱਜ ਦੇ ਸ਼ਹਿਰੀ ਜੀਵਨ ਵਿੱਚ ਘਰਾਂ ਦੇ ਖ਼ਰਚੇ ਬੜੀ ਹੀ ਮੁਸ਼ਕਿਲ ਨਾਲ ਪੂਰੇ ਕੀਤੇ ਜਾਂਦੇ ਹਨ। ਭਾਵੇਂ ਲੇਖਕ ਦੇ ਘਰ ਬਹੁਤ ਤੰਗੀ ਚੱਲ ਰਹੀ ਹੈ ਫਿਰ ਵੀ ਉਸਦੇ ਬੱਚੇ ਜਲਦ ਤੋਂ ਜਲਦ ਆਪਣੇ ਸੁਪਨਿਆਂ ਨੂੰ ਪੂਰਾ ਹੁੰਦੇ ਦੇਖਣਾ ਚਾਹੁੰਦੇ ਹਨ। ਦਿੱਲੀ ਵਿੱਚ ਜਿੱਥੇ ਮਕਾਨ ਦੀ ਸਮੱਸਿਆ ਹੈ ਉੱਥੇ ਹੋਰ ਵੀ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਡੀ ਮੁਸ਼ਕਿਲ ਤਾਂ ਰਾਸ਼ਨ ਲਿਆਉਣ ਲਈ, ਰਾਸ਼ਨ ਕਾਰਡ ਬਣਾਉਣ ਸਮੇਂ ਪੇਸ਼ ਆਉਂਦੀ ਹੈ। ਜਦੋਂ ਲੇਖਕ ਦੀ ਪਤਨੀ ਰਾਸ਼ਨ ਲੈ ਕੇ ਘਰ ਆਉਂਦੀ ਹੈ ਤਾਂ ਉਸ ਸਮੇਂ ਉਸ ਦੀ ਖ਼ੁਸ਼ੀ ਖ਼ਤਮ ਹੋ ਗਈ ਕਿਉਂਕਿ ਉਸ ਦਾ ਸੁਪਨਾ ਸਾਕਾਰ ਨਹੀਂ ਸੀ ਹੋਇਆ ਜੋ ਉਸ ਨੇ ਰਾਸ਼ਨ ਕਾਰਡ ਬਣਾਉਣ ਵੇਲੇ ਲਿਆ ਸੀ। ਉਹ ਤਾਂ ਵਾਪਿਸ ਆ ਕੇ ਰੋ ਪਈ।

"ਕਿੱਥੇ ਪਿੰਡ ਘਰ ਦੇ ਦਾਣਿਆਂ ਦੀਆਂ ਭਰੀਆਂ ਹੋਈਆਂ ਬੋਰੀਆਂ ਖੋਲ੍ਹਿਆ ਕਰਦੇ ਸੀ ਤੇ ਕਿੱਥੇ ਹੁਣ ਆਹ ਰਾਸ਼ਨ ਦੀਆਂ ਪੁੜੀਆਂ ਖੋਲ੍ਹਿਆ ਕਰਾਂਗੇ…"17

ਇਸ ਤਰਾਂ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਆਰਥਕ ਮੰਦਹਾਲੀ ਦੇ ਸੱਚ ਨੂੰ ਪੇਸ਼ ਕੀਤਾ ਹੈ। ਭੁੱਲਰ ਇੱਕ ਯਥਾਰਥਵਾਦੀ ਲੇਖਕ ਹੈ। ਉਸਨੇ ਆਪ ਹੰਢਾਏ ਜਾਂ ਨੇੜਿਓਂ ਪ੍ਰਤੀਤ ਕੀਤੇ ਸੱਚ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਇਆ ਹੈ। ਸਮਾਜ ਵਿਚਲੇ ਸੱਚ ਦੀਆਂ ਤਹਿਆਂ ਨੂੰ ਫਰੋਲਣ ਵਿੱਚ ਭੁੱਲਰ ਇੱਕ ਸੂਝਵਾਨ ਲੇਖਕ ਹੋ ਨਿਬੜਿਆ ਹੈ। ਭੁੱਲਰ ਮਨੁੱਖੀ ਮਨ ਦਾ ਕਹਾਣੀਕਾਰ ਹੈ। ਗੁਰਬਚਨ ਸਿੰਘ ਭੁੱਲਰ ਦੀ ਜਗਦੀਸ਼ ਕੌਸ਼ਲ ਨਾਲ ਮੁਲਾਤਕ ਦੌਰਾਨ ਉਹ ਦੱਸਦੇ ਹਨ।

"ਜਗਦੀਸ਼ ਕੌਸ਼ਲ: ਭੋਗਲ ਜੀ ਨੇ ਸਭ ਤੋਂ ਬਹੁਤਾ ਸਫਲ ਉਹਨਾਂ ਕਹਾਣੀਆਂ ਵਿੱਚ ਕਿਹਾ ਹੈ ਜਿੱਥੇ ਤੁਸੀਂ ਯਥਾਰਥਕ ਪਾਤਰ ਦੀ ਸਾਧਾਰਨਤਾ ਦੇ ਓਹਲੇ ਛੁਪੀ ਅਸਾਧਾਰਨਤਾ ਲੱਭੀ ਹੈ। ਤੁਹਾਡਾ ਇਸ ਬਾਰੇ ਕੀ ਵਿਚਾਰ ਹੈ।

ਭੁੱਲਰ: ਭੋਗਲ ਜੀ ਦੀ ਇਹ ਗੱਲ ਬਹੁਤ ਠੀਕ ਹੈ। ਇਹ ਕੇਵਲ ਮੇਰੀਆਂ ਕਹਾਣੀਆਂ ਉੱਤੇ ਹੀ ਨਹੀਂ, ਸਗੋਂ ਆਮ ਰੂਪ ਵਿੱਚ ਕਹਾਣੀ ਉੱਤੇ ਲਾਗੂ ਹੁੰਦਾ ਇੱਕ ਵਧੀਆ ਗੁਰ ਹੈ। ਪਾਤਰ ਪਾਠਕ ਨੂੰ ਉਨ੍ਹਾਂ ਦੇ ਆਲੇ-ਦੁਆਲੇ ਵਿੱਚ ਵਿਚਰਦੇ ਆਮ ਵਿਅਕਤੀ ਵੀ ਪ੍ਰਤੀਤ ਹੋਣੇ ਚਾਹੀਦੇ ਹਨ। ਇਹਦੇ ਨਾਲ ਹੀ ਲੇਖਕ ਨੂੰ ਉਹਨਾਂ ਦੇ ਚਰਿੱਤਰ ਦੀ ਕੋਈ ਅਜਿਹੀ ਅਸਾਧਾਰਨ ਪਰਤ ਪਾਠਕ ਅੱਗੇ ਉਜਾਗਰ ਕਰਨੀ ਚਾਹੀਦੀ ਹੈ ਕਿ ਉਹ ਦੇਖਦਾ ਹੀ ਰਹਿ ਜਾਵੇ। ਤੋਰੀ ਦੀ ਵੇਲ ਦਾ ਧਰਮਾ, ਚਗ਼ਲ ਦੀ ਸੁਰਜੀਤ, ਓਪਰਾ ਮਰਦ ਦੀ ਦੀਪੋ, ਰੇਸ਼ਮ ਦੀ ਛੋਹ ਅਤੇ ਬੋਰੇ ਦੇ ਘਾਸੇ ਦਾ ਸੰਗੂ, ਖ਼ੂਨ

ਦਾ ਕਰਤਾਰਾ, ਵਕ਼ਤਾਂ ਮਾਰੇ ਦਾ ਅਮਲੀ, ਦੀਵੇਂ ਵਾਂਗ ਬਲਦੀ ਅੱਖ ਦੀ ਮਹਿੰਦਰੋਂ, ਧੁੰਦ ਅਤੇ ਸੂਰਜ ਦੀ ਚਾਚੀ ਦਾਨਕੁਰ ਆਦਿ ਸਭ ਅਜਿਹੇ ਹੀ ਪਾਤਰ ਹਨ।"[18]

ਭੁੱਲਰ ਦੀ ਇੱਕ ਕਹਾਣੀ 'ਵਿੱਥਾ ਮਿਟ ਗਈਆਂ' ਦਾ ਪਾਤਰ ਚਤਰੂ ਇਕੱਲੇਪਨ ਦੀ ਜ਼ਿੰਦਗੀ ਹੰਢਾਉਂਦਾ ਹੈ। ਉਸ ਦੀ ਦੇਖਭਾਲ ਕਰਨ ਵਾਲਾ ਵੀ ਕੋਈ ਆਪਣਾ ਉਸ ਕੋਲ ਨਹੀਂ ਹੈ। ਜਦੋਂ ਅਸੀਂ ਉਸ ਦੀ ਜ਼ਿੰਦਗੀ ਦੇ ਯਥਾਰਥ ਉੱਪਰ ਝਾਤੀ ਮਾਰਦੇ ਹਾਂ ਤਾਂ ਸਾਨੂੰ ਉਸ ਪਿੱਛੇ ਬਣੇ ਹਾਲਾਤ ਜ਼ਿੰਮੇਵਾਰ ਨਜ਼ਰ ਆਉਂਦੇ ਹਨ। ਚਤਰਾ ਆਪਣੇ ਘਰ ਪਰਿਵਾਰ ਵਿੱਚ ਇਕੱਲਾ ਹੀ ਪੈਦਾ ਹੁੰਦਾ ਹੈ ਨਾ ਉਸ ਦਾ ਕੋਈ ਭਰਾ ਅਤੇ ਨਾ ਹੀ ਕੋਈ ਭੈਣ ਹੁੰਦੀ ਹੈ। ਉਸ ਦੀ ਮਾਂ ਉਸ ਨੂੰ ਜਨਮ ਦੇ ਕੇ ਮਰ ਜਾਂਦੀ ਹੈ। ਪਿਤਾ ਨੇ ਮੁਸ਼ਕਿਲਾਂ ਨਾਲ ਉਸ ਨੂੰ ਪਾਲਿਆ ਹੁੰਦਾ ਹੈ ਅੰਤ ਉਹ ਵੀ ਉਸ ਨੂੰ ਛੱਡ ਕੇ ਤੁਰ ਜਾਂਦਾ ਹੈ। ਚਤਰੇ ਦੇ ਨਾਮ ਉਸ ਦੇ ਪਿਤਾ ਵਲੋਂ ਪੱਚੀ ਘੁਮਾਂ ਜ਼ਮੀਨ ਲਗਾ ਦਿੱਤੀ ਜਾਂਦੀ ਹੈ ਜਿਸਦੀ ਦੇਖਭਾਲ ਵਿੱਚ ਚਤਰਾ ਵਿਆਹ ਤੱਕ ਕਰਵਾਉਣਾ ਵੀ ਛੱਡ ਦਿੰਦਾ ਹੈ। ਖੇਤੀ ਕਰਦਾ ਆਪਣੇ ਜੀਵਨ ਦਾ ਗੁਜ਼ਾਰਾ ਕਰਦਾ ਹੈ। ਜਦੋਂ ਉਸ ਨੂੰ ਵਿਆਹ ਬਾਰੇ ਸੁਰਤ ਆਉਂਦੀ ਤਾਂ ਸ਼ਰੀਕ ਹੀ ਉਸ ਦਾ ਵਿਆਹ ਧੁਰ ਨਹੀਂ ਚੜਨ ਦਿੰਦੇ। ਸ਼ਰੀਕ ਚਾਹੁੰਦੇ ਹਨ ਕਿ ਇਹ ਇਸੇ ਤਰਾਂ ਇਕੱਲਾ ਹੀ ਮਰ ਮੁੱਕ ਜਾਵੇ ਤੇ ਇਸ ਦੀ ਜ਼ਮੀਨ ਤੇ ਬਸ ਸਾਡਾ ਹੀ ਕਬਜਾ ਹੋ ਜਾਵੇ। ਆਪਣੀ ਆਰਥਕ ਹਾਲਤ ਨੂੰ ਸੁਧਾਰਨ ਚੇ ਚੱਕਰ ਵਿੱਚ ਉਹ ਚਤਰੇ ਨਾਲ ਅਜਿਹਾ ਵਿਵਹਾਰ ਕਰਦੇ ਹਨ।

"ਚਤਰੂ ਇਕੱਲਾ ਸੀ, ਬਿਲਕੁਲ ਇਕੱਲਾ। ਉਹਦੇ ਪਿਉ ਦੇ ਵੀ ਕੋਈ ਭਾਈ-ਭੈਣ ਨਹੀਂ ਸੀ। ਮਾਂ ਉਹਦੀ ਉਹਨੂੰ ਛੋਟਾ ਜਿਹਾ ਛੱਡ ਕੇ ਬਰੀਕ ਤਾਪ ਨਾਲ ਪੂਰੀ ਹੋ ਗਈ ਸੀ। ਪਿਉ ਨੇ ਉਹ ਦੋਜ਼ਕਾਂ ਨਾਲ ਪਾਲਿਆ ਸੀ।"[19]

ਇਸ ਕਹਾਣੀ ਵਿੱਚ ਭੁੱਲਰ ਨੇ ਚਤਰੂ ਪਾਤਰ ਦੇ ਅਜਿਹੀ ਹਾਲਤ ਨੂੰ ਜਾਣਨ ਦੇ ਲਈ ਉਸ ਦੇ ਸੱਚ ਦੀਆਂ ਤਹਿਆਂ ਨੂੰ ਫਰੋਲਿਆ ਹੈ ਜਿਸ ਤੋਂ ਹੀ ਸਾਨੂੰ ਉਸ ਬਾਰੇ ਪਤਾ ਲੱਗ ਸਕਿਆ ਹੈ। ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਸਮਾਜ ਦੇ ਸਰੂਪ ਨੂੰ ਸਾਡੇ ਸਾਹਮਣੇ ਪੇਸ਼ ਕਰ ਸਕਿਆ ਹੈ। ਭੁੱਲਰ ਇੱਕ ਸੂਝਵਾਨ ਕਹਾਣੀਕਾਰ ਹੈ ਉਸਨੂੰ ਪਤਾ ਹੈ ਕਿ ਪਾਠਕ ਹੀ ਹਨ ਜੋ ਕਿਸੇ ਰਚਨਾ ਨੂੰ ਪੜ ਕੇ ਸਮਝ ਕੇ ਉਸਦਾ ਸਹੀ ਪ੍ਰਯੋਗ ਕਰ ਕੇ ਸਮਾਜ ਨੂੰ ਵਿਕਾਸ ਦੇ ਰਾਹ ਤੇ ਲਿਜਾਣ ਵਿੱਚ ਮੱਦਦ ਕਰ ਸਕਦੇ ਹਨ। ਸਾਹਿਤ ਇੱਕ ਅਜਿਹੀ ਰਚਨਾ ਹੈ ਜੋ ਸਾਨੂੰ ਜ਼ਿੰਦਗੀ ਜਿਊਣ ਦਾ ਗੁਰ ਦੱਸਦੀ ਹੈ। ਬਸ ਲੋੜ ਹੈ ਕਿ ਅਸੀਂ ਇਸ ਦਾ ਸਹੀ ਇਸਤੇਮਾਲ ਕਰੀਏ। ਸਾਹਿਤ ਵਿੱਚ ਸਮਾਜ ਦੀ ਹੀ ਝਲਕ ਨਜ਼ਰ ਆਉਂਦੀ ਹੈ ਸਾਹਿਤ ਮਨ ਦੀਆਂ ਸਾਰੀਆਂ ਪਰਤਾਂ ਨੂੰ ਖੋਲ ਕੇ ਸਾਹਮਣੇ ਲਿਆਉਂਦਾ ਹੈ। ਸਾਨੂੰ ਸਹੀ ਅਤੇ ਗਲਤ ਰਸਤੇ ਦੀ ਪਹਿਚਾਣ ਵੀ ਕਰਵਾਉਂਦਾ ਹੈ। ਕੁਝ ਦਹਾਕੇ ਪਹਿਲਾਂ ਸਮਾਜ ਦਾ ਜੋ ਰੂਪ ਸੀ ਅੱਜ ਦੇ ਸਮੇਂ ਨਾਲੋਂ ਬਹੁਤਾ ਮਾੜਾ ਸੀ। ਸਮਾਜ ਆਪਣੇ ਹਰ ਪਾਸੇ ਤੋਂ ਊਣਾ ਨਜ਼ਰ ਆ ਰਿਹਾ ਸੀ। ਸਮੇਂ-ਸਮੇਂ ਤੇ ਸਮਾਜ ਵਿਚੋਂ ਹੀ ਮਹਾਨ ਸ਼ਖ਼ਸੀਅਤਾਂ ਨੇ ਜਨਮ ਲੈ ਕੇ ਅਜਿਹੀ ਸੋਝੀ ਸਮਾਜ ਨੂੰ ਬਖ਼ਸ਼ੀ ਕਿ ਸਮਾਜ ਨਿੱਖਰਿਆ ਹੋਇਆ ਮਹਿਸੂਸ ਹੋਣ ਲੱਗਾ। ਇਸ ਕਹਾਣੀ ਦਾ ਚਤਰਾ ਭਾਵੇਂ ਕਿਸੇ ਗੱਲੋਂ ਵੀ ਸਾਨੂੰ ਸਮਾਜ ਦੇ ਕਿਸੇ ਹਿੱਸੇ ਵਿਚੋਂ ਅਲੱਗ ਨਹੀਂ ਨਜ਼ਰ ਆਉਂਦਾ ਪ੍ਰੰਤੂ ਜਦੋਂ ਭੁੱਲਰ ਨੇ ਇਸ ਆਮ ਜਿਹੇ ਪਾਤਰ ਦੇ ਸਰੂਪ ਨੂੰ ਲਿਆ ਕੇ ਸਾਡੇ ਸਾਹਮਣੇ ਰੱਖਿਆ ਤਾਂ ਸਾਨੂੰ ਕੇਵਲ ਚਤਰਾ ਹੀ ਨਜ਼ਰ ਨਹੀਂ ਸੀ ਆ ਰਿਹਾ ਬਲਕਿ ਆਪਣੇ ਆਲੇ-ਦੁਆਲੇ ਚਤਰੇ ਵਰਗੇ ਅਨੇਕਾਂ ਪਾਤਰ ਨਜ਼ਰ ਆ ਰਹੇ ਸਨ। ਇਸ ਕਹਾਣੀ ਦੇ ਜ਼ਰੀਏ ਭੁੱਲਰ ਨੇ ਸਮਾਜ ਦੇ ਵਿੱਚ ਵੱਸਦੇ ਵਿਆਹ ਤੋਂ ਬਿਨਾਂ ਰਹਿ ਰਹੇ ਮਰਦ ਪਾਤਰਾਂ ਦੀ ਜ਼ਿੰਦਗੀ ਉੱਪਰ ਵੀ ਇੱਕ ਝਲਕ ਪੇਸ਼ ਕੀਤੀ ਹੈ ਕਿ ਅਜਿਹੇ ਮਰਦਾਂ ਨਾਲ ਸਮਾਜ ਕਿਹੋ ਜਿਹਾ ਵਿਵਹਾਰ

ਕਰਦਾ ਹੈ। ਇਸ ਕਹਾਣੀ ਦੇ ਜ਼ਰੀਏ ਭੁੱਲਰ ਨੇ ਦੋ ਤਰਾਂ ਦੇ ਸੱਚ ਨੂੰ ਸਾਡੇ ਅੱਖਾਂ ਸਾਹਮਣੇ ਲਿਆਂਦਾ ਹੈ ਇੱਕ ਤਾਂ ਚਤਰੇ ਦੀ ਅਜਿਹੀ ਹਾਲਤ ਦਾ ਜ਼ਿੰਮੇਵਾਰ ਉਸ ਵਲੋਂ ਆਰਥਕ ਹਾਲਤ ਨੂੰ ਸੁਧਾਰਨ ਦੇ ਚੱਕਰ ਵਿੱਚ ਆਪਣੇ ਬਾਰੇ, ਆਪਣੇ ਘਰ-ਪਰਿਵਾਰ ਨੂੰ ਵਸਾਉਣ ਦਾ ਉਸ ਕੋਲ ਸਮਾਂ ਹੀ ਨਹੀਂ ਸੀ। ਦੂਸਰਾ ਸੱਚ ਇਹ ਹੈ ਕਿ ਉਸਦੇ ਸ਼ਰੀਕੇ ਵਾਲੇ ਉਸ ਦੀ ਜਦੋਂ ਜ਼ਿਆਦਾ ਉਮਰ ਹੋ ਜਾਂਦੀ ਹੈ ਤਾਂ ਉਸਦਾ ਵਿਆਹ ਹੀ ਧੁਰ ਨਹੀਂ ਚੜਨ ਦਿੰਦੇ।

"ਉਸ ਸਮੇਂ ਚਤਰੂ ਦੀ ਉਮਰ ਪੱਕ ਚੁੱਕੀ ਸੀ। ਦੁਬਾਰਾ ਨਾ ਕੋਈ ਸਾਕ ਵਾਲਾ ਆਇਆ, ਨਾ ਕਿਸੇ ਹੋਰ ਨੇ ਹੀ ਉਹਦੀ ਖ਼ਾਤਿਰ ਕੋਈ ਹੀਲਾ ਕੀਤਾ। ਆਪਣਾ ਸਿਰ ਆਪ ਗੁੰਦਣਾ ਉਂਜ ਹੀ ਮੁਸ਼ਕਿਲ ਹੁੰਦਾ ਹੈ। ਜੇ ਕਦੀ ਅਜਿਹੀ ਗੱਲ ਹੋਣ ਵੀ ਲੱਗਦੀ, ਸ਼ਾਮੋ ਉਤੋਂ ਮਿੱਠੀ ਰਹਿੰਦੀ ਪਰ ਅੰਦਰੇ-ਅੰਦਰ ਭਾਨੀਆਂ ਮਾਰ ਕੇ ਤੁਰਨ ਲੱਗੀ ਗੱਲ ਦਾ ਹੀ ਗਲ ਘੁੱਟ ਦਿੰਦੀ। ਸੋ ਚਤਰੂ ਸੰਤੇ ਦੇ ਪਰਿਵਾਰ ਨੂੰ ਹੀ ਕੁਝ-ਕੁਝ ਆਪਣਾ ਸਮਝਣ ਲੱਗ ਪਿਆ।"[20]

ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਨੂੰ ਜ਼ਿਆਦਾਤਰ ਸਮਾਜ ਦੀਆਂ ਚੱਲ ਰਹੀਆਂ ਸਮੱਸਿਆਵਾਂ ਉੱਪਰ ਹੀ ਕੇਂਦਰਿਤ ਕੀਤਾ ਹੈ। ਉਸ ਦੀਆਂ ਕਹਾਣੀਆਂ ਵਿੱਚ ਸੱਚਾਈ ਨੂੰ ਪਛਾਣਨ ਦੀ ਲੋੜ ਨਹੀਂ। ਸਮਾਜ ਵਿੱਚ ਅਸੀਂ ਜੋ ਕੁਝ ਦੇਖਦੇ ਹਾਂ ਉਸ ਉੱਪਰ ਯਕੀਨ ਕਰ ਕੇ ਬੈਠ ਜਾਂਦੇ ਹਾਂ ਭਾਵੇਂ ਕੁਝ ਮਾੜਾ ਹੋਵੇ ਭਾਵੇਂ ਕੁਝ ਚੰਗਾ। ਭੁੱਲਰ ਦੀਆਂ ਕਹਾਣੀਆਂ ਪੜ ਕੇ ਅਸੀਂ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਸਾਡੇ ਸਮਾਜ ਵਿਚ ਜੇਕਰ ਅਜਿਹਾ ਕੁਝ ਚੱਲ ਰਿਹਾ ਹੈ ਤਾਂ ਕਿਉਂ ਚੱਲ ਰਿਹਾ ਹੈ। ਅਸੀਂ ਜਦੋਂ ਕੋਈ ਵੀ ਕਿਸੇ ਪ੍ਰਕਾਰ ਦਾ ਪ੍ਰਸ਼ਨ ਆਪਣੇ ਮਨ ਵਿੱਚ ਪੈਦਾ ਕਰ ਲੈਂਦੇ ਹਾਂ ਤਾਂ ਅਸੀਂ ਸਹੀ ਅਰਥਾਂ ਵਿੱਚ ਪਾਠਕ ਬਣ ਜਾਂਦੇ ਹਾਂ ਜਦੋਂ ਸਮਾਜ ਵਿੱਚ ਹੋ ਰਹੇ ਕਿਸੇ ਗਲਤ ਕੰਮ ਨੂੰ ਰੋਕਣਾ ਸ਼ੁਰੂ ਕਰਦੇ ਹਾਂ ਤਾਂ ਸਾਡੇ ਸਖ਼ਸੀਅਤ ਉੱਪਰ ਕਿਸੇ ਨਾ ਕਿਸੇ ਰਚਨਾ ਜਾਂ ਸ਼ਖ਼ਸੀਅਤ ਦਾ ਅਸਰ ਹੋਇਆ ਪ੍ਰਤੱਖ ਨਜ਼ਰ ਆਉਂਦਾ ਹੈ। ਸੋ ਇਸ ਪ੍ਰਕਾਰ ਭੁੱਲਰ ਦੀਆਂ ਕਹਾਣੀਆਂ ਸਮਾਜ ਉੱਪਰ ਆਪਣੀ ਅਮਿੱਟ ਛਾਪ ਛੱਡ ਕੇ ਜਾਂਦੀਆਂ ਹਨ।

"ਅਜੀਤ ਦੇ ਰੀਵਿਊ ਵਿੱਚ ਆਖਿਆ ਗਿਆ, "ਇਹਨਾਂ ਸਾਰੀਆਂ ਕਹਾਣੀਆਂ ਤੋਂ ਸਪੱਸ਼ਟ ਹੈ ਕਿ ਭੁੱਲਰ ਦ੍ਰਿੜ ਕਿਸਮ ਦਾ ਯਥਾਰਥਵਾਦੀ ਲੇਖਕ ਹੈ ਜਿਸ ਨੂੰ ਆਪਣੇ ਆਲੇ-ਦੁਆਲੇ ਦੇ ਸੰਸਾਰ ਦੀ ਚੰਗੀ ਸੋਝੀ ਤੇ ਪਛਾਣ ਹੈ। ਉਹ ਰੋਗ ਦੀ ਜੜ ਜਾਣਨ ਤੇ ਦੱਸਣ ਦਾ ਹੀਲਾ ਕਰਦਾ ਹੈ। ਉਹ ਆਪਣੀ ਕਹਾਣੀ ਵਿੱਚ ਇੱਕ ਗੱਲ ਕਹਿਣ ਦਾ ਯਤਨ ਕਰਦਾ ਹੋਇਆ ਆਪਣੇ ਆਲੇ-ਦੁਆਲੇ ਵੀ ਸੰਕੇਤ ਕਰਦਾ ਜਾਂਦਾ ਹੈ। ਕਈ ਵਾਰ ਉਹ ਉਸ ਗੱਲ ਨੂੰ ਸ਼ਿੱਦਤ ਦੇਣ ਲਈ ਵਿਅੰਗ ਦਾ ਸਹਾਰਾ ਲੈਂਦਾ ਹੈ। ਆਪਣੀ ਕਹਾਣੀ ਵਿੱਚ ਇੱਕ ਗੱਲ ਖੜੀ ਕਰ ਕੇ ਅਤੇ ਨਾਲ ਹੀ ਉਹਦਾ ਬਦਲ ਦੇ ਕੇ ਉਹ ਇਸ ਗੱਲ ਦਾ ਕਥਾਰਸਿਸ ਕਰ ਲੈਂਦਾ ਹੈ। ਉਹਦੀ ਇਹ ਜੁਗਤੀ ਉਹਨੂੰ ਕੁਲਵੰਤ ਸਿੰਘ ਵਿਰਕ ਦੀ ਕਥਾ-ਸ਼ੈਲੀ ਦੇ ਹਾਣ ਦਾ ਬਣਾ ਦਿੰਦੀ ਹੈ। ਕਹਾਣੀ ਦਾ ਕੱਥ ਰੌਚਕ ਤੇ ਪ੍ਰਭਾਵਸ਼ਾਲੀ ਤਾਂ ਹੁੰਦਾ ਹੀ ਹੈ।"[21]

ਇਸ ਪ੍ਰਕਾਰ ਭੁੱਲਰ ਨੇ ਇਸ ਕਹਾਣੀ ਰਾਹੀਂ ਆਰਥਕ ਮੰਦਹਾਲੀ ਦੇ ਸੱਚ ਨੂੰ ਸਮਾਜ ਅੱਗੇ ਲਿਆਂਦਾ ਹੈ। ਆਧੁਨਿਕ ਸਮਾਜ ਵਿੱਚ ਆਰਥਕਤਾ ਦੇ ਕਾਰਣ ਅਨੇਕਾਂ ਮੁਸ਼ਕਿਲਾਂ ਪੈਦਾ ਹੋ ਜਾਂਦੀਆਂ ਹਨ। ਅਜਿਹੀ ਸਮੱਸਿਆ ਕੇਵਲ ਪਿੰਡਾਂ ਵਿੱਚ ਹੀ ਨਹੀਂ ਸਗੋਂ ਸ਼ਹਿਰਾਂ ਵਿੱਚ ਵੀ ਪਾਈ ਜਾਂਦੀ ਹੈ। ਭੁੱਲਰ ਨੇ ਕੇਵਲ ਪਿੰਡਾਂ ਦੇ ਵਾਤਾਵਰਨ ਨੂੰ ਹੰਢਾਂ ਕੇ ਹੀ ਨਹੀਂ ਕਹਾਣੀਆਂ ਲਿਖੀਆ ਬਲਕਿ ਸ਼ਹਿਰਾਂ ਦੇ ਜੀਵਨ ਨੂੰ ਵੀ ਆਪ ਹੰਢਾਂ ਕੇ ਅਨੁਭਵ ਤੋਂ ਬਾਅਦ ਕਹਾਣੀਆਂ ਦੀ ਸਿਰਜਨਾ ਕੀਤੀ। ਇਸ ਨਾਲ ਸਾਨੂੰ ਅਜੋਕੇ ਸਮੇਂ ਦੀ ਸਮਾਜ ਦੀ ਤਸਵੀਰ ਪਿਛਲੇ ਸੱਚ ਨੂੰ ਦੇਖਣ ਦਾ ਮੌਕਾ ਮਿਲਦਾ ਹੈ। ਆਰਥਕ ਪੱਖੋਂ ਕਮਜ਼ੋਰ ਹੋਣ ਨਾਲ ਸਾਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭੁੱਲਰ ਦੀਆਂ

ਕਹਾਣੀਆਂ ਵਿੱਚ ਅਜਿਹੀ ਸਿੱਖਿਆ ਮਿਲਦੀ ਹੈ ਜਿਸ ਨਾਲ ਅਸੀਂ ਸਮਾਜ ਵਿਚ ਸ਼ਾਂਤੀ ਨਾਲ ਰਹਿ ਕੇ ਇਨ੍ਹਾਂ ਤੋਂ ਨਿਜ਼ਾਤ ਪਾ ਸਕਦੇ ਹਾਂ। ਸਮਾਜ ਵਿੱਚ ਆਪਣੀ ਆਰਥਕ ਹਾਲਤ ਨੂੰ ਮਜ਼ਬੂਤ ਕਰਨ ਲਈ ਕਈ ਵਾਰ ਅਸੀਂ ਰਿਸ਼ਤਿਆਂ ਨੂੰ ਆਪਣੇ ਹੱਥੋਂ ਗਵਾ ਲੈਂਦੇ ਹਾਂ। ਉੱਥੇ ਭੁੱਲਰ ਦੀ ਕਹਾਣੀ 'ਵਿੱਥਾ ਮਿਟ ਗਈਆਂ' ਦਾ ਪਾਤਰ ਚਤਰਾ ਆਪਣੀ ਬਚੀ ਹੋਈ ਜਮੀਨ ਨੂੰ ਗੁਰਦੁਆਰੇ ਦੇ ਨਾਮ ਕਰ ਕੇ ਜੋ ਉਸ ਅਤੇ ਉਸ ਦੇ ਸ਼ਰੀਕਾਂ ਵਿਚਕਾਰ ਇੱਕ ਵਿਥ ਬਣੀ ਹੋਈ ਸੀ ਨੂੰ ਪੂਰੀ ਤਰਾਂ ਨਾਲ ਮਿਟਾ ਦਿੰਦਾ ਹੈ। ਚਤਰਾ ਪਹਿਲਾਂ ਆਪਣੇ ਸ਼ਰੀਕਾਂ ਨਾਲ ਰਲ-ਮਿਲ ਕੇ ਰਹਿਣਾ ਚਾਹੁੰਦਾ ਹੈ ਪ੍ਰੰਤੂ ਜਦੋਂ ਉਹ ਉਸ ਦੀ ਰਤਾ ਕੁ ਵੀ ਸਾਰ ਨਹੀਂ ਲੈਂਦੇ ਤਾਂ ਉਹਨਾਂ ਨਾਲੋਂ ਆਪਣੇ ਸਾਰੇ ਰਿਸ਼ਤੇ ਤੋੜ ਕੇ ਹੀ ਸਾਹ ਲੈਂਦਾ ਹੈ। ਇਹੀ ਸਾਡੇ ਅੱਜ ਦੇ ਸਮਾਜ ਦੀ ਸੱਚਾਈ ਵੀ ਹੈ ਕਿ ਮਨੁੱਖ ਬਸ ਮਨੁੱਖ ਨਾਲੋਂ ਧਨ ਦੌਲਤ ਨੂੰ ਹੀ ਜ਼ਿਆਦਾ ਮਾਇਨੇ ਰੱਖਦਾ ਹੈ। ਜਿਸ ਕਾਰਨ ਉਹ ਦਿਨੋਂ-ਦਿਨ ਇਕੱਲੇਪਨ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ।

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਸਮਾਜ ਦੇ ਕੌੜੇ ਸੱਚ ਨੂੰ ਲਿਆ ਕੇ ਸਮਾਜ ਦੀ ਤਸਵੀਰ ਨੂੰ ਬਦਲਣਾ ਚਾਹੁੰਦੀਆਂ ਹਨ। ਸਮਾਜ ਵਿੱਚ ਵੱਸਦੇ ਮਨੁੱਖਾਂ ਦੀ ਸੋਚ ਨੂੰ ਹੀ ਬਦਲਿਆ ਜਾ ਸਕੇ ਇਸੇ ਕੋਸ਼ਿਸ਼ ਨਾਲ ਹੀ ਭੁੱਲਰ ਅਜਿਹੀਆਂ ਕਹਾਣੀਆਂ ਦਾ ਰਚੇਤਾ ਬਣਦਾ ਹੈ। ਇਸ ਪ੍ਰਕਾਰ ਭੁੱਲਰ ਦੀ ਅਜਿਹੀ ਕਹਾਣੀ ਨਾਲ ਸਮਾਜ ਆਪਣੀ ਪੁਰਾਣੀ ਸੋਚ ਨੂੰ ਭੁਲਾ ਕੇ ਨਵੇਂ ਨਜ਼ਰੀਏ ਤੋਂ ਸੋਚਣਾ ਲੋਚਦਾ ਹੈ। ਜੋ ਹੌਂਸਲਾ ਇਸ ਕਹਾਣੀ ਵਿਚਲੇ ਚਤਰੇ ਪਾਤਰ ਨੇ ਕੀਤਾ ਹੈ ਆਪਣੇ ਮਤਲਬੀ ਰਿਸ਼ਤਿਆਂ ਨੂੰ ਦੂਰ ਕਰ ਕੇ ਇਸ ਨਾਲ ਹੀ ਸਮਾਜ ਵਿਚ ਇੱਕ ਨਵੀਂ ਸੋਚ ਜਨਮ ਲੈਂਦੀ ਹੈ ਅਤੇ ਸਮਾਜ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾਣ ਵਿੱਚ ਸਾਡੀ ਮੱਦਦ ਕਰਦੀ ਹੈ।

"ਭਾਈ ਜੀ ਦੋ ਮੈਂਬਰਾਂ ਅਤੇ ਇੱਕ ਨੰਬਰਦਾਰ ਨੂੰ ਲੈ ਕੇ ਆ ਗਿਆ। ਚਤਰੂ ਨੇ ਤਿੰਨ ਘੁਮਾਂ ਗੁਰਦੁਆਰੇ ਦੇ ਨਾਂ ਅਤੇ ਦੋ ਘੁਮਾਂ ਸਕੂਲ ਦੇ ਨਾਂ ਵਸੀਅਤ ਕਰਵਾ ਕੇ ਲਿਖਤ ਉੱਤੇ ਗੂਠਾ ਲਾ ਦਿੱਤਾ। ਸਰਪੰਚ ਅਤੇ ਤਿੰਨੇ ਦੂਜੇ ਬੰਦਿਆਂ ਨੇ ਲਿਖਤ ਉੱਤੇ ਗਵਾਹੀ ਪਾ ਦਿੱਤੀ। ਚਤਰੂ ਨੂੰ ਲੱਗਿਆ, ਜਿਵੇਂ ਹੁਣ ਸਭ ਭਾਰ ਲਹਿ ਗਏ ਹੋਣ ਅਤੇ ਸਭ ਵਿੱਥਾਂ ਮਿਟ ਗਈਆਂ ਹੋਣ। ਉਸਦੀਆਂ ਅੱਖਾਂ ਸਹਿਜੇ-ਸਹਿਜੇ ਇੱਕ ਅਨੋਖੇ ਚੈਨ ਨਾਲ ਬੰਦ ਹੋ ਗਈਆਂ।"[22]

ਗੁਰਬਚਨ ਸਿੰਘ ਭੁੱਲਰ ਦੀ ਵਿਸ਼ੇਸ਼ ਪਹਿਚਾਣ ਉਸਦੀਆਂ ਕਹਾਣੀਆਂ ਵਿੱਚ ਸੱਚ ਦੇ ਸਰੂਪ ਦਾ ਹੋਣਾ ਹੈ। ਸੱਚ ਉੱਪਰ ਉਸਦੀ ਪੱਕੀ ਪਕੜ ਹੈ। ਇਸੇ ਵਿਸ਼ੇਸ਼ ਗੁਣ ਦੇ ਕਾਰਨ ਅੱਜ ਦੇ ਸਮੇਂ ਦੀਆਂ ਕਹਾਣੀਆਂ ਵਿੱਚ ਉਸਦਾ ਨਾਮ ਚਮਕਦੇ ਸਿਤਾਰੇ ਵਾਂਗ ਸਾਹਿਤ ਦੇ ਖੇਤਰ ਵਿੱਚ ਚਮਕਦਾ ਹੈ।

"ਪੰਜਾਬੀ ਟ੍ਰਿਬਿਊਨ ਨੇ ਲਿਖਿਆ, "ਗੁਰਬਚਨ ਸਿੰਘ ਭੁੱਲਰ ਨੇ ਇਸ ਦਸਾਂ ਕਹਾਣੀਆਂ ਵਾਲੇ ਸੱਜਰੇ ਸੰਗ੍ਰਹਿ ਦੇ ਪ੍ਰਕਾਸ਼ਨ ਨਾਲ ਨਿਸਚੇ ਹੀ ਇੱਕ ਨਵੇਂ ਮਿਆਰ ਨੂੰ ਛੂੰਹਦੀ ਉਸਦੀ ਕਹਾਣੀ ਕਲਾ ਦੇ ਦੀਦਾਰ ਹੁੰਦੇ ਹਨ। ਕਹਾਣੀਆਂ ਵਿਚਲੇ ਸੱਚ ਬਾਰੇ ਉਸਦੀ ਪਕੜ ਵਧੇਰੇ ਪੀਡੀ, ਵਸਤੂਮੁਖੀ ਅਤੇ ਵਿਸ਼ਲੇਸ਼ਣਕਾਰੀ ਹੋ ਗਈ ਹੈ, ਜਿਸ ਕਾਰਨ ਉਸ ਦੀ ਕਹਾਣੀ ਕਲਾ ਨੇ ਉੱਚ ਪ੍ਰਾਪਤੀ ਵਾਲੀ ਅਜੋਕੀ ਕਹਾਣੀ ਦੇ ਨਵੇਂ ਪ੍ਰਤੀਮਾਨਾਂ ਨੂੰ ਸਹਿਜ ਭਾਅ ਹੀ ਆਪਣੇ ਵਿੱਚ ਸਮੋ ਲਿਆ ਹੈ। ਉਹ ਜੀਵਨ ਵਿੱਚ ਆਰਥਕ ਮਜ਼ਬੂਰੀਆਂ ਕਾਰਨ ਸਵੈ-ਭੁਲਾਂਦਰੇ ਵਾਲੀ ਅਣਖ ਨੂੰ ਚਕਨਾਚੂਰ ਹੁੰਦਿਆਂ ਦੇਖਦਾ ਹੈ ਤਾਂ ਇਸਨੂੰ ਜੀਵਨ ਦੇ ਵਧੇਰੇ ਪਰਿਪੇਖ ਵਿੱਚ ਰੱਖ ਕੇ ਜੋਂਹਦਾ ਜਾਚਦਾ ਹੈ। ਕਹਾਣੀਆਂ ਦੇ ਪਾਤਰਾਂ ਨੇ ਆਪਣੇ ਅਸਤਿਤਵਮਈ ਜੀਵਨ ਵਿੱਚ ਕੋਈ ਨਾ ਕੋਈ ਭਰਮ ਪਾਲਿਆ ਹੁੰਦਾ ਹੈ ਜਿਸ ਦੇ ਟੁੱਟਣ ਦਾ ਉਨ੍ਹਾਂ ਨੂੰ ਹਮੇਸ਼ਾ ਸੰਸਾ ਬਣਿਆ ਰਹਿੰਦਾ ਹੈ ਪਰ ਇਸ ਕੇਂਦਰੀ ਭਾਵ ਦੁਆਲੇ ਲੇਖਕ ਨੇ ਜੀਵਨ ਦੇ ਵਿਵਿਧਮੁਖੀ ਵਿਸਤਾਰ ਦਾ

ਜੋ ਤਾਣਾ ਬਾਣਾ ਬੁਣਿਆ ਹੈ, ਉਸ ਵਿੱਚ ਉਸਦੀ ਵਿਸ਼ਾਲ ਹੋ ਗਈ ਬੌਧਿਕ ਦ੍ਰਿਸ਼ਟੀ, ਯਥਾਰਥਕ ਪਕੜ ਅਤੇ ਭਾਸ਼ਾ ਦੀ ਮੁਹਾਰਿਤ ਦਾ ਕਮਾਲ ਹੈ। ''[23]

ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਦੇ ਕਿਸੇ ਨਾ ਕਿਸੇ ਰੂਪ ਵਿੱਚ ਛੁਪੇ ਹੋਏ ਸੱਚ ਦੀ ਪੇਸ਼ਕਾਰੀ ਹੁੰਦੀ ਹੈ। ਉਹ ਸੱਚ ਕਿਸੇ ਸਮੇਂ ਨਾਲ ਸੰਬੰਧਿਤ ਜਾਂ ਕਿਸੇ ਘਟਨਾ ਨਾਲ ਸੰਬੰਧਿਤ ਹੋ ਸਕਦਾ ਹੈ। ਅਜਿਹੀਆਂ ਘਟਨਾਵਾਂ ਜੋ ਸਮਾਜ ਦੇ ਲੋਕਾਂ ਉੱਪਰ ਆਪਣੀ ਗਹਿਰੀ ਚੋਟ ਲਗਾ ਕੇ ਗਈਆਂ ਹੋਣ। ਉਸ ਚੋਟ ਦੇ ਜਖ਼ਮ ਹੁਣ ਦੇ ਸਮੇਂ ਤੱਕ ਵੀ ਜ਼ਹਿਰੀਲੇ ਸੱਪ ਵਾਂਗ ਲੋਕਾਂ ਦੇ ਮਨਾਂ ਵਿੱਚ ਘਰ ਕਰ ਚੁੱਕੇ ਹਨ। ਅਜਿਹੀ ਗਹਿਰੀ ਸੱਚਾਈ ਨੂੰ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਕੇ ਲੋਕਾਂ ਦੀਆਂ ਅੱਖਾਂ ਤੋਂ ਪੱਟੀ ਲਾਹੀ ਹੈ। ਉਸ ਦੀਆਂ ਕਹਾਣੀਆਂ ਸਮਾਜ ਨੂੰ ਗਹਿਰੀ ਸੋਝੀ ਪ੍ਰਦਾਨ ਕਰਦੀਆਂ ਹਨ। ਭੁੱਲਰ ਨੇ ਜਿਹੜੇ ਵੀ ਪਾਤਰ ਆਪਣੀ ਕਹਾਣੀ ਵਿੱਚ ਲਏ ਹਨ ਉਹ ਸਾਨੂੰ ਸਾਡੇ ਆਲੇ-ਦੁਆਲੇ ਹੀ ਘੁੰਮਦੇ ਨਜ਼ਰ ਆਉਂਦੇ ਹਨ। ਉਸ ਦੀਆਂ ਕਹਾਣੀਆਂ ਵਿੱਚ ਅਜੋਕੀ ਸਮਾਜਕ, ਆਰਥਕ, ਰਾਜਨੀਤਕ ਸਥਿਤੀ ਸ਼ਾਮਿਲ ਹੈ। ਭੁੱਲਰ ਨੇ ਪਾਤਰਾਂ ਕੋਲੋਂ ਵਾਰਤਾਲਾਪ ਇਸ ਪ੍ਰਕਾਰ ਕਰਵਾਈ ਹੈ ਜਿਵੇਂ ਉਹ ਪਾਤਰਾਂ ਦੇ ਧੁਰ ਅੰਦਰ ਬੈਠ ਕੇ ਲਿਖਦਾ ਹੋਵੇ। ਅਜਿਹਾ ਲੇਖਕ ਉਦੋਂ ਹੀ ਕਰ ਸਕਦਾ ਹੈ ਜਦੋਂ ਉਸਨੇ ਇਨ੍ਹਾਂ ਸਾਰੀਆਂ ਸਥਿਤੀਆਂ ਨੂੰ ਆਪ ਅਨੁਭਵ ਕੀਤਾ ਹੋਵੇ। ਉਸ ਦੀਆਂ ਕਹਾਣੀਆਂ ਨੂੰ ਪੜ ਕੇ ਸਾਨੂੰ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਸ ਨੇ ਆਪਣੀਆਂ ਕਹਾਣੀਆਂ ਵਿੱਚ ਵਿਸ਼ਾਲ ਸੰਸਾਰ ਨੂੰ ਖੋਲ ਕੇ ਸਾਡੇ ਸਾਹਮਣੇ ਰੱਖ ਦਿੱਤਾ ਹੋਵੇ। ਮਨੁੱਖੀ ਮਨ ਦੀਆਂ ਤਹਿਆਂ ਨੂੰ ਭੁੱਲਰ ਨੇ ਧੁਰ ਅੰਦਰੋਂ ਫਰੋਲ ਕੇ ਰੱਖ ਦਿੱਤਾ ਹੈ।

''ਪ੍ਰੀਤਲੜੀ ਦੇ ਰੀਵਿਊਕਾਰ ਦਾ ਮੱਤ ਸੀ, ''ਇਹ ਗੱਲ ਬਹੁਤ ਆਸ਼ਾਜਨਕ ਹੈ ਕਿ ਪੰਜਾਬੀ ਦੇ ਨੌਜਵਾਨ ਲੇਖਕਾਂ ਦੀ ਵੱਡੀ ਗਿਣਤੀ ਨੇ ਯਥਾਰਥਵਾਦ ਅਤੇ ਵਿਸ਼ੇਸ਼ ਤੌਰ ਉੱਤੇ ਆਲੋਚਨਾਤਮਕ ਯਥਾਰਥਵਾਦ ਦਾ ਪੱਲਾ ਮਜ਼ਬੂਤੀ ਨਾਲ ਫੜੀ ਰੱਖਿਆ ਹੈ। ਗੁਰਬਚਨ ਸਿੰਘ ਭੁੱਲਰ ਨੂੰ ਅਜਿਹੇ ਲੇਖਕਾਂ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਗਿਣਿਆ ਜਾ ਸਕਦਾ ਹੈ। ''[24]

ਗੁਰਬਚਨ ਸਿੰਘ ਭੁੱਲਰ ਕੋਲ ਪਾਤਰਾਂ ਦੇ ਰਾਹੀਂ ਸਮਾਜ ਦੀ ਸੱਚਾਈ ਨੂੰ ਬਾਹਰ ਲਿਆਉਣ ਦੀ ਸ਼ਕਤੀ ਹੈ। ਉਸ ਨੇ ਸਮਾਜ ਦੇ ਟੁੱਟ ਰਹੇ ਰਿਸ਼ਤਿਆਂ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ ਆਪਣੀਆਂ ਕਹਾਣੀਆਂ ਰਾਹੀਂ। ਆਰਥਕ ਮੰਦਹਾਲੀ ਝੱਲ ਰਹੇ ਲੋਕਾਂ ਦੇ ਜੀਵਨ ਦੀ ਝਲਕ ਤਾਂ ਸਮਾਜ ਵਿੱਚ ਰਹਿ ਰਹੇ ਸਾਰੇ ਲੋਕਾਂ ਨੂੰ ਪਤਾ ਹੀ ਹੁੰਦੀ ਹੈ ਪ੍ਰੰਤੂ ਅਸੀਂ ਉਨ੍ਹਾਂ ਦੀ ਇਸ ਹਾਲਤ ਨੂੰ ਉਸ ਨਜ਼ਰੀਏ ਤੋਂ ਨਹੀਂ ਦੇਖ ਪਾਉਂਦੇ ਜਿਸ ਨਜ਼ਰੀਏ ਤੋਂ ਭੁੱਲਰ ਨੇ ਸਾਨੂੰ ਦਿਖਾਇਆ ਹੈ। ਸਮਾਜ ਵਿੱਚ ਰਹਿਣਾ ਹੀ ਕੇਵਲ ਸਾਡਾ ਫਰਜ ਨਹੀਂ ਹੁੰਦਾ ਬਲਕਿ ਇੱਕ ਦੂਸਰੇ ਦੀ ਹਰ ਸੰਭਵ ਢੰਗ ਨਾਲ ਅਸੀਂ ਮੱਦਦ ਕਰੀਏ ਇਸ ਪ੍ਰਕਾਰ ਦੀ ਯੋਗਤਾ ਭੁੱਲਰ ਸਾਡੇ ਅੰਦਰ ਲਿਆਉਣਾ ਚਾਹੁੰਦਾ ਹੈ। ਉਸ ਦੀਆਂ ਸਾਰੀਆਂ ਕਹਾਣੀਆਂ ਹੀ ਕਿਸੇ ਨਾ ਕਿਸੇ ਮੁੱਦੇ ਨੂੰ ਲਿਆ ਕੇ ਪੇਸ਼ ਕਰਨ ਦੇ ਨਾਲ-ਨਾਲ ਉਸ ਤੋਂ ਨਿਜ਼ਾਤ ਪਾਉਣ ਵਿੱਚ ਸਹਾਈ ਹੁੰਦੀਆਂ ਹਨ। ਉਸ ਦੀ ਹਰ ਇੱਕ ਕਹਾਣੀ ਮਨੁੱਖੀ ਜੀਵਨ ਦੇ ਵੱਖ-ਵੱਖ ਤੀਖਣ ਅਨੁਭਵ ਦੀ ਲਖਾਇਕ ਹੈ। ਸਮਾਜ ਵਿੱਚ ਹਰ ਮਨੁੱਖ ਨੂੰ ਆਪਣੇ ਕੰਮ ਕਰਨ ਦੇ ਨਾਲ-ਨਾਲ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਦੇ ਕੰਮ ਨਾਲ ਕਿਸੇ ਦੂਸਰੇ ਮਨੁੱਖ ਨੂੰ ਕਿਸੇ ਪ੍ਰਕਾਰ ਦਾ ਕਸ਼ਟ ਨਾ ਹੋ ਜਾਵੇ। ਜਦੋਂ ਮਨੁੱਖ ਆਪਣੇ ਆਪ ਦੀਆਂ ਜ਼ਰੂਰਤਾਂ ਤੋਂ ਵੀ ਵੱਧ ਕੇ ਖ਼ਵਾਹਿਸ਼ਾਂ ਨੂੰ ਪੂਰਾ ਕਰਨ ਤੁਰ ਪੈਂਦਾ ਹੈ ਤਾਂ ਉਸ ਨੂੰ ਤਾਂ ਤਕਲੀਫ

ਹੁੰਦੀ ਹੈ ਉਹ ਦੂਸਰਿਆਂ ਦੀਆਂ ਖੁਸ਼ੀਆਂ ਨੂੰ ਵੀ ਰੋਲਣਾ ਸ਼ੁਰੂ ਕਰ ਦਿੰਦਾ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਕਹਾਣੀ ਕਲਾ ਦਾ ਵਿਸ਼ੇਸ਼ ਲੱਛਣ ਉਘੜਵੇਂ ਰੂਪ ਵਿੱਚ ਨਿੱਖਰ ਕੇ ਸਾਹਮਣੇ ਆਉਂਦਾ ਹੈ।

"ਉਹ ਇਹ ਹੈ ਕਿ ਭੁੱਲਰ ਸਾਧਾਰਨ ਜੀਵਨ ਨੂੰ ਪੇਸ਼ ਕਰਦਿਆਂ ਜਿੱਥੇ ਜੀਵਨ ਦਾ ਕੁੜੱਤਣ-ਭਰਪੂਰ ਯਥਾਰਥ ਚਿਤਰਦਾ ਹੈ, ਉੱਥੇ ਕਿਸੇ ਵਿਅੰਗਆਤਮਕ ਸਥਿਤੀ ਰਾਹੀਂ ਸਮਾਜ ਦੀਆਂ ਨਵੀਆਂ ਤੇ ਪੁਰਾਣੀਆਂ ਕੀਮਤਾਂ ਦੇ ਟਕਰਾਓ ਵਿੱਚੋਂ ਜੀਵਨ ਦੀ ਦੁਅੰਦਮਈ ਤਸਵੀਰ ਖਿੱਚ ਕੇ ਪਾਠਕ ਨੂੰ ਜੀਵਨ ਉੱਤੇ ਝਾਤ ਪਾਉਣ ਲਈ ਨਰੋਆ ਸੱਜਰਾ ਵਿਸ਼ੇਸ਼ ਦ੍ਰਿਸ਼ਟੀਕੋਣ ਵੀ ਪ੍ਰਦਾਨ ਕਰਦਾ ਹੈ। ਇਸ ਗੱਲ ਦੇ ਫਲਸਰੂਪ ਪਾਠਕ ਉਸਦੀਆਂ ਕਹਾਣੀਆਂ ਦੇ ਪਾਠ ਤੋਂ ਪਿੱਛੋਂ ਆਪਣੇ ਆਪ ਨੂੰ ਜੀਵਨ ਪ੍ਰਤੀ ਜ਼ਿਆਦਾ ਗਿਆਨਵਾਨ, ਸੂਝਵਾਨ ਅਤੇ ਚੇਤੰਨ ਅਨੁਭਵ ਕਰਨ ਲੱਗ ਪੈਂਦਾ ਹੈ।"[25]

**ਆਰਥਕਤਾ ਦੇ ਕਾਰਨ ਸਮਾਜ ਦਾ ਬਦਲ ਰਿਹਾ ਰੂਪ-** ਆਰਥਕਤਾ ਦੇ ਕਾਰਨ ਸਮਾਜ ਦੇ ਰਹਿਣ-ਸਹਿਣ ਵਿੱਚ ਵੀ ਪਰਿਵਰਤਨ ਹੋਇਆ ਹੈ। ਪਹਿਲਾਂ ਸਮਾਜ ਦੇ ਲੋਕ ਸਾਂਝੇ ਪਰਿਵਾਰ ਵਾਂਗ ਰਹਿੰਦੇ ਸਨ। ਇੱਕ ਘਰ ਵਿੱਚ ਸਾਰੇ ਰਲ ਕੇ ਰਹਿੰਦੇ ਸਨ। ਘਰ ਦੀ ਦੇਖਭਾਲ ਕਰਨ ਵਾਲਾ ਘਰ ਦਾ ਇੱਕ ਮੁੱਖ ਮੈਂਬਰ ਹੁੰਦਾ ਸੀ। ਪ੍ਰੰਤੂ ਜਿਉਂ-ਜਿਉਂ ਮਹਿੰਗਾਈ ਆਈ ਘਰ ਦੇ ਖਰਚੇ ਵੀ ਵੱਧਣ ਲੱਗੇ ਅਤੇ ਸਾਰੇ ਪਰਿਵਾਰ ਨੂੰ ਸੰਭਾਲਣਾ ਮੁਸ਼ਕਿਲ ਹੋ ਗਿਆ। ਜਿਸ ਘਰ ਵਿੱਚ ਆਰਥਕ ਹਾਲਤ ਜ਼ਿਆਦਾ ਠੀਕ ਨਹੀਂ ਸੀ ਉਸ ਘਰ ਵਿੱਚ ਫਿਰ ਸਾਰਿਆ ਦਾ ਰਲ ਕੇ ਰਹਿਣਾ ਬਹੁਤ ਮੁਸ਼ਕਿਲ ਸੀ। ਨਤੀਜਾ ਇਹ ਕੱਢਿਆ ਗਿਆ ਕਿ ਅਲੱਗ-ਅਲੱਗ ਰਿਹਾ ਜਾਵੇ। ਸੋ ਇਸ ਆਰਥਕ ਪੱਖ ਨੂੰ ਮਜ਼ਬੂਤ ਕਰਨ ਦੇ ਚੱਕਰ ਵਿੱਚ ਸਮਾਜ ਵਿੱਚ ਜਿੱਥੇ ਪਹਿਲਾਂ ਸਾਂਝਾ ਪਰਿਵਾਰ ਰਹਿੰਦਾ ਸੀ ਉੱਥੇ ਹੁਣ ਇਕੱਲੇ ਪਰਿਵਾਰ ਦਾ ਰਹਿਣਾ ਜਰੂਰੀ ਹੋ ਗਿਆ। ਇਸ ਆਰਥਕਤਾ ਦੀ ਕਮੀ ਨੇ ਸਾਂਝੇ ਪਰਿਵਾਰ ਨੂੰ ਤੋੜ ਕੇ ਰੱਖ ਦਿੱਤਾ। ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਆਰਥਿਕਤਾ ਦੇ ਕਾਰਨ ਬਦਲ ਰਹੇ ਰੂਪ ਨੂੰ ਪੇਸ਼ ਕੀਤਾ ਹੈ। ਸਮਾਜ ਦੀ ਸੱਚੀ ਤਸਵੀਰ ਨੂੰ ਉਸ ਦੀਆਂ ਕਹਾਣੀਆਂ ਵਿੱਚ ਦੇਖਿਆ ਜਾ ਸਕਦਾ ਹੈ। ਆਰਥਿਕ ਹਾਲਤ ਨੂੰ ਸੁਧਾਰਨ ਦੇ ਚੱਕਰ ਵਿੱਚ ਬਹੁਤ ਸਾਰੇ ਰਿਸ਼ਤੇ ਤਾਰ-ਤਾਰ ਹੁੰਦੇ ਵੀ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਦਿਖਾਏ ਹਨ। ਭੁੱਲਰ ਦੀਆਂ ਕਹਾਣੀਆਂ ਵਿੱਚ ਨਿਰੋਲ ਪੇਂਡੂ ਜੀਵਨ ਨਾਲ ਸੰਬੰਧਿਤ ਕਹਾਣੀਆਂ ਹਨ। ਪਿੰਡ ਤੋਂ ਸ਼ਹਿਰ ਤੇ ਸ਼ਹਿਰ ਤੋਂ ਪਿੰਡ ਵੱਲ ਦੇ ਸਫ਼ਰ ਦੀਆਂ ਕਹਾਣੀਆਂ ਹਨ। ਇਸ ਤੋਂ ਇਲਾਵਾ ਨਿਰੋਲ ਸ਼ਹਿਰੀ ਜੀਵਨ ਨਾਲ ਸੰਬੰਧਿਤ ਕਹਾਣੀਆਂ ਹਨ। ਉਸ ਦੀਆਂ ਸਾਰੀਆਂ ਕਹਾਣੀਆਂ ਕਿਸੇ ਨਾ ਕਿਸੇ ਪਾਸੇ ਤੋਂ ਸਮਾਜਕ, ਆਰਥਕ, ਰਾਜਨੀਤਕ, ਧਾਰਮਕ ਪੱਖਾਂ ਦੀ ਵਿਆਖਿਆ ਕਰਦੀਆਂ ਹਨ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਉਸ ਨੂੰ ਮਾਨਵਵਾਦੀ ਲੇਖਕ ਬਣਾਉਂਦੀਆਂ ਹਨ। ਮਾਨਵਵਾਦੀ ਸੁਭਾਅ ਦਾ ਧਾਰਨੀ ਹੋਣ ਕਰਕੇ ਉਹ ਮਨੁੱਖ ਨੂੰ ਸਾਧਾਰਣ ਵਿਅਕਤੀ ਦੇ ਤੌਰ ਤੇ ਉਹਦੇ ਗੁਣਾਂ, ਔਗੁਣਾਂ, ਕਮਜ਼ੋਰੀਆਂ ਤੇ ਚੰਗਿਆਈਆਂ ਦੀ ਸਮੁੱਚਤਾ ਵਿੱਚ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਮਨੋਵਿਗਿਆਨਕ-ਅੰਤਰ-ਦ੍ਰਿਸ਼ਟੀਆਂ ਨਾਲ ਮਨੁੱਖੀ ਸੁਭਾਅ ਦੀਆਂ ਹੇਠਲੀਆਂ ਪਰਤਾਂ ਉੱਤੇ ਝਾਤ ਪੁਆਉਣ ਦਾ ਯਤਨ ਕੀਤਾ ਹੈ। ਉਹ ਮਨੁੱਖੀ ਮਨ ਦੇ ਅਜਿਹੇ ਪਾਸਾਰਾਂ ਨੂੰ ਪੇਸ਼ ਕਰਦਾ ਹੈ ਜਿਹੜੇ ਪਾਠਕਾਂ ਲਈ ਅਮਲੋ ਹੀ ਨਿਵੇਕਲੇ ਹੁੰਦੇ ਹਨ। ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਜਿਨਾਂ ਨੂੰ ਵੇਖ ਕੇ ਅਸੀਂ ਅਣਡਿੱਠ ਕਰ ਜਾਂਦੇ ਹਾਂ, ਉਹਨਾਂ ਨੂੰ ਭੁੱਲਰ ਜੌਹਰੀ ਦੀ ਅੱਖ ਨਾਲ ਪਛਾਣ ਲੈਂਦਾ ਹੈ। ਇਸ ਤਰਾਂ ਜੀਵਨ ਦੀ ਸਧਾਰਨਤਾ ਨੂੰ ਵਿਸ਼ੇਸ਼ ਅਰਥ ਦੇ ਦੇਣਾ ਉਸਦੀ ਇੱਕ ਖ਼ੂਬੀ ਹੈ। ਭੁੱਲਰ ਆਪਣੀਆਂ ਕਹਾਣੀਆਂ ਵਿੱਚ ਲੁੱਟੇ-ਪੁੱਟੇ ਜਾ

ਰਹੇ ਲੋਕਾਂ ਦੇ ਦੁੱਖਾਂ, ਦਰਦਾਂ ਉਹਨਾਂ ਦੀਆਂ ਸਮੱਸਿਆਵਾਂ ਦਾ ਚਿਤਰਨ ਕਰਦਾ ਹੈ। ਉਸਨੇ ਜ਼ਬਰ-ਜ਼ੁਲਮ ਸਹਿੰਦੇ ਅਤੇ ਆਰਥਕ ਪੱਖੋਂ ਕਮਜ਼ੋਰ ਲੋਕਾਂ ਦੇ ਜੀਵਨ ਦਾ ਪ੍ਰਭਾਵਸ਼ਾਲੀ ਕਲਾਤਮਕ ਰੂਪਾਂਤਰਣ ਕੀਤਾ ਹੈ। ਆਰਥਕ ਪੱਖੋਂ ਕਮਜ਼ੋਰ ਕਿਸਾਨੀ ਅਤੇ ਹੋਰ ਕਿਰਤੀ ਸ਼੍ਰੇਣੀ ਨੂੰ ਧਨੀ ਦਿਖਾਇਆ ਹੈ।

ਗੁਰਬਚਨ ਸਿੰਘ ਭੁੱਲਰ ਨੂੰ ਕਹਾਣੀ ਦਾ ਸਹਿਜ-ਸੁਭਾਅ ਆਉਂਦਾ ਹੈ। ਉਸਦੀਆਂ ਕਹਾਣੀਆਂ ਦੀ ਗੋਂਦ ਢਿੱਲੀ ਨਹੀਂ ਸਗੋਂ ਸੰਗਠਿਤ ਹੁੰਦੀ ਹੈ। ਉਸਦੇ ਪਾਤਰ ਵਿਅਕਤੀਗਤ ਹੁੰਦੇ ਹੋਏ ਵੀ ਪ੍ਰਤੀਨਿੱਧ ਪਾਤਰ ਕਹੇ ਜਾ ਸਕਦੇ ਹਨ। ਭੁੱਲਰ ਦੀ ਸ਼ੈਲੀ ਨਿਵੇਕਲੀ ਹੈ ਜਿਸ ਨੇ ਇਸਦੀ ਆਪਣੀ ਪਹਿਚਾਣ ਨਿਸ਼ਚਿਤ ਕਰਵਾਈ ਹੈ। ਅਸੀਂ ਇਹ ਗੱਲ ਨਿਸ਼ਚਿਤ ਤੌਰ ਤੇ ਕਹਿ ਸਕਦੇ ਹਾਂ ਕਿ ਭੁੱਲਰ ਪੰਜਾਬੀ ਦੇ ਉੱਘੇ ਕਹਾਣੀਕਾਰਾਂ ਵਿੱਚੋਂ ਹੈ। ਸਾਹਿਤ ਦੇ ਸਮਾਜ ਸ਼ਾਸਤਰ ਦਾ ਉਦੇਸ਼ ਸਾਹਿਤ ਵਿੱਚ ਸਮਾਜਕਤਾ ਦੀ ਤਲਾਸ਼ ਅਤੇ ਵਿਆਖਿਆ ਕਰਨਾ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਜਮਾਤੀ ਟਕਰਾਅ ਦਾ ਵਰਣਨ ਬੜੀ ਖ਼ੂਬਸੂਰਤੀ ਨਾਲ ਅਭਿਵਿਅਕਤ ਕੀਤਾ ਹੈ। ਕਦੇ-ਕਦੇ ਉਹ ਹੇਠਲੀਆਂ ਸ਼੍ਰੇਣੀਆਂ ਅਤੇ ਉੱਚੀਆਂ ਸ਼੍ਰੇਣੀਆਂ ਦੇ ਆਪਸੀ ਝਗੜੇ ਅਤੇ ਟਕਰਾਓ ਨੂੰ ਪੇਸ਼ ਕੀਤਾ ਹੈ। ਇਸ ਲਈ ਅਸੀਂ ਆਖ ਸਕਦੇ ਹਾਂ ਗਤੀਸ਼ੀਲ, ਜਮਾਤੀ ਟਕਰਾਅ, ਤਨਾਅ, ਵਿਰੋਧ ਅਤੇ ਸੰਘਰਸ਼ ਤਕਰੀਬਨ ਉਸਨੇ ਹਰ ਕਹਾਣੀ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪੇਸ਼ ਕੀਤਾ ਹੈ। ਇਸਦੇ ਟਕਰਾਓ ਉੱਤੇ ਕੇਂਦਰਿਤ ਹੋਈਆਂ ਹੋਣ ਕਰਕੇ ਉਸਦੀਆਂ ਕਹਾਣੀਆਂ ਦਾ ਉਸਾਰਿਆ ਕਥਾਨਕ ਬੜਾ ਮਜ਼ਬੂਤ ਅਤੇ ਭਾਵਪੂਰਤ ਹੋ ਨਿਬੜਿਆ ਹੈ। ਭੁੱਲਰ ਨਿੱਕੀਆਂ ਨਿੱਕੀਆਂ ਘਟਨਾਵਾਂ ਤੋਂ ਕਥਾਨਕ ਉਸਾਰ ਲੈਂਦਾ ਹੈ। ਹਰ ਸਾਹਿਤਕਾਰ ਨੇ ਆਪਣੀ ਜ਼ਿੰਦਗੀ ਚ ਹੰਢਾਏ ਜ਼ਿੰਦਗੀ ਦੇ ਵਿਸ਼ਾਲ ਤਜ਼ਰਬੇ ਨੂੰ ਹੀ ਪ੍ਰਗਟਾਉਣਾ ਹੁੰਦਾ ਹੈ ਜੋ ਕਿ ਉਸਦਾ ਕਲਾਤਮਕ ਗੁਣ ਹੁੰਦਾ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਚਾਹੇ ਕੋਈ ਵੀ ਪੱਖ ਕਿਉਂ ਨਾ ਹੋਵੇ ਉਸ ਵਿਚ ਯਥਾਰਥ ਦੇ ਰੂਪ ਨੂੰ ਵੇਖਿਆ ਜਾ ਸਕਦਾ ਹੈ। ਯਥਾਰਥਕ ਹੋਣ ਤੋਂ ਭਾਵ ਅਨੁਭਵ ਦੀ ਸੱਚਾਈ, ਡੂੰਘਾਈ, ਪ੍ਰਤੀਬੱਧਤਾ ਅਤੇ ਮਨੁੱਖੀ ਜੀਵਨ ਪ੍ਰਤੀ ਉਚਿਤ ਕੀਮਤ ਪ੍ਰਬੰਧ ਦੀ ਹੋਂਦ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਦੀ ਸਿਰਜਣਾ ਆਮ ਮਨੁੱਖ ਦੇ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ ਸੰਕਟਾਂ ਤੇ ਮਾਨਸਿਕ ਗੁੰਝਲਾਂ ਦੇ ਆਧਾਰ ਤੇ ਕੀਤੀ ਹੈ। ਗੁਰਬਚਨ ਸਿੰਘ ਭੁੱਲਰ ਨੂੰ ਪੇਂਡੂ ਤੇ ਸ਼ਹਿਰੀ ਜੀਵਨ ਦੋਵਾਂ ਦਾ ਚੋਖਾ ਅਨੁਭਵ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਦੀ ਹਰ ਤਸਵੀਰ ਨੂੰ ਦੇਖਿਆ ਜਾ ਸਕਦਾ ਹੈ। ਮਨੁੱਖ ਦੀਆਂ ਆਪਸੀ ਰਿਸ਼ਤਿਆਂ ਦੀਆਂ ਤੰਦਾਂ ਦੇ ਟੁੱਟਣ ਪਿੱਛੇ ਜੋ ਕਾਰਨ ਨਿੱਕਲ ਕੇ ਸਾਹਮਣੇ ਆਉਂਦੇ ਹਨ ਭੁੱਲਰ ਨੇ ਉਨਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪਰੋ ਕੇ ਸਾਡੇ ਸਾਹਮਣੇ ਲਿਆਂਦਾ ਹੈ। ਅੱਜ ਦੇ ਪੂੰਜੀਵਾਦੀ ਸਮਾਜ ਵਿੱਚ ਲੋਕਾਂ ਕੋਲ ਇੱਕ ਦੂਜੇ ਦੇ ਦੁੱਖ-ਸੁੱਖ ਦੀ ਸਾਰ ਲੈਣ ਦਾ ਵੀ ਸਮਾਂ ਨਹੀਂ ਹੈ। ਇੱਥੋਂ ਤੱਕ ਕਿ ਸਾਡੇ ਆਂਢ-ਗੁਆਂਢ ਵਿੱਚ ਕਿਹੋ ਜਿਹੇ ਲੋਕ ਰਹਿੰਦੇ ਹਨ ਇਸ ਬਾਰੇ ਵੀ ਸਾਨੂੰ ਨਹੀਂ ਪਤਾ ਹੈ। ਅਸੀਂ ਆਪਣੇ ਸੁੱਖਾਂ ਵਿੱਚ ਇੰਨੇ ਗੁਆਚ ਜਾਂਦੇ ਹਾਂ ਕਿ ਸਾਨੂੰ ਆਪਣੇ ਕੰਮਾਂ ਨਾਲ ਹੀ ਮਤਲਬ ਹੁੰਦਾ ਹੈ। ਭੁੱਲਰ ਦੀ ਇੱਕ ਕਹਾਣੀ 'ਨਾਗਰਿਕ ਨੰਬਰ 236' ਇਸੇ ਗੱਲ ਨੂੰ ਦੁਹਰਾਉਂਦੀ ਹੈ। ਸ਼ਹਿਰਾਂ ਵਿੱਚ ਲੋਕ ਇੱਕ ਦੂਜੇ ਨੂੰ ਬਸ ਇੱਕ ਦੂਜੇ ਦੇ ਮਕਾਨ ਦੇ ਨੰਬਰਾਂ ਤੋਂ ਹੀ ਪਛਾਣਦੇ ਹਨ ਕਿਸੇ ਨੂੰ ਕਈ ਵਾਰਡ ਮਾਲਕ ਦਾ ਤਾਂ ਨਾਮ ਵੀ ਯਾਦ ਨਹੀਂ ਹੁੰਦਾ। ਸ਼ਹਿਰਾਂ ਵਿੱਚ ਅਜਿਹੀ ਸਮੱਸਿਆ ਪਿੰਡਾਂ ਨਾਲੋਂ ਵਧੇਰੇ ਹੈ। ਪਿੰਡਾਂ ਵਿੱਚ ਇਹ ਗੱਲ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਸੋ ਇਸ ਪ੍ਰਕਾਰ ਆਧੁਨਿਕੀਕਰਨ ਅਤੇ ਮਸ਼ੀਨੀਯੁੱਗ ਦੇ ਕਾਰਨ ਲੋਕ ਬਸ ਆਪਣੇ ਕੰਮ ਨਾਲ ਹੀ ਮਤਲਬ ਰੱਖਦੇ ਹਨ ਦੂਸਰਿਆਂ ਦੀ ਉਨ੍ਹਾਂ ਨੂੰ ਬਿਲਕੁਲ ਵੀ ਪਰਵਾਹ ਨਹੀਂ ਹੁੰਦੀ। ਲੋਕ ਆਪਣੇ ਆਰਥਕ ਪੱਖ ਨੂੰ ਮਜ਼ਬੂਤ ਕਰਨ ਵਿੱਚ ਲੱਗੇ ਰਹਿੰਦੇ ਹਨ

ਅਤੇ ਆਪਣੇ ਵਿਵਹਾਰ ਨੂੰ ਵੀ ਮਸ਼ੀਨਾਂ ਵਾਂਗ ਹੀ ਬਣਾ ਲੈਂਦੇ ਹਨ ਬਸ ਜਦੋਂ ਜਰੂਰਤ ਪਈ ਤਾਂ ਦੂਸਰੇ ਮਨੁੱਖ ਨੂੰ ਵਰਤਣਾ ਨਹੀਂ ਤਾਂ ਦੂਸਰੇ ਮਨੁੱਖ ਨੂੰ ਬੁਲਾਉਣਾ ਵੀ ਫਜ਼ੂਲ ਸਮਝਦੇ ਹਨ। ਇਸ ਕਹਾਣੀ ਵਿੱਚ ਇੱਕ ਅਜਿਹੇ ਮੁਹੱਲੇ ਦੀ ਗੱਲ ਦੱਸੀ ਗਈ ਹੈ ਜਿੱਥੇ ਲੋਕ ਇੱਕ ਦੂਜੇ ਨੂੰ ਉਸਦੇ ਮਕਾਨ ਦੇ ਨਾਮ ਤੋਂ ਜਾਂ ਇੱਕ ਦੂਜੇ ਦੇ ਗੋਤ ਵਗੈਰਾ ਤੋਂ ਪਛਾਣਦੇ ਹਨ। ਆਪਸ ਵਿਚ ਗੱਲ ਕਰਨ ਦਾ ਵੀ ਉਨ੍ਹਾਂ ਕੋਲ ਸਮਾਂ ਨਹੀਂ ਹੈ।

ਭੁੱਲਰ ਨੇ ਦੱਸਿਆ ਹੈ ਕਿ ਕਿਵੇਂ ਇਸ ਕਹਾਣੀ ਵਿੱਚ ਜਿਵੇਂ ਪਾਤਰ ਇੱਕ ਫਿਲਮ ਦੇਖ ਕੇ ਸਮਝ ਜਾਂਦਾ ਹੈ ਕਿ ਜਿਵੇਂ ਇੱਕ ਕੈਦੀ ਦੀ ਪਛਾਣ ਉਸਦੇ ਨੰਬਰ ਤੋਂ ਹੁੰਦੀ ਹੈ ਉਵੇਂ ਹੀ ਸਾਡੇ ਆਂਢ ਗੁਆਂਢ ਵਿਚ ਵੀ ਇਹੀ ਵਰਤਾਰਾ ਚੱਲਦਾ ਹੈ। ਉਹ ਅਜਿਹੇ ਬਣੇ ਨਵੇਂ ਸੱਭਿਆਚਾਰ ਨੂੰ ਆਪਣੇ ਦਿਲ ਵਿੱਚ ਘਰ ਨਹੀਂ ਕਰਨ ਦਿੰਦਾ। ਪਾਤਰ ਚਾਹੁੰਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਵਧੀਆ ਵਿਹਾਰ ਕਰਨ ਵਾਲੇ ਮਨੁੱਖਾਂ ਦੀ ਸਿਰਜਣਾ ਕਰੇ ਹਾਲਾਂਕਿ ਪਹਿਲਾਂ ਦੇ ਸਮੇਂ ਇਹੋ ਜਿਹਾ ਹੀ ਵਾਤਾਵਰਣ ਮੌਜੂਦ ਹੁੰਦਾ ਸੀ। ਲੋਕ ਹਰ ਸੁੱਖ-ਦੁੱਖ ਵਿੱਚ ਇੱਕ-ਦੂਜੇ ਦੇ ਨਾਲ ਖੜਦੇ ਸਨ।

"ਫਿਲਮ ਵਿੱਚ ਸ਼ੇਖ ਮੁਖ਼ਤਾਰ ਦਾ ਨਾਂ ਬਲਵਾਨ ਸਿੰਘ ਸੀ। ਇਹ ਨਾਂ ਘਰ ਵਾਲਿਆਂ ਨੇ ਉਹਦੇ ਖੁੱਲੇ-ਹੱਡ ਪੈਰ ਦੇਖ ਕੇ ਰੱਖਿਆ ਹੋਵੇਗਾ। ਅਪਰਾਧ ਦੀ ਦੁਨੀਆਂ ਵਿੱਚ ਪੈਰ ਰੱਖਣ ਮਗਰੋਂ ਉਹ ਗੁਰੂ ਬਣ ਗਿਆ ਸੀ। ਉਹਦੀ ਟੋਲੀ ਦੇ ਸਾਰੇ ਲਫੰਗੇ, ਚਾਕੂਬਾਜ਼, ਚੋਰ ਉਚੱਕੇ, ਲੁਟੇਰੇ ਅਤੇ ਜੇਬਕਤਰੇ ਗੁਰੂ-ਗੁਰੂ ਕਹਿੰਦੇ ਉਹਦੇ ਅੱਗੇ-ਪਿੱਛੇ ਫਿਰਦੇ ਸਨ। ਪਰ ਹੁਣ ਉਹ ਨਾ ਬਲਵਾਨ ਸਿੰਘ ਸੀ, ਨਾ ਗੁਰੂ, ਬਸ 373 ਸੀ। ਮੋਟੇ ਬੇਢੱਬੇ ਕੱਪੜੇ ਉੱਤੇ ਕਾਲੀ ਸਿਆਹੀ ਨਾਲ ਮੋਟਾ-ਮੋਟਾ ਲਿਖਿਆ ਹੋਇਆ 373 ਕੇਵਲ ਇੱਕ ਨੰਬਰ ਸੀ ਜੋ ਇਹਤੋਂ ਪਹਿਲਾਂ ਕਿਸੇ ਹੋਰ ਕੈਦੀ ਦੀ ਹਿੱਕ ਉੱਤੇ ਲੱਗਿਆ ਰਿਹਾ ਹੋਵੇਗਾ ਅਤੇ ਇਹਤੋਂ ਮਗਰੋਂ ਏਨੀ ਹੀ ਸਹਿਜਤਾ ਨਾਲ ਕਿਸੇ ਹੋਰ ਦੀ ਹਿੱਕ ਉੱਤੇ ਲੱਗ ਜਾਵੇਗਾ।"[26]

ਭੁੱਲਰ ਨੇ ਇਸ ਕਹਾਣੀ ਵਿੱਚ ਅਜਿਹਾ ਦ੍ਰਿਸ਼ ਦਿਖਾ ਕੇ ਪਾਤਰ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਮਾਜ ਵਿੱਚ ਕੇਵਲ ਨੰਬਰਾਂ ਤੋਂ ਹੀ ਪਛਾਣ ਕਰ ਕੇ ਨਹੀਂ ਰਿਸ਼ਤੇ ਨਿਭਾਏ ਜਾਂਦੇ ਬਲਕਿ ਸਮਾਜ ਦੇ ਲੋਕਾਂ ਨਾਲ ਮੇਲ ਮਿਲਾਪ ਵਧਾ ਕੇ ਅਸੀਂ ਵਧੇਰੇ ਖੁਸ਼ ਰਹਿ ਸਕਦੇ ਹਾਂ। ਅੱਜ ਦਾ ਮਨੁੱਖ ਪੈਸੇ ਦੇ ਪਿੱਛੇ ਇੰਨਾ ਅੰਨਾ ਹੋ ਕੇ ਦੌੜ ਰਿਹਾ ਹੈ ਕਿ ਉਸ ਨੂੰ ਦਿਮਾਗੀ ਬੋਝ ਵਰਗੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭੁੱਲਰ ਆਪਣੀ ਇਸ ਕਹਾਣੀ ਵਿੱਚ ਇਹ ਸੁਨੇਹਾ ਸਮਾਜ ਨੂੰ ਦੇਣਾ ਚਾਹੁੰਦਾ ਹੈ ਕਿ ਪੈਸੇ ਕਮਾਉਣ ਦੇ ਨਾਲ-ਨਾਲ ਸਾਨੂੰ ਇੱਕ-ਦੂਜੇ ਦੇ ਦੁੱਖਾਂ-ਸੁੱਖਾਂ ਵਿੱਚ ਵੀ ਸਾਂਝੇਦਾਰੀ ਨਿਭਾਉਣੀ ਚਾਹੀਦੀ ਹੈ। ਅਸੀਂ ਆਸ ਤਾਂ ਇੱਕ ਸਵੱਛ ਸੁੰਦਰ ਸਮਾਜ ਦੀ ਕਰਦੇ ਹਾਂ ਪ੍ਰੰਤੂ ਆਪ ਪਹਿਲ ਕਰਨੋਂ ਅਸਮਰੱਥ ਹੋ ਜਾਂਦੇ ਹਾਂ। ਸਮਾਜ-ਸ਼ਾਸਤਰ ਵਿੱਚ ਅਜਿਹੇ ਸਮਾਜ ਦੀ ਝਲਕ ਨੂੰ ਦੇਖਿਆ ਜਾ ਸਕਦਾ ਹੈ। ਭੁੱਲਰ ਨੇ ਵੀ ਸਮਾਜ ਦੇ ਇਸੇ ਰੂਪ ਨੂੰ ਪੁਨਰ-ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਹੈ।

"ਸ਼ਾਲੂ ਦੀ ਮੰਮੀ ਦੀ ਫੋਨ ਵਾਲੀ ਸਹੇਲੀ ਜਾਂ ਰਿਸ਼ਤੇਦਾਰ ਕਹਿ ਤਾਂ ਸੱਚ ਹੀ ਰਹੀ ਸੀ। ਘਰਾਂ ਦੇ ਨਾਂ ਤਾਂ ਉਹਨਾਂ ਵਿੱਚ ਵੱਸਦੇ ਬੰਦਿਆਂ ਦੇ ਨਾਵਾਂ ਨਾਲ ਹੁੰਦੇ ਹਨ। ਜਦੋਂ ਬੰਦਿਆਂ ਦੀ ਪਛਾਣ ਨਹੀਂ, ਘਰਾਂ ਦੀ ਪਛਾਣ ਕਿੱਥੇ। ਘਰਾਂ ਦੀ ਥਾਂ ਮਕਾਨ ਹਨ ਅਤੇ ਮਕਾਨਾਂ ਦੇ ਨਾਂ ਨਹੀਂ ਹੁੰਦੇ, ਨੰਬਰ ਹੁੰਦੇ ਹਨ। 35 ਨੰਬਰ ਵਾਲਾ ਬੀਮਾਰ ਹੈ।...ਅਗਲੇ ਮਹੀਨੇ 72 ਨੰਬਰ ਵਾਲਿਆਂ ਦੀ ਕੁੜੀ ਦਾ ਵਿਆਹ ਹੈ।...ਧਮਕੇ ਨੰਬਰ ਵਾਲੇ ਨੇ ਨਵੀਂ ਕਾਰ ਖਰੀਦੀ ਹੈ।" "[27]

ਇਸ ਪ੍ਰਕਾਰ ਨੰਬਰਾਂ ਤੋਂ ਪਛਾਣਨ ਵਾਲਾ ਸਮਾਜ ਭੁੱਲਰ ਨੂੰ ਓਪਰਾ ਮਹਿਸੂਸ ਹੁੰਦਾ ਹੈ। ਸੋ ਇਸ ਪ੍ਰਕਾਰ ਭੁੱਲਰ ਦਾ ਉਦੇਸ਼ ਇਸ ਕਹਾਣੀ ਰਾਹੀਂ ਇਹ ਦੇਣਾ ਹੈ ਕਿ ਸਮਾਜ ਵਿੱਚ ਰਹਿੰਦਿਆਂ ਸਾਨੂੰ ਇੱਕ-ਦੂਜੇ ਦੀ ਸਾਰ ਲੈਂਦੇ ਰਹਿਣਾ

ਚਾਹੀਦਾ ਹੈ। ਇਸ ਨਾਲ ਹੀ ਇੱਕ ਸਫਲ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਸੋ ਸਾਡਾ ਵੀ ਇਹ ਕਰਤੱਵ ਬਣਦਾ ਹੈ ਕਿ ਅਸੀਂ ਭੁੱਲਰ ਦੀ ਅਜਿਹੀ ਸੋਚ ਨੂੰ ਅੱਗੇ ਲੈ ਕੇ ਜਾਈਏ।

ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਆਰਥਕਤਾ ਦੇ ਕਾਰਨ ਬਦਲ ਰਹੇ ਸਮਾਜ ਦੇ ਰੂਪ ਨੂੰ ਪੇਸ਼ ਕੀਤਾ ਹੈ। ਇਸ ਦਾ ਅਸਰ ਸਮਾਜ ਦੇ ਰਿਸ਼ਤਿਆਂ ਉੱਪਰ ਵੀ ਪਿਆ ਹੈ। ਸਮਾਜ ਦੇ ਲੋਕਾਂ ਦੇ ਜੀਵਨ ਪੱਧਰ ਉੱਪਰ ਵੀ ਇਸ ਦਾ ਅਸਰ ਦੇਖਣ ਨੂੰ ਮਿਲਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਜਗਦੀਸ਼ ਕੌਸ਼ਲ, ਦੀਵੇ ਵਾਂਗ ਬਲਦੀ ਅੱਖ, ਇੱਕ ਬਹੁ ਪੱਖੀ ਅਧਿਐਨ, ਪੰਨਾ-10
2. ਗੁਰਬਚਨ ਸਿੰਘ ਭੁੱਲਰ, ਵਖ਼ਤਾਂ ਮਾਰੇ, ਪੰਨਾ-93
3. ਉਹੀ, ਪੰਨਾ-94
4. ਗੁਰਬਚਨ ਸਿੰਘ ਭੁੱਲਰ, ਦੀਵੇ ਵਾਂਗ ਬਲਦੀ ਅੱਖ, ਪੰਨਾ-31
5. ਉਹੀ, ਪੰਨਾ-30
6. ਉਹੀ, ਪੰਨਾ-49
7. ਉਹੀ, ਪੰਨਾ-51
8. ਉਹੀ, ਪੰਨਾ-50
9. ਗੁਰਬਚਨ ਸਿੰਘ ਭੁੱਲਰ, ਮੈਂ ਗ਼ਜ਼ਨਵੀ ਨਹੀਂ, ਪੰਨਾ-126
10. ਗੁਰਬਚਨ ਸਿੰਘ ਭੁੱਲਰ, ਓਪਰਾ ਮਰਦ, ਪੰਨਾ-106
11. ਜਗਦੀਸ਼ ਕੌਸ਼ਲ, ਦੀਵੇਂ ਵਾਂਗ ਬਲਦੀ ਅੱਖ, ਇੱਕ ਬਹੁ ਪੱਖੀ ਅਧਿਐਨ, ਪੰਨਾ-93
12. ਗੁਰਬਚਨ ਸਿੰਘ ਭੁੱਲਰ, ਮੈਂ ਗ਼ਜ਼ਨਵੀ ਨਹੀਂ, ਪੰਨਾ-39
13. ਉਹੀ ਪੰਨਾ-42
14. ਉਹੀ ਪੰਨਾ-44
15. ਗੁਰਬਚਨ ਸਿੰਘ ਭੁੱਲਰ, ਵਖ਼ਤਾਂ ਮਾਰੇ, ਪੰਨਾ-100
16. ਗੁਰਬਚਨ ਸਿੰਘ ਭੁੱਲਰ, ਦੀਵੇ ਵਾਂਗ ਬਲਦੀ ਅੱਖ, ਪੰਨਾ-72
17. ਉਹੀ ਪੰਨਾ, 74
18. ਜਗਦੀਸ਼ ਕੌਸ਼ਲ, ਦੀਵੇਂ ਵਾਂਗ ਬਲਦੀ ਅੱਖ, ਇੱਕ ਬਹੁ ਪੱਖੀ ਅਧਿਐਨ, ਪੰਨਾ, 141
19. ਗੁਰਬਚਨ ਸਿੰਘ ਭੁੱਲਰ, ਓਪਰਾ ਮਰਦ, ਪੰਨਾ-68
20. ਉਹੀ, ਪੰਨਾ-68
21. ਗੁਰਬਚਨ ਸਿੰਘ ਭੁੱਲਰ, ਮੈਂ ਗ਼ਜ਼ਨਵੀ ਨਹੀਂ, ਪੰਨਾ-120
22. ਗੁਰਬਚਨ ਸਿੰਘ ਭੁੱਲਰ, ਓਪਰਾ ਮਰਦ, ਪੰਨਾ-76
23. ਗੁਰਬਚਨ ਸਿੰਘ ਭੁੱਲਰ, ਮੈਂ ਗ਼ਜ਼ਨਵੀ ਨਹੀਂ, ਪੰਨਾ-120
24. ਗੁਰਬਚਨ ਸਿੰਘ ਭੁੱਲਰ, ਵਖ਼ਤਾਂ ਮਾਰੇ, ਗੁਰਬਚਨ ਸਿੰਘ ਭੁੱਲਰ, ਪੰਨਾ-102
25. ਉਹੀ, ਪੰਨਾ-100
26. ਗੁਰਬਚਨ ਸਿੰਘ ਭੁੱਲਰ, ਅਗਨੀ ਕਲਸ, ਪੰਨਾ-108
27. ਉਹੀ, ਪੰਨਾ-109

## ਅਧਿਆਇ ਚੌਥਾ

## ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਰਾਜਨੀਤਕ ਅਤੇ ਧਾਰਮਕ ਪਰਿਪੇਖ

ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਰਾਜਨੀਤਕ ਅਤੇ ਧਾਰਮਕ ਪਰਿਪੇਖ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਸਾਡੇ ਰਾਜਨੀਤਕ ਪ੍ਰਬੰਧ ਦਾ ਵੇਗ ਕੁਝ ਇਸ ਪ੍ਰਕਾਰ ਦਾ ਹੈ ਜਿੱਥੇ ਵਿਦਰੋਹੀ ਚੇਤਨਾ ਭ੍ਰਿਸ਼ਟ ਪ੍ਰਬੰਧ ਦੇ ਖ਼ਿਲਾਫ ਖੜੀ ਹੁੰਦੀ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਪੇਂਡੂ ਜੀਵਨ ਨਾਲ ਸੰਬੰਧਿਤ ਹਨ। ਸਾਡਾ ਅਰਥਚਾਰਾ ਕੁਝ ਇਸ ਭਾਂਤ ਦਾ ਹੈ ਜਿੱਥੇ ਵਿਅਕਤੀ ਦੀ ਹੋਂਦ ਪੈਸੇ ਅੱਗੇ ਨਿਗੂਣੀ ਹੋ ਕੇ ਰਹਿ ਗਈ ਹੈ। ਆਰਥਕ ਪੱਖੋਂ ਥੁੜੇ ਵਿਅਕਤੀ ਦੀ ਹਾਲਤ ਪਸ਼ੂਆਂ ਵਰਗੀ ਹੈ। 'ਰੋਹੀ ਬੀਆਬਾਨ', 'ਅੱਖਾਂ ਦੀ ਲਿਸ਼ਕ', 'ਉਮਰ ਕੈਦ', 'ਰੇਸ਼ਮ ਦੀ ਛੋਹ' ਅਤੇ ਬੋਰੇ ਦਾ ਘਾਸਾ', ਸਾਡੇ ਉਹਨਾਂ ਸਮਾਜਕ ਰਿਸ਼ਤਿਆਂ ਨਾਲ ਸੰਬੰਧਿਤ ਕਹਾਣੀਆਂ ਹਨ ਜਿਹੜੇ ਵਿਵਸਥਾ ਦੇ ਪੈਦਾ ਕੀਤੇ ਸੰਕਟ ਨੂੰ ਭੋਗਦੇ ਹਨ। ਪੂੰਜੀਵਾਦੀ ਪ੍ਰਬੰਧ ਵਿੱਚ ਸਾਰੇ ਰਿਸ਼ਤਿਆਂ ਦਾ ਆਧਾਰ ਪੈਸਾ ਹੁੰਦਾ ਹੈ। ਉਹ ਇਹਨਾਂ ਰਿਸ਼ਤਿਆਂ ਵਿੱਚ ਆਸਾਵਾਂਪਨ ਲਿਆਉਂਦਾ ਹੈ। ਵਿਅਕਤੀ ਵਧੇਰੇ ਸਵੈ-ਕੇਂਦਰਿਤ ਹੋ ਜਾਂਦਾ ਹੈ ਅਤੇ ਦੂਜੇ ਮਨੁੱਖਾਂ ਨਾਲ ਹਮਦਰਦੀ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਜਾਂਦੀ ਹੈ। ਵੱਡੇ ਸ਼ਹਿਰਾਂ ਵਿੱਚ ਇਹ ਅਮਲ ਵਧੇਰੇ ਦੇਖਣ ਨੂੰ ਮਿਲਦਾ ਹੈ। 'ਰੋਹੀ ਬੀਆਬਾਨ ਦਾ ਪਾਤਰ 'ਉਹ' ਸ਼ਹਿਰ ਵਿੱਚ ਆ ਕੇ ਮਨੁੱਖੀ ਹਮਦਰਦੀ ਨੂੰ ਤਰਸ ਜਾਂਦਾ ਹੈ। ਬੱਚੇ ਦੀ ਤਕਲੀਫ਼ ਦੇ ਨਾਲ-ਨਾਲ ਉਸ ਨੂੰ ਬੱਚੇ ਦੇ ਰੋਣ ਕਾਰਨ ਗੁਆਂਢੀਆਂ ਦੀ ਪਰੇਸ਼ਾਨੀ ਵੀ ਮਹਿਸੂਸ ਹੁੰਦੀ ਹੈ। ਉਸ ਨੂੰ ਪਿੰਡ ਦੀਆਂ ਸਿਆਣੀਆਂ ਬੁੜੀਆਂ ਯਾਦ ਆਉਂਦੀਆਂ ਹਨ ਜਿਹੜੀਆਂ ਦੁਖਦੇ-ਸੁਖਦੇ ਭੱਜੀਆਂ ਆਉਂਦੀਆਂ ਸਨ। ਪੇਂਡੂ ਵਰਤਾਰੇ ਵਿੱਚ ਅਜੇ ਵੀ ਮਨੁੱਖੀ ਹਮਦਰਦੀ ਅਤੇ ਮੋਹ ਬਾਕੀ ਹੈ। ਅਸਲ ਵਿੱਚ ਪਿੰਡ ਵਿੱਚ ਵਸੋਂ ਵੀ ਘੱਟ ਹੁੰਦੀ ਹੈ ਅਤੇ ਆਰਥਕ ਵਿਕਾਸ ਦੀ ਰਫ਼ਤਾਰ ਸ਼ਹਿਰਾਂ ਵਰਗੀ ਨਹੀਂ ਹੁੰਦੀ ਤੇ ਨਾ ਹੀ ਸ਼ਹਿਰਾਂ ਵਰਗਾਂ ਉਦਯੋਗਿਕ ਫੈਲਾਉ ਹੁੰਦਾ ਹੈ। ਇਸੇ ਲਈ ਪਿੰਡਾਂ ਵਿੱਚ ਉਸ ਭਾਂਤ ਦੇ ਆਰਥਕ ਰਿਸ਼ਤੇ ਸਥਾਪਤ ਨਹੀਂ ਹੋਏ ਜਿਸ ਭਾਂਤ ਦੇ ਸ਼ਹਿਰਾਂ ਵਿੱਚ ਹਨ।

ਇਸੇ ਕਾਰਨ ਕਹਾਣੀਕਾਰ ਨੂੰ 'ਵਸਦਾ-ਰਸਦਾ' ਸ਼ਹਿਰ ਰੋਈ-ਬੀਆਬਾਨ ਲਗਦਾ ਹੈ। ਇਸ ਤੋਂ ਸਾਨੂੰ ਸਾਡੇ ਸ਼ਹਿਰੀ ਅਤੇ ਪੇਂਡੂ ਆਰਥਕ ਵਖਰੇਵੇਂ ਦਾ ਵੀ ਪਤਾ ਲੱਗਦਾ ਹੈ। ਮੁਨਾਫ਼ਾ ਪੂੰਜੀਵਾਦੀ ਪ੍ਰਬੰਧ ਦੀ ਧੂਰੀ ਹੈ। ਮੁਨਾਫ਼ੇ ਕਾਰਨ ਹੀ ਕੋਈ ਚੀਜ਼ ਜੇ ਇੱਕ ਦਿਨ ਮੰਡੀ ਵਿੱਚ ਆਉਂਦੀ ਹੈ ਤਾਂ ਮੁਨਾਫ਼ੇ ਕਾਰਨ ਹੀ ਉਹ ਦੂਜੇ ਦਿਨ ਮੰਡੀ ਵਿੱਚੋ ਗ਼ਾਇਬ ਹੋ ਜਾਂਦੀ ਹੈ। ਪਰ ਲੋਕਾਂ ਦੀਆਂ ਲੋੜਾਂ ਤਾਂ ਦਿਨੋ-ਦਿਨ ਵੱਧਦੀਆਂ ਹੀ ਹਨ। ਮਹਿੰਗਾਈ ਅਤੇ ਵਸਤਾਂ ਦੀ ਥੁੜ ਇਸੇ ਲਈ ਆਮ ਜਿਹੀ ਗੱਲ ਬਣ ਜਾਂਦੀਆਂ ਹਨ। ਪੂੰਜੀ ਦੀ ਆਸਾਵੀਂ ਵੰਡ ਜਿੱਥੇ ਪੇਂਡੂ ਜੀਵਨ ਦੇ ਸਮਾਜਕ-ਆਰਥਕ ਰਿਸ਼ਤਿਆਂ ਵਿੱਚ ਸੰਕਟ ਪੈਦਾ ਕਰਦੀ ਹੈ, ਉੱਥੇ ਸ਼ਹਿਰੀ ਜੀਵਨ ਵੀ ਇਸ ਤੋਂ ਨਹੀਂ ਬੱਚਦਾ ਕਿਉਂਕਿ ਪ੍ਰਬੰਧ ਤਾਂ ਉਹੀ ਹੈ। ਹਾਂ, ਸ਼ਹਿਰੀਆਂ ਦੀਆਂ ਸਮੱਸਿਆਵਾਂ ਕੁਝ ਆਪਣੀ ਕਿਸਮ ਦੀਆਂ ਹੋ ਸਕਦੀਆਂ ਹਨ। ਭੁੱਲਰ ਰਾਜੀਨਤਕ ਪੱਖ ਤੋਂ ਚੇਤਨ ਲੇਖਕ ਹੈ। ਕੋਝੀ ਅਤੇ ਗੰਦੀ ਸਿਆਸਤ ਨੂੰ ਉਹਨੇ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ, ਜਿਸ ਦੀ ਮਿਸਾਲ 'ਤਾਮਰ-ਪੱਤਰ' ਨਾਂ ਦੀ ਕਹਾਣੀ ਹੈ। ਇਸੇ ਤਰਾਂ ਰਾਜੀਨਤਕ ਲਹਿਰਾਂ ਅਤੇ ਦੌਰਾਂ ਦਾ ਜ਼ਿਕਰ 'ਵਕ਼ਤਾਂ ਮਾਰੇ' ਅਤੇ 'ਮੋਰਚੇ' ਕਹਾਣੀਆਂ ਰਾਹੀਂ ਹੋਇਆ ਹੈ।'ਵਕ਼ਤਾਂ ਮਾਰੇ' 1972 ਦੇ ਮੋਗਾ ਗੋਲੀ-ਕਾਂਡ ਨਾਲ ਸੰਬੰਧਿਤ ਹੈ ਅਤੇ 'ਮੋਰਚੇ' ਕਿਸਾਨ ਅੰਦੋਲਨ ਦੀ ਇੱਕ ਝਲਕ ਪੇਸ਼ ਕਰਦੀ ਹੈ। 'ਫੱਤੂ ਮਰਾਸੀ', 'ਵਿਰਲਾਂ ਵਿੱਚੋਂ ਝਾਕਦਾ ਹਨੇਰਾ' ਅਤੇ 'ਕੀ ਜਾਣਾ ਮੈਂ ਕੌਣ' ਅਜੋਕੇ ਫਿਰਕੂ ਵਾਤਾਵਰਨ ਨਾਲ ਸੰਬੰਧਿਤ ਕਹਾਣੀਆਂ ਹਨ। ਭਾਵੇਂ

ਇਨਾਂ ਤਿੰਨਾਂ ਕਹਾਣੀਆਂ ਦਾ ਸੰਬੰਧ 1947 ਦੇ ਦੰਗਿਆਂ ਤੋਂ ਲੈ ਕੇ 1984 ਦੇ ਦੰਗਿਆਂ ਤੱਕ ਹੈ, ਪਰ ਦੇਖਣ ਦੀ ਨੀਝ ਸਮਰੂਪ ਹੈ। ਜੇਕਰ 'ਕਾਲੇ ਖਾਂ' 1947 ਵੇਲੇ ਫਿਰਕੂ ਦਹਿਸ਼ਤਵਾਦ ਦਾ ਸ਼ਿਕਾਰ ਹੁੰਦਾ ਹੈ ਤਾਂ 'ਕੀ ਜਾਣਾ ਮੈਂ ਕੌਣ' ਵਿੱਚਲਾ ਗਲਪਕਾਰ ਸ਼ਾਮਾ, ਪੰਡਿਤ ਹੋਣ ਦੇ ਬਾਵਜੂਦ ਪੱਗਧਾਰੀ ਹੋਣ ਕਰਕੇ ਪੰਜਾਬੋਂ ਬਾਹਰ ਸਿੱਖ ਦੇ ਭੁਲੇਖੇ ਕਤਲ ਹੋ ਜਾਂਦਾ ਹੈ ਅਤੇ ਇਸੇ ਤਰਾਂ ਮੈਂ-ਪਾਤਰ ਦਾ ਦੂਜਾ ਮਿੱਤਰ ਸਿੰਮੀ ਸਿੱਖ ਹੋ ਕੇ ਸਿਰੋ ਮੋਨਾ ਹੋਣ ਕਾਰਨ ਆਪਣੇ ਫਿਰਕੇ ਦੇ ਬੰਦਿਆਂ ਵੱਲੋਂ ਪੰਜਾਬ ਵਿੱਚ ਹੀ ਕਤਲ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਕਹਾਣੀਆਂ ਰਾਹੀਂ ਭੁੱਲਰ ਨੇ ਸਮੇਂ ਦੀ ਨਬਜ਼ ਨੂੰ ਪਛਾਣਿਆਂ ਹੈ ਅਤੇ ਸਥਿਤੀ ਉੱਤੇ ਤਿੱਖਾ ਵਿਅੰਗ ਹੈ। 'ਤਾਮਰ ਪੱਤਰ' ਵਿੱਚ ਦੱਸਿਆ ਗਿਆ ਹੈ ਕਿ ਨਰਾਇਣ ਸਿੰਘ ਨੂੰ ਦੇਸ ਦੀ ਆਜ਼ਾਦੀ ਲਈ ਸੰਗਰਾਮ ਵਿੱਚ ਉਸਦੀ ਦੇਣ ਵਾਸਤੇ ਤਾਮਰ-ਪੱਤਰ ਮਿਲਣਾ ਸੀ। ਉਸ ਵਰਗੇ ਹੋਰ ਦੇਸ਼ਭਗਤਾਂ ਨੂੰ ਵੀ ਇੱਕ ਸਮਾਗਮ ਵਿਚ ਤਾਮਰ-ਪੱਤਰ ਦੇਣ ਵਾਸਤੇ ਦਿੱਲੀ ਸੱਦਿਆ ਗਿਆ ਸੀ। ਪਰ ਦਿੱਲੀ ਪਹੁੰਚ ਕੇ ਨਰਾਇਣ ਸਿੰਘ ਨੂੰ ਪਤਾ ਲੱਗਿਆ ਕਿ ਇਹ ਇੱਕ ਢੋਂਗ ਸੀ। ਤਾਮਰ-ਪੱਤਰ ਵਾਸਤੇ ਆਏ ਦੇਸ਼ ਭਗਤਾਂ ਦੀ ਆਓ-ਭਗਤ ਅਤੇ ਰਿਹਾਇਸ਼ ਦੇ ਪ੍ਰਬੰਧ ਤੋਂ ਹੀ ਇਹ ਸਭ ਸਿੱਧ ਹੋ ਗਿਆ ਸੀ। ਪਰ ਸਮਾਗਮ ਵਿੱਚ ਉਸ ਨੇ ਦੇਖਿਆ ਕਿ ਅੰਗਰੇਜ਼ ਰਾਜ ਦੇ ਨਿਪਟ-ਵਫ਼ਾਦਾਰਾਂ ਦਾ ਹੀ ਹੁਣ ਵੀ ਬੋਲ-ਬਾਲਾ ਸੀ। ਦੇਸ਼ ਦੀ ਆਜ਼ਾਦੀ ਵਾਸਤੇ ਕੁਰਬਾਨੀਆਂ ਦੇਣ ਵਾਲਿਆਂ ਨੂੰ ਉਨਾਂ ਦੀ ਢੁਕਦੀ-ਬਣਦੀ ਕਦਰ ਕਰਨ ਦੀ ਥਾਂ ਤਾਂਬੇ ਦਾ ਟੁਕੜਾ ਦੇ ਕੇ ਵਰਚਾਇਆ ਜਾ ਰਿਹਾ ਸੀ। ਇਥੇ ਤਾਂਬਾ ਇੱਕ ਹੋਰ ਅਰਥ ਵੀ ਦਿੰਦਾ ਹੈ। ਸੁੱਖ-ਸਾਧਨਾਂ ਅਤੇ ਉੱਚੀਆਂ ਹੈਸੀਅਤਾਂ ਦਾ ਸੋਨਾ-ਚਾਂਦੀ ਤਾਂ ਅੰਗਰੇਜ਼-ਭਗਤਾਂ ਨੇ ਹਥਿਆ ਲਿਆ ਸੀ। ਇਹ ਫਰਕ ਇਸ ਕਹਾਣੀ ਵਿੱਚ ਬੜੀ ਖ਼ੂਬੀ ਨਾਲ ਪ੍ਰਗਟ ਹੁੰਦਾ ਹੈ। ਇਸੇ ਤਰਾਂ ਅੰਗਰੇਜ਼ ਸਰਕਾਰ ਦੇ ਮੁੱਖੀ ਦੀ ਹਿੰਦੁਸਤਾਨ-ਫੇਰੀ ਸਮੇਂ ਹਿੰਦੁਸਤਾਨ ਦੇ ਲੋਕਾਂ ਅਤੇ ਸਰਕਾਰ ਵਲੋਂ ਸੁਆਮੀ-ਭਗਤੀ ਵਰਗਾ ਵਿਖਾਵਾ 'ਪੱਥਰ ਦਾ ਬੁੱਤ' ਕਹਾਣੀ ਵਿੱਚ ਵਰਣਨ ਕੀਤਾ ਗਿਆ ਹੈ। ਇਨਾਂ ਦੋਹਾਂ ਕਹਾਣੀਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਦੇ ਏਨੇ ਸਾਲਾਂ ਉਪਰੰਤ ਵੀ ਅੰਗ੍ਰੇਜ਼-ਪ੍ਰਸਤਾਂ ਦਾ ਕਿਸ ਕਦਰ ਬੋਲ-ਬਾਲਾ ਹੈ ਕਿ ਹਾਲਾਂ ਵੀ ਅੰਗ੍ਰੇਜ਼-ਵਫ਼ਾਦਾਰੀ ਦਾ ਵਿਖਾਲਾ ਕੀਤਾ ਜਾਂਦਾ ਹੈ। ਇਹ ਸਾਡੀ ਆਜ਼ਾਦੀ ਉੱਤੇ ਇੱਕ ਅਨੋਖੀ ਟਿੱਪਣੀ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਰਾਜਨੀਤਕ ਤੱਤਾਂ ਨੂੰ ਲਿਆ ਕੇ ਸਮਾਜ ਦੀ ਕੌੜੀ ਸੱਚਾਈ ਨੂੰ ਪੇਸ਼ ਕੀਤਾ ਹੈ। ਧਰਮ ਦੇ ਨਾਂ ਤੇ ਅੱਜ ਵੀ ਸਾਡਾ ਸਮਾਜ ਅਨੇਕਾਂ ਪ੍ਰਕਾਰ ਦੇ ਝਮੇਲਿਆਂ ਵਿੱਚ ਫਸਿਆ ਹੋਇਆ ਹੈ। ਕਿਤੇ ਧਰਮ ਦੇ ਨਾਂ ਤੇ ਲੋਕਾਂ ਨੂੰ ਆਰਥਕ ਪੱਖੋਂ ਲੁੱਟਿਆ ਜਾ ਰਿਹਾ ਹੈ ਕਿਤੇ ਧਰਮ ਦੇ ਨਾਂ ਤੇ ਕੱਟੜਪੰਥੀ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਰਹੇ ਹਨ। ਸਾਡੇ ਸਾਰੇ ਧਰਮ ਆਪਸ ਵਿੱਚ ਪਿਆਰ ਨਾਲ ਰਹਿਣਾ ਸਿਖਾਉਂਦੇ ਹਨ ਇਸ ਗੱਲ ਨੂੰ ਅਸੀਂ ਸਾਰੇ ਅੱਖਾਂ ਤੋਂ ਓਹਲੇ ਕਰ ਦਿੰਦੇ ਹਾਂ। ਭੁੱਲਰ ਨੇ ਅਜਿਹੀਆਂ ਕਹਾਣੀਆਂ ਨੂੰ ਲਿਆ ਕੇ ਧਰਮ ਦੇ ਰਸਤੇ ਤੋਂ ਭਟਕ ਚੁੱਕੇ ਲੋਕਾਂ ਨੂੰ ਸਹੀ ਰਸਤੇ ਤੇ ਲਿਆਉਣ ਦਾ ਯਤਨ ਕੀਤਾ ਹੈ। ਸਾਡੇ ਰਾਜਨੀਤਕ ਦਲਾਂ ਵਾਲਿਆਂ ਨੇ ਧਰਮ ਨੂੰ ਇੱਕ ਜ਼ਰੀਆ ਬਣਾ ਲੇ ਲੋਕਾਂ ਨੂੰ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ ਹੈ। ਸਮਾਜ ਵਿੱਚ ਲਗਾਤਾਰ ਹੋ ਰਹੀ ਉਥਲ-ਪੁਥਲ ਇਸੇ ਗੱਲ ਦਾ ਪ੍ਰਮਾਣ ਹਨ। ਸਮਾਜ ਵਿੱਚਲੀ ਜਮਾਤੀ ਵੰਡ ਦੇ ਕਾਰਨ ਲੋਕਾਂ ਵਿੱਚ ਉਚ-ਨੀਚ ਦੀ ਬਣੀ ਭਾਵਨਾ ਨੇ ਏਕਤਾ ਵਿੱਚ ਰਹਿਣ ਦੀ ਭਾਵਨਾ ਨੂੰ ਖ਼ਤਮ ਕਰ ਦਿੱਤਾ। ਆਪਣੇ ਹੀ ਲੋਕਾਂ ਦੇ ਹੱਥੋਂ ਆਪਣਿਆ ਦਾ ਖ਼ੂਨ ਹੋਣ ਲੱਗ ਪਿਆ। ਸਮਾਜ ਖ਼ੂਨ ਦੇ ਘਿਲਾਉਣੇ ਰਸਤੇ ਉੱਪਰ ਚੱਲ ਪਿਆ। ਭੁੱਲਰ ਨੇ ਅਜਿਹੀਆਂ ਕਹਾਣੀਆਂ ਪੇਸ਼ ਕੀਤੀਆ ਜਿਸ ਨਾਲ ਸਾਡੇ ਆਉਣ ਵਾਲੇ ਸਮੇਂ ਵਿੱਚ ਮੁੜ ਇਸ

ਪ੍ਰਕਾਰ ਦਾ ਕੰਮ ਨਾ ਹੋਵੇ। ਧਰਮ ਦੀ ਆੜ ਵਿੱਚ ਲੋਕ ਅੰਨੇ ਹੋ ਕੇ ਸ਼ਰੇਆਮ ਇੱਕ ਦੂਜੇ ਦਾ ਕਤਲ ਕਰਨ ਲਈ ਮਜ਼ਬੂਰ ਨਾ ਹੋਣ।

"ਆਰਸੀ ਦਾ ਕਹਿਣਾ ਸੀ, "ਮਨੁੱਖੀ ਸੰਬੰਧਾਂ, ਕਦਰਾਂ ਕੀਮਤਾਂ ਦੇ ਬਦਲਦੇ ਪ੍ਰਸੰਗਾਂ ਤੇ ਰਾਜਨੀਤਕ ਸਥਿਤੀਆਂ ਵਿੱਚੋਂ ਸੁਚੱਜੀ ਕਹਾਣੀ ਸਿਰਜਣ ਵਾਲਾ ਲੇਖਕ ਹੈ।... ਉਸ ਦੀਆਂ ਕਈ ਕਹਾਣੀਆਂ ਵਿੱਚ ਔਰਤਾਂ ਮਰਦ ਪਾਤਰਾਂ ਨਾਲੋਂ ਵਧੇਰੇ ਵਿਸ਼ੇਸ਼ ਨਜ਼ਰ ਆਉਂਦੀਆਂ ਹਨ।... ਕਈ ਹੋਰ ਕਹਾਣੀਕਾਰਾਂ ਵਾਂਗ ਉਹ ਔਰਤ ਦੇ ਸਿਥਲ ਰੂਪ ਨੂੰ ਪੇਸ਼ ਨਹੀਂ ਕਰਦਾ, ਸਗੋਂ ਔਰਤ ਨੂੰ ਕਿਸੇ ਵੀ ਥੀਮ ਦੀ ਦ੍ਰਿਸ਼ਟੀ ਤੋਂ ਪੇਸ਼ ਕਰੇ, ਸਨਮਾਨ ਨਾਲ ਪੇਸ਼ ਕਰਦਾ ਹੈ।...ਅਸਲ ਵਿੱਚ ਔਰਤ ਪ੍ਰਤੀ ਉਸਦੇ ਪਾਤਰਾਂ ਵਿੱਚ ਇੱਕ ਅਜਿਹਾ ਮਾਨਵੀਂ ਮੋਹ ਬਰਕਰਾਰ ਰੱਖਣ ਦੀ ਰੀਝ ਹੈ, ਜਿਸ ਨੂੰ ਉਹ ਜਖ਼ਮੀ ਨਹੀਂ ਕਰ ਸਕਦੇ।... ਉਸ ਦੀਆਂ ਕਹਾਣੀਆਂ ਵਿੱਚ ਔਰਤਾਂ ਦੇ ਮੁਕਾਬਲੇ ਮਰਦ ਮੂਕ ਹਨ। ਚੁੱਪ ਹੰਢਾਉਂਦੇ ਹਨ। ਘਟਨਾਵਾਂ ਦੇ ਕੇਂਦਰ ਵਿੱਚ ਹੁੰਦਿਆਂ ਵੀ ਉਹ ਵਾਰਤਾਲਾਪ ਕਦੇ ਹੀ ਬੋਲਦੇ ਹਨ। ਜ਼ਿੰਦਗੀ ਉਨ੍ਹਾਂ ਦੇ ਕੋਲੋਂ ਲੰਘੀ ਜਾ ਰਹੀ ਹੈ। ਇਸ ਦ੍ਰਿਸ਼ਟੀ ਤੋਂ ਦੇਖਿਆ ਉਸ ਦੀ ਕਹਾਣੀ-ਵਿਧੀ ਬੜੀ ਦਿਲਚਸਪ ਬਣਦੀ ਹੈ।"[1]

'ਮੋਰਚੇ' ਬੇਸ਼ਕ ਮੁੱਖ ਰੂਪ ਵਿੱਚ ਰਾਜਸੀ ਕਹਾਣੀ ਨਹੀਂ ਹੈ, ਫਿਰ ਵੀ ਇਸਦਾ ਮੁੱਖ ਕਾਰਜ ਰਾਜਸੀ ਹੈ। ਨਾਇਕ ਇੱਕ ਗੁਪਤਵਾਸੀ ਇਨਕਲਾਬੀ ਲਈ ਅੱਡਾ ਕਾਇਮ ਕਰਨ ਵਾਸਤੇ ਜ਼ਮੀਨੀ ਸੰਘਰਸ਼ ਦੇ ਖੇਤਰ ਵਿੱਚ ਜਾਂਦਾ ਹੈ। ਉਹ ਇੱਕ ਕਸਬੇ ਵਿੱਚ ਗਿਆਨੀ ਕਾਲਜ ਖੋਲਦਾ ਹੈ, ਜਿਹੜਾ ਮੁੱਖ ਕਾਰਜ ਉੱਤੇ ਪਰਦਾ ਪਾਉਣ ਲਈ ਹੈ। ਉੱਥੇ ਇੱਕ ਕੋਮਲ ਨਾਂ ਦੀ ਕੁੜੀ ਨਾਇਕ ਨੂੰ ਮਿਲਦੀ ਹੈ, ਜਿਹੜੀ ਨਾਇਕ ਨੂੰ ਚੰਗੀ ਲੱਗਦੀ ਹੈ ਪਰ ਨਾਇਕ ਉਸ ਨਾਲ ਸਬੰਧ ਸਥਾਪਿਤ ਨਹੀਂ ਕਰਦਾ। ਗੁਆਂਢ ਵਿੱਚ ਇੱਕ ਹੋਰ ਕੁੜੀ ਰਾਜਬੀਰ ਰਹਿੰਦੀ ਹੈ ਜਿਹੜੀ ਪੁੱਜ ਕੇ ਦਲੇਰ ਅਤੇ ਖੁੱਲ੍ਹੇ ਸੁਭਾਅ ਦੀ ਹੈ। ਉਹ ਵੀ ਨਾਇਕ ਅਤੇ ਬਜ਼ੁਰਗ ਇਨਕਲਾਬੀ ਬਾਬੇ ਯੋਧੇ ਦਾ ਸਤਿਕਾਰ ਕਰਦੀ ਹੈ। ਪਰ ਇਹ ਰਿਸ਼ਤਾ ਵੀ ਇੱਕ ਹੱਦ ਤੱਕ ਹੀ ਪੁੱਜਦਾ ਹੈ ਨਾਇਕ ਮਜ਼ਬੂਰ ਹੈ। ਕਿਸੇ ਵੀ ਰਿਸ਼ਤੇ ਦੇ ਅੱਗੇ ਵੱਧਣ ਨਾਲ ਹਕੀਕਤ ਦੇ ਨੰਗਾਂ ਹੋਣ ਦਾ ਡਰ ਹੈ। ਇਸ ਤਰਾਂ ਨਾਇਕ ਇੱਕ ਮਹਾਨ ਕਾਰਜ ਲਈ ਆਪਣੇ ਪਿਆਰ ਅਤੇ ਜਜ਼ਬਿਆਂ ਦੀ ਕੁਰਬਾਨੀ ਦੇ ਦਿੰਦਾ ਹੈ। ਭੁੱਲਰ ਇਸ ਕਹਾਣੀ ਵਿੱਚ ਅਹਿਮ ਗੱਲ ਇਹ ਕਹਿੰਦਾ ਹੈ ਕਿ ਕਿਸੇ ਮਹਾਨ ਆਦਰਸ਼ ਲਈ ਨਿੱਜੀ ਹਿੱਤਾਂ ਨੂੰ ਤਿਆਗਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਉਹ ਇਨਕਲਾਬੀ ਪਾਰਟੀਆਂ ਦੇ ਕੰਮ-ਢੰਗ ਦਾ ਵੀ ਬਿਆਨ ਕਰਦਾ ਹੈ।

'ਕੀ ਜਾਣਾ ਮੈਂ ਕੌਣ' ਵਿੱਚ ਭੁੱਲਰ ਅਜੋਕੇ ਪੰਜਾਬ ਦੇ ਦੁਖਾਂਤ ਦਾ ਵਰਣਨ ਕਰਦਾ ਹੈ। ਜਿਸ ਵਿੱਚ ਵਿਅਕਤੀ ਬੰਦੇ ਨਾ ਰਹਿ ਕੇ ਕੇਵਲ ਬਾਹਰਮੁੱਖੀ ਦਿੱਖ ਤੋਂ ਪਛਾਣੇ ਜਾਂਦੇ ਹਨ ਅਤੇ ਕਤਲ ਕੀਤੇ ਜਾਂਦੇ ਹਨ। ਲੇਖਕ ਪੰਜਾਬੀ ਕਲਚਰ ਨੂੰ ਬਿਆਨ ਕਰਦਾ ਹੈ, ਜਿਸ ਵਿੱਚ ਬਾਹਰੀ ਰਹਿਤ ਵਿੱਚ ਕੱਟੜਤਾ ਨਹੀਂ ਹੈ। ਸਿੱਖਾਂ ਦੇ ਘਰ ਜੰਮ ਕੇ ਮੁੰਡੇ ਖੁੱਲੇ-ਖੁਲਾਸੇ ਹੋ ਜਾਂਦੇ ਹਨ, ਭਾਵ ਮੂੰਹ-ਸਿਰ ਮੁਨਾ ਕੇ ਹਿੰਦੂਆਂ ਵਰਗੇ ਹੋ ਜਾਂਦੇ ਹਨ ਅਤੇ ਅਖੋਤੀ ਹਿੰਦੂ ਮੁੰਡੇ ਕੇਸ-ਦਾਹੜੀ ਰੱਖ ਕੇ ਸਿੱਖਾਂ ਵਰਗੇ ਹੋ ਜਾਂਦੇ ਹਨ। ਦੋਨਾਂ ਫ਼ਿਰਕਿਆਂ ਦੀ ਆਪਸੀ ਵਿਰਸੇ ਅਤੇ ਰੀਤੀ-ਰਿਵਾਜ਼ ਦੀ ਸਾਂਝ ਬਹੁਤ ਗੂੜ੍ਹੀ ਹੈ, ਪਰ ਫਿਰਕੂ ਮੂਲਵਾਦ ਨੇ ਆਪਣੇ ਨਿਰਨੇ ਬਾਹਰਮੁੱਖੀ ਦਿੱਖ ਤੋਂ ਕੀਤੇ ਹਨ। ਸਿੱਖ ਪਰਿਵਾਰ ਵਿੱਚ ਜਨਮੇ ਸਿਮਰਜੀਤ ਸਿੰਘ ਸਿੰਮੀ ਨੂੰ ਹਿੰਦੂ ਸਮਝ ਕੇ ਸਿੱਖ ਅੱਤਵਾਦੀ ਕਤਲ ਕਰ ਦਿੰਦੇ ਹਨ। ਇਸੇ ਤਰਾਂ ਖ਼ਤਰਾ ਹੈ ਕਿ ਸਿੱਖਾਂ ਵਾਂਗ ਲੱਗਦੇ ਸ਼ਾਮ ਸਰੂਪ ਨੂੰ ਕੋਈ ਹਿੰਦੂ ਕੱਟੜਵਾਦੀ ਸਿੱਖ ਸਮਝ ਕੇ ਕਤਲ ਨਾ ਕਰ ਦੇਵੇ। ਅਜਿਹੀ ਸਥਿਤੀ ਵਿੱਚ ਇਹ ਨਿਰਨਾ ਕਰਨਾ ਕਿ ਕਿਹੜਾ ਕੌਣ ਹੈ, ਮੁਸ਼ਕਲ ਹੋ ਗਿਆ ਹੈ। ਵਿਅਕਤੀ ਦੀ ਕੋਈ ਪਛਾਣ ਨਹੀਂ ਰਹੀ। ਇੱਥੇ ਭੁੱਲਰ

ਪੰਜਾਬ ਦੇ ਦੁਖਾਂਤ ਨੂੰ ਕੇਵਲ ਮਾਨਵੀਂ ਪੱਖ ਤੋਂ ਪੇਸ਼ ਕਰਦਾ ਹੈ ਅਤੇ ਪੰਜਾਬੀ ਸੱਭਿਆਚਾਰ ਦੇ ਵਿਸ਼ੇਸ਼ ਪੱਖ ਨੂੰ ਮੁੱਖ ਰੱਖਦਾ ਹੈ ਜਿਸ ਵਿੱਚ ਧਾਰਮਕ ਕੱਟੜਤਾ ਨਹੀਂ ਸੀ, ਕੋਈ ਫਿਰਕੂ ਵੰਡ ਨਹੀਂ ਸੀ। ਪਰ ਹੁਣ ਇਸਨੂੰ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇੱਥੇ ਲੇਖਕ ਸਥਿਤੀ ਦਾ ਵਰਣਨ ਹੀ ਕਰਦਾ ਹੈ, ਕੋਈ ਵਿਸ਼ਲੇਸ਼ਣ ਨਹੀਂ। ਪਰ ਇਹ ਕਹਾਣੀ ਕੀ ਅਤੇ ਕਿਉਂ ਦੇ ਸਵਾਲ ਅਵੱਸ਼ ਖੜ੍ਹੇ ਕਰਦੀ ਹੈ। ਇਹੋ ਇਸ ਕਹਾਣੀ ਦੀ ਅਹਿਮ ਗੱਲ ਹੈ। ਇਸੇ ਕਿਸਮ ਦੀਆਂ ਹੋਰ ਕਹਾਣੀਆਂ 'ਫੱਤੂ ਮਰਾਸੀ' ਅਤੇ 'ਵਿਰਲਾਂ ਵਿੱਚੋਂ ਝਾਕਦਾ ਹਨੇਰਾ' ਹਨ, ਜਿਨ੍ਹਾਂ ਵਿੱਚ ਲੇਖਕ ਨੇ ਇਸ ਮਸਲੇ ਨੂੰ ਨਿਰੋਲ ਮਾਨਵੀਂ ਪੱਖ ਤੋਂ ਪੇਸ਼ ਕੀਤਾ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਵਿਸ਼ੇ ਸ਼ਹਿਰੀ ਲੋਕਾਂ ਦੇ ਜੀਵਨ ਦੇ ਸੱਚ ਨੂੰ ਪੇਸ਼ ਕਰਦੇ ਹਨ।

ਭੁੱਲਰ ਦੀਆਂ ਕਹਾਣੀਆਂ ਵਿੱਚ ਦਿਨੋ-ਦਿਨ ਘੱਟ ਰਹੀਆਂ ਕਦਰਾਂ-ਕੀਮਤਾਂ ਅਤੇ ਵੱਧ ਰਹੇ ਲਾਲਚ ਪੈਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਮੇਂ ਦੇ ਬਦਲਣ ਨਾਲ ਨਾ ਕੇਵਲ ਇਮਾਰਤਾਂ ਹੀ ਪੱਕੀਆਂ ਬਣੀਆਂ ਹਨ ਸਗੋਂ ਲੋਕਾਂ ਦੇ ਦਿਲ ਵੀ ਪੱਥਰਾਂ ਵਰਗੇ ਹੋ ਗਏ ਹਨ। ਆਧੁਨਿਕ ਜੀਵਨ ਸ਼ੈਲੀ ਨੂੰ ਅਪਨਾਉਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਰਿਸ਼ਤਿਆਂ ਨੂੰ ਘਰ ਵਿਚਲੇ ਵਿਅਰਥ ਸਮਾਨ ਵਾਂਗ ਕਰਾਰ ਕਰ ਦੇਣਾ ਬਹੁਤ ਨੀਚ ਕਰਮ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਉਨ੍ਹਾਂ ਆਧੁਨਿਕ ਮਨੁੱਖਾਂ ਦੀ ਉਦਾਹਰਣ ਪੇਸ਼ ਕੀਤੀ ਹੈ ਜੋ ਪੈਸੇ ਅਤੇ ਝੂਠੀ ਸ਼ਾਨੋ-ਸ਼ੋਹਰਤ ਦੇ ਨਸ਼ੇ ਵਿੱਚ ਆਪਣੇ ਬਜ਼ੁਰਗਾਂ ਦੇ ਬੁਢਾਪੇ ਨੂੰ, ਭਾਈਚਾਰਕ ਰਿਸ਼ਤਿਆਂ ਅਤੇ ਆਪਸੀ ਸਾਂਝ ਨੂੰ ਬਲੀ ਚਾੜ ਦਿੰਦੇ ਹਨ। ਰਾਜਨੀਤੀ ਨੂੰ ਲੋਕਾਂ ਨੇ ਧਰਮ ਨਾਲ ਜੋੜ ਕੇ ਧਰਮ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਇੱਕ ਸੰਦੇਹ ਭਰ ਦਿੱਤਾ ਹੈ। ਧਰਮ ਤਾਂ ਇੱਕ ਪਵਿੱਤਰ ਵਿਚਾਰਧਾਰਾ ਹੈ ਅਤੇ ਇਸ ਦਾ ਰਾਜਨੀਤੀ ਤੋਂ ਦੂਰ ਰਹਿਣਾ ਹੀ ਉਚਿਤ ਹੈ। ਧਰਮ ਦੇ ਖੇਤਰ ਵਿੱਚ ਅਨੇਕਾਂ ਲੋਕ ਆ ਜਾਂਦੇ ਹਨ ਅਤੇ ਸਿਆਸਤਦਾਨੀ ਇਸ ਧਰਮ ਦੀ ਓਟ ਲੈ ਕੇ ਗੰਦਾ ਨਾਚ ਕਰਦੇ ਹਨ। ਲੋਕਾਂ ਨੂੰ ਧਰਮ ਦਾ ਵਾਸਤਾ ਦੇ ਕੇ ਵੋਟਾਂ ਪ੍ਰਾਪਤ ਕਰਦੇ ਹਨ ਅਤੇ ਬਾਅਦ ਵਿੱਚ ਰੱਜ ਕੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਰਾਜਨੀਤੀ ਦੀਆਂ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਦੇ ਕੇ ਲੋਕਾਂ ਦੀਆਂ ਅੱਖਾਂ ਤੋਂ ਬੱਝੀਆ ਪੱਟੀਆਂ ਖੋਲੀਆਂ ਹਨ। ਭੁੱਲਰ ਦੀ ਇੱਕ ਕਹਾਣੀ 'ਅਲੇਹਾ' ਹੈ ਜਿਸ ਵਿੱਚ ਮਿਹਨਤ ਕਰਨ ਵਾਲੇ ਮਜ਼ਦੂਰਾਂ ਦੀ ਦਾਸਤਾਨ ਨੂੰ ਬਿਆਨ ਕੀਤਾ ਗਿਆ ਹੈ। ਇੱਥੇ ਭੁੱਲਰ ਨੇ ਅਲੇਹਾ ਨੂੰ ਇੱਕ ਪ੍ਰਤੀਕ ਦੇ ਵਾਂਗ ਵਰਤਿਆ ਹੈ ਜਿਸ ਪ੍ਰਕਾਰ ਰਾਜਨੀਤਕ ਦਲਾਂ ਵਾਲੇ ਲੋਕਾਂ ਦਾ ਖ਼ੂਨ ਨਿਚੋੜ-ਨਿਚੋੜ ਕੇ ਪੀਂਦੇ ਹਨ ਉਸੇ ਤਰਾਂ ਅਲੇਹਾ ਵੀ ਫਸਲਾਂ ਦੇ ਰਸ ਨੂੰ ਚੂਸ ਜਾਂਦਾ ਹੈ। ਫਸਲਾਂ ਨੂੰ ਮਿਲਣ ਵਾਲੀ ਖ਼ਾਦ ਆਪ ਖਾ ਜਾਂਦਾ ਹੈ। ਅੱਜ ਦੇ ਨੇਤਾ ਲੋਕ ਵੀ ਭੋਲ਼ੇ ਭਾਲ਼ੇ ਲੋਕਾਂ ਨੂੰ ਫਸਾ ਕੇ ਉਨ੍ਹਾਂ ਕੋਲੋਂ ਧਰਮ ਦੇ ਨਾਂ ਤੇ ਵੋਟਾਂ ਲੈ ਲੈਂਦੇ ਹਨ ਬਾਅਦ ਵਿੱਚ ਉਨ੍ਹਾਂ ਵੱਲ ਮੂੰਹ ਵੀ ਨਹੀਂ ਕਰਦੇ। ਇੱਥੋਂ ਤੱਕ ਕਿ ਉਨ੍ਹਾਂ ਮਿਹਨਤ ਕਰਨ ਵਾਲਿਆਂ ਕੋਲ ਰੱਜ ਕੇ ਮਿਹਨਤ ਕਰਨ ਦੇ ਬਾਵਜੂਦ ਦੋ ਵਖ਼ਤ ਦੀ ਰੋਟੀ ਵੀ ਖਾਣ ਨੂੰ ਨਹੀਂ ਮਿਲਦੀ।

"ਚਰਨਾ ਆਰਥਕਤਾ ਦੇ ਨੇਮਾਂ ਤੋਂ ਕੋਰਾ ਸੀ। ਪਰ ਅੱਜ ਉਹ ਏਨਾ ਜ਼ਰੂਰ ਸੋਚ ਰਿਹਾ ਸੀ ਕਿ ਜਿਹੜੇ ਲੋਕ ਜਾਨ ਤੋੜ ਕੇ ਕੰਮ ਕਰਦੇ ਹਨ, ਉਹਨਾਂ ਨੂੰ ਰੱਜਵੀਂ ਰੋਟੀ ਮਿਲਣੀ ਹੀ ਚਾਹੀਦੀ ਹੈ। ਮਿਲੇ ਕਿਵੇਂ? ਇਸ ਗੱਲ ਦਾ ਉਸ ਨੂੰ ਕੋਈ ਬਹੁਤਾ ਗਿਆਨ ਨਹੀਂ ਸੀ। ਹਾਂ, ਉਸ ਦਿਨ ਚੌਂਕ ਵਿੱਚ ਬੋਲਦੇ ਬੰਦੇ ਤੋਂ ਏਨੀ ਗੱਲ ਉਹਨੇ ਪੱਲੇ ਬੰਨ ਲਈ ਸੀ ਕਿ ਧਨਾਢ ਉਸ ਅਲੇਹੇ ਵਾਂਗ ਹੈ, ਜੋ ਫਸਲਾਂ ਨੂੰ ਲੋੜੀਂਦਾ ਰਸ ਆਪ ਚੂਸ ਲੈਂਦਾ ਹੈ ਤੇ ਅਲੇਹਾ ਖੱਬੇ ਸੱਜੇ ਦਾ ਰਿਸ਼ਤਾ ਰੱਖਣ ਵਾਲੇ ਕਿਸਾਨ ਮਜ਼ਦੂਰ ਦੇ ਸਾਂਝੇ ਭਰਵੇਂ ਵਾਰ ਤੋਂ ਬਿਨਾਂ ਉਖੜਨਾ ਨਹੀਂ।"[2]

ਭੁੱਲਰ ਨੇ ਇਸ ਕਹਾਣੀ ਵਿੱਚ ਸ਼ਹਿਰਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਬੇਬਸੀ ਨੂੰ ਦਿਖਾਇਆ ਹੈ ਜੋ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਵੀ ਬਣਦੀ ਕੀਮਤ ਨਹੀਂ ਪ੍ਰਾਪਤ ਕਰ ਸਕਦੇ। ਸਰਕਾਰਾਂ ਵਲੋਂ ਵੀ ਉਨ੍ਹਾਂ ਵੱਲ ਖਾਸ ਧਿਆਨ ਨਹੀਂ ਦਿੱਤਾ ਜਾਂਦਾ। ਜਦੋਂ ਉਨ੍ਹਾਂ ਨੂੰ ਆਪਣੀਆਂ ਮੁਸ਼ਕਿਲਾਂ ਦਾ ਹੱਲ ਨਿੱਕਲਦਾ ਦਿਖਾਈ ਨਹੀਂ ਦਿੰਦਾ ਤਾਂ ਉਹ ਸਰਕਾਰ ਅਤੇ ਆਪਣੇ ਮਾਲਕਾਂ ਦੇ ਖ਼ਿਲਾਫ ਧਰਨਾ ਦੇਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਵਲੋਂ ਹੜਤਾਲ ਕਰ ਦਿੱਤੀ ਜਾਂਦੀ ਹੈ ਜਿਸ ਨਾਲ ਆਮ ਲੋਕਾਂ ਨੂੰ ਵੀ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਪਤਾ ਲੱਗਦਾ ਹੈ। ਸ਼ਹਿਰਾਂ ਵਿੱਚ ਜਲੂਸ ਵਗੇਰਾ ਕੱਢਿਆ ਜਾਣ ਲੱਗਦਾ ਹੈ। ਇਨ੍ਹਾਂ ਮਜ਼ਦੂਰ ਕਿਸਾਨਾਂ ਦੀ ਮੱਦਦ ਲਈ ਹੋਲ਼ੀ-ਹੋਲ਼ੀ ਲੋਕ ਸਾਹਮਣੇ ਆਉਣੇ ਸ਼ੁਰੂ ਹੋ ਜਾਂਦੇ ਹਨ। ਸਾਰੇ ਲੋਕ ਇਸ ਪਾਸੇ ਵੱਲ ਜਾਗਰਿਤ ਹੋਣੇ ਸ਼ੁਰੂ ਹੋ ਜਾਂਦੇ ਹਨ। ਭੁੱਲਰ ਨੇ ਇਸ ਕਹਾਣੀ ਰਾਹੀਂ ਸਮਾਜ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਜੇਕਰ ਸਮਾਜ ਵਿੱਚ ਮਜ਼ਦੂਰ ਲੋਕ ਸਰਕਾਰਾਂ ਨੂੰ ਖੜੀਆ ਕਰ ਸਕਦੇ ਹਨ ਤਾਂ ਉਨ੍ਹਾਂ ਕੋਲ ਇੰਨੀ ਤਾਕਤ ਹੈ ਕਿ ਉਹ ਬਣੀ ਹੋਈ ਸਰਕਾਰ ਨੂੰ ਢੇਰੀ ਵੀ ਕਰ ਸਕਦੇ ਹਨ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਮਨੁੱਖੀ ਜੀਵਨ ਦੇ ਬਹੁਪੱਖੀ ਜੀਵਨ ਨੂੰ ਪੇਸ਼ ਕੀਤਾ ਹੈ।

"ਰੋਜ਼ਾਨਾ 'ਨਵੀਂ ਪ੍ਰਭਾਤ' ਅਨੁਸਾਰ, "ਭੁੱਲਰ ਪਾਤਰਾਂ ਦੇ ਧੁਰ ਦਿਲ ਵਿੱਚ ਬੈਠ ਕੇ ਲਿਖਦਾ ਹੈ। ਉਸ ਦੀ ਕਿਸੇ ਵੀ ਕਹਾਣੀ ਦਾ ਅਰਥਹੀਣ ਨਾ ਹੋਣਾ ਉਸਦਾ ਮੀਰੀ ਗੁਣ ਹੈ।"[3]

ਰਾਜਨੀਤੀਵਾਨ ਆਪਣੇ ਵਿਚਾਰ ਵੱਖਰੀ ਵਿਧੀ ਰਾਹੀਂ ਪ੍ਰਗਟ ਕਰਦਾ ਹੈ ਅਤੇ ਪ੍ਰਭਾਵ ਦੇ ਪੱਖੋਂ ਵੀ ਰਾਜਨੀਤੀ ਸਾਹਿਤ ਨਾਲੋਂ ਭਿੰਨ ਹੁੰਦੀ ਹੈ। ਆਪਣੇ ਸਮੇਂ ਨਾਲ ਜੁੜਿਆ ਅਤੇ ਸਮਾਜ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਸਾਹਿਤ ਹੀ ਸਮਾਜ ਸਾਪੇਖ ਮੰਨਿਆ ਗਿਆ ਹੈ। ਭੁੱਲਰ ਦੀਆਂ ਕਹਾਣੀਆਂ ਪੰਜਾਬ ਦੇ ਜੀਵਨ ਵਿੱਚੋਂ ਬੁਨਿਆਦੀ ਮਸਲੇ ਲੈ ਕੇ ਰਚੀਆਂ ਗਈਆਂ ਹਨ। ਪੰਜਾਬ ਦਾ ਜੀਵਨ ਸਾਂਝੇ ਵਹਿਣ ਵਿੱਚ ਵੱਗ ਰਿਹਾ ਸੀ। ਕੁਝ ਸ਼ਰਾਰਤੀ ਲੋਕ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਵਿੱਥ ਪਾਉਣ ਵਾਸਤੇ ਕਮੀਨੀਆਂ ਹਰਕਤਾਂ ਕਰਦੇ ਸਨ, ਫੇਰ ਵੀ ਲੋਕਾਂ ਵਿੱਚ ਮੇਲ-ਮੁਲਾਕਾਤ ਸੀ ਅਤੇ ਭਲਾਈ ਬੁਰਾਈ ਦੇ ਮੁੱਦਿਆਂ ਬਾਰੇ ਏਕੇ ਵਿੱਚ ਰਹਿ ਕੇ ਸੰਘਰਸ਼ ਕੀਤਾ ਜਾਂਦਾ ਸੀ। ਭੁੱਲਰ ਨੇ ਸਮੇਂ ਦੇ ਆਧਾਰ ਦੇ ਹੀ ਅਜਿਹੀਆਂ ਕਹਾਣੀਆਂ ਲਿਖੀਆ ਜੋ ਉਸ ਸਮੇਂ ਦੀ ਖ਼ਾਸ ਮੰਗ ਸਨ। ਇਸ ਸਮੇਂ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਹਾਲਾਤ ਵਿਗੜ ਰਹੇ ਸਨ। ਘਰ ਵਿੱਚ ਵਰਤਣ ਵਾਲੀਆਂ ਵਸਤੂਆਂ ਦੀ ਥੁੜ ਵੱਧਦੀ ਜਾਂਦੀ ਸੀ। ਗਰੀਬੀ ਦੇ ਪੱਧਰ ਦੇ ਲੋਕ ਅਜਿਹੇ ਤੰਗੀ ਦੇ ਜੀਵਨ ਨਾਲੋਂ ਕੈਦ ਵਿੱਚ ਰਹਿਣਾ ਚੰਗਾ ਸਮਝਣ ਲੱਗ ਪਏ ਸਨ। ਨੌਜਵਾਨ ਸਰਕਾਰ ਨਾਲ ਟੱਕਰ ਲੈਣ ਲਈ ਤਿਆਰ ਸਨ। ਭੁੱਲਰ ਨੇ ਮਨੁੱਖੀ ਸੀਰਤ ਵਿੱਚ ਬੁਰੇ ਪ੍ਰਭਾਵ ਨੂੰ ਨਹੀਂ ਦਿਖਾਇਆ। ਖਾਸ ਕਰਕੇ ਔਰਤ ਦੇ ਸੁਭਾਅ ਵਿੱਚ ਨੇਕੀ ਤੋਂ ਸਿਵਾ ਭੁੱਲਰ ਨੇ ਹੋਰ ਕੁਛ ਨਹੀਂ ਦਰਸਾਇਆ। ਮਨੁੱਖ ਜੇਕਰ ਹਾਲਾਤ ਦੀ ਮਜ਼ਬੂਰੀ ਵਿੱਚ ਕੁਝ ਕਰ ਵੀ ਬੈਠੇ, ਉਸਦਾ ਅਸਲਾ ਵਿਗੜਦਾ ਨਹੀਂ ਦੱਸਿਆ ਗਿਆ। ਉਸ ਦੀਆਂ ਕਹਾਣੀਆਂ ਵਿੱਚ ਸਮੇਂ ਦੀਆਂ ਸਰਕਾਰਾਂ ਵਲੋਂ ਕਿਵੇਂ ਲੋਕਾਂ ਤੇ ਅੱਤਿਆਚਾਰ ਕੀਤਾ ਗਿਆ ਹੈ ਉਸ ਨੂੰ ਪੇਸ਼ ਕੀਤਾ ਗਿਆ ਹੈ। ਭੁੱਲਰ ਦੀਆਂ ਕਹਾਣੀਆਂ ਦੇ ਪਾਤਰ ਅਣਖੀਲੇ ਤੇ ਗ਼ੈਰਤਮੰਦ ਹਨ। ਉਹ ਜ਼ੁਲਮ, ਬੇਇਨਸਾਫੀ ਤੇ ਗ਼ੁਲਾਮੀ ਨਾਲ ਨਾ ਤਾਂ ਸਮਝੌਤਾ ਕਰਨ ਜਾਣਦੇ ਹਨ, ਨਾ ਇਹਨਾਂ ਅੱਗੇ ਹਥਿਆਰ ਸੁੱਟਣ। ਉਹਨਾਂ ਦੇ ਮਨ ਬੜੇ ਅਹਿਸਾਸੀ ਹਨ। ਭੁੱਲਰ ਨੂੰ ਆਪਣੀ ਕਹਾਣੀ ਕਹਿਣ ਦੀ ਚੋਖੀ ਜਾਂਚ ਹੈ।

ਭੁੱਲਰ ਦੀ ਇੱਕ ਕਹਾਣੀ 'ਵਖ਼ਤਾਂ ਮਾਰੇ' ਵਿੱਚ ਭੁੱਲਰ ਨੇ ਅਜਿਹੇ ਪਾਤਰ ਲਏ ਹਨ ਜੋ ਰੂਹ ਤੱਕ ਨੂੰ ਹਿਲਾ ਕੇ ਰੱਖ ਦਿੰਦੇ ਹਨ। ਇਸ ਕਹਾਣੀ ਵਿੱਚ ਇੱਕ ਨੌਜਵਾਨ ਦੀ ਦੰਗਿਆਂ ਵਿੱਚ ਮੌਤ ਹੋ ਜਾਂਦੀ ਹੈ ਉਸ ਦੇ ਘਰ ਪਰਿਵਾਰ ਤੇ ਦੁੱਖ

ਕਹਿਰ ਬਣ ਕੇ ਟੁੱਟਦੇ ਹਨ। ਇਸ ਵਿੱਚ ਮੈਂ ਪਾਤਰ ਦਿੱਲੀ ਵਿੱਚ ਰਹਿੰਦਾ ਹੈ ਅਤੇ ਅਖ਼ਬਾਰ ਵਿੱਚ ਜਦੋਂ ਉਹ ਉਸ ਨੌਜਵਾਨ ਬਾਰੇ ਪੜਦਾ ਹੈ ਤਾਂ ਉਸ ਕੋਲੋਂ ਰਿਹਾ ਨਹੀਂ ਜਾਂਦਾ ਅਤੇ ਉਹ ਉਸ ਨੌਜਵਾਨ ਦੇ ਘਰ ਵਾਲਿਆਂ ਦਾ ਹਾਲ ਦੇਖਣ ਲਈ ਚਲਾ ਜਾਂਦਾ ਹੈ। ਭੁੱਲਰ ਨੇ ਪੂਰੀ ਕਹਾਣੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਸਮੇਂ ਅਤੇ ਸਥਿਤੀ ਨੂੰ ਵੀ ਪੇਸ਼ ਕੀਤਾ ਹੈ। ਕਿਵੇਂ ਪੁਲਿਸ ਵਲੋਂ ਉਸ ਸਮੇਂ ਹਰ ਆਉਂਦੇ ਜਾਂਦੇ ਰਾਹੀ ਕੋਲੋਂ ਪੁੱਛ-ਗਿੱਛ ਕੀਤੀ ਜਾਂਦੀ ਸੀ।

“ਪੁਲਸ ਵਲੋਂ ਫੈਲਾਈ ਗਈ ਦਹਿਸ਼ਤ ਦੀ ਕਨਸੋਅ ਅਖ਼ਬਾਰਾਂ ਰਾਹੀਂ ਮਿਲਦੀ ਰਹੀ ਸੀ। ਮੈਂ ਦਿੱਲੀ ਜਾਣ ਬੁੱਝ ਕੇ ਨਾ ਕਿਹਾ। ਦਿੱਲੀ ਤਾਂ ਸਿਆਸਤ ਅਤੇ ਪੱਤਰਕਾਰੀ ਦਾ ਗੜ੍ਹ ਸੀ। ਮੈਂ ਤਾੜ ਗਿਆ ਸੀ ਕਿ ਦਿੱਲੀ ਕਹਿਣ ਨਾਲ ਮੈਨੂੰ ਕਿਸੇ ਨੇ ਅੱਗੇ ਨਹੀਂ ਸੀ ਜਾਣ ਦੇਣਾ।”[4]

ਦੰਗਿਆਂ ਦਾ ਸਮਾਂ ਬਹੁਤ ਹੀ ਜ਼ਿਅਦਾ ਭਿਆਨਕ ਸੀ, ਭਿਆਨਕ ਤੋਂ ਵੀ ਭਿਆਨਕ। ਨੌਜਵਾਨ ਮੁੰਡਿਆਂ ਨੂੰ ਜ਼ਿੰਦਾ ਜਲਾਇਆ ਜਾ ਰਿਹਾ ਸੀ ਤਾਂ ਕਿ ਸਰਕਾਰਾਂ ਦੇ ਖਿਲਾਫ ਕਿਸੇ ਪ੍ਰਕਾਰ ਦਾ ਉਹ ਰੋਲਾ ਨਾ ਪਾ ਸਕਣ। ਕਾਲਜ ਵਿੱਚ ਪੜਦੇ ਮੁੰਡਿਆਂ ਨੂੰ ਅੱਤਵਾਦੀ ਕਹਿ ਕੇ ਜੇਲਾਂ ਵਿੱਚ ਬੰਦ ਕੀਤਾ ਜਾ ਰਿਹਾ ਸੀ। ਇੱਕ ਘਰ ਦੀ ਕਹਾਣੀ ਨੂੰ ਭੁੱਲਰ ਨੇ ਆਪਣੀ ਇਸ ਕਹਾਣੀ ਦਾ ਜ਼ਰੀਆ ਬਣਾਇਆ ਹੈ। ਉਸ ਘਰ ਨੂੰ ਲੋਕ ਹੁਣ ਸਰਦਾਰਾਂ ਦਾ ਘਰ ਕਹਿ ਕੇ ਨਹੀਂ ਸਨ ਬੁਲਾਉਂਦੇ ਸਗੋਂ ਵਖ਼ਤਾਂ ਮਾਰੇ ਆਖ ਕੇ ਬੁਲਾਉਂਦੇ ਸਨ। ਵਖ਼ਤ ਦੀ ਐਸੀ ਮਾਰ ਪਈ ਇਸ ਘਰ ਉੱਪਰ ਕਿ ਸਾਰਾ ਪਰਿਵਾਰ ਹੱਸਣਾ ਤੱਕ ਭੁੱਲ ਗਿਆ। ਮੈਂ ਪਾਤਰ ਦਿੱਲੀ ਤੋਂ ਇਸ ਘਰ ਦਾ ਪਤਾ ਲੈਣ ਲਈ ਆਉਂਦਾ ਹੈ।

“ਅਗਲਿਆਂ ਨੇ ਭਰਾਵਾ ਵੋਟਾਂ ਵੇਲੇ ਸੀਮਿੰਟ ਵਾਲਾ ਗੱਟਾ ਨੋਟਾਂ ਦਾ ਦੇ ਕੇ ਗੌਰਮਿੰਟ ਕਾਣੀ ਕੀਤੀ ਹੋਈ ਸੀ। ਹੁਣ ਮੁੰਡਿਆਂ ਨਾਲ ਮਾੜੀ-ਮੋਟੀ ਤੂੰ-ਤੂੰ ਮੈਂ-ਮੈਂ ਹੋਈ। ਉਤਲਿਆਂ ਦੇ ਮੂੰਹ ਵਿੱਚ ਫੇਰ ਹੱਡ ਦੇ ਦਿੱਤਾ ਤੇ ਪੁਲਿਸ ਵਾਲਿਆਂ ਨੂੰ ਦਾਰੂ ਨਾਲ ਅੰਨ੍ਹੇ ਕਰ ਕੇ ਮੁੰਡਿਆਂ ਨਾਲ ਟਕਰਾ ਦਿੱਤਾ। ਨਾਲੇ ਆਬਦੇ ਪਾਲੇ ਹੋਏ ਬਦਮਾਸ਼ਾਂ ਦੀਆਂ ਸੰਗਲੀਆਂ ਲਾਹ ਦਿੱਤੀਆਂ।” ਅਮਲੀ ਨੇ ਸਾਰਾ ਪਿਛੋਕੜ ਕਹਿ ਸੁਣਾਇਆ।“ਨਿਆਂ-ਕਨਿਆਂ ਕੌਣ ਸੁਣਦੈ? ਅੰਨ੍ਹੇ ਹੋਏ ਪੁਲਸੀਆਂ ਤੇ ਬਦਮਾਸ਼ਾਂ ਨੇ ਮੁੰਡਿਆਂ ਦੇ ਡੱਕਰੇ ਕਰ ਕੇ ਚੂਲੀਏਂ ਲਹੂ ਪੀ ਲਿਆ।”[5]

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਰਾਜਨੀਤਕ ਅਤੇ ਧਾਰਮਕ ਪੱਖ ਨੂੰ ਪੇਸ਼ ਕੀਤਾ ਹੈ। ਸਮਾਜ ਵਿੱਚ ਇਹ ਦੋਵੇਂ ਪੱਖ ਬੜੇ ਮਜ਼ਬੂਤ ਹਨ ਇਨ੍ਹਾਂ ਦੇ ਆਧਾਰ ਤੇ ਹੀ ਸਮਾਜ ਆਪਣਾ ਵਿਕਾਸ ਕਰਦਾ ਹੈ। ਇਨ੍ਹਾਂ ਦੋਵਾਂ ਦੀ ਆਪਣੀ-ਆਪਣੀ ਪਛਾਣ ਹੈ ਅਤੇ ਜਦੋਂ ਲੋਕ ਆਪਣੇ ਫਾਇਦੇ ਲਈ ਇਨਾਂ ਦੋਵਾਂ ਨੂੰ ਇਕ ਕਰ ਦਿੰਦੇ ਹਨ ਤਾਂ ਸਮਾਜ ਵਿੱਚ ਉਥਲ-ਪੁਥਲ ਹੋਣੀ ਸ਼ੁਰੂ ਹੋ ਜਾਂਦੀ ਹੈ। ਧਰਮ ਦੇ ਨਾਂ ਤੇ ਹੀ ਵੋਟਾਂ ਪ੍ਰਾਪਤ ਕੀਤੀਆ ਜਾਂਦੀਆਂ ਹਨ। ਧਰਮ ਦੇ ਨਾਂ ਤੇ ਹੀ ਦੰਗੇ-ਫ਼ਸਾਦ ਕਰਵਾਏ ਜਾਂਦੇ ਹਨ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਅਜਿਹੀਆਂ ਉਦਾਹਰਣਾਂ ਪੇਸ਼ ਕੀਤੀਆਂ ਹਨ ਜੋ ਇਨਾਂ ਦਲਾਂ ਵਾਲਿਆਂ ਦੇ ਮਖੌਟੇ ਉਤਾਰਨ ਵਿੱਚ ਮਾਹਿਰ ਹਨ। ਭੁੱਲਰ ਸਮਾਜ ਨੂੰ ਇਹ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਸਮਾਜ ਵਿੱਚ ਹਰ ਪੱਖ ਆਪਣੀ ਆਪਣੀ ਜਗਾ ਤੇ ਹੀ ਸੋਭਦਾ ਹੈ। ਸੋ ਧਰਮ ਨੂੰ ਕਦੇ ਵੀ ਰਾਜਨੀਤੀ ਨਾਲ ਨਹੀਂ ਜੋੜਨਾ ਚਾਹੀਦਾ। ਸਮਾਜ ਨੂੰ ਹੀ ਫਿਰ ਇਸ ਦਾ ਹਰਜ਼ਾਨਾ ਵੀ ਭੁਗਤਣਾ ਪੈਂਦਾ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਦੇ ਵਿਸ਼ੇ ਆਮ ਕਰਕੇ ਪੰਜਾਬ ਦੀ ਸਮਾਜਕ, ਆਰਥਕ, ਰਾਜਨੀਤਕ ਅਤੇ ਸੱਭਿਆਚਾਰਕ ਪ੍ਰਕ੍ਰਿਤੀ ਵਿੱਚੋਂ ਲਏ ਹਨ। ਭੁੱਲਰ ਆਪਣੇ ਪਾਤਰਾਂ ਨੂੰ ਜੀਵਨ ਦੇ ਵੰਨ-ਸੁਵੰਨੇ ਖੇਤਰਾਂ ਵਿਚੋਂ ਲੈਂਦਾ ਹੈ ਅਤੇ ਸੱਚ ਦੇ ਰੂਪ ਵਿੱਚ ਪੇਸ਼ ਕਰਦਾ ਹੈ। ‘ਕਸਤੂਰੀ ਵਾਲਾ ਮਿਰਗ’ ਇੱਕ ਦਿਲਚਸਪ ਕਹਾਣੀ ਹੈ। ਸਾਡੇ ਦੇਸ਼ ਦੀ ਆਜ਼ਾਦੀ ਜੀਵਨ ਵਿੱਚ ਅਵਾਮ ਵਾਸਤੇ ਕਈ ਬੁਰਾਈਆਂ ਲਿਆਈ ਹੈ। ਅੱਜ-ਕੱਲ ਜੇਕਰ ਕਿਸੇ

ਦਾ ਕੋਈ ਕੰਮ ਸਰਕਾਰ-ਗੋਚਰੇ ਅੜਿਆ ਹੋਵੇ, ਤਾਂ ਰਿਸ਼ਵਤ ਦੇਣੀ ਪੈਂਦੀ ਹੈ। ਪਰ ਇਸ ਤੋਂ ਵੀ ਵੱਧ ਕਾਰਗਰ ਹਥਿਆਰ ਹੈ ਵਸੀਲਾ। ਅੱਜ ਕੱਲ ਲੋਕ ਆਪਣੇ ਜ਼ਰੂਰੀ ਜਾਂ ਫ਼ਰਜ਼ੀ ਕੰਮ ਕਢਾਉਣ ਵਾਸਤੇ ਵਸੀਲੇ ਦੀ ਭਾਲ ਵਿੱਚ ਤੁਰੇ ਫਿਰਦੇ ਮਿਲਦੇ ਹਨ। ਇਸ ਕਹਾਣੀ ਦਾ ਅਧ-ਪੜਿਆ ਮੁੱਖ ਪਾਤਰ ਉੱਤਮ ਸਿੰਘ ਸੰਧੂ ਆਪਣੇ ਪਿੰਡ ਦੇ ਇੱਕ ਮੁੰਡੇ ਨੂੰ ਉਸਦੇ ਪੜਾਈ ਦੇ ਸਮੇਂ ਤੋਂ ਹੀ ਵਧਾ-ਚੜਾ ਕੇ ਦੇਖਦਾ ਰਹਿੰਦਾ ਸੀ। ਜਦੋਂ ਉਹ ਮੁੰਡਾ ਪੜ੍ਹ-ਲਿਖ ਕੇ ਰਾਜਧਾਨੀ ਦੇ ਇੱਕ ਅੰਗ੍ਰੇਜ਼ੀ ਅਖ਼ਬਾਰ ਵਿੱਚ ਨੌਕਰ ਲੱਗ ਗਿਆ, ਉੱਤਮ ਸਿੰਘ ਸੰਧੂ ਉਸਨੂੰ ਇੱਕ ਬਹੁਤ ਵੱਡਾ ਵਿਅਕਤੀ ਸਮਝ ਕੇ ਆਪਣੇ ਇੱਕ ਸਧਾਰਨ ਜਿਹੇ ਕੰਮ ਵਾਸਤੇ ਵਰਤਣਾ ਚਾਹੁੰਦਾ ਸੀ ਜੋ ਉਹ ਮੁੰਡਾ ਕਰ ਹੀ ਨਹੀਂ ਸਕਦਾ ਸੀ। ਇਹ ਕਹਾਣੀ ਵਸੀਲੇ ਦੀ ਵਰਤੋਂ ਦੀ ਰੁਚੀ ਉੱਤੇ ਇੱਕ ਤਕੜਾ ਵਿਅੰਗ ਹੈ। ਇਸ ਪ੍ਰਕਾਰ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਅਲੱਗ-ਅਲੱਗ ਹਵਾਲੇ ਦੇ ਕੇ ਸਮਾਜ ਦੇ ਯਥਾਰਥ ਨੂੰ ਪੇਸ਼ ਕੀਤਾ ਹੈ। ਵੱਖ-ਵੱਖ ਸਮੇਂ ਵਿੱਚ ਰਾਜਨੀਤੀ ਦਾ ਸਮਾਂ ਅਤੇ ਰਾਜ ਕਰਨ ਵਾਲੇ ਰਾਜੇ ਬਦਲਦੇ ਰਹੇ ਹਨ। ਸਫਲ ਉਹੀ ਰਾਜ ਹੋਇਆ ਹੈ ਜਿਸ ਨੇ ਸਮਾਜ ਦੇ ਲੋਕਾਂ ਵਾਸਤੇ ਕੁਝ ਕੀਤਾ ਹੈ। ਆਧੁਨਿਕ ਸਮੇਂ ਵਿੱਚ ਵੀ ਖ਼ਾਸ ਲੋੜ ਹੈ ਕਿ ਅਜਿਹਾ ਹੀ ਸ਼ਾਸਨ ਅਤੇ ਸੱਤਾ ਹੋਂਦ ਵਿੱਚ ਆਵੇ ਜੋ ਲੋਕਾਂ ਦਾ ਕਲਿਆਣ ਕਰ ਸਕੇ। ਗੁਰਬਚਨ ਸਿੰਘ ਭੁੱਲਰ ਨੇ ਨੇਤਾਵਾਂ ਅਤੇ ਸਰਕਾਰਾਂ ਦਾ ਅਸਲ ਰੂਪ ਸਾਹਮਣੇ ਲਿਆ ਕੇ ਲੋਕਾਂ ਨੂੰ ਜਾਗਰਿਤ ਕੀਤਾ ਹੈ ਕਿ ਉਹ ਸਮਾਜ ਵਿੱਚ ਸਹੀ ਸਰਕਾਰ ਚੁਣ ਸਕਣ ਅਤੇ ਆਪਣੇ ਬਣਦੇ ਹੱਕਾਂ ਨੂੰ ਪ੍ਰਾਪਤ ਕਰ ਸਕਣ।

ਰਾਜਨੀਤੀ ਨਾਲ ਹੀ ਸੰਬੰਧਿਤ ਇੱਕ ਹੋਰ ਕਹਾਣੀ ਹੈ 'ਪੱਥਰ ਦਾ ਬੁੱਤ' ਇਸ ਵਿੱਚ ਭੁੱਲਰ ਨੇ ਦੱਸਿਆ ਹੈ ਕਿ ਅੱਜ ਏਨੇ ਸਾਲਾਂ ਬਾਅਦ ਵੀ ਆਜ਼ਾਦ ਹੋਣ ਤੋਂ ਬਾਅਦ ਸਾਡੇ ਨੇਤਾਂ ਲੋਕ ਸਾਡੇ ਸ਼ਹੀਦਾਂ ਨਾਲੋਂ ਜ਼ਿਆਦਾ ਆਦਰ-ਸਤਿਕਾਰ ਅੰਗ੍ਰੇਜ਼ਾਂ ਦਾ ਕਰਦੇ ਹਨ। ਇੱਕ ਸ਼ਹੀਦ ਦਾ ਬੁੱਤ ਸੜਕ ਦੇ ਕਿਨਾਰੇ ਤੇ ਬਣਾਇਆ ਹੋਇਆ ਹੈ। ਉਹ ਬੁੱਤ ਸਭ ਕੁਝ ਦੇਖ ਰਿਹਾ ਹੈ ਕਿ ਕਿਵੇਂ ਅੰਗ੍ਰੇਜ਼ ਦੇ ਭਾਰਤ ਆਉਣ ਦਾ ਸਵਾਗਤ ਕਰਨ ਲਈ ਸਾਰੇ ਰੁੱਝੇ ਹੋਏ ਹਨ। ਅੱਜ ਵੀ ਸਾਡੇ ਦੇਸ਼ ਵਿੱਚ ਸ਼ਹੀਦਾਂ ਦੇ ਪਰਿਵਾਰਾਂ ਵੱਲ ਖ਼ਾਸ ਧਿਆਨ ਨਹੀਂ ਦਿੱਤਾ ਜਾਂਦਾ। ਉਹ ਕਿਵੇਂ ਇੱਕ ਜੀਅ ਦੇ ਜਾਣ ਨਾਲ ਆਪਣੀ ਜ਼ਿੰਦਗੀ ਦਾ ਗੁਜ਼ਾਰਾ ਕਰਦੇ ਹਨ। ਸਰਕਾਰ ਆਪਣਾ ਧਿਆਨ ਇਸ ਪਾਸੇ ਵੱਲ ਲਗਾਉਣ ਦੀ ਥਾਂ ਅੰਗ੍ਰੇਜ਼ਾਂ ਦੀ ਆਓ-ਭਗਤ ਵਿੱਚ ਹੀ ਰੁੱਝੀ ਪਈ ਹੈ। ਇਸ ਕਹਾਣੀ ਵਿੱਚਲਾ ਪੱਥਰ ਦਾ ਬੁੱਤ ਆਪਣੇ ਪੁਰਾਣੇ ਸਮੇਂ ਨੂੰ ਯਾਦ ਕਰਦਾ ਹੈ ਕਿ ਦੇਸ਼ ਨੂੰ ਆਜ਼ਾਦ ਕਰਾਉਣ ਦੇ ਲਈ ਕਿਵੇਂ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਆਪਣੀਆ ਜਾਨਾਂ ਗਵਾਈਆਂ ਸਨ।

"ਉਹਨੇ ਨਜ਼ਰ ਮੋੜ ਕੇ ਫੇਰ ਸਾਹਮਣੇ ਕਰ ਲਈ। ਸਾਹਮਣੇ ਉਹੋ ਹੀ ਬੜੀ ਵੱਡੀ ਤਸਵੀਰ ਮੁਸਕਰਾ ਰਹੀ ਸੀ। ਉਹਦਾ ਜੀਅ ਕੀਤਾ ਕਿ ਉਸ ਕੋਲ ਅੱਜ ਵੀ ਉਸ ਦਿਨ ਵਾਂਗ ਬੰਬ ਹੋਵੇ, ਧਮਾਕਾ ਕਰਨ ਲਈ। ਉਹਨੇ ਆਪਣੀ ਬਾਂਹ ਬੰਬ ਵਗਾਹੁਣ ਵਾਂਗ ਹਿਲਾਉਣੀ ਚਾਹੀ, ਪਰ ਉਹ ਪੱਥਰ ਦੀ ਸੀ। ਉਹਨੇ ਬੇਵਸੀ ਵਿੱਚ ਨੀਵੀਂ ਪਾ ਕੇ ਹੇਠਾਂ ਧਰਤੀ ਵੱਲ ਵੇਖਿਆ। ਉਹਦਾ ਜੀਅ ਕੀਤਾ ਕਿ ਗਿੱਲੇ ਘਾਹ ਵਿੱਚੋਂ ਮਿੱਟੀ ਚੁੱਕ ਕੇ ਉਹ ਤਸਵੀਰ ਉੱਤੇ ਕਾਟਾ ਮਾਰ ਦੇਵੇ, ਪਰ ਉਹਦੇ ਪੈਰ ਪੱਥਰ ਦੇ ਸਨ।"[6]

ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਦੱਸਿਆ ਹੈ ਕਿ ਸਾਡੇ ਨੇਤਾਵਾਂ ਨੇ ਕਿਵੇਂ ਦੁਬਾਰਾ ਸਾਡੇ ਦੇਸ਼ ਨੂੰ ਗੁਲਾਮ ਬਣਾਉਣ ਦਾ ਰਸਤਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰਕਾਰ ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ

ਕਹਾਣੀਆਂ ਵਿੱਚ ਰਾਜਨੀਤੀ ਅਤੇ ਧਰਮ ਦੀ ਝਲਕ ਨੂੰ ਪੇਸ਼ ਕੀਤਾ ਹੈ। ਧਰਮ ਦਾ ਸੰਬੰਧ ਰਾਜਨੀਤੀ ਨਾਲ ਜੋੜ ਕੇ ਉਸ ਦੇ ਨਿੱਕਲੇ ਹੋਏ ਸਿੱਟਿਆਂ ਤੋਂ ਵੀ ਸਾਨੂੰ ਜਾਣੂ ਕਰਵਾਇਆ ਹੈ।

**ਸਮਾਜ ਉੱਪਰ ਰਾਜਨੀਤਕ ਚਾਲਾਂ** ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਦੇਸ਼ ਦੀ ਰਾਜਨੀਤਕ ਸਥਿਤੀ ਦਾ ਵਰਣਨ ਕੀਤਾ ਹੈ। ਭੁੱਲਰ ਦੀਆਂ ਕਹਾਣੀਆਂ ਪੜ ਕੇ ਇੱਕ ਗੱਲ ਦੀ ਸੋਝੀ ਹੋ ਜਾਂਦੀ ਹੈ ਕਿ ਆਜ਼ਾਦੀ ਦੀ ਰੋਸ਼ਨੀ ਆਮ ਲੋਕਾਂ ਤੱਕ ਪੁੱਜਣ ਦੀ ਬਜਾਇ ਗਿਣਤੀ ਦੇ ਅਮੀਰਾਂ ਦੇ ਘਰ ਰੁਸ਼ਨਾਉਣ ਤੱਕ ਹੀ ਸੀਮਤ ਹੋ ਗਈ ਹੈ। ਭੁੱਲਰ ਅਨੁਸਾਰ ਸਾਨੂੰ ਜਿਹੜੀ ਆਜ਼ਾਦੀ ਦੇਸ਼ ਵਲੋਂ ਦਿੱਤੀ ਗਈ ਹੈ ਉਹ ਅਧੂਰੀ ਹੈ। ਇਸ ਨੂੰ ਸੰਪੂਰਨ ਕਰਨ ਦੀ ਲੋੜ ਹੈ। ਇਸੇ ਲਈ ਨਵੇਂ ਸਿਰੇ ਤੋਂ ਸੰਘਰਸ਼ ਕਰਨ ਦੀ ਲੋੜ ਹੈ। ਉਸ ਦੀਆਂ ਕਹਾਣੀਆਂ ਵਿੱਚ ਇੱਕ ਨਵੀਂ ਸੂਝ ਪੇਸ਼ ਕੀਤੀ ਗਈ ਹੈ। ਅੰਗਰੇਜ਼ ਵੀ ਜਾਂਦੇ ਹੋਏ ਦੇਸ਼ ਦੀ ਵੰਡ ਕਰਵਾ ਗਏ ਤਾਂ ਕਿ ਮਗਰੋਂ ਲੋਕ ਏਕਤਾ ਵਿੱਚ ਨਾ ਰਹਿ ਸਕਣ। ਅੱਜ ਏਨੇ ਸਾਲਾਂ ਬਾਅਦ ਵੀ ਸਾਡੇ ਸਮਾਜ ਵਿੱਚ ਉਹੀ ਰਣਨੀਤੀ ਕਾਇਮ ਹੈ। ਸਮਾਜ ਦੀਆਂ ਅੱਜ ਵੀ ਸ਼ਕਤੀਸ਼ਾਲੀ ਤਾਕਤਾਂ ਦੇ ਸ਼ਾਸਕ ਲੋਕਾਂ ਨੂੰ ਧਰਮ ਦੀ ਆੜ ਵਿੱਚ ਲੈ ਕੇ ਉਨ੍ਹਾਂ ਉੱਪਰ ਰਾਜਨੀਤੀ ਦਾ ਗੰਦਾ ਖੇਲ ਖੇਲ ਰਹੇ ਹਨ। ਰਾਜਨੀਤੀ ਵਾਲੇ ਨੇਤਾ ਲੋਕਾਂ ਨੇ ਆਮ ਲੋਕਾਂ ਦੇ ਉੱਪਰ ਜ਼ੁਲਮ ਕਰਨਾ ਸ਼ੁਰੂ ਕਰ ਦਿੱਤਾ ਬਾਅਦ ਵਿੱਚ ਇਸ ਹਾਹਾਕਾਰ ਨੂੰ ਬੰਦ ਕਰਵਾ ਕੇ ਉਹ ਲੋਕਾਂ ਸਾਹਮਣੇ ਸੱਚੇ ਹੋਣ ਦਾ ਨਾਟਕ ਕਰਨ ਲੱਗੇ। ਖ਼ੂਨੀ ਜੰਗ ਹੋਣੀ ਸ਼ੁਰੂ ਹੋਣ ਲੱਗੀ।

ਭੁੱਲਰ ਦੀ ਇੱਕ ਕਹਾਣੀ 'ਫੱਤੂ ਮਰਾਸੀ' ਵਿੱਚ ਅਜਿਹਾ ਹੀ ਦੇਖਣ ਨੂੰ ਮਿਲਦਾ ਹੈ। ਮੁਸਲਮਾਨਾਂ ਉੱਪਰ ਹਿੰਦੂ ਨੇਤਾਵਾਂ ਵਲੋਂ ਮਾਰ ਧਾੜ ਕਰਨੀ ਸ਼ੁਰੂ ਕੀਤੀ ਜਾਣ ਲੱਗ ਪਈ। ਅਜਿਹੀਆਂ ਚਾਲਾਂ ਚੱਲੀਆਂ ਗਈਆਂ ਕਿ ਸਮਾਜ ਵਿੱਚ ਵਰਗਾਂ ਵਿੱਚ ਵੰਡੇ ਲੋਕ ਦੂਸਰੇ ਵਰਗ ਨੂੰ ਨਫਰਤ ਦੀ ਨਜ਼ਰ ਨਾਲ ਦੇਖਣ ਲੱਗ ਪਏ। ਸਮਾਜ ਵਿੱਚ ਅਰਾਜਕਤਾ ਦਿਨੋ-ਦਿਨ ਵੱਧਣ ਲੱਗ ਪਈ। ਭਾਰਤ ਪਾਕਿਸਤਾਨ ਬਣਨ ਨਾਲ ਇੱਧਰਲੇ ਮੁਸਲਮਾਨਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਹੀ ਦੇਖਿਆ ਜਾਣ ਲੱਗ ਪਿਆ। ਸਮੇਂ ਦੀ ਸਰਕਾਰ ਦੁਆਰਾ ਹੀ ਸਮਾਜ ਵਿੱਚ ਸ਼ਾਤੀ ਬਣਾ ਕੇ ਰੱਖਣੀ ਚਾਹੀਦੀ ਸੀ ਉਹੀ ਲੋਕਾਂ ਦਾ ਖੂਨ ਚੂਸਣ ਤੇ ਲੱਗੀ ਹੋਈ ਸੀ। ਭੁੱਲਰ ਦੀਆਂ ਕਹਾਣੀਆਂ ਵਿੱਚ ਰਾਜਨੀਤਕ ਸਰੋਕਾਰਾਂ ਨੂੰ ਦੇਖਿਆ ਜਾ ਸਕਦਾ ਹੈ। ਭੁੱਲਰ ਆਪਣੀਆਂ ਕਹਾਣੀਆਂ ਵਿੱਚ ਰਾਜਨੀਤਕ ਅਨਿਆਂ ਦੇ ਸ਼ਿਕਾਰ ਲੋਕਾਂ ਦੀ ਆਵਾਜ਼ ਨੂੰ ਹੁੰਗਾਰਾ ਦਿੰਦਾ ਹੈ। ਉਸ ਦੀਆਂ ਕਹਾਣੀਆਂ ਵਿੱਚ 1947 ਦੀ ਵੰਡ, ਪੰਜਾਬ ਦੁਖਾਂਤ, ਦਿੱਲੀ ਵਿਚਲੇ ਦੰਗੇ ਆਦਿ ਤੋਂ ਪਤਾ ਲੱਗਦਾ ਹੈ ਕਿ ਭੁੱਲਰ ਉਸ ਸਮੇਂ ਦੇ ਰਾਜਨੀਤੀ ਨਾਲ ਸੰਬੰਧ ਰੱਖਣ ਵਾਲੇ ਨੇਤਾ ਲੋਕਾਂ ਤੋਂ ਅਤੇ ਉਨ੍ਹਾਂ ਦੀ ਕੂਟਨੀਤੀ ਤੋਂ ਚੰਗੀ ਤਰਾਂ ਨਾਲ ਵਾਕਫ ਸੀ। ਭੁੱਲਰ ਅਨੁਸਾਰ ਸਾਡੇ ਨੇਤਾ ਲੋਕ ਅਜਿਹੇ ਹੋਣੇ ਚਾਹੀਦੇ ਹਨ ਜੋ ਸਮਾਜ ਵਿੱਚੋਂ ਮੇਰ-ਤੇਰ ਦੀ ਭਾਵਨਾ ਨੂੰ ਖ਼ਤਮ ਕਰ ਸਕਣ। ਸਮਾਜ ਵਿੱਚ ਅਜਿਹਾ ਪ੍ਰਚਾਰ ਹੋਣਾ ਚਾਹੀਦਾ ਹੈ ਜਿਸ ਨਾਲ ਸਮਾਜ ਵਿਚਲੇ ਲੋਕ ਆਪਸ ਵਿੱਚ ਰਲ ਮਿਲ ਕੇ ਰਹਿ ਸਕਣ। 'ਫੱਤੂ ਮਰਾਸੀ' ਕਹਾਣੀ ਵਿੱਚ ਭੁੱਲਰ ਨੇ ਦੱਸਿਆ ਹੈ ਕਿਵੇਂ ਇੱਕ ਮੁਸਲਮਾਨ ਪਰਿਵਾਰ ਨਾਲ ਸਮਾਜ ਦੇ ਦੂਸਰੇ ਧਿਰ ਵਾਲਿਆਂ ਨੇ ਬੁਰਾ ਸਲੂਕ ਕੀਤਾ ਹੈ। ਜੇ ਸਮੇਂ ਦੀ ਸਰਕਾਰ ਚਾਹੁੰਦੀ ਤਾਂ ਸਭ ਕੁਝ ਠੀਕ ਹੋ ਸਕਦਾ ਸੀ। ਸ਼ਰੇਆਮ ਸਿੱਖਾਂ ਅਤੇ ਹਿੰਦੂਆਂ ਉੱਪਰ ਇੱਕ ਦੂਜੀ ਦੀ ਵਿਰੋਧੀ ਧਿਰ ਵਲੋਂ ਹਮਲੇ ਕੀਤੇ ਗਏ।

"1947 ਦਾ ਸਾਲ ਚੜਿਆ। ਦੂਰੋਂ-ਨੇੜਿਓਂ ਮੰਦੀਆਂ-ਮੰਦੀਆਂ ਕਨਸੋਆਂ ਆਉਣ ਲੱਗੀਆਂ। ਪਰ ਲੋਕਾਂ ਨੂੰ ਸੱਚ ਨਹੀਂ ਸੀ ਆਉਂਦਾ। ਇਹ ਕਿਵੇਂ ਹੋ ਸਕਦਾ ਸੀ? ਛੇਕੜ ਕਟਾ-ਵੱਢੀ ਇਸ ਇਲਾਕੇ ਵਿੱਚ ਵੀ ਸ਼ੁਰੂ ਹੋ ਗਈ। ਫੱਤੂ

ਦਾ ਵਿਚਕਾਰਲਾ ਪੁੱਤਰ ਬਸ਼ੀਰਾ ਨਾਨਕੀਂ ਗਿਆ ਹੋਇਆ ਸੀ ਅਤੇ ਖ਼ਬਰ ਆਈ ਕਿ ਉੱਥੇ ਸਭ ਮੁਸਲਮਾਨ ਵੱਢ ਦਿੱਤੇ ਗਏ ਸਨ। ਫੱਤੂ ਦੀ ਪਿੱਛੇ ਜਿਹੇ ਵਿਆਹੀ ਧੀ ਨਿਆਮਤ ਦੇ ਸਹੁਰੇ ਪਿੰਡ ਵੀ ਏਹੋ ਭਾਣਾ ਵਰਤ ਗਿਆ ਸੀ। ਪਰ ਕਿਸੇ ਦੀ ਖ਼ਬਰ ਲੈਣ ਦੀ ਸੁਰਤ ਕੀਹਨੂੰ ਸੀ।"[7]

ਇਸ ਪ੍ਰਕਾਰ ਅਜਿਹੀਆਂ ਸਿਆਸਤਦਾਨਾਂ ਵਲੋਂ ਚਾਲਾਂ ਚੱਲੀਆਂ ਗਈਆਂ ਜੋ ਮੁਸਲਮਾਨ ਇੱਧਰ ਰਹਿ ਗਏ ਸਨ ਉਨ੍ਹਾਂ ਨੂੰ ਆਪਣੇ ਪਾਲੇ ਬਦਮਾਸ਼ਾ ਕੋਲੋਂ ਕਤਲ ਕਰਵਾ ਦਿੱਤਾ ਗਿਆ ਸੀ। ਭੁੱਲਰ ਅਨੁਸਾਰ ਅੱਜ ਏਨੇ ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ ਸਾਡੇ ਲੋਕਾਂ ਵਿੱਚ ਜੋ ਜਾਤੀ ਨੂੰ ਲੈ ਕੇ ਜਾਂ ਧਰਮ ਨੂੰ ਲੈ ਕੇ ਲੜਾਈ ਚੱਲ ਰਹੀ ਹੈ ਉਸਨੂੰ ਸਾਨੂੰ ਜੜ ਤੋਂ ਖ਼ਤਮ ਕਰਨਾ ਚਾਹੀਦਾ ਹੈ। ਇਸ ਨਾਲ ਹੀ ਸਾਡਾ ਸਮਾਜ ਵਧੀਆ ਸਮਾਜ ਹੋ ਨਿਬੜੇਗਾ। ਅਧਿਕਾਰਾਂ ਦੀ ਵੰਡ ਮਨੁੱਖ ਦੇ ਸਮਾਜਕ ਰੁਤਬੇ ਦੀ ਪਹਿਚਾਣ ਕਰਵਾਉਂਦੀ ਹੈ। ਮਨੁੱਖੀ ਸਤਿਕਾਰ ਅਤੇ ਸਨਮਾਨ ਦਾ ਆਧਾਰ ਕੁਝ ਜ਼ਰੂਰੀ ਅਧਿਕਾਰ ਹੁੰਦੇ ਹਨ। ਜਦੋਂ ਮਨੁੱਖ ਦੇ ਦੁਆਰਾ ਆਪਣੀ ਪਸੰਦ ਦੀ ਬਣਾਈ ਗਈ ਸਰਕਾਰ ਵਲੋਂ ਵੀ ਉਸ ਦੀਆਂ ਲੋੜੀਂਦੀਆਂ ਜ਼ਰੂਰਤਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਤਾਂ ਸਮਾਜ ਵਿੱਚ ਅਰਾਜਕਤਾ ਫੈਲਣ ਦੇ ਆਸਾਰ ਵੱਧ ਜਾਂਦੇ ਹਨ। 'ਫੱਤੂ ਮਰਾਸੀ' ਕਹਾਣੀ ਵਿੱਚ ਭੁੱਲਰ ਨੇ ਇੱਕ ਮੁਸਲਮਾਨ ਦੇ ਦਿਲ ਵਿੱਚ ਸਿੱਖਾਂ ਲਈ ਜੋ ਪਿਆਰ ਦਿਖਾਇਆ ਉਸ ਨੂੰ ਦੇਖ ਕੇ ਲੱਗਦਾ ਹੈ ਕਿ ਇਸ ਪ੍ਰਕਾਰ ਦੇ ਪਾਤਰ ਜੇ ਸਮਾਜ ਵਿੱਚ ਆਪਣਾ ਘਰ ਕਰ ਜਾਣ ਤਾਂ ਸਮਾਜ ਦੀ ਨੁਹਾਰ ਬਦਲ ਸਕਦੀ ਹੈ। ਸਮਾਜ ਮੁੱਖ ਤੌਰ ਤੇ ਦੋ ਵਰਗਾਂ ਵਿੱਚ ਵੰਡਿਆ ਹੋਇਆ ਹੈ ਸ਼ਾਸਕ ਵਰਗ ਅਤੇ ਸ਼ੋਸ਼ਿਤ ਵਰਗ। ਇੱਕ ਲੁੱਟਦੇ ਹਨ ਅਤੇ ਦੂਜੇ ਲੁੱਟੇ ਜਾਂਦੇ ਹਨ। ਸ਼ਾਸਕ ਵਰਗ ਆਪਣੀ ਤਾਕਤ ਦੇ ਨਸ਼ੇ ਵਿੱਚ ਮਸਤ ਹੁੰਦਾ ਹੈ ਅਤੇ ਉਸ ਨੂੰ ਜਨ ਸਾਧਾਰਣ ਨਾਲ ਕੋਈ ਲੱਗ ਲਗਾ ਨਹੀਂ ਹੁੰਦਾ। ਇਸੇ ਲਈ ਉਹ ਆਪਣੀਆਂ ਜੇਬਾਂ ਭਰਨ ਵਿੱਚ ਹਮੇਸ਼ਾ ਮਸਤ ਹੁੰਦੇ ਹਨ। ਭੁੱਲਰ ਦੀ ਇੱਕ ਕਹਾਣੀ 'ਕੀ ਜਾਣਾ ਮੈਂ ਕੌਣ' ਵੀ ਰਾਜਨੀਤੀ ਨਾਲ ਸੰਬੰਧਿਤ ਕਹਾਣੀ ਹੈ। ਇਸ ਵਿੱਚ ਵੀ ਬਹੁਤ ਸਾਰੇ ਲੋਕ ਇਨਾਂ ਨੇਤਾਵਾਂ ਅਤੇ ਸਰਕਾਰਾਂ ਦੇ ਸ਼ਿਕਾਰ ਹੋ ਜਾਂਦੇ ਹਨ। ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਹ ਇਨਾਂ ਦੀਆਂ ਚਾਲਾਂ ਤੋਂ ਬੱਚ ਨਹੀਂ ਸਕੇ। ਬਹੁਤ ਸਾਰੇ ਘਰ ਢਹਿ-ਢੇਰੀ ਹੋ ਗਏ।

ਗੁਰਬਚਨ ਸਿੰਘ ਭੁੱਲਰ ਦੀਆਂ ਰਾਜਨੀਤੀ ਨਾਲ ਸੰਬੰਧਿਤ ਕਹਾਣੀਆਂ ਨੂੰ ਪੜ ਕੇ ਪਤਾ ਲੱਗਦਾ ਹੈ ਕਿ ਉਸ ਨੇ ਜਿਸ ਸਮੇਂ ਨੂੰ ਲੈ ਕੇ ਕਹਾਣੀਆਂ ਲਿਖੀਆਂ ਹਨ ਇਨ੍ਹਾਂ ਫ਼ਿਰਕੂ-ਫ਼ਸਾਦਾਂ ਦਾ ਮੁੱਖ ਆਧਾਰ ਧਰਮ ਸੀ। ਇੱਕ ਫਿਰਕੇ ਦੇ ਲੋਕ ਦੂਸਰੇ ਫਿਰਕੇ ਦੇ ਲੋਕਾਂ ਨੂੰ ਮਾਰ ਰਹੇ ਸਨ। ਇਹ ਫ਼ਿਰਕੂ ਫ਼ਸਾਦ ਏਨਾ ਭਿਆਨਕ ਰੂਪ ਧਾਰ ਗਏ ਸਨ ਕਿ ਇਹਨਾਂ ਵਿੱਚ ਲੋਕਾਂ ਦੀ ਇੱਜ਼ਤ ਵੀ ਸੁਰੱਖਿਅਤ ਨਹੀਂ ਸੀ। ਜਿੱਥੇ ਇੱਕ ਫ਼ਿਰਕੂ ਦੇ ਲੋਕ ਦੂਜੇ ਫ਼ਿਰਕੂ ਦੇ ਲੋਕਾਂ ਨੂੰ ਮਾਰ ਰਹੇ ਸਨ ਉੱਥੇ ਦੂਜੇ ਪਾਸੇ ਦੂਜੇ ਫ਼ਿਰਕੂ ਵਾਲੇ ਲੋਕਾਂ ਨੂੰ ਬਚਾ ਰਹੇ ਸਨ। ਭੁੱਲਰ ਨੇ ਫੱਤੂ ਮਰਾਸੀ ਦਾ ਮੋਹ ਦਿਖਾ ਕੇ ਪੰਜਾਬ ਵਿੱਚ ਸਭ ਧਰਮਾਂ ਦੇ ਲਈ ਸਤਿਕਾਰ ਦਿਖਾਇਆ ਹੈ। ਜੇ ਪੰਜਾਬ ਵਿਚਲੇ ਸਿੱਖ ਇੱਕ ਮੁਸਲਮਾਨ ਨੂੰ ਪਨਾਹ ਦੇ ਸਕਦੇ ਹਨ ਤਾਂ ਮੁਸਲਮਾਨ ਵੀ ਕਦੀ ਸ਼ਾਂਤੀ ਭੰਗ ਨਹੀਂ ਕਰਦੇ। ਭੁੱਲਰ ਨੇ ਮੁਸਲਮਾਨਾਂ ਪ੍ਰਤੀ ਸਾਡੇ ਸਮਾਜ ਦੇ ਰਵੱਈਏ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਇਹ ਸਾਡੇ ਸਮਾਜ ਦੇ ਕੁਝ ਸ਼ਰਾਰਤੀ ਅਨਸਰ ਹਨ ਜੋ ਬੇਫ਼ਜ਼ੂਲੀਆਂ ਚਾਲਾਂ ਚੱਲ ਕੇ ਆਪਣੀ ਰਾਜਨੀਤੀ ਨੂੰ ਮਜ਼ਬੂਤ ਕਰਨ ਦੇ ਚੱਕਰ ਵਿੱਚ ਸਮਾਜ ਵਿੱਚ ਸ਼ੋਰ-ਸ਼ਰਾਬਾ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਕਹਾਣੀ ਵਿੱਚ ਮਿੱਟੀ ਨੂੰ ਵੀ ਇੱਕ ਚਿਹਨ ਦੇ ਤੌਰ ਤੇ ਵਰਤਿਆ ਗਿਆ ਹੈ। ਕਿਉਂਕਿ ਮਿੱਟੀ ਵਿਅਕਤੀ ਨੂੰ ਕਦੀ ਵਾਪਿਸ ਨਹੀਂ ਲਿਆਂਉਂਦੀ, ਬਲਕਿ ਉਸਦਾ ਸੱਭਿਆਚਾਰ ਹੀ ਉਸਨੂੰ ਵਾਪਿਸ ਆਉਣ ਤੇ ਮਜ਼ਬੂਰ ਕਰਦਾ ਹੈ। ਉਹ ਉਸ ਸੱਭਿਆਚਾਰ ਵਿੱਚ ਵਾਪਿਸ ਅਉਂਦਾ ਹੈ ਜਿਸ ਸੱਭਿਆਚਾਰ ਦੇ ਲੋਕਾਂ ਨੇ ਉਸ ਦਾ

ਸਭ ਕੁਝ ਖੋਹ ਲਿਆ ਸੀ। ਇਸ ਸੱਭਿਆਚਾਰ ‘ਚ ਉਸਨੂੰ ਪਿਆਰ ਵੀ ਮਿਲਦਾ ਹੈ ਜਿਸ ਦੀ ਘਾਟ ਪਾਕਿਸਤਾਨ ਵਿੱਚ ਮਹਿਸੂਸ ਹੁੰਦੀ ਹੈ। ਦੂਸਰੇ ਸੱਭਿਆਚਾਰ ਦੇ ਲੋਕ ਉਸ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਦੇ ਹਨ ਕਿ ਉਸ ਨੂੰ ਬੇਗ਼ਾਨਗੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਲਈ ਉਹ ਇਸ ਤੋਂ ਬਚਣ ਲਈ ਹਿੰਦੁਸਤਾਨ ਵਾਪਿਸ ਆ ਜਾਂਦਾ ਹੈ। ਵਾਪਿਸ ਆਉਣ ਤੇ ਇੱਥੋਂ ਦੇ ਲੋਕ ਉਸ ਨਾਲ ਬਹੁਤ ਪਿਆਰ ਕਰਦੇ ਹਨ। ਸੋ ਭੁੱਲਰ ਸਾਨੂੰ ਦੱਸਣਾ ਚਾਹੁੰਦਾ ਹੈ ਕਿ ਸਮਾਜ ਵਿੱਚ ਜੇਕਰ ਸ਼ਾਤੀ ਨਾਲ ਬਿਨਾਂ ਕਿਸੇ ਠੱਗੀ ਚੋਰੀ ਦੇ, ਚਾਲਾਂ ਦੇ ਸ਼ਾਸਕਾਂ ਵਲੋਂ ਸ਼ਾਸਨ ਕੀਤਾ ਜਾਏ ਤਾਂ ਸਮਾਜ ਦੀ ਨੁਹਾਰ ਫੱਤੂ ਵਰਗੇ ਲੋਕਾਂ ਦੇ ਸਿਰ ਤੇ ਬਦਲ ਸਕਦੀ ਹੈ।

ਇਸ ਪ੍ਰਕਾਰ ਭੁੱਲਰ ਨੇ ਸਮਾਜ ਦੀ ਅਜਿਹੀ ਤਸਵੀਰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤੀ ਹੈ ਜੋ ਅੱਜ ਦੇ ਸਮੇਂ ਵਿੱਚ ਪੂਰੀ ਤਰਾਂ ਨਾਲ ਢੁੱਕਦੀ ਹੈ। ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਹਰ ਪੱਖ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਉਸ ਨੇ ਰਾਜਨੀਤਕ ਅਤੇ ਧਾਰਮਕ ਪੱਖ ਨੂੰ ਵੀ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਭੁੱਲਰ ਨੇ ਉਸ ਸਮੇਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ ਜਦੋਂ ਸਮਾਜ ਦੇ ਹਾਲਾਤ ਬਹੁਤ ਹੀ ਨਾਜ਼ੁਕ ਸਨ। ਰਾਜਨੀਤਕ ਸ਼ਕਤੀ ਸਰਕਾਰ ਦੇ ਹੱਥ ਹੀ ਸੀ। ਸੋ ਸਮੇਂ ਦੀ ਸਰਕਾਰ ਦੀ ਮੌਜੂਦਗੀ ਵਿੱਚ ਸਮਾਜ ਦੇ ਲੋਕਾਂ ਉੱਪਰ ਅੱਤ ਦਾ ਅੱਤਿਆਚਾਰ ਹੋਇਆ। ਮਨੁੱਖ ਸਮਾਜਿਕ ਜੀਵ ਹੋਣ ਕਰਕੇ ਸਮਾਜ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਤੋਂ ਪ੍ਰਭਾਵਿਤ ਵੀ ਹੁੰਦਾ ਹੈ। ਜਿੱਥੇ ਸਮਾਜ ਨੂੰ ਸਮੇਂ ਵਿਸ਼ੇਸ਼ ਦੀਆਂ ਰਾਜਨੀਤਕ ਗਤੀਵਿਧੀਆਂ ਪ੍ਰਭਾਵਿਤ ਕਰਦੀਆਂ ਹਨ, ਉੱਥੇ ਸਮੇਂ ਵਿਸ਼ੇਸ਼ ਦੇ ਵਿਅਕਤੀ ਨੂੰ ਤੱਤਕਾਲੀਨ ਰਾਜੀਨਤਕ ਅਵਸਥਾ ਵੀ ਪ੍ਰਭਾਵਿਤ ਕਰਦੀ ਹੈ। ਰਾਜਨੀਤੀ ਅਤੇ ਮਨੁੱਖ ਜੀਵਨ ਵਿੱਚ ਪਰਸਪਰ ਸਬੰਧਾਂ ਦਾ ਜਾਲ ਵਿਛਿਆ ਹੋਇਆ ਹੈ। ਇਸ ਤਰਾਂ ਭੁੱਲਰ ਨੇ ਮਨੁੱਖ ਅਤੇ ਧਰਮ, ਧਰਮ ਅਤੇ ਰਾਜਨੀਤੀ ਦੇ ਪਰਸਪਰ ਸਬੰਧਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਬਿਆਨ ਕੀਤਾ ਹੈ। 1947 ਦੀ ਵੰਡ, ਪੰਜਾਬ ਦੁਖਾਂਤ, ਦੰਗੇ ਆਦਿ ਸ਼ਬਦਾਂ ਦਾ ਪ੍ਰਯੋਗ ਕਰ ਕੇ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਰਾਜਨੀਤੀ ਨੂੰ ਪੇਸ਼ ਕੀਤਾ ਹੈ। ਇੱਕ ਕਹਾਣੀ ‘ਤਾਮਰ ਪੱਤਰ’ ਵੀ ਰਾਜਨੀਤੀ ਨਾਲ ਸੰਬੰਧਿਤ ਹੈ। ਦੇਸ਼ ਦੀ ਆਜ਼ਾਦੀ ਤੋਂ ਪੱਚੀ ਵਰ੍ਹੇ ਬਾਅਦ ਸਰਕਾਰ ਸੁਤੰਤਰਤਾ ਸੰਗਰਾਮੀਆਂ ਨੂੰ ਆਜ਼ਾਦੀ ਦਿਵਸ ਤੇ ਸਨਮਾਨ ਦੇਣਾ ਚਾਹੁੰਦੀ ਹੈ। ਭੁੱਲਰ ਦੇ ਇਸ ਕਹਾਣੀ ਵਿੱਚ ਦੇਸ਼ ਦੀ ਭ੍ਰਿਸ਼ਟ ਰਾਜਨੀਤੀ ਦਾ ਵਰਣਨ ਕੀਤਾ ਹੈ। ਭੁੱਲਰ ਨੇ ਸੁਤੰਤਰਤਾ ਸੰਗਰਾਮੀ ਨਰਾਇਣ ਸਿੰਘ ਨੂੰ ਤਾਮਰ-ਪੱਤਰ ਮਿਲਣ ਦੀ ਘਟਨਾ ਨੂੰ ਜੁਗਤ ਦੇ ਤੌਰ ਤੇ ਵਰਤ ਕੇ ਸੁਤੰਤਰਤਾ ਸੰਗਰਾਮੀਆਂ ਦਾ ਆਜ਼ਾਦ-ਭਾਰਤ ਵਿੱਚ ਕੀ ਸਥਾਨ ਹੈ, ਵਰਣਨ ਕੀਤਾ ਹੈ। ਨਰਾਇਣ ਸਿੰਘ ਨੂੰ ਤਾਮਰ-ਪੱਤਰ ਮਿਲਣ ਦੀ ਖ਼ਬਰ ਜਦੋਂ ਪਿੰਡ ਵਿੱਚ ਫੈਲਦੀ ਹੈ ਤਾਂ ਦਸ ਨੰਬਰੀਆ ਗੱਜਣ ਸਿੰਘ ਜੋ ਪਿੰਡ ਦਾ ਸਰਪੰਚ ਹੈ, ਪੰਚਾਇਤ ਸਮੇਤ ਉਸ ਨੂੰ ਵਧਾਈ ਦੇਣ ਆਉਂਦਾ ਹੈ। ਭੁੱਲਰ ਨੇ ਉਸ ਦੇ ਨਾਂ ਨਾਲ ਦਸ ਨੰਬਰੀਆ ਸ਼ਬਦ ਦੀ ਵਰਤੋਂ ਖਾਸ ਕਰਕੇ ਕੀਤੀ ਹੈ। ਇੱਕ ਹੀ ਸ਼ਬਦ ਵਿੱਚ ਉਸ ਦੇ ਚਰਿੱਤਰ ਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕਰ ਦਿੱਤਾ ਹੈ। ਲਾਲ ਕਿਲ੍ਹੇ ਤੇ ਪਹੁੰਚਣ ਤੇ ਉਨ੍ਹਾਂ ਨੂੰ ਸਾਧਾਰਨ ਕੁਰਸੀਆਂ ਤੇ ਬਿਠਾ ਦਿੱਤਾ ਜਾਂਦਾ ਹੈ ਜਦ ਕਿ ਅਗਲੀਆਂ ਕਤਾਰਾਂ ਵਿੱਚ ਸੋਫ਼ਿਆਂ ਅਤੇ ਗੱਦੇਦਾਰ ਕੁਰਸੀਆਂ ਉੱਤੇ ਅੰਗਰੇਜ਼ਾਂ ਵਰਗੇ ਪਰ ਰੰਗ ਦੇ ਕਾਲੇ ਅਫਸਰ-ਨੁਮਾ ਲੋਕ ਬੈਠੇ ਸਨ। ਇੱਥੇ ਇਹ ਸ਼ਬਦ ਭਾਰਤੀ ਲੋਕਾਂ ਲਈ ਵਰਤੇ ਗਏ ਹਨ। ਪ੍ਰਧਾਨ ਮੰਤਰੀ ਦੇ ਆਉਣ ਤੇ ਜਦੋਂ ਲੋਕ ਬੈਠ ਗਏ ਤਾਂ ਨੰਬਰਦਾਰ ਬਖ਼ਸ਼ੀਸ਼ ਸਿੰਘ ਦਾ ਲੜਕਾ ਵੀ ਆ ਕੇ ਪਹਿਲੀਆਂ ਕਤਾਰਾਂ ਵਿੱਚ ਬੈਠ ਜਾਂਦਾ ਹੈ। ਉਸ ਸਮੇਂ ਉਸ ਨੂੰ ਵੇਖ ਕੇ ਨਰਾਇਣ ਸਿੰਘ ਇੱਕ ਅਜੀਬ ਤਣਾਉ ਵਿੱਚੋਂ ਲੰਘਦਾ ਹੈ ਅਤੇ ਇਸ ਦੇ ਸਮਾਧਾਨ ਲਈ ਉਹ ਤਾਮਰ-ਪੱਤਰ ਲਏ

ਬਿਨਾ ਹੀ ਆ ਜਾਂਦਾ ਹੈ। ਉਸ ਨੂੰ ਇਸ ਤਰਾਂ ਮਹਿਸੂਸ ਹੁੰਦਾ ਹੈ ਜਿਵੇਂ ਚੜਦੇ ਸੂਰਜ ਦੀ ਕਿਰਨ ਨਾਲ ਚਮਕਦੇ ਕਿਸੇ ਦੀ ਪਾਨ ਦੇ ਥੁੱਕ ਨੂੰ ਮੋਤੀ ਸਮਝ ਕੇ ਹੱਥ ਲਿਬੇੜ ਬੈਠਾ ਸੀ। ਇਸ ਮਾਨਸਿਕਤਾ ਰਾਹੀਂ ਭੁੱਲਰ ਨੇ ਇਹ ਵਰਣਨ ਕੀਤਾ ਹੈ ਕਿ ਜੋ ਸਨਮਾਨ ਨਰਾਇਣ ਸਿੰਘ ਸਮਝਦਾ ਸੀ ਉਹ ਤਾਂ ਇੱਕ ਦਿਖਾਵਾ ਹੀ ਹੈ ਇਸ ਦੇ ਪਿੱਛੇ ਤਾਂ ਕਿੰਨੇ ਹੀ ਲੋਕਾਂ ਦੇ ਮਤਲਬ ਛੁਪੇ ਹੋਏ ਹਨ। ਤਾਮਰ ਪੱਤਰ ਕਹਾਣੀ ਵਿੱਚ ਭੁੱਲਰ ਨੇ ਨਰਾਇਣ ਸਿੰਘ ਦੇ ਪਾਤਰ ਰਾਹੀਂ ਆਜ਼ਾਦ-ਭਾਰਤ ਦੇ ਭ੍ਰਿਸ਼ਟ ਰਾਜਨੀਤਕ ਢਾਂਚੇ ਤੇ ਵਿਅੰਗ ਕੀਤਾ ਹੈ ਜਿਸ ਵਿੱਚ ਦੇਸ਼ ਭਗਤਾਂ ਲਈ ਕੇਵਲ ਇੰਨਾ ਹੀ ਮਾਣ ਪ੍ਰਾਪਤ ਹੈ ਕਿ ਇਹ ਰਾਜਨੀਤਕ ਲੋਕ ਉਹਨਾਂ ਨੂੰ ਆਪਣੇ ਮਤਲਬ ਲਈ ਵਰਤ ਸਕਣ।

ਭੁੱਲਰ ਨੇ ਸਮਾਜ ਵਿਚ ਧਰਮ ਦੇ ਨਾਂ ਤੇ ਫੈਲੇ ਝੂਠੇ ਠੇਕੇਦਾਰਾਂ ਨੂੰ ਵੀ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਇੱਕ ਕਹਾਣੀ 'ਬਾਜਾਂ ਵਾਲੇ ਦੀ ਸਹੁੰ' ਵਿੱਚ ਹਰਚਰਨ ਸਿੰਘ ਨਾਂ ਦਾ ਪਾਤਰ ਹੈ ਜੋ ਪਾਠ ਪੂਜਾ ਕਰਦਾ ਹੈ। ਸਾਰੇ ਪਿੰਡ ਵਿੱਚ ਉਸ ਨੂੰ ਬਹੁਤ ਹੀ ਆਦਰ ਸਤਿਕਾਰ ਦਿੱਤਾ ਜਾਂਦਾ ਹੈ। ਪਿੰਡ ਦਾ ਕੋਈ ਵੀ ਧਾਰਮਕ ਕੰਮ ਕਰਨਾ ਹੁੰਦਾ ਤਾਂ ਉਸ ਨੂੰ ਹੀ ਬੁਲਾਇਆ ਜਾਂਦਾ। ਬੱਚਿਆਂ ਦੇ ਨਾਮਕਰਨ ਲਈ ਵੀ ਉਸ ਨੂੰ ਹੀ ਅੱਗੇ ਲਿਆਇਆ ਜਾਂਦਾ। ਇੱਕ ਦਿਨ ਅਚਾਨਕ ਹੀ ਉਸ ਦੇ ਮਨ ਵਿਚ ਬੇਈਮਾਨੀ ਜਾਗ ਜਾਂਦੀ ਹੈ ਅਤੇ ਉਹ ਚਾਨਣ ਸਿੰਘ ਦੇ ਖੇਤੋਂ ਹਲ ਚੁੱਕ ਕੇ ਆਪਣੇ ਖੇਤ ਵਿੱਚ ਵਾਹੁਣ ਲੱਗ ਪੈਂਦਾ ਹੈ ਬਿਨਾਂ ਉਸ ਨੂੰ ਪੁੱਛੇ। ਉਸ ਦਾ ਹਲ ਵਾਪਿਸ ਕਰਨ ਨੂੰ ਦਿਲ ਨਹੀਂ ਕਰਦਾ। ਜਦੋਂ ਦੋ ਸਾਲ ਚਾਨਣ ਦਾ ਹਲ ਨਹੀਂ ਲੱਭਦਾ ਤਾਂ ਅਚਾਨਕ ਹਲ ਦੇ ਲੱਭਣ ਦੀ ਖ਼ਬਰ ਫੈਲਣ ਲੱਗਦੀ ਹੈ। ਹਰਚਰਨ ਸਿੰਘ ਨੂੰ ਲੱਗਿਆ ਕਿ ਹੋਣ ਦੋ ਸਾਲਾਂ ਬਾਅਦ ਕਿਸੇ ਨੇ ਵੀ ਹਲ ਨੂੰ ਨਹੀਂ ਪਹਿਚਾਨਣਾ। ਉਹ ਤੂੜੀ ਵਾਲੇ ਕੋਠੇ ਵਿਚੋਂ ਹਲ ਨੂੰ ਕੱਢ ਲੈਂਦਾ ਹੈ। ਸੋ ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭੁੱਲਰ ਨੇ ਆਪਣੀਆਂ ਕਹਾਣੀਆਂ ਦੇ ਰਾਹੀਂ ਸਮਾਜ ਨੂੰ ਇੱਕ ਵਧੀਆ ਸੋਚ ਪ੍ਰਦਾਨ ਕੀਤੀ ਹੈ। ਅੱਜ ਦੇ ਸਮੇਂ ਵਿੱਚ ਵੀ ਕੁਝ ਭ੍ਰਿਸ਼ਟ ਲੋਕ ਹਨ ਜੋ ਆਮ ਲੋਕਾਂ ਦਾ ਸ਼ੋਸ਼ਣ ਕਰਦੇ ਹਨ ਸਾਨੂੰ ਉਨ੍ਹਾਂ ਪ੍ਰਤੀ ਸੋਝੀ ਕਰਵਾਉਣ ਵਿੱਚ ਭੁੱਲਰ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ।

**ਧਾਰਮਕ ਪਾਖੰਡਾਂ ਦਾ ਚਿਤਰਨ** ਗੁਰਬਚਨ ਸਿੰਘ ਭੁੱਲਰ ਨੇ ਸਮਾਜ-ਸ਼ਾਸਤਰ ਵਿੱਚ ਆਉਣ ਵਾਲੇ ਸਾਰੇ ਮੁੱਦਿਆ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਉਸ ਨੇ ਸਮਾਜਕ, ਆਰਥਕ, ਰਾਜਨੀਤਕ ਪੱਖਾਂ ਉੱਪਰ ਚਾਨਣਾ ਪਾਉਣ ਦੇ ਨਾਲ-ਨਾਲ ਧਾਰਮਕ ਸਥਿਤੀ ਨੂੰ ਵੀ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਧਰਮ ਪ੍ਰਤੀ ਲੋਕਾਂ ਦਾ ਕੀ ਨਜ਼ਰੀਆ ਹੈ ਉਸ ਬਾਰੇ ਆਪਣੇ ਵਿਚਾਰ ਆਪਣੇ ਪਾਤਰਾਂ ਦੇ ਰਾਹੀਂ ਪ੍ਰਗਟਾਏ ਹਨ। ਭੁੱਲਰ ਦੀ ਇੱਕ ਕਹਾਣੀ 'ਮਾਨਵ-ਸ਼ਾਸਤਰ' ਹੈ ਜਿਸ ਵਿੱਚ ਉਸਨੇ ਮਾਨਵ ਸ਼ਾਸਤਰ ਦੀ ਪਰਿਭਾਸ਼ਾ ਆਪਸ ਵਿੱਚ ਰਲ ਕੇ ਰਹਿਣ ਵਾਲਿਆ ਲਈ ਕੀਤੀ ਹੈ। ਇਸ ਕਹਾਣੀ ਵਿੱਚ ਉਨ੍ਹਾਂ ਬ੍ਰਹਮਣਾਂ ਤੇ ਭੁੱਲਰ ਨੇ ਵਿਅੰਗ ਕੱਸਿਆ ਹੈ ਜੋ ਸਮਾਜ ਵਿੱਚ ਆਪਣੇ ਹੀ ਕੁੱਲ ਨੂੰ ਸਭ ਤੋਂ ਉੱਤਮ ਮੰਨਦੇ ਹਨ। ਉਹ ਸਮਾਜ ਵਿੱਚ ਨੀਵੀਂ ਜਾਤ ਵਾਲਿਆਂ ਨਾਲ ਬਹੁਤ ਹੀ ਮਾੜਾ ਵਿਵਹਾਰ ਕਰਦੇ ਹਨ। ਇੱਥੋਂ ਤੱਕ ਕਿ ਨਾਗੀ ਨਾਂ ਦੀ ਇੱਕ ਸ਼ੂਦਰ ਨਾਰੀ ਨਾਲ ਇੱਕ ਬ੍ਰਹਮਣ ਕੁਕਰਮ ਕਰ ਕੇ ਕਹਿੰਦਾ ਹੈ ਕਿ ਤੇਰੇ ਪਾਪ ਕੱਟੇ ਜਾਣਗੇ ਕਿਉਂਕਿ ਤੈਨੂੰ ਇੱਕ ਬ੍ਰਹਮਣ ਨੇ ਛੂਹਿਆ ਹੈ। ਇਸ ਕਹਾਣੀ ਦੇ ਦੋ ਪਾਸੇ ਹਨ। ਇੱਕ ਪਾਸੇ ਨਾਗੀ ਆਪਣੇ ਨਾਲ ਹੋਏ ਇਸ ਵਿਵਹਾਰ ਨੂੰ ਇਸ ਲਈ ਸਹਿਣ ਕਰ ਜਾਂਦੀ ਹੈ ਕਿ ਉਸ ਦੀ ਗੱਲ ਦਾ ਕੋਈ ਵੀ ਯਕੀਨ ਨਹੀਂ ਕਰੇਗਾ। ਦੂਸਰੇ ਪਾਸੇ ਨਾਗੀ ਦਾ ਜੁਆਈ ਇੱਕ ਆਦਰਸ਼ ਵਿੱਚ ਰਹਿਣ ਦੇ ਨਾਲ-ਨਾਲ ਆਪਣੇ ਨਾਲ ਬੁਰਾ ਕਰਨ ਵਾਲੇ ਬ੍ਰਹਮਣਾਂ ਨੂੰ ਮੌਤ ਤੱਕ ਦੇ ਘਾਟ ਉਤਾਰ ਦਿੰਦਾ ਹੈ। ਨਾਗੀ ਦੇ

ਜੁਆਈ ਵਿੱਚ ਇੱਕ ਦ੍ਰਿੜ ਇਰਾਦਾ ਹੈ ਉਹ ਸਮਝਦਾ ਹੈ ਕਿ ਭਗਵਾਨ ਨੇ ਸਭ ਮਨੁੱਖਾਂ ਨੂੰ ਇੱਕੋ ਜਿਹਾ ਹੀ ਬਣਾਇਆ ਹੈ। ਸਭ ਆਪਣੇ ਕੰਮਾਂ ਦੇ ਆਧਾਰ ਤੇ ਹੀ ਚੰਗਾ ਜੀਵਨ ਗੁਜ਼ਾਰ ਸਕਦੇ ਹਨ। ਉਸ ਅਨੁਸਾਰ ਮਾਨਵ ਸ਼ਾਸਤਰ ਮਾਨਵ ਦੇ ਕਲਿਆਣ ਲਈ ਬਣਾਇਆ ਗਿਆ ਹੈ ਫਿਰ ਇਸਨੂੰ ਚਾਹੇ ਉਚੀ ਕੋਲ ਦਾ ਬੱਚਾ ਪੜੇ ਚਾਹੇ ਨੀਵੀਂ ਕੁਲ ਦਾ। ਉਹ ਆਪਣੇ ਬੱਚੇ ਨੂੰ ਬ੍ਰਹਮਣਾਂ ਵਾਂਗ ਉੱਚਾ ਸੁੱਚਾ ਜੀਵਨ ਦੇਣਾ ਚਾਹੁੰਦਾ ਹੈ। ਇਸ ਕਹਾਣੀ ਵਿੱਚ ਭੁੱਲਰ ਨੇ ਉਨ੍ਹਾਂ ਬ੍ਰਹਮਣਾਂ ਉੱਪਰ ਵਿਅੰਗ ਕੱਸਿਆ ਹੈ ਜੋ ਸਮਾਜ ਦੇ ਬਾਕੀ ਲੋਕਾਂ ਨੂੰ ਬਸ ਪਸ਼ੂਆਂ ਦੇ ਸਮਾਨ ਸਮਝਦੇ ਹਨ। ਧਰਮ ਦੀ ਅਸਲੀ ਪਹਿਚਾਣ ਉਨ੍ਹਾਂ ਨੂੰ ਹੋਈ ਹੀ ਨਹੀਂ ਹੈ।

"ਇਹ ਕਰਤੂਤ ਰੱਬ ਦੀ ਨਹੀਂ, ਜੈਦੇਵ ਬੰਦਿਆਂ ਦੀ ਹੈ", ਕੁੰਡਕ ਨੇ ਉੱਤਰ ਦਿੱਤਾ। "ਪਹਿਲਾਂ ਜਾਤਾਂ ਕਰਮ ਨਾਲ, ਭਾਵ ਕੰਮ ਨਾਲ ਜੁੜੀਆਂ ਹੋਈਆਂ ਸਨ, ਫੇਰ ਇਨ੍ਹਾਂ ਸਵਾਰਥੀ ਬ੍ਰਹਮਣਾਂ ਨੇ ਜਨਮ ਨਾਲ ਜੋੜ ਦਿੱਤੀਆਂ। ਬੋਲਾਂ ਵਿੱਚ ਦ੍ਰਿੜ੍ਹਤਾ ਭਰ ਕੇ ਉਹਨੇ ਜੈਦੇਵ ਦੇ ਮੋਢੇ ਉੱਤੇ ਹੱਥ ਰੱਖਿਆ, 'ਪਰ ਤੇਰਾ ਨਸੀਬਾ ਨਾਵਕ ਬਣਨਾ ਨਹੀਂ। ਤੂੰ ਵਿੱਦਿਆ ਪਰਾਪਤ ਕਰੀਂ ਤੇ ਬ੍ਰਹਮਣ ਬਣੀਂ। ਕਿੱਤਾ ਚੁਣਨਾ ਤੇ ਉਹਦੇ ਅਨੁਸਾਰ ਜਾਤ ਧਾਰਨ ਕਰਨਾ ਤੇਰਾ ਅਧਿਕਾਰ ਹੈ, ਜੋ ਤੈਨੂੰ ਕਿਸੇ ਵੀ ਵਿਧੀ ਲੈ ਲੈਣਾ ਚਾਹੀਦਾ ਹੈ। ਮਨ ਵਿੱਚ ਪੱਕੀ ਧਾਰ ਲੈ, ਬੱਚਿਆ, ਆਪਣਾ ਇਹ ਖੋਹਿਆ ਗਿਆ ਅਧਿਕਾਰ ਛੱਡੇਗਾ ਨਹੀਂ!"[8]

ਇਸ ਪ੍ਰਕਾਰ ਭੁੱਲਰ ਨੇ ਸਮਾਜ ਨੂੰ ਕੁੰਡਕ ਜਿਹੇ ਪਾਤਰ ਰਾਹੀਂ ਨਵੀਂ ਤੇ ਦ੍ਰਿੜ ਸੋਚ ਪ੍ਰਦਾਨ ਕਰਕੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿਖਾਈ ਹੈ। ਕੁੰਡਕ ਦਾ ਜਦੋਂ ਕੁਝ ਬ੍ਰਹਮਣ ਹੱਦੋਂ ਵੱਧ ਕੇ ਅਪਮਾਨ ਕਰਦੇ ਹਨ ਤਾਂ ਉਸ ਕੋਲੋਂ ਬਰਦਾਸ਼ਤ ਨਹੀਂ ਹੁੰਦਾ ਕੁੰਡਕ ਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਰੱਬ ਦਾ ਨਾਮ ਧਿਆਉਣ ਵਾਲੇ ਨਹੀਂ ਹਨ ਕਿਉਂਕਿ ਇਨ੍ਹਾਂ ਨੂੰ ਮਾਨਵਾਂ ਦਾ ਸਤਿਕਾਰ ਕਰਨਾ ਨਹੀਂ ਆਉਂਦਾ। ਉਹ ਉਨ੍ਹਾਂ ਨੂੰ ਨਦੀ ਵਿੱਚ ਲਿਜਾ ਕੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਹੈ। ਭੁੱਲਰ ਅਜਿਹੀਆਂ ਘਟਨਾਵਾਂ ਰਾਹੀਂ ਲੋਕਾਂ ਦੇ ਮਨਾਂ ਵਿੱਚ ਧਰਮ ਪ੍ਰਤੀ ਜੋ ਗਲਤ ਭਾਵਨਾ ਘਰ ਕਰ ਗਈ ਹੈ ਉਸ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਬ੍ਰਹਮਣਾਂ ਵਲੋਂ ਜਦੋਂ ਭੋਜਨ ਕਰ ਰਹੇ ਕੁੰਡਕ ਨੂੰ ਤ੍ਰਿਸਕਾਰਿਆ ਜਾਂਦਾ ਹੈ ਉਸ ਦੀਆਂ ਕੁਝ ਸਤਰਾਂ ਹਨ-

"ਬ੍ਰਹਮਣ ਤ੍ਰਿਸਕਾਰ-ਭਰੀ ਹਾਸੀ ਹੱਸੇ, "ਭੋਜਨ? ਸ਼ੂਦਰ ਕਦੋਂ ਤੋਂ ਭੋਜਨ ਕਰਨ ਲੱਗੇ?...ਚੱਲ ਉੱਠ ਅਸੀਂ ਬਹੁਤ ਕਾਹਲੀ ਵਿੱਚ ਹਾਂ।"

"ਮਹਾਰਾਜ ਤੁਹਾਡੀ ਹੀ ਸਿੱਖਿਆ ਹੈ ਭੋਜਨ ਵਿਚੋਂ ਉੱਠਣਾ ਅੰਨ ਭਗਾਵਨ ਦਾ ਨਿਰਾਦਰ ਹੁੰਦਾ ਹੈ", ਕੁੰਡਕ ਨੇ ਹੱਥ ਜੋੜੇ।

"ਅਜਿਹੇ ਕਥਨ ਉੱਚੀਆ ਜਾਤਾਂ ਲਈ ਨੇ। ਪਸੂਆਂ ਦਾ ਤੇ ਸ਼ੂਦਰਾਂ ਦਾ ਚਾਰਾ ਅੰਨ-ਭਗਵਾਨ ਨਹੀਂ ਹੁੰਦਾ, ਇੱਕ ਬ੍ਰਹਮਣ ਬੋਲਿਆ ਅਤੇ ਉਹਨੇ ਅੱਗੇ ਵੱਧ ਕੇ ਕੁੰਡਕ ਦੀ ਥਾਲੀ ਨੂੰ ਠੁੱਡਾ ਮਾਰਨਾ ਚਾਹਿਆ।"[9]

ਇਸ ਤਰ੍ਹਾ ਭੁੱਲਰ ਨੇ ਧਾਰਮਕ ਪਾਖੰਡ ਕਰਨ ਵਾਲੇ ਉਨ੍ਹਾਂ ਬ੍ਰਹਮਣਾਂ ਤੇ ਵਿਅੰਗ ਕੱਸਿਆ ਹੈ ਜੋ ਧਰਮ ਨੂੰ ਆਪਣੀ ਮੁੱਠੀ ਵਿੱਚ ਬੰਦ ਕਰਕੇ ਆਮ ਨੀਵੀਂ ਜਾਤਾਂ ਵਾਲਿਆਂ ਉੱਪਰ ਜ਼ੁਲਮ ਕਰਦੇ ਹਨ। ਲੋਕਾਂ ਨੂੰ ਵੱਖ-ਵੱਖ ਧਰਮਾਂ ਵਿੱਚ ਵੰਡੀ ਰੱਖਣਾ ਭਾਰਤੀ ਸ਼ਾਸਕਾਂ ਦੇ ਵੀ ਹਿੱਤ ਵਿੱਚ ਹੈ। ਧਰਮ ਜਿਹੜਾ ਸਮੁੱਚੀ ਮਨੁੱਖਤਾ ਦੇ ਕਲਿਆਣ ਦਾ ਹੋਕਾ ਦਿੰਦਾ ਹੈ, ਸੰਸਾਰ ਦੇ ਇਤਿਹਾਸ ਵਿੱਚ ਮਿਲਦੀਆਂ ਅਣਗਿਣਤ ਉਦਾਹਰਨਾਂ ਵਾਂਗ ਹੁਣ ਫੇਰ ਸੰਸਾਰ ਦਾ ਨਾਸੂਰ ਬਣਦਾ ਜਾ ਰਿਹਾ ਹੈ ਜਾਂ ਬਣਾਇਆ ਜਾ ਰਿਹਾ ਹੈ। ਹੁਣ ਦੀ ਸਥਿਤੀ ਵੇਖ ਕੇ 'ਵਿਰਲਾ ਵਿੱਚੋਂ ਝਾਕਦਾ ਹਨੇਰਾ' ਕਹਾਣੀ ਵਿੱਚ ਮੈਂ

ਪਾਤਰ ਨੂੰ ਸੰਤਾਲੀ ਦੀ ਕਤਲੋ-ਗ਼ਾਰਤ ਯਾਦ ਆ ਜਾਂਦੀ ਹੈ। ਉਸ ਵੇਲੇ ਪੰਡਿਤ ਰਾਮ ਪ੍ਰਤਾਪ ਤੇ ਮੈਂਗਲ ਸਿੰਘ ਵਰਗੇ ਬੰਦੇ ਹਿੰਦੂ ਤੇ ਸਿੱਖ ਧਰਮਾਂ ਦੇ ਪ੍ਰਤੀਨਿੱਧ ਸਨ ਅਤੇ ਕਾਲੇ ਖਾਂ ਮੁਸਲਮਾਨ ਧਰਮ ਦਾ ਪ੍ਰਤੀਕ ਸੀ। ਮੈਂਗਲ ਸਿੰਘ ਅਤੇ ਰਾਮ ਪ੍ਰਤਾਪ ਮੁਸਲਮਾਨਾਂ ਦਾ ਸਫਾਇਆ ਕਰਕੇ ਤਣਾਉ-ਰਹਿਤ ਮਹਿਸੂਸ ਕਰਦੇ ਹਨ। ਜਿਵੇਂ ਉਹਨਾਂ ਨੇ ਕੋਈ ਧਾਰਮਿਕ ਕੰਮ ਨੇਪਰੇ ਚਾੜ੍ਹਿਆ ਹੋਵੇ ਤੇ ਉਹਨਾਂ ਦਾ ਧਾਰਮਿਕ ਗਿਆਨ ਕਿ 'ਸਭ ਉਤਲੇ ਦੇ ਹੁਕਮ ਨਾਲ ਹੋ ਰਿਹਾ ਹੈ' ਧਰਮ ਉੱਤੇ ਇੱਕ ਕਰੜਾ ਵਿਅੰਗ ਬਣ ਜਾਂਦਾ ਹੈ। ਹੁਣ ਵੀ ਸਾਡੇ ਸਮਾਜ ਵਿੱਚ ਧਾਰਮਕ ਵਖ਼ਰੇਵੇਂ ਕਾਰਨ ਤਰੇੜਾਂ ਪੈ ਰਹੀਆਂ ਹਨ ਅਤੇ ਸੱਤਾ ਇਸ ਵਖ਼ਰੇਵੇਂ ਨੂੰ ਆਪਣੇ ਸੌੜੇ ਰਾਜਨੀਤਕ ਹਿੱਤ ਲਈ ਵਰਤ ਰਹੀ ਹੈ।

'ਕੀ ਜਾਣਾ ਮੈਂ ਕੌਣ' ਕਹਾਣੀ ਵਿੱਚ ਵੀ ਇਹੀ ਧਰਮ ਨੂੰ ਲੈ ਕੇ ਸਮਾਜ ਵਿਚ ਬੇਕਸੂਰੇ ਲੋਕਾਂ ਦਾ ਅੰਨ੍ਹੇਵਾਹ ਕਤਲ ਕੀਤਾ ਜਾਂਦਾ ਹੈ। ਸ਼ਾਮਾ ਹਿੰਦੂ ਹੈ ਪਰ ਦਾੜ੍ਹੀ ਪੱਗ ਹੋਣ ਕਾਰਨ ਸਿੱਖ ਲੱਗਦਾ ਹੈ। ਸਿੰਮੀ ਸਿੱਖ ਲੱਗਦਾ ਹੈ ਪਰ ਵਾਲ ਕੱਟੇ ਹੋਣ ਕਾਰਨ ਹਿੰਦੂ ਲੱਗਦਾ ਹੈ। ਦੋਵੇਂ ਆਪਣੇ ਬਾਹਰੀ ਸਰੂਪ ਕਾਰਨ ਹੀ ਧਰਮ ਦੀ ਰਾਜਨੀਤੀ ਦੇ ਧਰਮ ਦਾ ਸ਼ਿਕਾਰ ਹੁੰਦੇ ਹਨ। ਧਰਮ ਭਾਵੇਂ ਸਿਧਾਂਤਕ ਰੂਪ ਵਿੱਚ ਸਮੁੱਚੀ ਮਨੁੱਖਤਾ ਦੇ ਹਿੱਤ ਪਾਲਣ ਦਾ ਕਿੰਨਾ ਵੀ ਢੰਡੋਰਾ ਪਿੱਟਦਾ ਰਹੇ, ਇਹ ਇੱਕ ਅਜਿਹੀ ਸ਼ਕਤੀ ਹੈ ਜਿਹੜੀ ਵੱਖ-ਵੱਖ ਧਿਰਾਂ ਵਿੱਚ ਵੰਡੇ ਹੋਏ ਸਮਾਜ ਦੀ ਕਿਸੇ ਇੱਕ ਜਾਂ ਦੂਜੀ ਧਿਰ ਦਾ ਪੱਖ ਪੂਰਦੀ ਹੈ। ਧਰਮ ਸਾਡੀ ਰਾਜਨੀਤੀ ਵਿੱਚ ਹਥਿਆਰ ਵਜੋਂ ਹੀ ਵਰਤਿਆ ਜਾਂਦਾ ਰਿਹਾ ਹੈ ਤੇ ਵਰਤਿਆ ਜਾ ਰਿਹਾ ਹੈ। ਭੁੱਲਰ ਨੇ ਧਰਮ ਦੇ ਨਾਮ ਤੇ ਸਮਾਜ ਨੂੰ ਅਰਾਜਕਤਾ ਵਾਲਾ ਸਥਾਨ ਬਣਾਉਣ ਵਾਲੇ ਲੋਕਾਂ ਨੂੰ ਠੱਗ ਕਿਹਾ ਹੈ। ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਧਰਮ ਨੂੰ ਇੱਕ ਪਵਿੱਤਰ ਰਸਤਾ ਦੱਸਿਆ ਹੈ ਜੋ ਸਮਾਜ ਨੂੰ ਪਿਆਰ ਨਾਲ ਰਹਿਣਾ ਸਿਖਾਉਂਦਾ ਹੈ। ਧਰਮ ਦੇ ਜੋ ਆਦਰਸ਼ ਸਾਨੂੰ ਸਾਡੇ ਗੁਰੂਆਂ ਨੇ ਸਿਖਾਏ ਹਨ ਉਹ ਅੱਜ ਦੇ ਸਮੇਂ ਵਿੱਚ ਨਾਮ ਦੇ ਹੀ ਬਣ ਕੇ ਰਹਿ ਗਏ ਹਨ। ਧਰਮ ਨੂੰ ਰਾਜਨੀਤੀ ਨਾਲ ਜੋੜਨ ਦਾ ਇੱਕ ਜ਼ਰੀਆ ਬਣਾ ਕੇ ਧਰਮ ਦੇ ਠੇਕੇਦਾਰ ਲਗਾਤਾਰ ਲੋਕਾਂ ਨੂੰ ਲੁੱਟ ਰਹੇ ਹਨ। ਭੁੱਲਰ ਨੇ ਅਜਿਹੇ ਲੋਕਾਂ ਤੋਂ ਆਪਣਾ ਪੱਲਾ ਝਾੜਿਆ ਹੈ।

ਇਸ ਪ੍ਰਕਾਰ ਭੁੱਲਰ ਨੇ ਆਪਣੀਆ ਕਹਾਣੀਆਂ ਵਿੱਚ ਧਾਰਮਕਤਾ ਦੇ ਨਾਮ ਤੇ ਲੋਕਾਂ ਨੂੰ ਠੱਗਣ ਵਾਲੇ ਸ਼ਾਸਕਾਂ ਵਿਰੁੱਧ ਤਿੱਖਾ ਰੋਸ ਪ੍ਰਗਟ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਮੈਂ ਗਜ਼ਨਵੀਂ ਨਹੀਂ, ਗੁਰਬਚਨ ਸਿੰਘ ਭੁੱਲਰ, ਪੰਨਾ-119

2. ਓਪਰਾ ਮਰਦ, ਗੁਰਬਚਨ ਸਿੰਘ ਭੁੱਲਰ, ਪੰਨਾ-90
3. ਵਖ਼ਤਾਂ ਮਾਰੇ, ਗੁਰਬਚਨ ਸਿੰਘ ਭੁੱਲਰ, ਪੰਨਾ-103
4. ਉਹੀ, ਪੰਨਾ-84
5. ਉਹੀ, ਪੰਨਾ-89
6. ਉਹੀ, ਪੰਨਾ-75
7. ਓਪਰਾ ਮਰਦ, ਗੁਰਬਚਨ ਸਿੰਘ ਭੁੱਲਰ, ਪੰਨਾ-28
8. ਅਗਨੀ ਕਲਸ, ਗੁਰਬਚਨ ਸਿੰਘ ਭੁੱਲਰ, ਪੰਨਾ-21
9. ਉਹੀ, ਪੰਨਾ-23

## ਸਥਾਪਨਾਵਾਂ ਅਤੇ ਸਿੱਟੇ

ਕਹਾਣੀ ਸ਼ਬਦ ਸੰਸਕ੍ਰਿਤ ਦੇ ਕਥਾ ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕਿਰਤ ਪੈਸ਼ਾਚੀ ਵਿੱਚ 'ਕਹਾ' ਬਣ ਗਿਆ। ਗੁਣਾਢਯ ਦੀ ਕਹਾਣੀਆਂ ਦੀ ਪ੍ਰਸਿੱਧ ਪੁਸਤਕ ਦਾ ਨਾਂ ਵੰਡ ਕਹਾ ਭਾਵ ਵੱਡੀ ਕਹਾਣੀ ਹੈ ਜੋ ਪੈਸ਼ਾਚੀ ਵਿੱਚ ਲਿਖੀ ਗਈ ਹੈ। ਜੇ ਕਹਾਣੀ ਦੇ ਸਰੋਤਾਂ ਵੱਲ ਧਿਆਨ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਹਜ਼ਾਰਾਂ ਸਾਲਾਂ ਤੋਂ ਸੰਸਾਰ ਦੇ ਲਗਪਗ ਸਾਰੇ ਮੁਲਕਾਂ ਵਿੱਚ ਹੀ ਕਹਾਣੀ ਪ੍ਰਚਲਿਤ ਰਹੀ ਹੈ ਅਤੇ ਕਈ ਅਜਿਹੇ ਕਹਾਣੀ-ਸੰਗ੍ਰਹਿ ਪ੍ਰਾਪਤ ਹਨ ਜੋ ਸੰਸਾਰ ਪ੍ਰਸਿੱਧ ਹਨ। ਕਹਾਣੀ ਦੀ ਕੋਈ ਐਸੀ ਬਣਤਰ-ਵਿਧੀ ਨਹੀਂ ਜਿਹੜੀ ਨਿਸ਼ਚਿਤ ਹੋਵੇ ਅਤੇ ਕਹਾਣੀਕਾਰ ਲਈ ਉਸ ਦੀ ਪਾਲਣਾ ਕਰਨੀ ਜ਼ਰੂਰੀ ਹੋਵੇ। ਹਰ ਕਹਾਣੀਕਾਰ ਆਪਣੀ ਕਹਾਣੀ ਦੀ ਨੁਹਾਰ ਆਪ ਘੜਦਾ ਹੈ, ਇਸ ਲਈ ਕਹਾਣੀ ਦੀ ਬਣਤਰ ਵਿਧੀ ਹਰ ਕਹਾਣੀ ਦੀ ਲੋੜ ਅਨੁਸਾਰ ਬਦਲਾਈ ਜਾ ਸਕਦੀ ਹੈ ਪਰ ਇਸ ਦੇ ਬਾਵਜੂਦ ਵੀ ਕਹਾਣੀ ਦੀ ਬਣਤਰ ਵਿਧੀ ਦੇ ਕੁਝ ਨਿਯਮ ਹਨ ਜਿਹੜੇ ਕਿਸੇ ਨਾ ਕਿਸੇ ਰੂਪ ਵਿੱਚ ਹਰ ਕਹਾਣੀਕਾਰ ਮੰਨਦਾ ਹੈ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਭ ਤੋਂ ਪਹਿਲਾਂ ਕਹਾਣੀ ਕਿਸ ਮੁਲਕ ਵਿੱਚ ਜਾਂ ਕਿਸ ਦੇਸ਼ ਵਿੱਚ ਰਚੀ ਗਈ। ਇਸ ਦਾ ਜਵਾਬ ਲੱਭਦਿਆਂ ਸੰਸਾਰ ਦੇ ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਸੱਭਿਅਤਾ ਦੀ ਪਹਿਲੀ ਰੌਸ਼ਨੀ ਸਪਤ ਸਿੰਧੂ ਦੀ ਧਰਤੀ ਉੱਤੇ ਪਈ ਹੋਣ ਕਾਰਨ ਕਹਾਣੀ ਦਾ ਖਜਾਨਾ ਵੀ ਇਸੇ ਸੁਹਾਗੀ ਧਰਤੀ ਤੇ ਪੈਦਾ ਹੋਇਆ ਤੇ ਹੌਲੀ-ਹੌਲੀ ਜਿਵੇਂ ਇਸ ਧਰਤੀ ਤੋਂ ਲੋਕ ਟੋਲੇ ਬਣਾ ਕੇ ਹੋਰਨਾ ਮੁਲਕਾਂ ਫਰਾਂਸ, ਮਿਸਰ, ਅਰਬ, ਰੂਸ, ਚੀਨ, ਆਦਿ ਹੋਰਨਾਂ ਮੁਲਕਾਂ ਵੱਲ ਗਏ ਤੇ ਉਹ ਆਪਣੇ ਨਾਲ ਕਹਾਣੀ ਦਾ ਖਜਾਨਾ ਅਤੇ ਕਹਾਣੀ ਦੀ ਸ਼ੈਲੀ ਲੈ ਗਏ ਜਿਸਦੇ ਸਬੂਤ ਵਜੋਂ ਅਸੀਂ ਫਾਰਸੀ ਅਤੇ ਅਰਬੀ ਕਹਾਣੀਆਂ ਦੀਆਂ ਪੰਜਾਬੀ ਕਹਾਣੀਆਂ ਨਾਲ ਇਕਸਾਰਤਾ ਨੂੰ ਦੇਖ ਸਕਦੇ ਹਾਂ ਇੰਝ ਇਹ ਸਪਸ਼ਟ ਹੈ ਕਿ ਕਹਾਣੀ ਯਾਤਰਾ ਪੂਰਵ ਤੋ ਪੱਛਮ ਵੱਲ ਨੂੰ ਹੋਈ ਹੈ। ਪੰਜਾਬੀ ਕਹਾਣੀ ਨੇ ਆਪਣੀ ਲੋਕ ਪ੍ਰਿਯਤਾ ਬਣਾਈ ਰੱਖਣ ਲਈ ਸਮੇਂ ਤੇ ਸਥਿਤੀ ਦੀ ਲੋੜ ਲਈ ਆਪਣੇ ਆਪ ਨੂੰ ਤਬਦੀਲ ਕੀਤਾ ਹੈ ਜਿਸ ਕਾਰਨ ਇਸਦੇ ਵਿਕਾਸ ਵਿੱਚ ਵਿਸ਼ਾਲਤਾ ਤੇ ਅਮੀਰੀ ਸ਼ਾਮਿਲ ਹੋ ਗਈ।

ਸਾਧਾਰਨ ਤੇ ਸੰਖੇਪ ਸ਼ਬਦਾਂ ਵਿੱਚ ਸਮਾਜ ਵਿਗਿਆਨ "ਸਮਾਜ ਦਾ ਵਿਗਿਆਨਕ ਅਧਿਐਨ" ਹੈ। ਇਸ ਦੇ ਅੰਤਰਗਤ ਮਨੁੱਖਾਂ ਦੇ ਸਮਾਜਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਸਮਾਜ ਵਿਗਿਆਨ ਸਮੂਹ ਵਿੱਚ ਮਨੁੱਖੀ ਵਤੀਰੇ ਅਤੇ ਮਨੁੱਖਾਂ ਦੇ ਵਿਚਕਾਰ ਪਰਸਪਰ ਕਿਰਿਆਵਾਂ ਦਾ ਅਧਿਐਨ ਕਰਦਾ ਹੈ। ਇਹ ਮਨੁੱਖੀ ਸਮੂਹਿਕ ਜੀਵਨ ਦੇ ਉਦੇਸ਼ਾਂ ਅਤੇ ਸਰੂਪਾਂ ਨੂੰ ਸਮਝਣ ਦਾ ਯਤਨ ਕਰਦਾ ਹੈ ਕਿ ਕਿਸ ਢੰਗ ਨਾਲ ਵੱਖ-ਵੱਖ ਸਮੂਹ ਹੋਂਦ ਵਿੱਚ ਆਉਂਦੇ ਹਨ, ਕਿਸ ਤਰਾਂ ਇਸ ਦਾ ਵਿਕਾਸ ਹੁੰਦਾ ਹੈ, ਕਿਸ ਤਰਾਂ ਢਹਿ ਜਾਂਦੇ ਹਨ ਅਤੇ ਕਿਸ ਤਰਾਂ ਮੁੜ ਬਣ ਜਾਂਦੇ ਹਨ ? ਉਹ ਸਾਰੇ ਰੀਤੀ ਰਿਵਾਜ਼, ਜਿਹੜੇ ਇਨ੍ਹਾਂ ਨੂੰ ਇੱਕ ਕੜੀ ਵਿੱਚ ਬੰਨਦੇ ਹਨ, ਬਾਰੇ ਅਧਿਐਨ ਕਰਨਾ ਵੀ ਇਸ ਦਾ ਕੰਮ ਹੈ। ਇਨ੍ਹਾਂ ਸਮਾਜਕ ਸਮੂਹਾਂ ਦੁਆਰਾ ਪ੍ਰਚਲਿਤ ਰੀਤੀਆਂ, ਕਾਰਜ ਵਿਧੀਆਂ, ਰਿਵਾਜਾਂ, ਸਭਾਵਾਂ ਦਾ ਸਿਲਸਿਲੇਵਾਰ ਅਧਿਐਨ ਕਰਦਾ ਹੈ। ਵਾਸਤਵ ਵਿੱਚ ਸਮਾਜ ਵਿਗਿਆਨ ਸਾਰੇ ਮਨੁੱਖੀ ਸੰਬੰਧਾਂ, ਜਿਨ੍ਹਾਂ ਨੂੰ ਨਿਸ਼ਚਿਤ ਤੌਰ ਤੇ ਸਮਾਜਕ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਸੰਬੰਧਾਂ ਦੀਆਂ ਉਪਜਾਂ ਰੀਤੀਆਂ, ਰਿਵਾਜਾਂ, ਪਰੰਪਰਾਵਾਂ, ਸਭਾਵਾਂ ਅਤੇ ਸੰਸਥਾਵਾਂ ਬਾਰੇ ਤਰਤੀਬਵਾਰ ਗਿਆਨ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਸਮਾਜ ਵਿਗਿਆਨ ਵਿਗਿਆਨ ਵਿੱਚ ਵਿਸ਼ਲੇਸ਼ਣ ਦੀ ਇਕਾਈ ਵਿਅਕਤੀ ਨਹੀਂ ਸਗੋਂ ਦੋ ਜਾਂ ਦੋ ਤੋਂ ਵਧੇਰੇ ਵਿਅਕਤੀ ਹੁੰਦੇ ਹਨ। ਸਮਾਜ ਵਿਗਿਆਨ ਦਾ ਕੰਮ ਸਮਾਜਕ ਤੱਥਾਂ, ਘਟਨਾਵਾਂ ਆਦਿ ਦੇ ਵਿਸ਼ੇ ਵਿੱਚ ਸੱਚ ਦੀ ਖੋਜ ਕਰਨਾ ਹੈ। ਦੂਜੇ

ਸ਼ਬਦਾਂ ਵਿੱਚ ਮਾਨਵੀਂ ਸਮਾਜ ਦੇ ਬਾਰੇ ਅਧਿਕ ਤੋਂ ਅਧਿਕ ਯਥਾਰਥਕ ਗਿਆਨ ਪ੍ਰਾਪਤ ਕਰਨਾ ਹੀ ਇਸਦਾ ਉਦੇਸ਼ ਹੈ। ਇਸ ਪ੍ਰਾਪਤ ਗਿਆਨ ਦਾ ਪ੍ਰਯੋਗ ਕਿਸ ਪ੍ਰਕਾਰ ਕੀਤਾ ਜਾਂਦਾ ਹੈ? ਇਸ ਨਾਲ ਇਸਦਾ ਕੋਈ ਵਾਸਤਾ ਨਹੀਂ। ਸਮਾਜ ਵਿਗਿਆਨੀ ਦਾ ਕੰਮ ਅਪਰਾਧੀਆਂ ਨੂੰ ਸੁਧਾਰਨ ਜਾਂ ਬਾਲ ਵਿਆਹ ਜਾਂ ਪ੍ਰਥਾ ਆਦਿ ਸਮਾਜਕ ਸਮੱਸਿਆਵਾਂ ਦਾ ਹੱਲ ਲੱਭਣਾ ਨਹੀਂ ਹੈ।

ਸਮਾਜ ਸ਼ਬਦ ਦਾ ਸਾਧਾਰਨ ਰੂਪ ਵਿੱਚ ਪ੍ਰਯੋਗ ਵਿਅਕਤੀਆਂ ਦੇ ਸਮੂਹ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਕਿਸੇ ਵੀ ਸੰਗਠਿਤ ਜਾਂ ਅਸੰਗਠਿਤ ਸਮੂਹ ਨੂੰ ਸਮਾਜ ਦਾ ਦਰਜਾ ਦਿੱਤਾ ਜਾਂਦਾ ਹੈ। ਜਿਸ ਤਰ੍ਹਾਂ 'ਹਿੰਦੂ ਸਮਾਜ' 'ਬਾਲਮੀਕੀ ਸਮਾਜ' 'ਦੇਵ ਸਮਾਜ' 'ਵਿਦਿਆਰਥੀ ਸਮਾਜ' ਆਦਿ ਪ੍ਰੰਤੂ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਾਜ ਸ਼ਬਦ ਦਾ ਇਹ ਪਰਿਭਾਸ਼ਿਤ ਸਰੂਪ ਸਾਰਥਿਕ ਨਹੀਂ ਹੈ। ਇਸੇ ਤਰ੍ਹਾਂ ਹੀ ਵੱਖ-ਵੱਖ ਸਮਾਜਕ ਵਿਗਿਆਨਾਂ ਨਾਲ ਸੰਬੰਧਿਤ ਸ਼ਾਸਤਰੀ ਵੀ ਸਮਾਜ ਸ਼ਬਦ ਦੀ ਪਰਿਭਾਸ਼ਾ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਕਰਦੇ ਹਨ। ਸਮਾਜਕ ਸੰਬੰਧਾਂ ਦਾ ਨਿਰਮਾਣ ਸਮਾਜਕ ਅੰਤਰ ਕਿਰਿਆ ਤੋਂ ਹੁੰਦਾ ਹੈ।

ਗੁਰਬਚਨ ਸਿੰਘ ਭੁੱਲਰ ਪੰਜਾਬੀ ਸਾਹਿਤ ਦਾ ਇੱਕ ਨਾਮਵਾਰ ਅਤੇ ਬਹੁਪੱਖੀ ਸਾਹਿਤਕਾਰ ਹੈ। ਉਹਨਾਂ ਨੇ ਕਵਿਤਾ, ਕਹਾਣੀ, ਸਫ਼ਰਨਾਮਾ, ਰੇਖਾ ਚਿੱਤਰ ਸਾਹਿਤਕ ਵੰਨਗੀਆਂ ਤੋਂ ਇਲਾਵਾ ਪੱਤਰਕਾਰੀ, ਸੰਪਾਦਨਾ ਅਤੇ ਅਨੁਵਾਦ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ। ਗੁਰਬਚਨ ਸਿੰਘ ਭੁੱਲਰ ਨੇ ਆਪਣਾ ਸਾਹਿਤਕ ਸਫ਼ਰ ਕਾਵਿ ਰਚਨਾ ਤੋਂ ਸ਼ੁਰੂ ਕੀਤਾ ਪਰ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਕਹਾਣੀ ਦੇ ਖੇਤਰ ਵਿੱਚ ਮਿਲੀ। ਅੱਜ ਅਸੀਂ ਉਨ੍ਹਾਂ ਨੂੰ ਇੱਕ ਸਫਲ ਕਹਾਣੀਕਾਰ ਵਜੋਂ ਜਾਣਦੇ ਹਾਂ। ਉਹਨਾਂ ਨੇ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਪੰਜਾਬੀ ਵਿਸ਼ੇ ਵਿਚ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਆਪਣੀ ਮਾਂ ਬੋਲੀ ਦੀ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਉਦੇਸ਼ ਧਾਰ ਲਿਆ। ਉਨ੍ਹਾਂ ਨੇ ਆਪਣੀ ਸਾਹਿਤ ਰਚਨਾ ਰਾਹੀਂ ਇਸ ਉਦੇਸ਼ ਦੀ ਪ੍ਰਾਪਤੀ ਕੀਤੀ। ਗੁਰਬਚਨ ਸਿੰਘ ਭੁੱਲਰ ਨੇ ਸਾਹਿਤ ਰਚਨਾ ਤੋਂ ਇਲਾਵਾ ਕਈ ਮਹੱਤਵਪੂਰਨ ਕੰਮ ਵੀ ਕੀਤੇ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦੇ ਵਿਸ਼ੇ ਪੇਂਡੂ ਅਤੇ ਸ਼ਹਿਰੀ ਲੋਕਾਂ ਦੇ ਜੀਵਨ ਦੇ ਯਥਾਰਥ ਨੂੰ ਪੇਸ਼ ਕਰਦੇ ਹਨ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਘੱਟ ਰਹੀਆਂ ਦਿਨੋਂ-ਦਿਨ ਕਦਰਾਂ-ਕੀਮਤਾਂ ਅਤੇ ਵੱਧ ਰਹੇ ਲਾਲਚ, ਪੈਸੇ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਮੇਂ ਦੇ ਬਦਲਣ ਨਾਲ ਨਾ ਕੇਵਲ ਇਮਾਰਤਾਂ ਹੀ ਪੱਕੀਆਂ ਬਣੀਆਂ ਹਨ ਸਗੋਂ ਲੋਕਾਂ ਦੇ ਦਿਲ ਵੀ ਪੱਥਰਾਂ ਵਰਗੇ ਹੋ ਗਏ ਹਨ। ਆਧੁਨਿਕ ਜੀਵਨ ਸ਼ੈਲੀ ਨੂੰ ਅਪਨਾਉਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਰਿਸ਼ਤਿਆਂ ਨੂੰ ਘਰ ਵਿਚਲੇ ਵਾਧੂ, ਵਿਅਰਥ ਸਮਾਨ ਕਰਾਰ ਦੇਣਾ ਬਹੁਤ ਹੀ ਨੀਚ ਕਰਮ ਹੈ।

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜਕ ਪਰਿਪੇਖ ਨੂੰ ਵੇਖਿਆ ਜਾ ਸਕਦਾ ਹੈ। ਭੁੱਲਰ ਨੂੰ ਕਹਾਣੀਆਂ ਲਿਖਣ ਦੀ ਚੋਖੀ ਜਾਂਚ ਹੈ। ਉਹ ਸਮਾਜ ਦੀਆਂ ਉਨ੍ਹਾਂ ਘਟਨਾਵਾਂ ਨੂੰ ਹੀ ਬਿਆਨ ਕਰਦਾ ਹੈ ਜੋ ਕਿ ਅੱਜ ਦੇ ਸਮਾਜ ਦੀਆਂ ਮੁੱਖ ਸਮੱਸਿਆਵਾਂ ਹਨ। ਸਮਾਜ ਦੇ ਹਰ ਪੱਖ ਨੂੰ ਉਸ ਦੀਆਂ ਕਹਾਣੀਆਂ ਵਿੱਚ ਵੇਖਿਆ ਜਾ ਸਕਦਾ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਸਮਾਜ ਦੇ ਅੰਦਰ ਰਹਿੰਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਰਿਸ਼ਤਿਆਂ ਵਿੱਚ ਆ ਰਹੀਆਂ ਤਰੇੜਾਂ ਅਤੇ ਉਨ੍ਹਾਂ ਦੇ ਕਾਰਨਾਂ ਨੂੰ ਬਿਆਨ ਕੀਤਾ ਗਿਆ ਹੈ। ਸਮਾਜ ਵਿੱਚ ਪੂੰਜੀਵਾਦ ਦੇ ਆਗਮਨ ਨਾਲ ਰਿਸ਼ਤਿਆਂ ਦੀ ਘੱਟ ਰਹੀ ਕੀਮਤ ਬਾਰੇ ਵੀ ਸੰਖੇਪ ਜਾਣਕਾਰੀ ਆਪਣੀਆਂ ਕਹਾਣੀਆਂ ਵਿੱਚ ਭੁੱਲਰ ਨੇ ਦਿੱਤੀ ਹੈ।

ਗੁਰਬਚਨ ਸਿੰਘ ਭੁੱਲਰ ਨੂੰ ਆਰਥਕਤਾ ਉੱਪਰ ਆਧਾਰਿਤ ਸ਼੍ਰੇਣੀ ਵੰਡ ਦੀ ਪੂਰਨ ਸੋਝੀ ਹੈ। ਇਸ ਲਈ ਉਸਨੇ ਸਮਾਜ ਨੂੰ ਅਜਿਹੀਆਂ ਕਹਾਣੀਆਂ ਦੇ ਕੇ ਸਮਾਜ ਦੀਆਂ ਅੱਖਾਂ ਉੱਪਰ ਜੋ ਵੀ ਪੱਟੀ ਬੰਨੀ ਹੋਈ ਹੈ ਉਸ ਨੂੰ ਲਾਹੁਣ ਦੀ ਕੋਸ਼ਿਸ਼ ਕੀਤੀ ਹੈ। ਵਾਰ-ਵਾਰ ਅਜਿਹੀਆਂ ਨਸੀਹਤਾਂ ਭਰੀਆਂ ਕਹਾਣੀਆਂ ਦੀਆਂ ਉਦਾਹਰਣਾਂ ਦੇ ਕੇ ਸਮਾਜ ਵਿਚਲੀ ਹੋ ਰਹੀ ਕਾਣੀ-ਵੰਡ ਨੂੰ ਵੀ ਖ਼ਤਮ ਕਰਨ ਦੇ ਭੁੱਲਰ ਯਤਨ ਕਰ ਰਿਹਾ ਹੈ। ਇਸੇ ਲਈ ਭੁੱਲਰ ਦੀਆਂ ਕਹਾਣੀਆਂ ਵਿੱਚ ਸਾਨੂੰ ਆਰਥਕ ਮੰਦਹਾਲੀ ਦੇ ਸੱਚ ਨਜ਼ਰ ਆਉਂਦੇ ਹਨ ਜੋ ਸਮਾਜ ਨੂੰ ਬਦਲਣ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਜਦੋਂ ਸਾਨੂੰ ਆਰਥਕ ਮੰਦਹਾਲੀ ਪਿਛਲੇ ਅਨੇਕਾਂ ਕਾਰਨ ਨਜ਼ਰ ਆ ਜਾਣਗੇ ਤਾਂ ਸਾਡਾ ਸਮਾਜ ਆਪਣਾ ਵਿਕਾਸ ਕਰ ਸਕੇਗਾ ਅਤੇ ਅਸੀਂ ਸਮਾਜ ਦੇ ਟੁੱਟਦੇ ਰਿਸ਼ਤਿਆਂ ਨੂੰ ਵੀ ਬਚਾ ਸਕਾਂਗੇ। ਆਰਥਕ ਲੁੱਟ-ਖਸੁੱਟ ਦੀ ਬੁਨਿਆਦ ਖ਼ੁਦਗਰਜ਼ੀ ਅਤੇ ਲਾਲਚ ਤੇ ਟਿਕੀ ਹੋਈ ਹੈ। ਅੱਜ ਦਾ ਪੂੰਜੀਵਾਦੀ ਸਮਾਜ ਜਾਇਦਾਦ, ਵਸਤਾਂ ਹਰ ਤਰੀਕੇ ਨਾਲ ਵਧੇਰੇ ਤੋਂ ਵਧੇਰੇ ਆਪਣੇ ਕਬਜ਼ੇ ਵਿੱਚ ਕਰਨ ਦੀ ਦੌੜ ਵਿੱਚ ਇੱਕ ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਵਿੱਚ ਵਿਅਸਤ ਹੈ। ਆਪਣੇ ਲਈ ਪੈਸਾ ਇੰਨਾ ਜ਼ਿਆਦਾ ਜੋੜਨਾ ਸ਼ੁਰੂ ਕਰ ਦਿੰਦਾ ਹੈ ਕਿ ਉਸਨੂੰ ਸਿਰਫ ਆਪਣੀ ਹੀ ਖ਼ੁਸ਼ੀ ਨਜ਼ਰ ਆਉਂਦੀ ਹੈ, ਜਦੋਂ ਉਹ ਦੂਸਰਿਆਂ ਦੀ ਖ਼ੁਸ਼ੀ ਨੂੰ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵੀ ਅਜਿਹੀਆਂ ਹੀ ਸਮੱਸਿਆਵਾਂ ਤੇ ਆਧਾਰਿਤ ਹਨ। ਉਸਦੀਆਂ ਕਹਾਣੀਆਂ ਵਿੱਚ ਆਰਥਕ ਮੰਦਹਾਲੀ ਸਾਨੂੰ ਨਜ਼ਰੀ ਪੈਂਦੀ ਹੈ। ਭੁੱਲਰ ਨੇ ਬੜੇ ਗੰਭੀਰ ਸਮਾਜੀ ਤੇ ਸਿਆਸੀ ਮਸਲਿਆਂ ਤੇ ਲਿਖਦੇ ਹੋਇਆ ਵੀ ਕੋਈ ਨਾਅਰੇਬਾਜ਼ੀ ਨਹੀਂ ਕੀਤੀ। ਆਪਣੀ ਗੱਲ ਬੜੇ ਕਲਾਤਮਕ ਅਤੇ ਸੁਝਾਊ ਢੰਗ ਨਾਲ ਆਖੀ ਹੈ। ਉਹ ਸੱਚਮੁੱਚ ਹੀ ਬੋਲੀ ਦਾ ਧਨੀ ਹੈ।

ਗੁਰਬਚਨ ਸਿੰਘ ਭੁੱਲਰ ਨੇ ਸਮਾਜ ਦੇ ਰਾਜਨੀਤਕ ਅਤੇ ਧਾਰਮਕ ਪਰਿਪੇਖ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਸਾਡੇ ਰਾਜਨੀਤਕ ਪ੍ਰਬੰਧ ਦਾ ਵੇਗ ਕੁਝ ਇਸ ਪ੍ਰਕਾਰ ਦਾ ਹੈ ਜਿੱਥੇ ਵਿਦਰੋਹੀ ਚੇਤਨਾ ਭ੍ਰਿਸ਼ਟ ਪ੍ਰਬੰਧ ਦੇ ਖ਼ਿਲਾਫ ਖੜੀ ਹੁੰਦੀ ਹੈ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਪੇਂਡੂ ਜੀਵਨ ਨਾਲ ਸੰਬੰਧਿਤ ਹਨ। ਸਾਡਾ ਅਰਥਚਾਰਾ ਕੁਝ ਇਸ ਭਾਂਤ ਦਾ ਹੈ ਜਿੱਥੇ ਵਿਅਕਤੀ ਦੀ ਹੋਂਦ ਪੈਸੇ ਅੱਗੇ ਨਿਗੂਣੀ ਹੋ ਕੇ ਰਹਿ ਗਈ ਹੈ। ਆਰਥਕ ਪੱਖੋਂ ਥੁੜੇ ਵਿਅਕਤੀ ਦੀ ਹਾਲਤ ਪਸੂਆਂ ਵਰਗੀ ਹੈ। 'ਰੋਹੀ ਬੀਆਬਾਨ', 'ਅੱਖਾਂ ਦੀ ਲਿਸ਼ਕ', 'ਉਮਰ ਕੈਦ', 'ਰੇਸ਼ਮ ਦੀ ਛੋਹ' ਅਤੇ ਬੋਰੇ ਦਾ ਘਾਸਾ', ਸਾਡੇ ਉਹਨਾਂ ਸਮਾਜਕ ਰਿਸ਼ਤਿਆਂ ਨਾਲ ਸੰਬੰਧਿਤ ਕਹਾਣੀਆਂ ਹਨ ਜਿਹੜੇ ਵਿਵਸਥਾ ਦੇ ਪੈਦਾ ਕੀਤੇ ਸੰਕਟ ਨੂੰ ਭੋਗਦੇ ਹਨ। ਪੂੰਜੀਵਾਦੀ ਪ੍ਰਬੰਧ ਵਿੱਚ ਸਾਰੇ ਰਿਸ਼ਤਿਆਂ ਦਾ ਆਧਾਰ ਪੈਸਾ ਹੁੰਦਾ ਹੈ। ਉਹ ਇਹਨਾਂ ਰਿਸ਼ਤਿਆਂ ਵਿੱਚ ਆਸਾਵਾਂਪਨ ਲਿਆਉਂਦਾ ਹੈ। ਵਿਅਕਤੀ ਵਧੇਰੇ ਸਵੈ-ਕੇਂਦਰਿਤ ਹੋ ਜਾਂਦਾ ਹੈ ਅਤੇ ਦੂਜੇ ਮਨੁੱਖਾਂ ਨਾਲ ਹਮਦਰਦੀ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਜਾਂਦੀ ਹੈ। ਵੱਡੇ ਸ਼ਹਿਰਾਂ ਵਿੱਚ ਇਹ ਅਮਲ ਵਧੇਰੇ ਦੇਖਣ ਨੂੰ ਮਿਲਦਾ ਹੈ। 'ਰੋਹੀ ਬੀਆਬਾਨ ਦਾ ਪਾਤਰ 'ਉਹ' ਸ਼ਹਿਰ ਵਿੱਚ ਆ ਕੇ ਮਨੁੱਖੀ ਹਮਦਰਦੀ ਨੂੰ ਤਰਸ ਜਾਂਦਾ ਹੈ। ਬੱਚੇ ਦੀ ਤਕਲੀਫ਼ ਦੇ ਨਾਲ-ਨਾਲ ਉਸ ਨੂੰ ਬੱਚੇ ਦੇ ਰੋਣ ਕਾਰਨ ਗੁਆਂਢੀਆਂ ਦੀ ਪਰੇਸ਼ਾਨੀ ਵੀ ਮਹਿਸੂਸ ਹੁੰਦੀ ਹੈ। ਉਸ ਨੂੰ ਪਿੰਡ ਦੀਆਂ ਸਿਆਣੀਆਂ ਬੁੜੀਆਂ ਯਾਦ ਆਉਂਦੀਆਂ ਹਨ ਜਿਹੜੀਆਂ ਦੁਖਦੇ-ਸੁਖਦੇ ਭੱਜੀਆਂ ਆਉਂਦੀਆਂ ਸਨ। ਪੇਂਡੂ ਵਰਤਾਰੇ ਵਿੱਚ ਅਜੇ ਵੀ ਮਨੁੱਖੀ ਹਮਦਰਦੀ ਅਤੇ ਮੋਹ ਬਾਕੀ ਹੈ। ਅਸਲ ਵਿੱਚ ਪਿੰਡ ਵਿੱਚ ਵਸੋਂ ਵੀ ਘੱਟ ਹੁੰਦੀ ਹੈ ਅਤੇ ਆਰਥਕ ਵਿਕਾਸ ਦੀ ਰਫ਼ਤਾਰ ਸ਼ਹਿਰਾਂ ਵਰਗੀ ਨਹੀਂ ਹੁੰਦੀ ਤੇ ਨਾ ਹੀ

ਸ਼ਹਿਰਾਂ ਵਰਗਾਂ ਉਦਯੋਗਿਕ ਫੈਲਾਉ ਹੁੰਦਾ ਹੈ। ਇਸੇ ਲਈ ਪਿੰਡਾਂ ਵਿੱਚ ਉਸ ਭਾਂਤ ਦੇ ਆਰਥਕ ਰਿਸ਼ਤੇ ਸਥਾਪਤ ਨਹੀਂ ਹੋਏ ਜਿਸ ਭਾਂਤ ਦੇ ਸ਼ਹਿਰਾਂ ਵਿੱਚ ਹਨ।

ਸੋ ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜ-ਸ਼ਾਸਤਰ ਦੇ ਸਰੂਪ ਨੂੰ ਬਿਆਨ ਕੀਤਾ ਹੈ। ਭੁੱਲਰ ਦੀਆਂ ਕਹਾਣੀਆਂ ਵਿੱਚ ਉਸਨੇ ਸਮਾਜਕ, ਆਰਥਕ, ਰਾਜਨੀਤਕ, ਧਾਰਮਕ ਪੱਖਾਂ ਨੂੰ ਪੇਸ਼ ਕੀਤਾ ਹੈ। ਉਸ ਦੀਆਂ ਕਹਾਣੀਆਂ ਵਿੱਚ ਉਸਨੇ ਸਮਾਜ ਦੀਆਂ ਸਮਕਾਲੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਕਹਾਣੀਆਂ ਦਾ ਅਧਿਐਨ ਕਰਨ ਤੇ ਪਤਾ ਲੱਗਦਾ ਹੈ ਕਿ ਉਸਨੇ ਸਮਾਜ ਦੀਆਂ ਇਨ੍ਹਾਂ ਸਮੱਸਿਆਵਾਂ ਦੇ ਆਉਣ ਦੇ ਕਾਰਨਾਂ ਉੱਪਰ ਵੀ ਠੱਲ ਪਾਉਣ ਲਈ ਇੱਕ ਸੁਨੇਹਾ ਦਿੱਤਾ ਹੈ।

## ਮੁਲਾਕਾਤ

1. **ਸਵਾਲ: ਕਹਾਣੀ ਲਿਖਣ ਦੀ ਰੁਚੀ ਤੁਹਾਡੇ ਵਿਚ ਕਿਵੇਂ ਪੈਦਾ ਹੋਈ?**

**ਜਵਾਬ:** ਕਹਾਣੀ, ਮੇਰੇ ਵਿਚਾਰ ਅਨੁਸਾਰ, ਸਾਹਿਤ ਦਾ ਸਭ ਤੋਂ ਸਹਿਜ-ਸੁਭਾਵਿਕ ਰੂਪ ਹੈ। ਇਸ ਦਾ ਕਾਰਨ, ਸ਼ਾਇਦ, ਇਸ ਦਾ ਮਨੁੱਖ ਜਾਤੀ ਦੀ ਸ਼ੁਰੂਆਤ ਦੇ ਲਗਭਗ ਨਾਲ ਹੀ ਹੋਂਦ ਵਿਚ ਆ ਜਾਣਾ ਅਤੇ ਉਸ ਦੇ ਇਤਿਹਾਸ ਵਿਚ ਰਚੇ-ਵਸੇ ਹੋਏ ਹੋਣਾ ਹੈ। ਇਹ ਸੋਚਣਾ ਮੈਨੂੰ ਬਿਲਕੁਲ ਵਾਜਬ ਲੱਗਦਾ ਹੈ ਕਿ ਕਹਾਣੀ ਦਾ ਆਰੰਭ ਮਨੁੱਖੀ ਸੋਝੀ ਦੇ ਆਰੰਭ ਅਤੇ ਮਨੁੱਖੀ ਬੋਲੀ ਦੇ ਮੁੱਢਲੇ ਵਿਕਾਸ ਦੇ ਨਾਲੋ-ਨਾਲ ਹੋ ਗਿਆ ਹੋਵੇਗਾ। ਕਲਪਨਾ ਕੀਤੀ ਜਾ ਸਕਦੀ ਹੈ, ਜਦੋਂ ਪਸੂ-ਪੱਧਰ ਦੇ ਮਨੁੱਖੀ ਇੱਜੜ ਤੋਂ ਕਬੀਲਾ ਬਣੇ ਕਿਸੇ ਸਮੂਹ ਦੇ ਕਿਸੇ ਜੀਅ ਨੂੰ ਕਿਸੇ ਵੀ ਕਾਰਨ, ਜਿਵੇਂ ਫਲ, ਕੰਦਮੂਲ ਜਾਂ ਸ਼ਿਕਾਰ ਲਿਆਉਣ ਲਈ, ਆਪਣੇ ਟਿਕਾਣੇ ਤੋਂ ਦੂਰ ਜਾਣਾ ਪੈਂਦਾ ਹੋਵੇਗਾ, ਉਹਨੂੰ ਕਈ ਵਾਰ ਸ਼ੇਰ-ਚੀਤੇ, ਸੱਪ-ਸਲੂਤੀ ਆਦਿ ਦਾ ਸਾਹਮਣਾ ਹੋ ਜਾਂਦਾ ਹੋਵੇਗਾ। ਪਰਤ ਕੇ ਉਹ ਇਸਦਾ ਵੇਰਵਾ ਆਪਣੇ ਨਾਲਦਿਆਂ ਨੂੰ ਦਸਦਾ ਹੋਵੇਗਾ। ਨਿਰਸੰਦੇਹ ਉਹ ਵੇਰਵਾ ਹੂਬਹੂ ਨਹੀਂ ਹੁੰਦਾ ਹੋਵੇਗਾ। ਉਸ ਵਿਚ ਉਹ ਵਿਅਕਤੀ ਸਥਿਤੀ ਦੀ ਭਿਆਨਕਤਾ ਨੂੰ ਵੀ ਅਤੇ ਆਪਣੀ ਦਲੇਰੀ ਤੇ ਅਕਲ ਨੂੰ ਵੀ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੋਵੇਗਾ, ਤਾਂ ਜੋ ਉਹ ਘਟਨਾ ਦਾ ਨਾਇਕ ਬਣ ਕੇ ਉੱਭਰ ਸਕੇ। ਸੱਚ ਵਿਚ ਪਾਈ ਗਈ ਗੱਪ ਦੀ ਇਸ ਮਿੱਸ ਨੂੰ ਹੀ ਗਲਪ ਦਾ, ਭਾਵ ਕਹਾਣੀ ਦਾ ਮੁੱਢ ਮੰਨਿਆ ਜਾ ਸਕਦਾ ਹੈ।

ਇਉਂ ਕਹਾਣੀ ਦਾ ਮੁੱਢ ਕਿਰਤੀ ਅਤੇ ਭਾਸ਼ਾਈ ਮਨੁੱਖ ਦੇ ਮੁੱਢ ਦੇ ਨਾਲ ਹੀ ਸੁਭਾਵਿਕ ਰੂਪ ਵਿਚ ਬੱਝ ਗਿਆ। ਸ਼ਾਇਦ ਇਸੇ ਕਰਕੇ ਇਹ ਅੱਜ ਵੀ ਲੇਖਕ ਤੇ ਪਾਠਕ, ਦੋਵਾਂ ਲਈ ਸਾਹਿਤ ਦੀ ਸਭ ਤੋਂ ਸੁਭਾਵਿਕ ਅਤੇ ਹਰਮਨ-ਪਿਆਰੀ ਵਿਧਾ ਹੈ। ਕਵਿਤਾ ਦਾ ਜਨਮ ਬਹੁਤ ਮਗਰੋਂ ਜਾ ਕੇ, ਸੰਚਿਤ ਗਿਆਨ ਨੂੰ ਅਗਲੀ ਪੀੜ੍ਹੀ ਦੇ ਹਵਾਲੇ ਕਰਨ ਦੀ ਲੋੜ ਵਿਚੋਂ ਹੋਇਆ। ਲਿਖਤੀ ਭਾਸ਼ਾ ਦਾ ਜਨਮ ਅਜੇ ਨਾ ਹੋਇਆ ਹੋਣ ਕਰਕੇ, ਕਵਿਤਾ ਸਾਧਾਰਨ ਵਾਰਤਿਕੀ ਗੱਲਾਂ ਨਾਲੋਂ ਚੇਤੇ ਰੱਖਣੀ ਵੱਧ ਸੌਖੀ ਸੀ।

2. **ਸਵਾਲ: ਕਈ ਵਿਦਵਾਨ ਕਹਾਣੀ ਨੂੰ ਪੱਛਮ ਦੀ ਦੇਣ ਦੱਸਦੇ ਹਨ ਤੇ ਕਈ ਇਸ ਨੂੰ ਆਪਣੀ ਮਿੱਟੀ ਦੀ ਪੈਦਾਵਾਰ ਆਖਦੇ ਹਨ। ਤੁਹਾਡਾ ਕੀ ਵਿਚਾਰ ਹੈ?**

**ਜਵਾਬ:** ਮੇਰਾ ਪੱਕਾ ਮੱਤ ਹੈ ਕਿ ਸਾਡੀ ਕਹਾਣੀ ਸਾਡੀ ਆਪਣੀ ਪਰਾਪਤੀ ਹੈ। ਸਾਡੇ ਪੁਰਾਤਨ ਤੇ ਮੱਧਕਾਲੀ ਗ੍ਰੰਥ ਅਤੇ ਕਿੱਸੇ ਦਿਲਚਸਪ ਕਹਾਣੀਆਂ ਨਾਲ ਭਰੇ ਪਏ ਹਨ। ਵੱਧ ਤੋਂ ਵੱਧ, ਪੱਛਮੀ ਕਹਾਣੀ ਦੇ ਸ਼ਿਲਪੀ-ਤਕਨੀਕੀ ਪੱਖ ਨੇ ਆਧੁਨਿਕ ਪੰਜਾਬੀ ਕਹਾਣੀ ਨੂੰ ਰੂਪਕ ਚੁਸਤੀ ਦਿੱਤੀ ਕਹੀ ਜਾ ਸਕਦੀ ਹੈ। ਜਨਮ ਤੋਂ ਪਿੱਛੋਂ ਦੇ ਕੁਝ ਸਮੇਂ ਦੀਆਂ ਲੋਰੀਆਂ ਤੋਂ ਮਗਰੋਂ ਇਹ ਕਹਾਣੀ ਹੀ ਹੈ ਜੋ ਮਾਂ ਅਤੇ ਫੇਰ ਆਪਣੇ ਹੋਰਾਂ ਦੇ ਮੂੰਹੋਂ ਵੱਖ-ਵੱਖ ਰੂਪਾਂ ਵਿਚ ਬਾਲ ਦੇ ਕੰਨੀਂ ਪੈਂਦੀ ਹੈ। ਮੇਰੇ ਬਚਪਨ ਵਿਚ ਪੰਜਾਬ ਵਿਚ ਕਿਹੜੀ ਪੇਂਡੂ ਮਾਂ ਹੋਵੇਗੀ ਜਿਸ ਨੇ ਅਜੇ ਬੋਲੀ ਸਮਝਣ ਤੋਂ ਵੀ ਅਸਮਰੱਥ ਬਾਲ ਨੂੰ ਉਹ ਕਹਾਣੀ ਨਾ ਸੁਣਾਈ ਹੋਵੇ ਜਿਸ ਵਿਚ ਉਹ ਪਸੂ ਹਿੱਕਣ ਲਈ ਹੱਥ ਵਿਚ ਖੂੰਡੀ ਅਤੇ ਧੁੱਪ, ਬਰਖਾ ਜਾਂ ਠੰਡ ਤੋਂ ਬਚਣ ਲਈ ਸਿਰ ਉੱਤੇ ਭੂੰਗੀ ਲੈ ਕੇ ਖੇਤ ਜਾਂਦਾ ਹੈ ਤੇ ਕਿਧਰੇ ਗੁਆਚ ਜਾਂਦਾ ਹੈ। ਅੰਤ ਵਿਚ ਮਾਂ ਜਦੋਂ ਹਥੇਲੀ ਤੋਂ ਤੋਰੀਆਂ ਉਂਗਲਾਂ ਨਾਲ ਬਾਂਹ ਉੱਤੇ ਪੈੜ ਲਭਦੀ ਲਭਦੀ ਕੁਤਕੁਤਾੜੀ ਕਰਦੀ ਹੈ, ਕਹਾਣੀ ਨੂੰ ਨਾ ਸਮਝਦਿਆਂ ਵੀ ਬਾਲ ਉਸ ਵਿਚਲੀ ਮੋਹ-ਪਿਆਰ ਦੀ ਭਾਵਨਾ ਨੂੰ ਜ਼ਰੂਰ ਸਮਝ ਜਾਂਦਾ ਹੈ। ਕੁਤਕੁਤਾੜੀ ਨਾਲ ਉਹ ਵੀ ਖਿੜਖਿੜ ਹੱਸ ਪੈਂਦਾ ਹੈ ਅਤੇ ਮਾਂ ਵੀ ਖ਼ੁਸ਼ੀ ਨਾਲ ਖੀਵੀ ਹੋ ਜਾਂਦੀ ਹੈ।

ਸੁਰਤ ਸੰਭਾਲਣ ਮਗਰੋਂ ਮੇਰਾ, ਆਪਣੀ ਪੀੜ੍ਹੀ ਦੇ ਹੋਰ ਬਾਲਾਂ ਵਾਂਗ, ਬਹੁਤ ਨੇੜਲਾ ਵਾਹ ਬਾਤਾਂ ਨਾਲ ਪਿਆ ਜਿਨ੍ਹਾਂ ਦੀ ਨੁਹਾਰ ਸਾਹਿਤਕ ਕਹਾਣੀ ਨਾਲ ਵੱਡੀ ਹੱਦ ਤੱਕ ਮੇਲ ਖਾਂਦੀ ਸੀ। ਉਹਨਾਂ ਵਿਚ ਵੀ ਕਹਾਣੀ ਵਾਂਗ ਹੀ ਘਟਨਾਵਲੀ ਅਤੇ ਵਾਰਤਾਲਾਪ ਦੇ ਸਹਾਰੇ ਗੱਲ ਅੱਗੇ ਤੁਰਦੀ ਸੀ, ਕਹਾਣੀ ਦੇ ਪਾਠਕ ਵਾਂਗ ਸਰੋਤੇ ਦੀ ਦਿਲਚਸਪੀ ਬਣੀ ਰਹਿੰਦੀ ਸੀ ਅਤੇ ਕਹਾਣੀ ਵਾਂਗ ਹੀ ਕਿਸੇ ਸਮਾਜਕ ਸਰੋਕਾਰ ਨੂੰ ਆਧਾਰ ਬਣਾਇਆ ਗਿਆ ਹੁੰਦਾ ਸੀ। ਜਦੋਂ ਕੋਈ ਬਾਤ ਸੁਣਾਉਣ ਲਈ ਆਖਦਾ ਸੀ, ਅਗੋਂ ਸਵਾਲ ਹੁੰਦਾ ਸੀ, ਹੱਡਬੀਤੀ ਸੁਣਾਵਾਂ ਜਾਂ ਜੱਗਬੀਤੀ? ਹੱਡਬੀਤੀ ਨੂੰ ਉਹ ਆਪਣੇ ਨਾਲ ਬੀਤੀ ਹੋਣ ਕਰਕੇ ਭਾਵਨਾਵਾਂ ਦੇ ਪੱਖੋਂ ਵਧੇਰੇ ਗਹਿਰਾਈ ਨਾਲ, ਵਧੇਰੇ ਭਾਵੁਕਤਾ ਨਾਲ ਸੁਣਾਉਂਦਾ ਸੀ ਅਤੇ ਜੱਗਬੀਤੀ ਨੂੰ ਉਹ ਪਰਾਈ ਘਟਨਾ ਹੋਣ ਕਰਕੇ ਇਕ ਭਾਵੁਕ ਵਿੱਥ ਤੋਂ ਬਿਆਨ ਕਰਦਾ ਸੀ। ਅੱਜ ਦੀ ਸਾਹਿਤਕ ਕਹਾਣੀ ਵਿਚ ਵੀ ਵਿਸ਼ਾ ਹੱਡਬੀਤੀ ਅਤੇ ਜੱਗਬੀਤੀ ਦੀ ਸ਼ਕਲ ਵਿਚ ਹੀ ਹੁੰਦਾ ਹੈ। ਪਰ ਹੁਣ ਪੇਸ਼ਕਾਰੀ ਨੇ ਏਨਾ ਕਲਾਤਮਕ ਰੂਪ ਧਾਰਨ ਕਰ ਲਿਆ ਹੈ ਕਿ ਲੇਖਕ ਹੱਡਬੀਤੀ ਨੂੰ ਕਲਪਿਤ ਪਾਤਰਾਂ ਰਾਹੀਂ ਅਤੇ ਘਟਨਾਵਾਂ ਨੂੰ ਛਾਂਗ-ਤਰਾਸ਼ ਕੇ ਤੇ ਘਟਾ-ਵਧਾ ਕੇ ਜੱਗਬੀਤੀ ਬਣਾ ਦਿੰਦਾ ਹੈ ਅਤੇ ਦੂਜੇ ਪਾਸੇ ਜੱਗਬੀਤੀ ਦੀ ਪੇਸ਼ਕਾਰੀ ਸਮੇਂ ਉਹ ਪਾਤਰਾਂ ਨੂੰ ਆਪਣੇ ਅੰਦਰ ਵਸਾ ਕੇ ਉਹਨਾਂ ਦੇ ਦੁਖ-ਸੁਖ ਨੂੰ ਏਨੀ ਤੀਬਰਤਾ ਨਾਲ ਅਨੁਭਵ ਕਰਦਾ ਹੈ ਕਿ ਜੱਗਬੀਤੀ ਵੀ ਹੱਡਬੀਤੀ ਜਿੰਨੀ ਹੀ ਜੀਵੰਤ ਹੋ ਨਿੱਬੜਦੀ ਹੈ।

3. **ਸਵਾਲ: ਤੁਸੀਂ ਕਹਾਣੀ ਲਿਖਣੀ ਕਦੋਂ ਸ਼ੁਰੂ ਕੀਤੀ? ਕੀ ਤੁਸੀਂ ਰਚਨਾਕਾਰ ਬਣਨ ਦਾ ਕੋਈ ਕਾਰਨ ਵੀ ਦੱਸ ਸਕਦੇ ਹੋ?**

**ਜਵਾਬ:** ਸਾਹਿਤ ਨਾਲ, ਖਾਸ ਕਰਕੇ ਰਚਨਾਕਾਰ ਵਜੋਂ, ਜੁੜਨ ਦਾ ਕੋਈ ਇਕ ਸਮਾਂ ਦੱਸਣਾ ਤਾਂ ਸੰਭਵ ਨਹੀਂ ਤੇ ਨਾ ਹੀ ਕਿਸੇ ਇਕ ਕਾਰਨ, ਸਬੱਬ ਜਾਂ ਆਧਾਰ ਉੱਤੇ ਉਂਗਲ ਰੱਖਣੀ ਸੰਭਵ ਹੈ। ਪੰਜਾਬ ਵਿਚ ਸਾਹਿਤ ਰਿਗਵੇਦ ਦੇ ਸਮੇਂ ਤੋਂ ਰਚਿਆ ਜਾ ਰਿਹਾ ਹੈ। ਸਦੀਆਂ ਵਿਚ ਕਰੋੜਾਂ-ਅਰਬਾਂ ਲੋਕ ਆਏ ਤੇ ਗਏ, ਸਾਹਿਤਕਾਰ ਕਿੰਨੇ ਕੁ ਹੋਏ! ਪੜ੍ਹੇ-ਅਣਪੜ੍ਹ, ਪੇਂਡੂ-ਸ਼ਹਿਰੀ, ਗਰੀਬ-ਅਮੀਰ, ਸਭ ਵੱਲੋਂ ਆਮ ਗੱਲਬਾਤ ਵਿਚ ਵਰਤੇ ਜਾਂਦੇ ਸਾਧਾਰਨ ਸ਼ਬਦਾਂ ਦਾ ਕਿਸੇ ਦੀ ਕਾਨੀ ਤੋਂ ਸਾਹਿਤ ਬਣਨ ਲੱਗਣਾ ਇਕ ਅਦਭੁਤ ਵਰਤਾਰਾ ਹੈ, ਅਛੋਪਲਾ, ਸਹਿਜ ਤੇ ਅਕੱਥ। ਇਕੋ ਘਰ ਵਿਚ, ਇਕੋ ਮਾਹੌਲ ਵਿਚ ਇਕੱਠੇ ਜੰਮੇ-ਪਲੇ ਬੱਚਿਆਂ ਵਿਚੋਂ ਇਕ ਸਾਹਿਤਕਾਰ ਜਾਂ ਕਿਸੇ ਹੋਰ ਕਲਾ ਦਾ ਨਿਪੁੰਨ ਬਣ ਜਾਂਦਾ ਹੈ, ਦੂਜੇ ਕੋਰੇ ਰਹਿ ਜਾਂਦੇ ਹਨ। ਭਾਸ਼ਾ ਦੇ ਮਹਾਂਮਾਰਗ ਉੱਤੇ ਤੁਰ ਰਹੀ ਅਣਗਿਣਤ ਖ਼ਲਕਤ ਵਿਚੋਂ ਕੁਝ ਪਾਂਧੀ ਅਜਿਹੇ ਭਾਗਾਂ ਵਾਲੇ ਹੁੰਦੇ ਹਨ, ਸਾਹਿਤ ਅਛੋਪਲੇ ਜਿਹੇ ਆ ਕੇ ਜਿਨ੍ਹਾਂ ਦਾ ਹੱਥ ਫੜ ਲੈਂਦਾ ਹੈ ਅਤੇ ਸੰਗੀ ਬਣਾ ਕੇ ਨਾਲ-ਨਾਲ ਤੋਰਨ ਲਗਦਾ ਹੈ। ਇਹ ਸਾਥ ਕਦੋਂ ਮਿਲਦਾ ਹੈ, ਇਹਦਾ ਕੋਈ ਪੱਕਾ ਨੇਮ ਨਹੀਂ।

4. **ਸਵਾਲ: ਤੁਹਾਡੀ ਕਹਾਣੀ ਲਿਖਣ ਦੀ ਵਿਧੀ ਕੀ ਹੈ? ਮੇਰਾ ਭਾਵ ਹੈ, ਤੁਸੀਂ ਕਹਾਣੀ ਕਿਵੇਂ ਲਿਖਦੇ ਹੋ?**

**ਜਵਾਬ:** ਮੈਂ ਬਹੁਤਾ ਰਚਨਾ-ਕਾਰਜ ਮਨ, ਦਿਮਾਗ, ਕਲਪਨਾ, ਚਿੰਤਨ-ਮੰਥਨ ਉੱਤੇ ਹੀ ਛਡਦਾ ਹਾਂ। ਇਸ ਪੜਾਅ ਨੂੰ ਪਾਰ ਕਰਨ ਦਾ ਕੋਈ ਬੱਝਵਾਂ ਸਮਾਂ ਨਹੀਂ ਹੋ ਸਕਦਾ। ਕਈ ਵਾਰ ਤਾਂ ਕਿਸੇ ਘਟਨਾ, ਕਿਸੇ ਗੱਲ ਦੇ ਪ੍ਰਭਾਵ ਹੇਠ ਕਹਾਣੀ ਇਉਂ ਫੁਰਦੀ ਹੈ ਜਿਵੇਂ ਹਨੇਰੇ ਕਮਰੇ ਵਿਚ ਅਚਾਨਕ ਬਲਬ ਜਗ ਪਵੇ। ਸਭ ਕੁਝ ਸਪੱਸ਼ਟ ਹੋ ਜਾਂਦਾ ਹੈ ਤੇ

ਕਹਾਣੀ ਝੱਟ ਲਿਖੀ ਜਾਂਦੀ ਹੈ। ਪਰ ਆਮ ਕਰਕੇ ਕਹਾਣੀ ਦਾ ਇਹ ਪੜਾਅ ਵੱਧ-ਘੱਟ ਲੰਮਾ ਸਮਾਂ ਲੈਂਦਾ ਹੈ, ਮਨ ਵਿਚ ਬੀ ਪੈਣ ਤੋਂ ਮਗਰੋਂ ਕੁਝ ਦਿਨ, ਕੁਝ ਮਹੀਨੇ, ਕੁਝ ਸਾਲ, ਕਦੀ ਕਦੀ ਤਾਂ ਦਹਾਕੇ ਵੀ। ਇਸ ਸਮੇਂ ਦੌਰਾਨ ਕਹਾਣੀ ਕਦੀ ਚੇਤੇ ਦੀ ਤਹਿ ਦੇ ਹੇਠਾਂ ਬੈਠ ਜਾਂਦੀ ਹੈ ਤੇ ਕਦੀ ਜਦੋਂ ਫੇਰ ਉੱਭਰ ਆਉਂਦੀ ਹੈ, ਮਨ ਉਸ ਉੱਤੇ ਫੇਰ ਕੰਮ ਕਰਨ ਲੱਗ ਜਾਂਦਾ ਹੈ। ਇਸੇ ਕਰਕੇ ਕੋਈ ਕਹਾਣੀ ਲਿਖਣ ਵਿਚ ਲੱਗਿਆ ਸਮਾਂ ਕੇਵਲ ਉਸੇ ਨੂੰ ਨਹੀਂ ਸਮਝਿਆ ਜਾਣਾ ਚਾਹੀਦਾ ਜਿੰਨੇ ਵਿਚ ਉਹ ਕਾਗਜ਼ ਉੱਤੇ ਉਤਾਰੀ ਗਈ ਹੈ, ਮਨ-ਮੰਥਨ ਦਾ ਸਮਾਂ ਵੀ ਇਸ ਵਿਚ ਜੋੜਿਆ ਜਾਣਾ ਚਾਹੀਦਾ ਹੈ।

ਅਸਲ ਵਿਚ ਇਹ ਕਾਰਜ ਬੱਚਿਆਂ ਦੀ ਛੋਟੇ-ਵੱਡੇ, ਅਘੜ-ਦੁਘੜੇ ਟੁਕੜੇ ਜੋੜ ਕੇ ਵਧੀਆ ਤਸਵੀਰ ਬਣਾਉਣ ਵਾਲੀ ਜਿਗਸਾਅ ਖੇਡ ਵਾਂਗ ਹੈ। ਪਾਤਰਾਂ, ਘਟਨਾਵਾਂ, ਭਾਵਨਾਵਾਂ, ਵਿਚਾਰਾਂ ਦਾ ਸਮੂਹ ਇਕ ਖ਼ੂਬਸੂਰਤ ਇਕਾਈ ਵਿਚ ਜੋੜਨਾ ਪੈਂਦਾ ਹੈ। ਜੇ ਜਿਗਸਾਅ ਦੇ ਟੁਕੜੇ ਠੀਕ ਨਾ ਜੁੜਨ ਦੀ ਸੂਰਤ ਵਿਚ ਖੱਪੇ ਛੱਡ ਕੇ ਬੇਢਬੇ ਜੋੜ ਦਿੱਤੇ ਜਾਣ, ਸਮਝ ਲਵੋ, ਕੀ ਹੋਵੇਗਾ। ਮਨ ਵਿਚ ਕਹਾਣੀ ਸਪੱਸ਼ਟ ਹੋ ਜਾਣ ਮਗਰੋਂ ਮੈਂ ਤਾਂ ਪੂਰੀ ਕਹਾਣੀ, ਜੇ ਕੋਈ ਅਣਕਿਆਸਿਆ ਵਿਘਣ ਨਾ ਪੈ ਜਾਵੇ, ਇਕੋ ਵਾਰ ਬੈਠ ਕੇ ਕਾਗਜ਼ ਉੱਤੇ ਉਤਾਰ ਲੈਂਦਾ ਹਾਂ। ਫੇਰ ਉਸਦੀ ਨੋਕ-ਪਲਕ ਸੰਵਾਰੀ ਜਾ ਸਕਦੀ ਹੈ, ਭਾਸ਼ਾ ਨੂੰ ਕੁਝ ਹੋਰ ਲਿਸ਼ਕਾਇਆ ਜਾ ਸਕਦਾ ਹੈ, ਪ੍ਰਭਾਵ ਨੂੰ ਤਿੱਖਾ ਕਰਨ ਲਈ ਕਿਤੋਂ ਕਿਤੋਂ ਰੇਤਿਆ-ਰੰਦਿਆ ਜਾ ਸਕਦਾ ਹੈ ਪਰ ਉਸ ਵਿਚ ਕੋਈ ਵੱਡੀਆਂ ਤਬਦੀਲੀਆਂ ਦੀ ਗੁੰਜਾਇਸ਼ ਉੱਕਾ ਹੀ ਨਹੀਂ ਹੁੰਦੀ। ਇਹ ਗੱਲ ਅਬਰਾਹਮ ਲਿੰਕਨ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਦੱਸੀ ਜਾ ਸਕਦੀ। ਉਹਨੇ ਕਿਹਾ ਸੀ, “ਜੇ ਬਿਰਛ ਕੱਟਣ ਲਈ ਮੇਰੇ ਕੋਲ ਅੱਠ ਘੰਟੇ ਦਾ ਸਮਾਂ ਹੋਵੇ, ਛੇ ਘੰਟੇ ਮੈਂ ਕੁਹਾੜਾ ਰੇਤਣ ਉੱਤੇ ਲਾਵਾਂਗਾ।” ਕਹਾਣੀਕਾਰ ਨੂੰ ਵੀ ਬਹੁਤਾ ਸਮਾਂ ਕੁਹਾੜਾ ਰੇਤਣ ਉੱਤੇ, ਭਾਵ ਕਹਾਣੀ ਮਨ ਵਿਚ ਸਪੱਸ਼ਟ ਕਰਨ ਉੱਤੇ ਲਾਉਣਾ ਚਾਹੀਦਾ ਹੈ, ਫੇਰ ਬਿਰਛ ਕੱਟਣ ਵਿਚ, ਭਾਵ ਕਹਾਣੀ ਕਾਗਜ਼ ਉੱਤੇ ਉਤਾਰਨ ਵਿਚ ਬਹੁਤਾ ਸਮਾਂ ਨਹੀਂ ਲੱਗਦਾ।

**5. ਸਵਾਲ: ਕੀ ਤੁਸੀਂ ਕਿਸੇ ਕਹਾਣੀਕਾਰ ਦਾ ਜਾਂ ਕੁਝ ਕਹਾਣੀਕਾਰਾਂ ਦਾ ਪ੍ਰਭਾਵ ਕਬੂਲਿਆ ਹੈ?**

**ਜਵਾਬ:** ਮੈਂ ਆਪਣੇ ਤੋਂ ਪਹਿਲੇ ਕਹਾਣੀਕਾਰਾਂ ਦੇ ਸੰਬੰਧ ਵਿਚ ਪੂਰੀ ਦੇਣਦਾਰੀ ਮਹਿਸੂਸ ਕਰਦਾ ਹਾਂ। ਮੈਂ ਪ੍ਰਸਿੱਧ ਵਿਗਿਆਨੀ ਈਸਾਕ ਨਿਊਟਨ ਦੀ ਗੱਲ ਨਾਲ ਸਹਿਮਤ ਹਾਂ ਜੋ ਕਹਿੰਦਾ ਹੈ,“ਜੇ ਮੈਂ ਹੋਰ ਅੱਗੇ ਦੇਖ ਸਕਿਆ ਹਾਂ, ਇਹ ਇਸ ਕਰਕੇ ਹੈ ਕਿ ਮੈਂ ਕੱਦਾਵਰ ਮਹਾਂਪੁਰਸ਼ਾਂ ਦੇ ਮੋਢਿਆਂ ਉੱਤੇ ਚੜ੍ਹਿਆ ਹੋਇਆ ਸੀ!” ਹਰ ਲੇਖਕ ਉੱਤੇ ਅਣਗਿਣਤ ਪ੍ਰਭਾਵ ਪੈਂਦੇ ਹਨ। ਰਚਨਾ ਦੇ ਪ੍ਰਭਾਵ ਦੇ ਵਾਧੇ ਵਿਚ ਉਸ ਪਿੱਛੇ ਜੁੜੇ ਹੋਏ ਅਨੇਕ ਪ੍ਰਭਾਵਾਂ ਦਾ ਹੱਥ ਹੁੰਦਾ ਹੈ ਜਿਵੇਂ ਗਾਇਕ ਦੇ ਪ੍ਰਭਾਵ ਦੇ ਵਾਧੇ ਵਿਚ ਉਹਦੇ ਪਿੱਛੇ ਖਲੋਤੇ ਅਨੇਕ ਸਾਜ਼-ਸਾਜ਼ਦਿਆਂ ਦਾ ਹੱਥ ਹੁੰਦਾ ਹੈ। ਸਾਡੇ ਤੁਰਨ ਲਈ ਪਗਡੰਡੀ ਸਾਥੋਂ ਪਹਿਲੇ ਲੇਖਕਾਂ ਨੇ ਹੀ ਬਣਾਈ। ਗੱਲ ਨੂੰ ਗਲਪ ਬਣਾਉਣਾ ਤੇ ਸ਼ਬਦਾਂ ਨੂੰ ਸਾਹਿਤ ਬਣਾਉਣਾ ਮੈਂ ਉਹਨਾਂ ਤੋਂ ਹੀ ਸਿੱਖਿਆ। ਕੁਝ ਲੇਖਕਾਂ ਦਾ ਜ਼ਰੂਰ ਦਾਅਵਾ ਹੈ ਕਿ ਜੇ ਉਹਨਾਂ ਤੋਂ ਪਹਿਲਾਂ ਕੋਈ ਵੀ ਪੰਜਾਬੀ ਸਾਹਿਤਕਾਰ ਨਾ ਹੋਇਆ ਹੁੰਦਾ, ਤਦ ਵੀ ਉਹ ਤਾਂ ਹੁਣ ਵਾਲੇ ਸਾਹਿਤਕਾਰ ਹੀ ਹੁੰਦੇ। ਇਹ ਇਉਂ ਹੈ ਜਿਵੇਂ ਕੰਧ ਦਾ ਕੋਈ ਰਦਾ ਕਹੇ ਕਿ ਜੇ ਨੀਂਹ ਅਤੇ ਮੈਥੋਂ ਹੇਠਲੇ ਰਦੇ ਨਾ ਵੀ ਹੁੰਦੇ, ਮੈਂ ਤਾਂ ਵੀ ਇਥੇ ਹੀ ਹਵਾ ਵਿਚ ਏਨਾ ਹੀ ਉੱਚਾ ਮੌਜੂਦ ਹੋਣਾ ਸੀ। ਅਜਿਹੇ ਲੇਖਕ ਕ੍ਰਿਸ ਮੈਥਿਊਸ ਦਾ ਕਥਨ ਯਾਦ ਰੱਖਣ ਤਾਂ ਉਹਨਾਂ ਲਈ ਠੀਕ

ਰਹੇ,"ਜਦੋਂ ਕਿਸੇ ਬੰਦ ਦਰਵਾਜ਼ੇ ਦਾ ਕੁੰਡਾ ਤੁਹਾਡੇ ਵਾਸਤੇ ਖੁਲ੍ਹਦਾ ਹੈ, ਦੂਜੇ ਪਾਸੇ ਉਹਨੂੰ ਖੋਲ੍ਹਣ ਵਾਲਾ ਜ਼ਰੂਰ ਕੋਈ ਹੁੰਦਾ ਹੈ!"

ਮੈਨੂੰ ਇਹ ਮੰਨਣ ਵਿਚ ਬਿਲਕੁਲ ਕੋਈ ਝਿਜਕ ਨਹੀਂ ਕਿ ਮੈਂ ਆਪਣੇ ਵਿਰਸੇ ਦੀ ਉਪਜ ਹਾਂ। ਮੈਂ ਮੋਹਨ ਸਿੰਘ, ਅੰਮ੍ਰਿਤਾ, ਆਦਿ ਕਵੀਆਂ ਨੂੰ ਅਤੇ ਨਾਨਕ ਸਿੰਘ, ਸੁਜਾਨ ਸਿੰਘ, ਦੁੱਗਲ, ਸੇਖੋਂ, ਸਤਿਆਰਥੀ, ਧੀਰ, ਵਿਰਕ, ਸਰਨਾ, ਆਦਿ ਗਲਪਕਾਰਾਂ ਨੂੰ ਅਣਹੋਏ ਜਾਣ-ਮੰਨ ਕੇ ਉਹਨਾਂ ਦੇ ਬਿਨਾਂ ਲੇਖਕ ਨਹੀਂ ਬਣਿਆ। ਜੇ ਉਹ ਨਾ ਹੁੰਦੇ, ਮੈਂ ਨਾ ਹੁੰਦਾ! ਮੇਰਾ ਤਾਂ ਸੁਭਾਗ ਇਹ ਰਿਹਾ ਕਿ ਛੋਟੇ ਹੁੰਦਿਆਂ ਜਿਨ੍ਹਾਂ ਲੇਖਕਾਂ ਦੇ ਦਰਸ਼ਨਾਂ ਦੀ ਲੋਚਾ ਰਹਿੰਦੀ ਸੀ ਜਾਂ ਉਸ ਸਮੇਂ ਕਦੀ ਅੱਗੇ ਚੱਲ ਕੇ ਜਿਨ੍ਹਾਂ ਦੇ ਪਿੱਛੇ ਪਿੱਛੇ ਤੁਰਨ ਦਾ ਸੁਫ਼ਨਾ ਲਿਆ ਸੀ, ਉਹਨਾਂ ਨੇ ਮੈਨੂੰ ਬਾਂਹ ਫੜ ਕੇ ਆਪਣੇ ਨਾਲ ਤੋਰਿਆ। ਹਾਣੀਆਂ ਦੇ ਆਪਸੀ ਆਦਰ ਦਾ ਵੀ ਕੋਈ ਅੰਤ ਨਹੀਂ ਰਿਹਾ ਅਤੇ ਆਪਣੇ ਨਾਲੋਂ ਨਿੱਕਿਆਂ ਤੋਂ ਮਿਲਦੇ ਮਾਣ-ਸਤਿਕਾਰ ਦਾ ਵੀ ਕੋਈ ਪਾਰਾਵਾਰ ਨਹੀਂ।

6. **ਸਵਾਲ: ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਪੰਜਾਬੀ ਕਹਾਣੀ ਦੀ ਵਰਤਮਾਨ ਸਥਿਤੀ ਖੜੋਤ ਵਾਲੀ ਹੈ?**

**ਜਵਾਬ:** ਬਿਲਕੁਲ ਨਹੀਂ। ਅਜਿਹੇ ਫਤਵੇ ਅਸਾਹਿਤਕ ਤੇ ਬੇਤੁਕੇ ਹੁੰਦੇ ਹਨ। ਪੰਜਾਬੀ ਕਹਾਣੀ ਦੀ ਵਰਤਮਾਨ ਸਥਿਤੀ ਅਤੇ ਪੱਧਰ ਤਸੱਲੀਬਖ਼ਸ਼ ਹੈ। ਆਧੁਨਿਕ ਪੰਜਾਬੀ ਕਹਾਣੀ ਦੀ ਉਮਰ ਤਾਂ ਸੌ ਸਾਲ ਵੀ ਨਹੀਂ ਹੋਈ ਪਰ ਇਹ ਨਿਕਾਸ ਤੋਂ ਵਿਕਾਸ ਤੱਕ ਦਾ ਪੰਧ ਤੇਜ਼ੀ ਨਾਲ ਪਾਰ ਕਰ ਕੇ ਨਿੱਖਰੇ ਹੋਏ ਰੂਪ ਵਿਚ ਹਾਜ਼ਰ ਹੈ। ਇਸਦਾ ਇਕ ਕਾਰਨ ਰਿਗਵੇਦ ਵਿਚ ਖਿੰਡੀਆਂ ਪਈਆਂ ਕਥਾਵਾਂ, ਪੰਚਤੰਤਰ, ਬ੍ਰਿਹਤਕਥਾ, ਕਥਾਸ੍ਰਿਤਸਾਗਰ ਅਤੇ ਰਾਮਾਇਣ ਤੇ ਮਹਾਂਭਾਰਤ ਤੋਂ ਤੁਰੀ ਸਾਡੀ ਕਥਾ-ਕਹਾਣੀਆਂ, ਸਾਖੀਆਂ, ਕਿੱਸਿਆਂ ਤੇ ਬਾਤਾਂ ਦੀ ਨਰੋਈ ਪ੍ਰੰਪਰਾ ਦਾ ਇਹਦੇ ਪਿੱਛੇ ਖਲੋਤੇ ਹੋਣਾ ਹੈ। ਬਾਕੀ ਵਿਧਾਵਾਂ ਦੇ ਟਾਕਰੇ ਇਹਦੀ ਸਰਦਾਰੀ ਚਿਰਾਂ ਤੋਂ ਬਣੀ ਹੋਈ ਹੈ। ਕੁਝ ਮਿੰਟਾਂ ਵਿਚ ਇਹ ਜੀਵਨ ਦੇ ਕਿਸੇ ਪੱਖ ਦਾ ਅਜਿਹਾ ਚਮਤਕਾਰੀ ਝਲਕਾਰਾ ਪੇਸ਼ ਕਰਦੀ ਹੈ ਕਿ ਪਾਠਕ ਮੋਹਿਆ ਜਾਂਦਾ ਹੈ। ਜਦੋਂ ਸੰਤੋਖ ਸਿੰਘ ਧੀਰ ਨੇ ਇਕ ਸਾਹਿਤਕ ਸਮਾਗਮ ਵਿਚ ਪੰਜਾਬੀ ਕਹਾਣੀ ਨੂੰ ਵਿਸ਼ਵ ਪੱਧਰ ਦੀ ਕਿਹਾ ਸੀ ਤਾਂ ਉਹਦੀ ਗੱਲ ਦਾ ਵਿਰੋਧ ਦੀ ਖ਼ਾਤਰ ਵਿਰੋਧ ਕਰਨ ਵਾਲੇ ਕੁਝ ਲੋਕ ਸਾਧਾਰਨ ਜਿਹੇ ਕਹਾਣੀਕਾਰਾਂ ਦਾ ਨਾਂ ਲੈ-ਲੈ ਕੇ ਮਖੌਲ ਕਰਦੇ ਸਨ ਕਿ ਇਹ ਹੈ ਵਿਸ਼ਵ ਪੱਧਰ ਦੀ ਪੰਜਾਬੀ ਕਹਾਣੀ? ਉਹਨਾਂ ਨੂੰ ਏਨੀ ਸਮਝ ਨਹੀਂ ਸੀ ਕਿ ਸੰਸਾਰ ਦੀ ਕਿਸੇ ਵੀ ਭਾਸ਼ਾ ਦਾ ਸਾਰਾ ਸਾਹਿਤ ਉੱਤਮ ਨਹੀਂ ਹੋ ਸਕਦਾ। ਜਦੋਂ ਸੰਸਾਰ ਪੱਧਰ ਦੀ ਕਹਾਣੀ ਦੀ ਗੱਲ ਕੀਤੀ ਜਾਂਦੀ ਹੈ, ਉਸ ਤੁਲਨਾ ਵਿਚ ਸਾਰੀਆਂ ਭਾਸ਼ਾਵਾਂ ਦੀਆਂ ਸਿਖਰੀ ਕਹਾਣੀਆਂ ਹੀ ਸ਼ਾਮਲ ਹੁੰਦੀਆਂ ਹਨ। ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਬਿਨਾਂ-ਸ਼ੱਕ ਹੋਰ ਭਾਸ਼ਾਵਾਂ ਦੀਆਂ ਸਰਬੋਤਮ ਕਹਾਣੀਆਂ ਨਾਲ ਮੋਢਾ ਮੇਚਦੀਆਂ ਹਨ। ਸਾਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ।

7. **ਸਵਾਲ: ਤੁਸੀਂ ਕੁਝ ਸਮਾਂ ਪਹਿਲਾਂ ਲਿਖੀਆਂ ਆਪਣੀਆਂ ਕਹਾਣੀਆਂ ਵਿਚ ਜੋ ਸਮਾਜਕ ਸਮੱਸਿਆਵਾਂ ਪੇਸ਼ ਕੀਤੀਆਂ ਸਨ, ਕੀ ਤੁਸੀਂ ਵਰਤਮਾਨ ਵਿਚ ਵੀ ਉਹੋ ਜਿਹੀਆਂ ਸਮੱਸਿਆਵਾਂ ਵੇਖਦੇ ਹੋ ਜਾਂ ਕੋਈ ਤਬਦੀਲੀ ਹੋਈ ਹੈ?**

**ਜਵਾਬ:** ਨੇੜਲੇ ਜਾਂ ਦੁਰਾਡੇ ਅਤੀਤ ਦੀਆਂ ਸਮੱਸਿਆਵਾਂ ਵਰਤਮਾਨ ਵਿਚ ਵੀ ਉਸੇ ਤਰ੍ਹਾਂ ਬਣੀਆਂ ਰਹਿਣ, ਇਹ ਸੰਭਵ ਨਹੀਂ। ਮਨੁੱਖੀ ਸਮਾਜ ਵਿਚ, ਨਦੀ ਵਾਂਗ, ਕਦੀ ਖੜੋਤ ਨਹੀਂ ਆਉਂਦੀ। ਜੇ ਸਮਾਜ ਇਕੋ ਥਾਂ ਰੁਕਿਆ ਰਹਿਣ ਲਗਦਾ, ਮਨੁੱਖ ਜੰਗਲ ਤੋਂ ਸਭਿਅਤਾ ਤੱਕ ਕਿਵੇਂ ਪੁਜਦਾ? ਇਸ ਵਾਸਤੇ ਕੁਦਰਤੀ ਹੈ ਕਿ ਕਾਫੀ ਸਮਾਂ ਪਹਿਲਾਂ ਲਿਖੀਆਂ ਗਈਆਂ ਕੁਝ ਕਹਾਣੀਆਂ ਦੇ ਮੁਕਾਬਲੇ ਮਨੁੱਖੀ ਕਦਰਾਂ-ਕੀਮਤਾਂ ਤੇ ਹੋਰ ਅਨੇਕ ਗੱਲਾਂ ਬਦਲ ਜਾਂਦੀਆਂ ਹਨ। ਮੈਂ ਇਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ। ਅੱਧੀ ਸਦੀ ਤੋਂ ਵੱਧ ਸਮਾਂ ਪਹਿਲਾਂ ਲਿਖੀ ਮੇਰੀ ਕਹਾਣੀ 'ਰੇਸ਼ਮ ਦੀ ਛੋਹ ਅਤੇ ਬੋਰੇ ਦਾ ਘਾਸਾ' ਦਾ ਧੁਰਾ ਇਹ ਹੈ ਕਿ ਕਿਸਾਨ ਪਰਿਵਾਰ ਆਪ ਕਣਕ ਦੀ ਰੋਟੀ ਖਾਂਦਾ ਹੈ ਤੇ ਕਾਮੇ ਨੂੰ ਸਸਤੇ ਬਾਜਰੇ-ਛੋਲਿਆਂ ਦੀ ਰੋਟੀ ਦਿੰਦਾ ਹੈ। ਇਕ ਤਾਂ ਹੁਣ ਖੁਰਾਕ ਸੰਬੰਧੀ ਖੋਜਾਂ ਦਸਦੀਆਂ ਹਨ ਕਿ ਆਦਿਵਾਸੀ ਤੇ ਦਲਿਤ ਸਦੀਆਂ ਤੱਕ ਰੁੱਖੀ-ਸੁੱਕੀ ਖਾ ਕੇ ਬਚੇ ਹੀ ਇਸ ਕਰਕੇ ਰਹੇ ਕਿ ਉਹਨਾਂ ਨੂੰ ਮਿਲਦੇ ਸਰਦੇ-ਪੁਜਦੇ ਲੋਕਾਂ ਦੇ ਧਿਰਕਾਰੇ ਹੋਏ ਬਾਜਰੇ-ਛੋਲਿਆਂ ਆਦਿ ਵਿਚ ਸਤਿਕਾਰੀ ਜਾਂਦੀ ਕਣਕ ਦੇ ਮੁਕਾਬਲੇ ਕਿਤੇ ਜ਼ਿਆਦਾ ਤੇ ਬਹੁਭਾਂਤੀ ਤਾਕਤ ਹੈ। ਇਸੇ ਕਰਕੇ ਹੁਣ 'ਇੱਜ਼ਤਦਾਰ' ਬਣੇ ਇਹ ਮੋਟੇ ਅਨਾਜ ਕਣਕ ਨਾਲੋਂ ਕਿਤੇ ਮਹਿੰਗੇ ਵਿਕਦੇ ਹਨ। ਪਰ ਇਥੇ ਮੈਂ ਇਹ ਖ਼ਬਰਦਾਰੀ ਕਰ ਦੇਵਾਂ ਕਿ ਇਸ ਕਾਰਨ ਕੋਈ ਕਹਾਣੀ ਜਾਂ ਹੋਰ ਰਚਨਾ ਬੇਹੀ ਨਹੀਂ ਹੋ ਜਾਂਦੀ ਜਾਂ ਆਪਣਾ ਮੁੱਲ ਨਹੀਂ ਗੁਆ ਬਹਿੰਦੀ। ਸਗੋਂ ਉਹ ਉਸ ਸਮੇਂ ਦਾ ਇਤਿਹਾਸ ਬਣ ਜਾਂਦੀ ਹੈ। ਇਸੇ ਲੱਛਣ ਸਦਕਾ ਤਾਂ ਸਾਹਿਤ ਨੂੰ ਸੱਚਾ ਤੇ ਖਰਾ ਇਤਿਹਾਸ ਕਿਹਾ ਜਾਂਦਾ ਹੈ। ਇਤਿਹਾਸ ਦੀਆਂ ਪੁਸਤਕਾਂ ਤਾਂ ਮੌਕੇ ਦੇ ਹਾਕਮ ਤੱਥ-ਸੱਚ ਨੂੰ ਆਪਣੀ ਇੱਛਾ ਅਨੁਸਾਰ ਤੋੜ-ਮਰੋੜ ਕੇ ਤੇ ਢਾਲ ਕੇ ਲਿਖਵਾਉਂਦੇ ਹਨ, ਇਹ ਸਾਹਿਤ ਹੀ ਹੁੰਦਾ ਹੈ ਜੋ ਆਪਣੇ ਸਮੇਂ ਦੇ ਤੱਥ-ਸੱਚ ਦੀ ਅਸਲ ਤਸਵੀਰ ਆਉਣ ਵਾਲੀਆਂ ਨਸਲਾਂ ਲਈ ਸਦਾ ਸਦਾ ਵਾਸਤੇ ਛੱਡ ਜਾਂਦਾ ਹੈ। ਇਥੇ ਇਹ ਚੇਤੇ ਰੱਖਣਾ ਵੀ ਜ਼ਰੂਰੀ ਹੈ ਕਿ ਬਹੁਤ ਸਾਰਾ ਸਾਹਿਤ ਅਜਿਹੀਆਂ ਮਨੁੱਖੀ ਕਦਰਾਂ-ਕੀਮਤਾਂ ਦਾ ਚਿਤਰ ਹੁੰਦਾ ਹੈ ਜੋ ਸਦੀਵੀ ਤੇ ਅਬਦਲ ਹੁੰਦੀਆਂ ਹਨ। ਜਾਂ ਜੇ ਉਹ ਸਦੀਵੀ ਨਾ ਵੀ ਹੋਣ, ਲੰਮੇ ਸਮੇਂ ਤੱਕ ਜੀਵਤ ਰਹਿਣ ਵਾਲੀਆਂ ਜ਼ਰੂਰ ਹੁੰਦੀਆਂ ਹਨ।

8. **ਸਵਾਲ: ਕੀ ਤੁਹਾਨੂੰ ਆਪਣੀਆਂ ਲਿਖਤਾਂ ਸਦਕਾ ਮਾਨਸਿਕ ਸਤੁੰਸ਼ਟੀ ਦੇ ਨਾਲ-ਨਾਲ ਆਰਥਕ ਸਤੁੰਸ਼ਟੀ ਵੀ ਮਿਲਦੀ ਹੈ?**

**ਜਵਾਬ:** ਮੈਂ ਨਹੀਂ ਸਮਝਦਾ ਕਿ ਰਚਨਾ ਕਰਨ ਸਮੇਂ ਲੇਖਕ ਨੂੰ ਆਰਥਕ ਪੱਖ ਸਾਹਮਣੇ ਤਾਂ ਕੀ, ਚੇਤੇ ਵੀ ਰੱਖਣਾ ਚਾਹੀਦਾ ਹੈ। ਬਹੁਤੇ ਲੇਖਕ ਇਸੇ ਮੱਤ ਦੇ ਹੁੰਦੇ ਹਨ। ਕੁਝ ਲੇਖਕ ਜ਼ਰੂਰ ਆਰਥਕ ਪੱਖ ਵੀ ਸਾਹਮਣੇ ਰਖਦੇ ਹਨ। ਇਕ ਵਾਰ ਨਵਯੁਗ ਪਬਲਿਸ਼ਰਜ਼ ਵਾਲ਼ੇ ਭਾਪਾ ਪ੍ਰੀਤਮ ਸਿੰਘ ਜੀ ਕਹਿਣ ਲੱਗੇ, "ਗਾਰਗੀ ਅਜਿਹਾ ਲੇਖਕ ਹੈ ਜੋ ਲਿਖਣ ਸਮੇਂ ਇਹ ਵੀ ਜਾਣਦਾ ਹੁੰਦਾ ਹੈ ਕਿ ਇਹ ਰਚਨਾ ਕਿਥੇ ਛਪਵਾ ਕੇ ਕਿੰਨੇ ਪੈਸੇ ਲੈਣੇ ਹਨ।" ਵੈਸੇ ਲੇਖਕ ਦਾ ਹੱਕ ਹੈ ਕਿ ਉਹ ਆਪਣੀ ਮਿਹਨਤ ਦੇ ਮੁੱਲ ਦੀ ਇੱਛਾ ਕਰੇ। ਆਖਰ ਰਚਨਾ ਲੇਖਕ ਦੀ ਮਾਨਸਿਕ ਘਾਲਨਾ ਦਾ ਸਿੱਟਾ ਹੀ ਤਾਂ ਹੁੰਦੀ ਹੈ। ਉਹਨੂੰ ਉਹਦੀ ਮਿਹਨਤ ਦਾ ਫਲ ਜ਼ਰੂਰ ਮਿਲਣਾ ਚਾਹੀਦਾ ਹੈ। ਮੈਂ ਇਸ ਪੱਖੋਂ ਸੁਭਾਗਾ ਰਿਹਾ ਹਾਂ ਕਿ ਪਹਿਲੀ ਪੁਸਤਕ 'ਓਪਰਾ ਮਰਦ' ਤੋਂ ਹੀ, ਮੈਂ ਕੁਝ ਵੀ ਲਿਖਾਂ, ਮੇਰੀ ਮਾਇਕ ਤਸੱਲੀ ਵੀ ਹੁੰਦੀ ਰਹੀ ਹੈ। ਮੈਨੂੰ ਇਸ ਸੰਬੰਧੀ ਆਮ ਲੇਖਕਾਂ ਵਾਲੀ ਕਦੀ ਕੋਈ ਸ਼ਿਕਾਇਤ ਨਹੀਂ ਰਹੀ।

**9. ਸਵਾਲ: ਤੁਸੀਂ ਕੀ ਕੁਝ ਨਵਾਂ ਲਿਖਿਆ ਹੈ ਤੇ ਆਉਣ ਵਾਲੇ ਸਮੇਂ ਵਿਚ ਕੀ ਕੁਝ ਹੋਰ ਲਿਖਣ ਦੀ ਸੋਚ ਰਹੇ ਹੋ?**

**ਜਵਾਬ:** ਮੈਂ ਕਹਾਣੀ ਦੇ ਨਾਲ-ਨਾਲ ਹੋਰ ਵੀ ਕਈ ਕੁਝ ਲਿਖਦਾ ਹਾਂ। ਪਰ ਇਥੇ ਆਪਾਂ ਕਹਾਣੀ ਦੀ ਗੱਲ ਕਰ ਰਹੇ ਹਾਂ। ਉਰਦੂ ਵਿਚ ਲਿਖਣ ਵਾਲੇ ਸਾਡੇ ਵੱਡੇ ਪੰਜਾਬੀ ਕਹਾਣੀਕਾਰ ਰਾਜਿੰਦਰ ਸਿੰਘ ਬੇਦੀ ਕਹਾਣੀ-ਕਲਾ ਵਿਚ ਨਿਪੁੰਨਤਾ ਦੀ ਪ੍ਰਾਪਤੀ ਲਈ ਕਰੜੀ ਤਪੱਸਿਆ ਅਤੇ ਸਾਧਨਾ ਉਤੇ ਜ਼ੋਰ ਦਿੰਦਿਆਂ ਕਹਿੰਦੇ ਸਨ ਕਿ ਤਦ ਕਹਾਣੀਕਾਰ ਅਜਿਹੀ ਅਵਸਥਾ ਨੂੰ ਪੁੱਜ ਜਾਂਦਾ ਹੈ ਕਿ ਉਹਨੂੰ "ਹਰ ਮੋੜ, ਹਰ ਨੁੱਕਰ ਉਤੇ ਕਹਾਣੀਆਂ ਖਿੰਡੀਆਂ ਪਈਆਂ ਦਿੱਸਣ ਲੱਗ ਪੈਂਦੀਆਂ ਹਨ। ਉਹਨਾਂ ਦੀ ਗਿਣਤੀ ਏਨੀ ਹੁੰਦੀ ਹੈ ਕਿ ਉਹਨਾਂ ਨੂੰ ਸਮੇਟ ਸਕਣਾ ਕਿਸੇ ਵੀ ਕਹਾਣੀਕਾਰ ਦੇ ਵੱਸ ਦੀ ਗੱਲ ਨਹੀਂ ਹੁੰਦੀ ਅਤੇ ਕਹਾਣੀਕਾਰ ਯੂਨਾਨੀ ਪੌਰਾਣਿਕ ਪਾਤਰ ਮੀਡਾਸ ਵਾਂਗ ਅਜਿਹੀ ਛੋਹ ਦਾ ਸੁਆਮੀ ਬਣ ਜਾਂਦਾ ਹੈ ਕਿ ਜਿਸ ਵਸਤ ਨੂੰ ਵੀ ਹੱਥ ਲਾਉਂਦਾ ਹੈ, ਉਹੋ ਸੋਨਾ ਬਣ ਜਾਂਦੀ ਹੈ।" ਮੈਂ ਇਹ ਦਾਅਵਾ ਕਰਨ ਦੀ ਗੁਸਤਾਖੀ ਤਾਂ ਨਹੀਂ ਕਰ ਸਕਦਾ ਕਿ ਮੈਂ ਮੀਡਾਸ-ਛੋਹ ਦਾ ਸੁਆਮੀ ਬਣ ਗਿਆ ਹਾਂ ਪਰ ਏਨਾ ਜ਼ਰੂਰ ਹੈ ਕਿ ਹੁਣ ਕਹਾਣੀ ਲੱਭਣ ਤੇ ਲਿਖਣ ਲਈ ਮੈਨੂੰ ਕੋਈ ਉਚੇਚਾ ਤਰੱਦਦ ਨਹੀਂ ਕਰਨਾ ਪੈਂਦਾ। ਹੋਰ ਵਿਧਾਵਾਂ ਦੀਆਂ ਕਈ ਪੁਸਤਕਾਂ ਤੋਂ ਇਲਾਵਾ ਕੁਝ ਸਮੇਂ ਨੂੰ ਮੇਰੇ ਦੋ ਕਹਾਣੀ-ਸੰਗ੍ਰਹਿ ਵੀ ਤੁਹਾਡੇ ਹੱਥਾਂ ਵਿਚ ਹੋਣਗੇ।

**10. ਸਵਾਲ: ਆਪਣੇ ਪਾਠਕਾਂ ਨੂੰ ਤੁਸੀਂ ਕੀ ਸੰਦੇਸ਼ ਦੇਣਾ ਚਾਹੋਗੇ?**

**ਜਵਾਬ:** ਸੰਦੇਸ਼ ਤਾਂ ਸੰਤ-ਮਹਾਤਮਾ ਜਾਂ ਚਿਟ-ਕਪੜੀਏ ਨੇਤਾ ਦਿੰਦੇ ਹਨ ਪਰ ਮੈਂ ਪਾਠਕਾਂ ਨੂੰ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਉਹ ਸੋਸ਼ਲ ਮੀਡੀਆ ਤੇ ਇੰਟਰਨੈੱਟ ਦੇ ਬਾਵਜੂਦ ਪੁਸਤਕੀ ਸਾਹਿਤ ਨਾਲ ਸੰਘਣਾ ਨਾਤਾ ਬਣਾਈ ਰੱਖਣ। ਦੂਜੀ ਗੱਲ, ਉਹ ਜੋ ਵੀ ਪੜ੍ਹਨ, ਰਚਨਾ ਨੂੰ ਨਿਬੇੜਨ ਦੀ ਕਾਹਲ ਵਿਚ ਫਟਾਫਟ ਉਸ ਵਿਚੋਂ ਲੰਘ ਜਾਣ ਦੀ ਥਾਂ ਰਸੀਏ ਪਾਠਕ ਬਣ ਕੇ ਪੜ੍ਹਨ। ਰਚਨਾ ਦੇ ਸਾਰ-ਤੱਤ ਨੂੰ ਬਰੀਕੀ ਨਾਲ ਸਮਝਣ ਦੇ ਨਾਲ-ਨਾਲ ਉਹ ਭਾਸ਼ਾ ਨੂੰ ਮਾਣਨਾ ਸਿੱਖਣ। ਆਖਰ ਮਨੁੱਖ ਗੱਲਬਾਤੀ ਤੇ ਲਿਖਿਤ ਭਾਸ਼ਾ ਦੀ ਕਿਰਪਾ ਨਾਲ ਹੀ ਤਾਂ ਜੰਗਲ ਤੋਂ ਸਭਿਅਤਾ ਤੱਕ ਪੁੱਜਿਆ ਹੈ!

## ਪੁਸਤਕ ਸੂਚੀ

1. ਉੱਪਲ, ਸਵਿੰਦਰ ਸਿੰਘ ਪੰਜਾਬੀ ਕਹਾਣੀ ਸਰੂਪ ਸਿਧਾਂਤ ਤੇ ਵਿਕਾਸ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1995
2. ਆਹੂਜਾ, ਰੋਸ਼ਨ ਲਾਲ, ਸਾਹਿਤ ਸ਼ਾਸਤਰ, ਲੁਧਿਆਣਾ, ਲਾਹੌਰ ਬੁਕ ਸ਼ਾਪ, 1996
3. ਸਵਿੰਦਰਜੀਤ ਕੌਰ, ਜਨਰਲ ਸਮਾਜ ਵਿਗਿਆਨ, ਜਲੰਧਰ ਮਾਈ ਹੀਰਾ ਗੇਟ, 2015
4. ਸਵਿੰਦਰਜੀਤ ਕੌਰ, ਸਮਾਜ ਵਿਗਿਆਨ ਦੇ ਮੂਲ ਸੰਕਲਪ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2012
5. ਸਵਿੰਦਰਜੀਤ ਕੌਰ, ਸਮਾਜ ਵਿਗਿਆਨ ਨਾਲ ਜਾਣ-ਪਛਾਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
6. ਸਿੰਘ ਪਿਆਰ, ਖੋਜ ਸਾਹਿਤ ਤੇ ਵਿਵਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995
7. ਸਿੰਘ ਪਰਮਿੰਦਰ ਤੇ ਕਸੇਲ ਕਿਰਪਾਲ ਸਿੰਘ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ 1997
8. ਕਿਰਨ, ਕਿਰਨਦੀਪ ਸਿੰਘ, ਪ੍ਰੇਮ ਪ੍ਰਕਾਸ਼ ਦੀ ਕਥਾ ਸੰਵੇਦਨਾ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2006
9. ਕੇਸਰ, ਜਸਬੀਰ ਸਿੰਘ, ਕੇਸਰ ਸਿੰਘ ਕੇਸਰ, ਖੋਜ ਚਿੰਤਨ, ਲੁਧਿਆਣਾ ਲੋਕਗੀਤ ਪ੍ਰਕਾਸ਼ਨ, 2006
10. ਜਗਦੀਸ਼ ਕੌਸ਼ਲ (ਸੰਪਾਦਕ), ਦੀਵੇ ਵਾਂਗ ਬਲਦੀ ਅੱਖ, ਇੱਕ ਬਹੁ-ਪੱਖੀ ਅਧਿਐਨ ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2001
11. ਜਗਦੀਸ਼ ਕੌਰ, ਪੰਜਾਬੀ ਲੋਕ ਕਹਾਣੀ ਵਿਹਾਰ ਤੇ ਸੰਕਲਪ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2007
12. ਜੱਜ, ਪਰਮਜੀਤ ਸਿੰਘ, ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਤੇ ਸਿਧਾਂਤ, ਪਟਿਆਲਾ,ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2014
13. ਜੱਗੀ, ਰਤਨ ਸਿੰਘ, ਸਾਹਿਤ ਦੇ ਰੂਪ, ਪਟਿਆਲਾ, ਪਬਲਿਸ਼ਰ ਬਿਊਰੋ ਪੰਜਾਬੀ ਯੂਨੀਵਰਸਿਟੀ
14. ਟਿਵਾਣਾ, ਗੁਰਨਾਮ ਸਿੰਘ, ਸਮਾਜ ਸ਼ਾਸਤਰ, ਹਿੰਦੀ ਪਬਲਿਸ਼ਰਜ਼, ਲੁਧਿਆਣਾ, 2004
15. ਢੀਂਡਸਾ, ਜਸਵਿੰਦਰ ਸਿੰਘ, ਮਾਨ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2012
16. ਧਨਵੰਤ ਕੌਰ, ਕਹਾਣੀ 2000, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2002
17. ਨੂਰ, ਸੁਤਿੰਦਰ ਸਿੰਘ, ਸੱਭਿਆਚਾਰ ਤੇ ਸਾਹਿਤ, ਆਰਸੀ ਪਬਲੀਸ਼ਰਜ਼, ਦਿੱਲੀ, 1994
18. ਬਹਾਦਰ ਸਿੰਘ ਰਜਨੀਸ਼, ਪੰਜਾਬੀ ਸਾਹਿਤ ਚਿੰਤਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2010
19. ਭੁੱਲਰ, ਗੁਰਬਚਨ ਸਿੰਘ, ਓਪਰਾ ਮਰਦ (ਕਹਾਣੀ ਸੰਗ੍ਰਹਿ), ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007
20. ਭੁੱਲਰ, ਗੁਰਬਚਨ ਸਿੰਘ, ਮੈਂ ਗ਼ਜ਼ਨਵੀ ਨਹੀਂ (ਕਹਾਣੀ ਸੰਗ੍ਰਹਿ), ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007

21. ਭੁੱਲਰ, ਗੁਰਬਚਨ ਸਿੰਘ, ਅਗਨੀ ਕਲਸ, (ਕਹਾਣੀ ਸੰਗ੍ਰਹਿ), ਨਵੀਂ ਦਿੱਲੀ, ਨਵਯੁੱਗ ਪਬਲਿਸ਼ਰਜ਼, 2001
22. ਭੁੱਲਰ, ਗੁਰਬਚਨ ਸਿੰਘ, ਦੀਵੇ ਵਾਂਗ ਬਲਦੀ ਅੱਖ (ਚੋਣਵੀਆਂ ਕਹਾਣੀਆਂ), ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2010
23. ਭੁੱਲਰ, ਗੁਰਬਚਨ ਸਿੰਘ, ਵਖ਼ਤਾਂ ਮਾਰੇ, (ਕਹਾਣੀ ਸੰਗ੍ਰਹਿ), ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007
24. ਭੁੱਲਰ, ਗੁਰਬਚਨ ਸਿੰਘ, ਜਨਣੀ ਜਣੈ ਤਾਂ (ਪੁਰਸ਼-ਮੁਖ ਕਹਾਣੀਆਂ), ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007
25. ਰੁਪਿੰਦਰ ਕੌਰ, ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਦੀਵੇ ਵਾਂਗ ਬਲਦੀ ਅੱਖ ਦਾ ਬਿਰਤਾਂਤ ਸ਼ਾਸਤਰ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ ਹਾਲ ਬਾਜ਼ਾਰ, 2000
26. ਰਵੀ ਰਵਿੰਦਰ, ਇੱਕ ਕਹਾਣੀ ਦਸ ਦਿਸ਼ਾਵਾਂ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2010
27. ਵਨੀਤਾ, ਕਹਾਣੀ ਦੀਆਂ ਪਰਤਾਂ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2009
28. ਬਹਾਦਰ ਸਿੰਘ ਰਜਨੀਸ਼, ਪੰਜਾਬੀ ਸਾਹਿਤ ਚਿੰਤਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2010

## ਹਿੰਦੀ ਪੁਸਤਕਾਂ

1. ਗੁਪਤਾ, ਵਿਸ਼ੰਬਰ ਦਿਆਲ, ਸਾਹਿਤਯ ਕਾ ਸਮਾਜ ਸ਼ਾਸਤਰ, ਸੀਤਾ ਪ੍ਰਕਾਸ਼ਨ, ਹਾਥਰਸ, 1981
2. ਸਿੰਨਹਾ, ਰਘੁਬੀਰ, ਆਧੁਨਿਕ ਹਿੰਦੀ ਕਹਾਨੀ, ਸਮਾਜ ਸ਼ਾਸਤਰੀਯ ਦ੍ਰਿਸ਼ਟੀ, ਅਖਸ਼ਰ ਪ੍ਰਕਾਸ਼ਨ, ਨਵੀਂ ਦਿੱਲੀ, 1977
3. ਸ਼ੁਕਲ, ਆਚਾਰੀਆ ਰਾਮ ਚੰਦਰ, ਹਿੰਦੀ ਸਾਹਿਤਯ ਕਾ ਇਤਿਹਾਸ, ਲੋਕਭਾਰਤੀ ਪ੍ਰਕਾਸ਼ਨ, ਪਹਿਲੀ ਮਜ਼ਿੰਲ ਦਰਬਾਰੀ ਬਿਲਡਿੰਗ, ਮਹਾਤਮਾ ਗਾਂਧੀ ਮਾਰਗ, ਇਲਾਹਾਬਾਦ-2, 2013

## ਸ਼ਬਦ-ਕੋਸ਼

1. ਨਾਭਾ ਕਾਨ੍ਹ ਸਿੰਘ(ਭਾਈ), ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ 1999
2. ਪੰਜਾਬੀ ਕੋਸ਼ ਜਿਲਦ-2, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1967